
ਸਿਰਜਣਾ
ਜੁਲਾਈ-ਸਤੰਬਰ 2025
217
50 ਰੁਪਏ

# ਸਿਰਜਣਾ
**217**

**ਜੁਲਾਈ-ਸਤੰਬਰ 2025**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***sirjanasahitak@gmail.com***

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਜੰਗ, ਪੂੰਜੀਵਾਦ ਅਤੇ ਮਨੁੱਖੀ ਸਰੋਕਾਰ/1

ਸਤਪਾਲ ਭੀਖੀ/ਛੇ ਕਵਿਤਾਵਾਂ/3

ਅਜੀਤ ਪਿਆਸਾ/ਤਿੰਨ ਨਜ਼ਮਾਂ/7

ਵਰਿਆਮ ਸਿੰਘ ਸੰਧੂ/ਯਾਦਾਂ/ਮੇਰਾ ਘਰ ਮੈਨੂੰ ਕਦੀ ਨਹੀਂ ਲੱਭਣਾ!/9

ਸੁਕੀਰਤ/ਕਹਾਣੀ/ਫੋ ਮੋ/27

ਭਗਵੰਤ ਰਸੂਲਪੁਰੀ/ਕਹਾਣੀ/ਨੇਲ ਪਾਲਿਸ਼/34

ਸਿਮਰਨ ਧਾਲੀਵਾਲ/ਕਹਾਣੀ/ਆਖਿਰੀ ਘੜੀ/43

ਪਰਮਜੀਤ ਮਾਨ/ਕਹਾਣੀ/ਤੂੰ ਬਾਪੂ ਨਾਲ ਗੱਲ ਕਰੀਂ/49

ਬਲਜੀਤ ਬਾਸੀ/ਸ਼ਬਦ ਝਰੋਖਾ/ਪਤੰਦਰ/60

ਪੰਜਾਬੀ ਬੋਲੀ- ਸੰਕਟ ਤੇ ਸੰਭਾਵਨਾਵਾਂ/ਲੇਖ/ਤੇਜਵੰਤ ਸਿੰਘ ਗਿੱਲ/63

ਪੇਸ਼ਕਾਰੀ ਦਾ ਹੁਨਰ ਅਤੇ ਅਦਬ/ਲੇਖ/ਕੁਲਦੀਪ ਸਿੰਘ ਦੀਪ/70

ਜੇ. ਬੀ. ਸੇਖੋਂ/ਰਿਵਿਊ/70% ਪ੍ਰੇਮ ਕਥਾ/81

ਹਰਿੰਦਰ ਸਿੰਘ ਬਰਾੜ/ਚੰਨ ਦਾ ਉੱਚੜਿਆ ਚਿਹਰਾ/83

ਗੁੱਡ-ਲੱਕ/85/ਪੌੜੀ/94

ਦਵਿੰਦਰ ਸਿੰਘ ਬੋਹਾ/ਰਿਵਿਊ/ਮੁਹੱਬਤ ਨੇ ਕਿਹਾ/87

ਪਰਗਟ ਸਿੰਘ ਬਰਾੜ/ਰਿਵਿਊ/ਇਹ ਤਾਂ ਮੈਂ ਹੀ ਹਾਂ/90

ਹੀਰ ਨਾ ਆਖੋ ਕੋਈ/92

---

**ਟਾਈਟਲ ਚਿੱਤਰ : ਦੇਵ**

---

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਜੰਗ, ਪੂੰਜੀਵਾਦ ਅਤੇ ਮਨੁੱਖੀ ਸਰੋਕਾਰ*

*ਜੰਗਬਾਜ਼ ਆਗੂਆਂ ਨੇ ਸੰਸਾਰ ਸਿਆਸਤ ਦਾ ਮਾਹੌਲ ਅਤੇ ਮੁਹਾਣ ਇਕ ਤਰ੍ਹਾਂ ਨਾਲ ਬਦਲ ਹੀ ਦਿੱਤਾ ਹੈ। ਰੂਸ-ਯੂਕਰੇਨ ਜੰਗ ਨਾਲ ਜਾਪਦਾ ਸੀ ਕਿ ਸੰਸਾਰ ਸਿਆਸਤ ਦੇ ਸਮੀਕਰਨ ਨਵੇਂ ਸਿਰਿਓਂ ਬਣ-ਵਿਗਸ ਰਹੇ ਹਨ। ਫਿਰ ਇਜ਼ਰਾਈਲ-ਹਮਾਸ (ਫ਼ਲਸਤੀਨ) ਟਕਰਾਓ ਨੇ ਨਵੇਂ ਸਵਾਲ ਖੜ੍ਹੇ ਕੀਤੇ। ਜੰਮੂ ਕਸ਼ਮੀਰ ਵਿਚ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਈਆਂ ਝੜਪਾਂ ਅਤੇ ਦੋਹਾਂ ਮੁਲਕਾਂ ਵਿਚਕਾਰ ਜੰਗਬੰਦੀ ਦੇ ਮਾਮਲੇ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਾਅਵਿਆਂ ਤੇ ਹਕੀਕਤਾਂ ਨੇ ਅੱਜ ਤਕ ਭੰਬਲਭੂਸਾ ਪਾਇਆ ਹੋਇਆ ਹੈ। ਇਸ ਤੋਂ ਬਾਅਦ ਇਜ਼ਰਾਈਲ-ਇਰਾਨ ਜੰਗ ਨੇ ਸੰਸਾਰ ਸਿਆਸਤ ਦਾ ਇਕ ਹੋਰ ਚਿਹਰਾ ਸਾਹਮਣੇ ਲਿਆਂਦਾ ਹੈ। ਆਪਣੀ ਚੋਣ ਮੁਹਿੰਮ ਦੌਰਾਨ ਜੰਗਾਂ ਬੰਦ ਕਰਵਾਉਣ ਦੀਆਂ ਟਾਹਰਾਂ ਮਾਰਨ ਵਾਲਾ ਟਰੰਪ ਇਰਾਨ ਉੱਤੇ ਬੰਬ ਸੁੱਟਣ ਵੇਲ਼ੇ ਸਭ ਤੋਂ ਕਾਹਲ਼ਾ ਨਜ਼ਰ ਆਇਆ। ਅਸਲ ਵਿਚ ਉਸ ਦੀ ਸਿਆਸਤ ਦੇ ਕੇਂਦਰ ਵਿਚ ਨਿਰੋਲ ਕਾਰੋਬਾਰ ਹੈ। ਟੈਰਿਫ ਵਾਲਾ ਮਾਮਲਾ ਇਸ ਦੀ ਮਿਸਾਲ ਮਾਤਰ ਹੈ। ਇਕ ਖਾਸ ਕੋਣ ਤੋਂ ਦੇਖਿਆ ਜਾਵੇ ਤਾਂ ਟਰੰਪ ਦੀ ਕਥਿਤ ਜੰਗ-ਵਿਰੋਧੀ ਪਹੁੰਚ ਦਾ ਦਾਈਆ ਵੀ ਇਹੀ ਹੈ। ਇਹੀ ਕਾਰਨ ਹੈ ਕਿ ਉਹਨੇ ਰੂਸ-ਯੂਕਰੇਨ ਜੰਗਬੰਦੀ ਨਾਲੋਂ ਯੂਕਰੇਨ ਦੇ ਕੀਮਤੀ ਖਣਿਜਾਂ ਬਾਰੇ ਸੌਦਾ ਕਰਨ ਵੱਲ ਵਧੇਰੇ ਦਿਲਚਸਪੀ ਦਿਖਾਈ। ਗਾਜ਼ਾ ਬਾਰੇ ਉਸ ਦਾ ਅਸ਼ਲੀਲ ਬਿਆਨ ਤਾਂ ਸਮੁੱਚੀ ਦੁਨੀਆ ਨੇ ਮੂੰਹ 'ਚ ਉਂਗਲਾਂ ਪਾ ਕੇ ਸੁਣਿਆ। ਇਹ ਸੰਵੇਦਨਹੀਣਤਾ ਅਤੇ ਬੇਸ਼ਰਮੀ ਦਾ ਸਿਖਰ ਹੀ ਸੀ ਜਦੋਂ ਉਸ ਨੇ ਕਿਹਾ ਕਿ ਫ਼ਲਸਤੀਨੀਆਂ ਨੂੰ ਗਾਜ਼ਾ ਵਿਚੋਂ ਚਲੇ ਜਾਣਾ ਚਾਹੀਦਾ ਹੈ ਅਤੇ ਉਹ ਗਾਜ਼ਾ ਨੂੰ ਦੁਨੀਆ ਦੀ ਬਿਹਤਰੀਨ ਥਾਂ ਵਜੋਂ ਵਿਕਸਿਤ ਕਰੇਗਾ। ਅੱਜ ਇਹੀ ਗਾਜ਼ਾ ਦੁਨੀਆ ਦੀ ਬਦਤਰੀਨ ਥਾਂ ਹੈ ਜਿੱਥੇ ਖਾਣਾ ਲੈਣ ਕਤਾਰਾਂ ਵਿਚ ਲੱਗੇ ਫ਼ਲਸਤੀਨੀਆਂ ਉੱਤੇ ਇਜ਼ਰਾਇਲੀ ਫ਼ੌਜੀਆਂ ਨੇ ਗੋਲੀਆਂ ਵਰ੍ਹਾਈਆਂ। ਇਹ ਭਾਣਾ ਉਸ ਵਕਤ ਵਰਤਿਆ ਜਦੋਂ ਇਰਾਨ ਤੇ ਇਜ਼ਰਾਈਲ ਇਕ ਦੂਜੇ ਉੱਤੇ ਬਾਰੂਦ ਦਾ ਮੀਂਹ ਵਰ੍ਹਾ ਰਹੇ ਸਨ। ਫ਼ਲਸਤੀਨੀਆਂ ਦਾ ਘਾਣ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਇਜ਼ਰਾਈਲ ਹਮਾਸ ਨੂੰ ਖ਼ਤਮ ਕਰਨ ਦੇ ਨਾਂ ਹੇਠ ਫ਼ਲਸਤੀਨੀਆਂ ਦੀ ਨਸਲਕੁਸ਼ੀ ਵੱਲ ਬਿਨਾਂ ਰੋਕ-ਟੋਕ ਵਧ ਰਿਹਾ ਹੈ। ਗਾਜ਼ਾ ਦਾ ਚੱਪਾ-ਚੱਪਾ ਤਬਾਹ ਕਰ ਦਿੱਤਾ ਗਿਆ ਹੈ ਤੇ ਸਭ ਕੌਮਾਂਤਰੀ ਸੰਸਥਾਵਾਂ ਮੂਕ ਦਰਸ਼ਕ ਬਣ ਕੇ ਰਹਿ ਗਈਆਂ ਹਨ।*

*ਦੇਖਿਆ ਜਾਵੇ ਤਾਂ ਇਰਾਨ-ਇਜ਼ਰਾਈਲ ਜੰਗ ਦੌਰਾਨ ਤਬਾਹੀ ਨੂੰ ਵੀ ਉਦੋਂ ਹੀ ਨੱਕਾ ਲੱਗਿਆ ਜਦੋਂ ਇਰਾਨ-ਇਜ਼ਰਾਈਲ ਜੰਗ ਬਾਰੇ ਰੂਸ, ਚੀਨ ਅਤੇ ਕੁਝ ਹੋਰ ਮੁਲਕਾਂ ਨੇ ਆਪਣੇ ਇਰਾਦੇ ਐਨ ਸਪਸ਼ਟ ਕੀਤੇ। ਇਸ ਤੋਂ ਬਾਅਦ ਹੀ ਅਮਰੀਕੀ ਰਾਸ਼ਟਰਪਤੀ ਦੇ ਫ਼ੌਜੀ ਕਦਮ-ਤਾਲ ਨੂੰ ਵਿਰਾਮ ਮਿਲਿਆ। ਇਸ ਮਰਹਲੇ ਨੇ ਸੋਵੀਅਤ ਰੂਸ ਦੀ ਚਲਾਈ ਅਮਨ ਲਹਿਰ ਦਾ ਚੇਤਾ ਵੀ ਬੜੀ ਸ਼ਿੱਦਤ ਨਾਲ ਕਰਵਾਇਆ। ਉਦੋਂ ਅਮਨ ਲਹਿਰ ਸੋਵੀਅਤ ਵਿਦੇਸ਼ ਨੀਤੀ ਦਾ ਖਾਸ ਮੁੱਦਾ ਬਣੀ ਸੀ ਅਤੇ ਗੁੱਟ ਨਿਰਲੇਪ ਮੁਲਕਾਂ ਅੰਦਰ ਇਸ ਦਾ ਖਾਸ ਅਸਰ ਦੇਖਣ ਨੂੰ ਮਿਲਿਆ ਸੀ। ਇਹ ਉਹ ਦੌਰ ਸੀ ਜਦੋਂ ਸਾਮਵਾਦ (communism)*

*ਪੂੰਜੀਵਾਦ (capitalism) ਨਾਲ ਦਸਤਪੰਜਾ ਲੈ ਰਿਹਾ ਸੀ ਅਤੇ ਨਿੱਤ ਨਵੀਂ ਵੰਗਾਰ ਪਾ ਰਿਹਾ ਸੀ। ਪਰ 1990ਵਿਆਂ ਵਿਚ ਸੋਵੀਅਤ ਬਲਾਕ ਢਹਿ-ਢੇਰੀ ਹੋਣ ਨਾਲ ਦੁਨੀਆ ਅੰਦਰ ਪੂੰਜੀਵਾਦ ਦੀਆਂ ਵਾਗਾਂ ਖੁੱਲ੍ਹ ਗਈਆਂ। ਹੁਣ 21ਵੀਂ ਸਦੀ ਦੀ ਪਹਿਲੀ ਚੌਥਾਈ ਤਕ ਪੁੱਜਦਿਆਂ ਇਸ ਦਾ ਬੇਹੱਦ ਘਾਤਕ ਰੂਪ ਸਾਹਮਣੇ ਆਣ ਖਲੋਇਆ ਹੈ। ਅਥਾਹ ਤਕਨੀਕੀ ਤਰੱਕੀ ਇਹਦੇ ਲਈ ਸੋਨੇ 'ਤੇ ਸੁਹਾਗਾ ਸਾਬਤ ਹੋਈ ਹੈ। ਉਂਝ, ਇਸ ਸਮੇਂ ਦੌਰਾਨ ਜਿਸ ਤਰ੍ਹਾਂ ਮਨੁੱਖਤਾ ਦਾ ਘਾਣ ਹੋਇਆ ਅਤੇ ਕੁਦਰਤ ਨਾਲ ਵੱਡੇ ਪੱਧਰ 'ਤੇ ਖਿਲਵਾੜ ਕੀਤਾ ਜਾ ਰਿਹਾ ਹੈ, ਉਸ ਨੇ ਪੂੰਜੀਵਾਦ 'ਤੇ ਹੁਣ ਤਕ ਦੇ ਸਭ ਤੋਂ ਵੱਡੇ ਸਵਾਲ ਖੜ੍ਹੇ ਕੀਤੇ ਹਨ। ਪੂੰਜੀਵਾਦ ਦੀਆਂ ਤੱਦੀਆਂ ਨੇ ਸਗੋਂ ਅੱਜੋਕੀ ਜਮਹੂਰੀਅਤ ਉੱਤੇ ਵੀ ਸਵਾਲੀਆ ਨਿਸ਼ਾਨ ਲਗਾਏ ਹਨ। ਉਹ ਵੀ ਵਕਤ ਸਨ ਜਦੋਂ ਜਮਹੂਰੀਅਤ ਨੂੰ ਆਧਾਰ ਬਣਾ ਕੇ ਕਮਿਊਨਿਸਟ ਮੁਲਕਾਂ ਦੀ ਬੜੀ ਤਿੱਖੀ ਨੁਕਤਾਚੀਨੀ ਕੀਤੀ ਜਾਂਦੀ ਸੀ। ਅੱਜ ਸੰਸਾਰ ਦੀ ਸਭ ਤੋਂ ਤਾਕਤਵਰ ਜਮਹੂਰੀਅਤ ਅਮਰੀਕਾ ਅਤੇ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਭਾਰਤ ਵਿਚਲੇ ਨਿਜ਼ਾਮਾਂ ਦੀ ਪੁਣ-ਛਾਣ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਰਹੀ ਹੈ। ਭਾਰਤੀ ਜਮਹੂਰੀਅਤ ਅੰਦਰ ਪਿਛਲੇ 11 ਸਾਲਾਂ ਦੌਰਾਨ ਜੋ ਕੁਝ ਵਾਪਰਿਆ ਹੈ, ਉਹ ਹੁਣ ਕਿਸੇ ਤੋਂ ਲੁਕਿਆ ਨਹੀਂ। ਇਕ-ਇਕ ਕਰ ਸਭ ਜਮਹੂਰੀ ਅਦਾਰਿਆਂ ਦੀ 'ਕਾਇਆ-ਕਲਪ' ਕਰ ਦਿੱਤੀ ਗਈ ਹੈ ਅਤੇ ਸਰਕਾਰ ਦੀ ਆਲੋਚਨਾ ਨੂੰ ਦੇਸ਼ਧ੍ਰੋਹ ਤਕ ਗਰਦਾਨਿਆ ਜਾ ਰਿਹਾ ਹੈ। ਸਿਰਫ ਵੋਟ ਪਾਉਣ ਨੂੰ ਹੀ ਜਮਹੂਰੀਅਤ ਬਣਾ ਦਿੱਤਾ ਗਿਆ ਹੈ। ਇਹੀ ਹਾਲ ਡੋਨਲਡ ਟਰੰਪ ਦੀ ਅਗਵਾਈ ਵਾਲੇ ਮੁਲਕ ਅਮਰੀਕਾ ਦਾ ਹੈ ਜਿੱਥੇ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨਾਂ 'ਤੇ ਪਾਬੰਦੀਆਂ ਹੀ ਨਹੀਂ ਲਾਈਆਂ ਜਾ ਰਹੀਆਂ ਸਗੋਂ ਵਿਦੇਸ਼ੀ ਵਿਦਿਆਰਥੀਆਂ ਨੂੰ ਮੁਲਕ ਵਿਚੋਂ ਕੱਢਣ ਦੀ ਤਲਵਾਰ ਉਨ੍ਹਾਂ ਦੇ ਸਿਰ ਉੱਤੇ ਲਟਕਾ ਦਿੱਤੀ ਗਈ ਹੈ। ਸ਼ਰ੍ਹੇਆਮ, ਯੂਨੀਵਰਸਿਟੀਆਂ ਦੀ ਫੰਡਿੰਗ ਬੰਦ ਕੀਤੀ ਜਾ ਰਹੀ ਹੈ। ਰਹਿੰਦੀ ਕਸਰ ਇਰਾਨ-ਇਜ਼ਰਾਈਲ ਜੰਗ ਦੌਰਾਨ ਇਸ ਦੇ ਸਿਰੇ ਦੇ ਅਸ਼ਲੀਲ ਵਿਹਾਰ ਨੇ ਕੱਢ ਦਿੱਤੀ ਹੈ।*

*ਕੋਈ ਵਕਤ ਸੀ ਜਦੋਂ ਸਾਹਿਤਕਾਰਾਂ, ਕਲਾਕਾਰਾਂ ਅਤੇ ਕਲਾ ਨਾਲ ਜੁੜੀ ਲੋਕਾਈ ਨੇ ਅਮਨ ਲਹਿਰ ਵਿਚ ਬੇਮਿਸਾਲ ਯੋਗਦਾਨ ਪਾਇਆ ਸੀ। ਇਨ੍ਹਾਂ ਵਿਚ ਪੰਜਾਬੀ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਵੀ ਭਰਪੂਰ ਯੋਗਦਾਨ ਸੀ। ਐਤਕੀਂ ਇਹ ਤੱਥ ਬਾਕਾਇਦਾ ਨੋਟ ਕੀਤਾ ਗਿਆ ਹੈ ਕਿ ਇਸ ਵਾਰ ਜੰਗਾਂ ਖ਼ਿਲਾਫ਼ ਉਹੋ ਜਿਹਾ ਜਲੌਅ ਨਹੀਂ ਉੱਭਰ ਸਕਿਆ, ਜਿਹੋ ਜਿਹਾ ਅਮਨ ਲਹਿਰ ਦੌਰਾਨ ਕੁੱਲ ਲੋਕਾਈ ਨੇ ਦੇਖਿਆ ਸੀ। ਇਸ ਦੇ ਬਹੁਤ ਸਾਰੇ ਕਾਰਨ ਗਿਣਾਏ ਜਾ ਸਕਦੇ ਹਨ। ਇਨ੍ਹਾਂ ਵਿਚੋਂ ਇਕ ਅਤੇ ਅਹਿਮ ਕਾਰਨ ਸੋਵੀਅਤ ਰੂਸ ਵਰਗੀ ਤਾਕਤ ਦਾ ਸੰਸਾਰ-ਦ੍ਰਿਸ਼ ਤੋਂ ਨਦਾਰਦ ਹੋਣਾ ਹੈ। ਹੁਣ ਜਦੋਂ ਪੂੰਜੀਵਾਦ ਬੇਹੱਦ ਘਾਤਕ ਰੂਪ ਵਿਚ ਜ਼ਿੰਦਗੀ ਦੇ ਹਰ ਪੱਖ ਨੂੰ ਤਬਾਹ-ਓ-ਬਰਬਾਦ ਕਰ ਰਿਹਾ ਹੈ ਤਾਂ ਸਾਮਵਾਦ (communism) ਦੇ ਸਿਧਾਂਤ ਅਨੁਸਾਰ ਬਰਾਬਰੀ ਲਈ ਪਹਿਰਾ ਦੇਣ ਵਾਲੇ ਵਿਦਵਾਨਾਂ ਤੇ ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਕਲਾਕਾਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਪੂੰਜੀਵਾਦ ਦੇ ਕੁਹਜ ਦੀ ਬਾਕਾਇਦਾ ਨਿਸ਼ਾਨਦੇਹੀ ਕਰ ਕੇ ਇਸ ਦਾ ਕੱਚਾ ਚਿੱਠਾ ਫਰੋਲਿਆ ਜਾਵੇ। ਠੀਕ ਹੈ, ਸੰਸਾਰ ਪੱਧਰ 'ਤੇ ਸਾਮਵਾਦੀ/ਸਮਾਜਵਾਦੀ ਲਹਿਰ ਨੂੰ ਵੱਡੀ ਪਛਾੜ ਪਈ ਹੈ ਪਰ ਪਿਛਲੇ ਦਹਾਕਿਆਂ ਦੌਰਾਨ ਇਹ ਵਾਰ-ਵਾਰ ਸਾਬਤ ਹੋਇਆ ਹੈ ਕਿ ਕਹਿਰਵਾਨ ਹੋ ਰਹੇ ਪੂੰਜੀਵਾਦ ਦਾ ਤੋੜ ਆਖ਼ਿਰਕਾਰ ਸਾਮਵਾਦ/ਸਮਾਜਵਾਦ ਹੀ ਹੈ। ਇਸ ਲਈ ਸਾਮਵਾਦੀਆਂ/ਸਮਾਜਵਾਦੀਆਂ ਨੂੰ ਆਪਣੀ ਸਾਰੀ ਤਾਕਤ ਇਕੱਠੀ ਕਰ ਕੇ ਨਵੀਂ ਸਿਰਜਣਾ ਲਈ ਮੋਹੜੀ ਗੱਡਣੀ ਚਾਹੀਦੀ ਹੈ। ਇਸ ਪਾਸੇ ਮੋੜ ਕੱਟਣ ਦੀ ਪਹਿਲ ਕਰਨ ਦੀ ਤਵੱਕੋ, ਬਿਨਾਂ ਸ਼ੱਕ, ਬੁੱਧੀਜੀਵੀ ਵਰਗ ਤੋਂ ਹੈ। 000*

# ਸਤਪਾਲ ਭੀਖੀ: ਛੇ ਕਵਿਤਾਵਾਂ

## ਬਿਨਾਂ ਸਿਰਲੇਖ

ਜਿਵੇਂ ਹਰ ਬੱਚੇ ਨੇ, ਪੜ੍ਹਨਾ ਹੁੰਦਾ ਹੈ
ਮੈਂ ਪੜ੍ਹਿਆ, ੳ ਤੋਂ ੜ
ਪੈਰ ਬਿੰਦੀ ਵਾਲੇ ਅੱਖਰ
ਸਵਰ-ਵਿਅੰਜਨ
ਪੜ੍ਹਦਾ ਰਿਹਾ...

ਪੜ੍ਹਦਾ ਰਿਹਾ, ਪੜ੍ਹਦਾ ਗਿਆ...
ਗੁਰੂ ਦੀਆਂ ਸਿੱਖਿਆਵਾਂ
ਜੀਵਨ-ਜਾਚ, ਜ਼ਿੰਦਗੀ ਦੇ ਰਾਜ਼
ਸਫ਼ਰੀ ਰਾਹਦਾਰੀਆਂ

ਸਿੱਖਿਆਵਾਂ ਦੇ ਅਮਲ ਦਾ ਵਕਤ ਆਉਂਦਾ ਹੈ
ਆ ਗਿਆ ਹੈ ਉਹ ਵਕਤ
ਮਹਿਸੂਸ ਰਿਹਾਂ
ਹਰ ਰਾਹ 'ਤੇ ਛੱਡਿਆ ਹਰ ਤੀਰ
ਵਾਪਸ ਉੱਥੇ ਹੀ ਆ ਜਾਂਦਾ ਹੈ
ਜਿੱਥੋਂ ਤੁਰਿਆ ਸੀ

ਜਿਵੇਂ ਕਿਹਾ ਗਿਆ ਸੀ
ਮੈਂ ਲੀਹਾਂ ਪਾੜਨ ਲਈ ਤੁਰ ਪਿਆ
ਕਿਸੇ ਨਵੀਂ ਪਗਡੰਡੀ
ਨਵੇਂ ਸੁਪਨੇ ਦੀ ਤਲਾਸ਼ ਵਿਚ

ਵੇਖਦਾਂ - ਗੁਰੂ ਦੀਆਂ ਸਿੱਖਿਆਵਾਂ
ਸੰਗੀਆਂ ਦੀਆਂ ਅੱਖਾਂ 'ਚੋਂ ਝਲਕਦੀ ਲਾਲੀ
ਮੇਰੇ ਰਾਹਾਂ ਚ ਅੰਗਿਆਰ ਲੈ ਖੜ੍ਹੀ ਹੈ
ਮੁਸੀਬਤ ਬੜੀ ਹੈ, ਫ਼ੈਸਲੇ ਦੀ ਘੜੀ ਹੈ

ਸੰਗੀਆਂ ਦੀਆਂ ਸਿੱਖਿਆਵਾਂ
ਮੁੜ ਉਸਤਾਦ ਦੇ ਦੁਆਰ 'ਤੇ ਜਾਂਦੀਆਂ ਹਨ
ਦੁਆਰ ਦੁਆਲੇ ਕਿੰਨੀਆਂ ਹੀ ਵਲਗਣਾਵਾਂ, ਵਰਜਣਾਵਾਂ
ਪਹਿਲੀ ਵਾਰ ਦਿਸੀਆਂ, ਤੇ ਦਿਸਦੀਆਂ ਹੀ ਰਹੀਆਂ

ਅੱਖਾਂ ਪੂਰੀਆਂ ਖੋਲ੍ਹ ਦੇਖਿਆ
ਪੂਰੀ ਕਤਾਰਬੰਦੀ ਹੈ

ਸਿੱਖਿਆਵਾਂ, ਸ਼ਰਧਾਵਾਂ  ਮੇਰੀ ਨਿਗ੍ਹਾ ਨੂੰ
ਦੁਮੇਲ ਜਾਂ ਆਕਾਸ਼ ਵੱਲ ਜਾਣ ਦੀ
ਇਜਾਜ਼ਤ ਨਹੀਂ ਦੇ ਰਹੀਆਂ, ਫ਼ਿਲਹਾਲ  00

## ਕਿਤਾਬ ਦੇ ਪੰਨੇ

ਕਿਤਾਬ ਦਾ ਕੋਈ ਪੰਨਾ ਖੁੱਲ੍ਹਦਾ ਹੈ
ਮੈਂ ਖੁੱਲ੍ਹਣਾ ਸ਼ੁਰੂ ਹੁੰਨਾ

ਅੰਦਰਲੀ ਦੁਨੀਆ
ਹਨੇਰ ਨਾਲ ਭਰੀ ਪਈ ਹੈ

ਪੜ੍ਹਦਿਆਂ- ਕਾਲ਼ੇ ਅੱਖਰ ਮਘਣ ਲੱਗਦੇ
ਦਗਣ ਲੱਗਦੇ, ਲਾਟ ਬਣਦੇ
ਅੰਦਰ ਰੋਸ਼ਨੀ ਫੈਲਦੀ
ਜਿਵੇਂ ਗੁਫਾ 'ਚ ਕਿਸੇ, ਬਾਲ਼ੀ ਹੋਵੇ ਮਸ਼ਾਲ

ਕਿਤਾਬਾਂ ਦੇ ਪੰਨੇ
ਜਿਵੇਂ ਜਿਵੇਂ ਪਲਟਦੇ ਗਏ
ਆਧਾਰ ਨੂੰ – ਉਸਾਰ ਮਿਲਿਆ
ਵਿਚਾਰ ਨੂੰ – ਸਮਝ ਮਿਲੀ
ਵਿਕਾਰ ਨੂੰ – ਰਾਹ ਮਿਲਿਆ

ਹੁਣ ਹਨੇਰ ਕੰਦਰਾ
ਰੋਸ਼ਨੀ ਨਾਲ ਭਰੀ ਹੋਈ ਹੈ!  00

## ਕਮੀਜ਼

ਕਮੀਜ਼ ਖ਼ਰੀਦੀ ਸੀ
ਦਿਨ ਭਰ ਪੈਸੇ ਰੜਕਦੇ ਰਹੇ

ਰੜਕ ਨੂੰ ਪਿਆਰਨ
ਤ੍ਰੀਮਤਾਂ ਆ ਬਹੁੜੀਆਂ
ਕਿਸਾਨ ਦਾ ਗੱਡਾ
ਚੀਕਦਾ ਨਹੀਂ, ਗਾਉਂਦਾ ਜਾ ਰਿਹਾ
ਪੇਂਜਾ ਕਲੀਆਂ ਲਾਉਂਦਾ ਹੈ

ਤੇ ਤਾੜ੍ਹਾ ਕਪਾਹ ਦੀ ਤਾਮੀਰ ਕਰਦਾ ਹੈ

ਕੱਪੜੇ ਨੂੰ ਸਿਊਂਦਾ ਕੋਈ
ਕਿੰਨੇ ਰਿਸ਼ਤਿਆਂ ਨੂੰ ਸਿਊਂ ਰਿਹਾ

ਅਦਿਖ ਜਿਸਮ ਨੂੰ , ਕਿਵੇਂ ਮਿਣਦਾ ਕੋਈ
ਪੁੱਛਿਆ ਜਾ ਸਕਦੈ

ਮੋਰੀਆਂ ਟਾਕੀਆਂ ਦੀ
ਜਿਵੇਂ ਰੁੱਤ ਫਿਰੀ ਹੋਵੇ

ਕਾਜ ਕਰਦੀ ਕੋਈ
ਜ਼ਿੰਦਗੀ ਦੇ ਗੀਤ ਗਾਉਣ ਲੱਗੀ
ਤੇ ਸੂਈ ਮੂੰਹ ‘ਚ ਲੈ
ਬਟਨਾਂ ਦੀ ਮੰਡਲੀ, ਖੇਡੇ ਕੋਟਲਾ ਛਪਾਕੀ

ਕਮੀਜ਼ ਪੈਕ ਕਰਦਿਆਂ
ਕਿਸੇ ਨੇ, ਰੂਹ ਦੁਆਲ਼ੇ
ਮੋਹ ਦਾ ਕਿਲ੍ਹਾ ਉਸਾਰਿਆ ਹੈ

ਕਮੀਜ਼ ਨੂੰ ਜਿਸਮ ‘ਤੇ ਪਹਿਨਦਿਆਂ
ਕਿੰਨੇ ਚਿਹਰੇ
ਗਾਉਂਦੇ ਜਿਊਂਦੇ, ਵਾਘੀਆਂ ਪਾਉਂਦੇ ਦਿਸੇ

ਮੈਂ ਫੁੱਟ ਪਿਆਂ, ਝਰਨੇ ਵਾਂਗ
ਕਮੀਜ਼ ਪਹਿਨਦਿਆਂ! 00

## ਕਾਰਖਾਨਾ

ਕਾਰਖਾਨੇ ‘ਚ, ਬਣ ਰਹੇ ਪੁਰਜ਼ੇ
ਪੁਰਜ਼ਿਆਂ ‘ਚ, ਇਕੋ ਜਿੰਨੀਆਂ
ਪੈ ਰਹੀਆਂ ਸਭ ਚੀਜ਼ਾਂ-ਸ਼ੈਆਂ
ਪਾਣੀ, ਬਿਜਲੀ, ਧਾਤ, ਔਜ਼ਾਰ
ਗਰਮੀ-ਸਰਦੀ, ਭਾਫ ਦੀ ਮਾਤਰਾ
ਕਟਰ, ਡੱਬੇ, ਪੈਕਿੰਗ
ਰੇਟ, ਮਾਰਕੇ, ਬਿਲਟੀ
ਬਜ਼ਾਰ, ਵਿਕਰੀ, ਮੁਨਾਫ਼ਾ
ਇਕ ਹੋਰ ਕਾਰਖਾਨਾ

ਪੁਰਜ਼ਿਆਂ ਵਰਗੇ, ਬਣਾਏ ਜਾ ਰਹੇ ਨੇ ਆਦਮੀ
ਮਾਲਕ ਸਭ ਲਈ, ਵਰਤ ਰਿਹਾ ਹੈ
ਇਕੋ ਜਿਹੀ, ਇਕੋ ਜਿੰਨੀ ਸਮੱਗਰੀ

ਨਾਂ ਹੀ ਬਦਲੇ, ਸਮੱਗਰੀ ਦੇ
ਬਾਕੀ ਤਾਂ ਸਭ, ਉਵੇਂ-ਉਵੇਂ, ਉਸੇ ਤਰ੍ਹਾਂ ਹੈ

ਸੋਚਣਾ ਉਵੇਂ, ਬੋਲਣਾ ਉਵੇਂ
ਲਿਖਣਾ ਉਵੇਂ, ਜਿਊਣਾ ਵੀ ਉਵੇਂ
ਰਹਿਣਾ ਵੀ ਉਵੇਂ
ਜਿਵੇਂ ਕਹੇ ਮਾਲਕ

ਆਪਾਂ - ਕਾਰਖਾਨਿਆਂ ਦੇ ਪੁਰਜ਼ੇ
ਬਜ਼ਾਰ 'ਚ, ਵਿਕਾਂਗੇ ਵੀ ਆਪ
ਤੇ ਖਰੀਦਾਂਗੇ ਵੀ ਆਪਾਂ ਹੀ 00

## ਗ਼ਲੀਆਂ 'ਚੋਂ

ਜਿਨ੍ਹਾਂ ਗਲੀਆਂ 'ਚੋਂ
ਲੰਘਿਆ ਸਾਂ

ਧੀ ਉਨ੍ਹਾਂ ਗ਼ਲੀਆਂ 'ਚੋਂ
ਲੰਘ ਰਹੀ ਹੈ

ਜਦੋਂ ਲੰਘਿਆ ਸਾਂ, ਨੈਣ ਸ਼ਰਾਰਤੀ ਸਨ
ਬੋਲ ਗੁਟਕਦੇ ਸਨ, ਪੱਬ ਅਟਕਦੇ ਸਨ

ਤੇ ਧੀ - ਨੀਵੀਂ ਪਾਈ ਲੰਘ ਰਹੀ ਹੈ

ਮਰਦਾਵੀਂ ਖੁਸ਼ੀ ਤੋਂ ਬਾਅਦ
ਇਕ ਪਿਉ ਹੋਣ ਉੱਤੇ
ਸੱਚਮੁੱਚ ਬੜੀ ਨਮੋਸ਼ੀ ਹੋਈ! 00

## ਅਟਾਰੀ ਸਟੇਸ਼ਨ

ਅਟਾਰੀ ਸਟੇਸ਼ਨ 'ਤੇ
ਰੋ ਰੋ ਵਿਛੜ ਰਹੇ ਨੇ ਦੋਵੇਂ
ਤੁਰਨ ਲੱਗਿਆਂ ਫਾਤਮਾ ਕਹਿ ਰਹੀ ਹੈ
ਗਿਣ ਲੈਣਾ ਮੈਨੂੰ ਵੀ
ਪਹਿਲਗਾਮ ਦੀ ਇਕ ਹੋਰ ਲਾਸ਼ ਵਿਚ
ਜੋ ਰਹਿਣ ਵਾਲਿਆਂ ਕੋਲ਼, ਬਹਿ ਨਾ ਸਕਣ

ਜੋ ਚਾਹੀ ਧਰਤੀ ‘ਤੇ, ਰਹਿ ਨਾ ਸਕਣ
ਜੋ ਮੇਲਿਆਂ ਤੋਂ, ਵਿਰਵੇ ਹੋ ਜਾਣ
ਉਹ ਨਿੱਤ ਮਰਦੇ
ਤਿਲ ਤਿਲ ਮਰਦੇ, ਪਲ ਪਲ ਮਰਦੇ

ਅਟਾਰੀ ਵਾਹਗੇ ਤੋਂ, ਤੁਰਨ ਲੱਗਿਆਂ
ਕਿੰਨੇ ਹੀ ਬੋਲ, ਲਾਸ਼ਾਂ ‘ਚ ਬਦਲ ਰਹੇ ਨੇ
ਧਰਤੀ ਦਾ ਚੱਪਾ ਚੱਪਾ
ਪਹਿਲਗਾਮ ਕਿਉਂ ਬਣ ਰਿਹਾ ਹੈ? 00

***(ਐਮ.ਆਈ.ਜੀ. 578, ਫੇਜ਼ 1, ਅਰਬਨ ਅਸਟੇਟ, ਪਟਿਆਲਾ-147 002***
***ਫ਼ੋਨ: +91-98761-55530)***

## ਅਜੀਤ ਪਿਆਸਾ: ਤਿੰਨ ਨਜ਼ਮਾਂ

### ਚਾਹਤ

ਇਸ਼ਕ ਦੀ ਬੁੱਕਲ ਮਾਰ ਕੇ
ਦਿਲਲਗੀ ਮਹਿੰਗੀ ਪਈ
ਮਸਤ-ਮਲੰਗੀ ਸੀ ਪੱਲੇ
ਉਹ ਵੀ ਖੋਹ ਕੇ ਲੈ ਗਿਆ
ਚਾਹਤ ਦਾ ਰੰਗ ਚਾੜ੍ਹ ਕੇ
ਰੱਬ ਜਾਣੇ ਕਿੱਥੇ ਲੁਕ ਗਿਆ
ਜਿਸਦੇ ਇਵਜ਼ਾਨੇ ਵਿਚ
ਬਿਰਹਾ ਸਭ ਕੁਝ ਲੈ ਗਿਆ
ਦਿਲ ਦੇ ਵਿਹੜੇ ਵਿਚ ਧੜਕਨ
ਥਿਰਕ ਰਹੀ ਬਣ ਨਰਤਕੀ
ਜਦੋਂ ਦਾ ਦਾਅਵਤ ਦੇ ਕੇ
ਖੁਦਾ ਹਾਫਿਜ਼ ਕਹਿ ਗਿਆ
ਅਹਿਸਾਸ ਉਸਦੇ ਹੋਣ ਦਾ
ਰਹਿੰਦਾ ਹੈ ਹੁਣ ਇਸ ਤਰ੍ਹਾਂ
ਜਿਵੇਂ ਘਰ ਅੰਦਰ ਉਹੀ
ਧੂਣੀ ਲਾ ਕੇ ਬਹਿ ਗਿਆ 00

### ਤੇਰੇ ਨਾਮ...

ਤੂੰ ਤਾਂ - ਨਦੀ ਬਣ ਵਗਦੀ ਰਹੀ
ਮੈਂ ਕਿਨਾਰਾ ਬਣ
ਤੇਰੀ ਹੋਂਦ ਦੇ ਪਾਣੀਆਂ ਸੰਗ
ਐਵੇਂ ਹੀ ਖੁਰਦਾ ਰਿਹਾ...

ਤੇਰੀ ਚਾਹਤ ਸਾਗਰ, ਮੇਰੀ ਬੰਦਗੀ ਤੂੰ
ਤੇਰੇ ਪਾਣੀ ਮੇਰੇ ਅਹਿਸਾਸਾਂ ਸੰਗ
ਲੁਕਣ-ਮੀਟੀ ਤਾਂ ਖੇਲ੍ਹਦੇ ਰਹੇ
ਪਰ ਰੂਹ ਦੇ ਹਾਣੀ ਨਾ ਬਣੇ

ਤੂੰ ਨਦੀ ਹੋਣ ਦਾ ਪਾਲ਼ਦੀ ਰਹੀ ਭਰਮ
ਪਰ ਤੇਰੇ ਪਾਣੀ ਵੀ ਤੇਰੇ ਨਾ ਹੋ ਸਕੇ
ਝੱਲੀਏ-- ਅਗਲਾ ਜਨਮ ਕੀਹਨੇ ਦੇਖਿਆ
ਹੋ ਸਕਦੈ, ਕਿ ਫੇਰ ਸ਼ਾਇਦ
ਤੂੰ ਨਦੀ ਵੀ ਨਾ ਰਹੇਂ...
ਤੇ ਮੈਂ ਐਵੇਂ ਆਪਣੀ ਪਿਆਸ ਦਾ
ਲੇਖਾ ਦਿੰਦਾ ਦਿੰਦਾ
ਕਿਸੇ ਹੋਰ ਜਨਮ ਵੱਲ ਰੁਖਸਤ ਹੋ ਜਾਵਾਂ...
ਹੋ ਸਕੇ ਤਾਂ ਅਗਲੀ ਵਾਰੀ
ਜ਼ਿੰਦਗੀ ਬਣ ਕੇ ਮਿਲੀਂ.. ਤਾਂ ਕਿ... 00

## ਕੀ ਜਾਣਾਂ...

ਕੀ ਜਾਣਾਂ ਹੁਜਰੇ 'ਚ ਕਿਸ ਨੇ
ਇਸ਼ਕ ਦੀ ਹੈ ਧੂਫ ਧੁਖਾਈ
ਜਿਸਦੀ ਮਹਿਕ ਨੇ ਅੰਦਰਲੇ
ਸਾਰੇ ਬੂਹੇ ਖੋਲ੍ਹ ਲਏ

ਕੀ ਜਾਣਾਂ ਕੀ ਕਲਾ ਹੈ ਵਰਤੀ
ਰੰਗ ਅਵੱਲਾ ਆ ਚੜ੍ਹਿਆ
ਬੇਖੁਦੀ ਦੇ ਜਲਵੇ ਆ ਕੇ
ਮਨ ਦੀ ਘੁੰਡੀ ਖੋਲ੍ਹ ਗਏ

ਨਬਜ਼ ਟੋਹੀ ਜਦ ਆਪਣੀ
ਧੜਕਨ ਬ ਉਸਦੀ ਸਰਗਮ
ਕੀ ਜਾਣਾਂ ਦਿਲ ਦੇ ਅਹਿਸਾਸ
ਕਿੰਝ ਸ਼ਬਦਾਂ ਦੀ ਝੋਲ ਪਏ

ਕੀ ਜਾਣਾਂ ਕੀਹਨੇ ਦੱਸਿਆ
ਕਿਸਨੂੰ ਉਸਦਾ ਸਿਰਨਾਵਾਂ
ਜਿਸ ਨੇ ਆ ਕੇ ਪਿਆਸ ਵਾਲੀ
ਪੱਤਰੀ ਦੇ ਪੰਨੇ ਫੋਲ ਲਏ...000

*(936 ਕੱਚਾ ਕਿਲਾ, ਜਗਰਾਉਂ, ਜ਼ਿਲ੍ਹਾ ਲੁਧਿਆਣਾ- 142 026)*

# ਵਰਿਆਮ ਸਿੰਘ ਸੰਧੂ: ਮੇਰਾ ਘਰ ਮੈਨੂੰ ਕਦੀ ਨਹੀਂ ਲੱਭਣਾ!

ਕੁਝ ਸਾਲ ਪਹਿਲਾਂ ਦੂਰਦਰਸ਼ਨ ਜਲੰਧਰ ਵੱਲੋਂ ਮੇਰੇ ਬਾਰੇ ਇਕ ਦਸਤਾਵੇਜ਼ੀ ਫ਼ਿਲਮ ਬਣਾਈ ਗਈ। ਹਕੀਕਤ ਦਾ ਰੰਗ ਗੂੜ੍ਹਾ ਕਰਨ ਲਈ ਪ੍ਰੋਗਰਾਮ ਦੀ ਪ੍ਰੋਡਿਊਸਰ ਬੀਬੀ ਕੁਲਵਿੰਦਰ ਬੁੱਟਰ ਆਪਣੀ ਟੀਮ ਨਾਲ ਮੈਨੂੰ ਪਹਿਲਾਂ ਤਾਂ ਮੇਰੇ ਪਿੰਡ ਸੁਰ ਸਿੰਘ ਲੈ ਕੇ ਗਈ। ਮੇਰੇ ਘਰ ਅਤੇ ਮੇਰੇ ਨਾਲ ਜੁੜੇ ਪਿੰਡ ਦੇ ਹੋਰ ਥਾਵਾਂ ਦੇ ਸ਼ਾਟ ਲਏ ਤੇ ਫਿਰ ਅਸੀਂ ਭਾਰਤ-ਪਾਕਿ ਸਰਹੱਦ 'ਤੇ ਪੈਂਦੇ ਨੌਸ਼ਹਿਰਾ ਢਾਲਾ ਵੱਲ ਚਾਲੇ ਪਾ ਲਏ। ਨੌਸ਼ਹਿਰਾ ਢਾਲਾ ਉਹ ਪਿੰਡ ਹੈ, ਜਿਸ ਤੋਂ ਕੁਝ ਏਕੜ ਦੀ ਦੂਰੀ 'ਤੇ ਕੰਡੇਦਾਰ ਤਾਰਾਂ ਦੇ ਪਾਰ ਮੇਰੇ ਵਡੇਰਿਆਂ ਦਾ ਪਿੰਡ ਭਡਾਣਾ ਦਿਸਦਾ ਹੈ। ਜਿੱਥੇ ਮੈਂ ਖਲੋਤਾ ਸਾਂ ਉੱਥੋਂ ਮਸਾਂ ਇਕ ਕਿਲੋਮੀਟਰ ਦੀ ਵਿੱਥ 'ਤੇ। ਆਪਣੇ ਪਿੰਡ ਵੱਲ ਵੇਖ ਕੇ ਮੇਰਾ ਮਨ ਵੈਰਾਗਿਆ ਗਿਆ।

ਦਸਤਾਵੇਜ਼ੀ ਫ਼ਿਲਮ ਵਿਚ ਮੈਂ ਜਿਹੜੇ ਸ਼ਬਦ ਬੋਲੇ, ਉਹ ਕੁਝ ਇਸਤਰ੍ਹਾਂ ਸਨ:

... ਸੰਨ 47 ਵਿਚ ਇਸ ਧਰਤੀ ਉੱਤੇ ਆਰੇ ਦੀ ਇਕ ਅਜਿਹੀ ਧਾਰ ਫਿਰੀ ਕਿ ਧਰਤੀ ਦੋ ਟੋਟਿਆਂ ਵਿਚ ਵੰਡੀ ਗਈ। ਇਹ ਧਰਤੀ ਜਿਹੜੀ ਦੋ ਟੋਟਿਆਂ ਵਿਚ ਵੰਡੀ ਗਈ ਸੀ, ਉਸ ਦਾ ਇਕ ਟੋਟਾ ਜਿੱਥੇ ਮੈਂ ਇਸ ਵੇਲੇ ਖਲੋਤਾ ਹਾਂ ਤੇ ਦੂਜਾ ਟੋਟਾ ਇਸ ਤੋਂ ਥੋੜ੍ਹੀ ਦੂਰ, ਜਿੱਥੇ ਪਿੱਛੇ ਤਾਰਾਂ ਨਜ਼ਰ ਆ ਰਹੀਆਂ ਹਨ; ਉਹਨਾਂ ਤਾਰਾਂ ਦੇ ਪਰਲੇ ਪਾਸੇ ਹੈ। ਤਾਰਾਂ ਦੇ ਪਾਰ ਜਿਹੜਾ ਪਿੰਡ ਦਿਸਦਾ ਹੈ, ਉਸ ਪਿੰਡ ਦਾ ਨਾਂ ਹੈ ਭਡਾਣਾ। ਉਹ ਪਿੰਡ ਪਾਕਿਸਤਾਨ ਦੇ ਇਲਾਕੇ ਵਿਚ ਹੈ ਤੇ ਮੈਂ ਭਾਰਤ ਦੇ ਇਲਾਕੇ ਵਿਚ ਇੱਥੇ ਖੜੋਤਾ ਆਪਣੇ ਪਿੰਡ ਨੂੰ ਕੈਮਰੇ ਦੀ ਅੱਖ ਦੇ ਨਾਲ ਪਿੱਛੋਂ ਦੇਖਦਾ ਪਿਆ ਹਾਂ। ਇਹ ਪਿੰਡ ਮੇਰੇ ਵਡੇਰਿਆਂ ਦੀ ਜਨਮ ਭੂਮੀ ਹੈ। ਸਦੀਆਂ ਤੋਂ ਮੇਰੇ ਵਡੇਰੇ ਇਸ ਪਿੰਡ ਵਿਚ ਵੱਸਦੇ ਰਹੇ।...ਪਰ 47 ਵਿਚ ਸਾਨੂੰ ਹਾਲਾਤ ਨੇ ਐਸਾ ਪੁੱਟਿਆ ਕਿ ਆਪਣੀ ਜਨਮ ਭੂਮੀ ਨੂੰ ਛੱਡ ਕੇ ਸਾਨੂੰ ਰੁਖਸਤ ਹੋਣਾ ਪਿਆ। ਰਾਤ ਦੇ ਹਨੇਰੇ ਵਿਚ ਜਦੋਂ ਅਸੀਂ ਕਮਾਦਾਂ ਵਿਚ ਲੁਕਦੇ ਹੋਏ ਜਾ ਰਹੇ ਸਾਂ, ਮੈਂ ਬੱਚਾ ਸਾਂ ਡੇਢ ਪੌਣੇ ਦੋ ਸਾਲ ਦਾ, ਤਾਂ ਮੇਰੀਆਂ ਹੁੰਮਸ ਤੇ ਵਿਚ ਗਰਮੀ ਨਾਲ ਚੀਕਾਂ ਨਿਕਲੀਆਂ। ਮੈਂ ਰੋਣ ਲੱਗ ਪਿਆ ਤਾਂ ਮੇਰੇ ਬਾਬਾ ਜੀ ਨੇ ਮੇਰੀ ਮਾਂ ਨੂੰ ਕਿਹਾ, "ਕੁੜੀਏ ਇਹਦੇ ਮੂੰਹ ਦੇ ਵਿਚ ਕੱਪੜਾ ਦੇ ਕੇ ਇਹਦੀ 'ਵਾਜ ਬੰਦ ਕਰ। ਇਹਦੀ 'ਵਾਜ ਸੁਣੀ ਗਈ ਕਿ ਸਾਰਾ ਟੱਬਰ ਮਾਰੇ ਜਾਵਾਂਗੇ।... ਦੋ ਵਾਰ ਪਾਕਿਸਤਾਨ ਗਿਆ ਹਾਂ, ਪਰ ਮੈਨੂੰ ਆਪਣੇ ਇਸ ਪਿੰਡ ਦੀ ਇਸ ਧਰਤੀ ਉੱਤੇ ਜਾ ਕੇ ਨਤਮਸਤਕ ਹੋਣ ਦਾ ਮੌਕਾ ਨਸੀਬ ਨਹੀਂ ਹੋਇਆ।..."

ਮੈਂ ਹਮੇਸ਼ਾ ਪਾਕਿਸਤਾਨ ਵਿਚਲੇ ਉਹਨਾਂ ਲੋਕਾਂ ਨਾਲ ਆਪਣੇ ਘਰ ਨੂੰ ਲੱਭਣ ਵਾਸਤੇ ਗੱਲ ਕਰਦਾ ਜਿਹੜੇ ਫੇਸ-ਬੁੱਕ 'ਤੇ ਮੇਰੇ ਜਾਣੂੰ ਬਣੇ ਹਨ ਤੇ ਯੂ-ਟਿਊਬ ਚੈਨਲ ਵੀ ਚਲਾਉਂਦੇ ਹਨ। ਇਹਨਾਂ ਵਿਚ ਅਹਿਮਦ ਰਜ਼ਾ ਪੰਜਾਬੀ, ਅੰਜੁਮ ਗਿੱਲ ਤੇ ਅਮਾਨਤ ਅਲੀ ਮੁਸਾਫ਼ਰ ਦਾ ਨਾਂ ਲਿਆ ਜਾ ਸਕਦਾ ਹੈ। ਮੈਂ ਇਹਨਾਂ ਨੂੰ ਲਿਖ ਕੇ ਆਪਣੇ ਘਰ ਦੀ ਨਿਸ਼ਾਨਦੇਹੀ ਘੱਲੀ ਹੋਈ ਸੀ ਤੇ ਦੱਸਿਆ ਸੀ ਕਿ ਇਹਨਾਂ ਹਵਾਲਿਆਂ ਨਾਲ ਤੁਸੀਂ ਮੇਰੇ ਘਰ ਨੂੰ ਲੱਭ ਸਕਦੇ ਹੋ। ਅਹਿਮਦ ਰਜ਼ਾ ਪੰਜਾਬੀ ਤੇ ਅੰਜੁਮ ਗਿੱਲ ਵੀ ਇਕ ਤੋਂ ਵੱਧ ਵਾਰ ਭਡਾਣੇ ਗਏ। ਉਹ ਵੀ ਪੁੱਛ-ਗਿੱਛ ਕਰਦੇ ਰਹੇ। ਅਮਾਨਤ ਅਲੀ ਮੁਸਾਫ਼ਰ ਦਾ ਪਿਛਲਾ ਪਿੰਡ ਭਡਾਣੇ ਦੇ ਨਾਲ ਭਾਰਤ ਵਿਚ ਰਹਿ ਗਿਆ, ਨੌਸ਼ਹਿਰਾ ਢਾਲਾ ਹੈ। ਉਹਦੀ ਭਡਾਣੇ ਵਿਚ ਰਿਸ਼ਤੇਦਾਰੀ ਵੀ ਹੈ। ਜਿਹੜੀਆਂ ਨਿਸ਼ਾਨੀਆਂ ਮੈਂ ਦੱਸੀਆਂ ਸਨ, ਉਹਨਾਂ ਦੇ ਆਧਾਰ 'ਤੇ ਉਹਨੇ ਦੱਸਿਆ ਕਿ ਇਹ ਘਰ ਗੁਰਦਵਾਰੇ ਦੇ ਸਾਹਮਣੇ ਵਾਲੀ ਗਲੀ ਵਿਚ ਹੈ ਤੇ ਮੈਂ ਵੇਖਿਆ ਹੋਇਆ ਹੈ।...

## ਪੁਰਖ਼ਿਆਂ ਦੇ ਪਿੰਡ ਭਡਾਣੇ ਨਾਲ ਮੇਰੀ ਰਿਸ਼ਤਗੀ ਦਾ ਪਿਛੋਕੜ

ਅਸੀਂ ਪੰਜ ਭੈਣ-ਭਰਾ ਸਾਂ। ਤਿੰਨ ਭੈਣਾਂ ਅਤੇ ਦੋ ਭਰਾ। ਸਾਰੇ ਹੀ ਕਿਰਨ-ਮ-ਕਿਰਨੀ ਕਿਰ ਗਏ ਨੇ। ਮੈਂ ਸਭ ਤੋਂ ਵੱਡਾ ਹਾਂ। ਪਲੇਠੀ ਦਾ ਪੁੱਤ। ਪੰਜਾਬ ਦੀ ਰਵਾਇਤ ਅਨੁਸਾਰ ਕੁੜੀਆਂ

ਆਪਣਾ ਪਹਿਲਾ ਬੱਚਾ ਆਪਣੇ ਪੇਕੇ ਪਿੰਡ ਜੰਮਦੀਆਂ ਸਨ। ਇੰਝ ਮੈਂ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਚਵਿੰਡਾ ਕਲਾਂ, ਆਪਣੇ ਨਾਨਕੀਂ ਪੈਦਾ ਹੋਇਆ। ਮੇਰੇ ਨਾਨੇ ਠਾਕੁਰ ਸਿੰਘ ਹੁਰਾਂ ਦੀ ਭੈਣ ਮੰਗਲ ਕੌਰ (ਮੰਗਲੀ) ਲਾਹੌਰ ਜ਼ਿਲ੍ਹੇ ਦੀ ਕਸੂਰ ਤਹਿਸੀਲ ਦੇ ਵੱਡੇ ਅਤੇ ਨਾਮੀਂ ਪਿੰਡ ਭਡਾਣਾ ਵਿਚ ਹਰੀ ਸਿੰਘ ਨਾਲ ਵਿਆਹੀ ਹੋਈ ਸੀ।ਅਸੀਂ ਦਰਮਿਅਨੇ ਜੱਟਾਂ ਵਿਚੋਂ ਸਾਂ। ਕੋਈ ਸਰਦਾਰੀ ਘਰਾਣਾ ਨਹੀਂ ਸੀ।

ਮੇਰੇ ਦਾਦੇ ਹੁਰੀਂ ਚਾਰ ਭਰਾ ਸਨ। ਜਿਨ੍ਹਾਂ ਦੇ ਨਾਂ ਸਨ: ਹਰੀ ਸਿੰਘ, ਗੰਡਾ ਸਿੰਘ, ਬਿਸ਼ਨ ਸਿੰਘ ਤੇ ਚੰਦਾ ਸਿੰਘ। ਗੰਡਾ ਸਿੰਘ ਫੌਜ ਵਿਚ ਗਿਆ ਸੀ ਤੇ ਦੱਸਦੇ ਸਨ ਕਿ ਉਹ ਫ਼ੌਜ ਵਿਚ ਘੋੜੇ ਦਾ ਰੱਸਾ ਪੈਰ ਨਾਲ ਬੰਨ੍ਹ ਕੇ ਸੁੱਤਾ ਤੇ ਘੋੜਾ ਤ੍ਰਭਕ ਕੇ ਭੱਜ ਉਠਿਆ ਅਤੇ ਉਹ ਘੋੜੇ ਦੇ ਨਾਲ ਬੱਝਾ ਖਿੱਚੀਦਾ ਮਰ ਗਿਆ। ਸਭ ਤੋਂ ਛੋਟਾ ਬਿਸ਼ਨ ਸਿੰਘ ਸਿੱਧੜ ਹੋਣ ਕਰਕੇ ਅਣਵਿਆਹਿਆ ਰਿਹਾ ਅਤੇ ਆਪਣੇ ਵੱਡੇ ਭਰਾਵਾਂ ਦਾ ਮਾਲ-ਡੰਗਰ ਸਾਂਭਦਾ। ਹਰੀ ਸਿੰਘ ਦੇ ਚਾਰ ਪੁੱਤਰ ਸਨ: ਜਿਨ੍ਹਾਂ ਦੇ ਨਾਂ ਸਨ ਸਾਧੂ ਸਿੰਘ, ਮਾਧੂ ਸਿੰਘ, ਅਰਜਨ ਸਿੰਘ ਤੇ ਸੁਰਜਨ ਸਿੰਘ।

ਚੰਦਾ ਸਿੰਘ, ਜਿਸਨੇ ਭਵਿੱਖ ਵਿਚ ਮੇਰਾ ਦਾਦਾ ਬਣਨਾ ਸੀ, ਲਾਹੌਰ ਜ਼ਿਲ੍ਹੇ ਦੇ ਇਕ ਹੋਰ ਵੱਡੇ ਪਿੰਡ ਸੁਰ ਸਿੰਘ ਵਿਚ ਪਾਲਾ ਸਿੰਘ ਦੀ ਧੀ ਧੰਨ ਕੌਰ ਨਾਲ ਵਿਆਹਿਆ ਗਿਆ। ਚੰਦਾ ਸਿੰਘ ਅਤੇ ਧੰਨ ਕੌਰ ਦੇ ਘਰ ਪਲੇਠੀ ਦੀ ਧੀ ਗੁਰਮੇਜ ਕੌਰ ਪੈਦਾ ਹੋਈ। ਉਸ ਤੋਂ ਚਾਰ ਕੁ ਸਾਲ ਪਿੱਛੋਂ ਧੰਨ ਕੌਰ ਨੇ ਮੇਰੇ ਪਿਤਾ ਦੀਦਾਰ ਸਿੰਘ ਨੂੰ ਜਨਮ ਦਿੱਤਾ ਅਤੇ ਉਸਦੇ ਜਨਮ ਸਮੇਂ ਹੀ ਕੋਈ ਕਸਰ ਜਾਂ ਬੀਮਾਰੀ ਹੋ ਜਾਣ ਕਰਕੇ ਉਹ ਛੇ ਕੁ ਮਹੀਨੇ ਬਾਅਦ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਮੇਰਾ ਦਾਦਾ ਚੰਦਾ ਸਿੰਘ ਇਕੱਲਾ ਰਹਿ ਗਿਆ ਇਹਨਾਂ ਮਾਂ-ਮਹਿੱਟਰਾਂ ਨੂੰ ਪਾਲਣ ਵਾਸਤੇ।

ਉਂਝ ਵੀ ਉਹਦੀਆਂ ਰੁਚੀਆਂ ਘਰ ਟਿਕ ਕੇ ਬਹਿਣ ਵਾਲੀਆਂ ਨਹੀਂ ਸਨ। ਉਹ ਮਾਰ-ਖ਼ੋਰਾ ਅਤੇ ਲੜਾਕਾ ਬੰਦਾ ਸੀ। ਪਤਨੀ ਦੀ ਮੌਤ ਹੋ ਜਾਣ ’ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਸਿਰ ਉੱਤੇ ਆਣ ਪਈ ਕਰ ਕੇ ਚੰਦਾ ਸਿੰਘ ਡਾਢਾ ਪਰੇਸ਼ਾਨ ਸੀ। ਪਰ ਇਸ ਪਰੇਸ਼ਾਨੀ ਨੂੰ ਉਸਦੇ ਛੋਟੇ ਸਾਲੇ ਹਕੀਕਤ ਸਿੰਘ ਅਤੇ ਉਸਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਆਪਣੀ ਨਣਾਨ, ਮੇਰੀ ਦਾਦੀ ਧੰਨ ਕੌਰ, ਦੇ ਸਸਕਾਰ ਪਿੱਛੋਂ ਹੀ ਉਸਦਾ ਬੱਚਾ, ਮੇਰਾ ਹੋਣ ਵਾਲਾ ਪਿਤਾ, ਆਪਣੀ ਗੋਦ ਵਿਚ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, “ਵੀਰਾ ਚੰਦਾ ਸਿਆਂ! ਅੱਜ ਤੋਂ ਗੇਜੋ ਅਤੇ ਦੀਦਾਰ ਸਾਡੇ ਹੋਏ...।”

ਹਰਨਾਮ ਕੌਰ ਦਾ ਪਿੰਡ ਪਠਾਣ-ਕੇ ਭਡਾਣੇ ਦੇ ਨੇੜੇ ਹੀ ਸੀ। ਇਹ ਪਿੰਡ ਵੀ ਭਡਾਣੇ ਵਾਂਗ ‘ਸੰਧੂਆਂ ਦਾ ਪਿੰਡ’ ਹੀ ਸੀ। ਗੋਤ ਵੱਲੋਂ ਸੰਧੂ ਹੋਣ ਕਰਕੇ ਉਹ ਚੰਦਾ ਸਿੰਘ ਨੂੰ ਭਰਾ ਹੀ ਸਮਝਦੀ ਤੇ ਆਖਦੀ ਸੀ। ਹਕੀਕਤ ਸਿੰਘ ਅਤੇ ਹਰਨਾਮ ਕੌਰ ਦਾ ਆਪਣਾ ਕੋਈ ਬੱਚਾ ਨਹੀਂ ਸੀ। ਦੋਵੇਂ ਜੀਅ, ਦੋਹਾਂ ਬੱਚਿਆਂ ਗੁਰਮੇਜ ਕੌਰ (ਮੇਰੀ ਭੂਆ) ਅਤੇ ਦੀਦਾਰ ਸਿੰਘ (ਮੇਰੇ ਪਿਤਾ) ਨੂੰ ਸੁਰ ਸਿੰਘ ਆਪਣੇ ਨਾਲ ਲੈ ਆਏ। ਹਰਨਾਮ ਕੌਰ ਨੇ ਮੇਰੇ ਪਿਤਾ ਨੂੰ ਆਪਣਾ ਪੁੱਤਰ ਸਮਝ ਕੇ ਬੜੀ ਰੀਝ ਅਤੇ ਮੁਹੱਬਤ ਨਾਲ ਪਾਲ਼ਿਆ। ਮੋਹ-ਵੱਸ ਉਹਦੇ ਦੁੱਧ ਉੱਤਰ ਆਇਆ ਸੀ ਅਤੇ ਮੇਰਾ ਪਿਤਾ ਉਸਦਾ ਦੁੱਧ ਪੀ ਕੇ ਹੀ ਵੱਡਾ ਹੋਇਆ। ਉਹੋ ਹੀ ਅਸਲ ਵਿਚ ਉਸਦੀ ਮਾਂ ਸੀ। ਸਾਡੇ ਭੈਣ-ਭਰਾਵਾਂ ਦੀ ਵੀ ਅਸਲ ਦਾਦੀ ਉਹੋ ਹੀ ਸੀ।

ਓਧਰ ਮੇਰੇ ਦਾਦੇ ਚੰਦਾ ਸਿੰਘ ਉੱਤੇ ਹੋਰ ਵਖ਼ਤ ਆਣ ਪਿਆ। ਉਸਦੀ ਭੈਣ ਚੰਦੋ ਭਰ ਜਵਾਨ ਉਮਰ ਵਿਚ ਵਿਧਵਾ ਹੋ ਗਈ। ਛੋਟੇ ਛੋਟੇ ਉਸਦੇ ਬਾਲ-ਬੱਚੇ। ਬਾਰ ਦੇ ਇਲਾਕੇ ਵਿਚ ਜਾ ਵੱਸੇ ਭੈਣ ਚੰਦੋ ਦੇ ਪਰਿਵਾਰ ਲਈ ਜੀਊਣਾ ਦੁੱਭਰ ਹੋ ਗਿਆ। ਚੰਦਾ ਸਿੰਘ ਦੀ ਖੜਕੇ-ਦੜਕੇ ਤੇ ਦੁਨੀਆਂ ਦੇ ਰੰਗ-ਤਮਾਸ਼ੇ ਵੇਖਣ ਵਾਲੀ ਜ਼ਿੰਦਗੀ ਗਵਾਚ ਗਈ ਸੀ। ਉਹ ਭੈਣ ਦਾ ਪਰਿਵਾਰ ਪਾਲਣ ਲਈ ਬਾਰ ਵਿਚ ਜਾ ਪਹੁੰਚਿਆ। ਭੂਆ ਗੁਰਮੇਜ ਕੌਰ ਨੂੰ ਉਹ ਆਪਣੇ ਨਾਲ ਲੈ ਗਿਆ। ਪਿਤਾ ਛੋਟਾ ਹੋਣ ਕਰ ਕੇ ਸੁਰ ਸਿੰਘ ਹੀ ਰਿਹਾ। ਮੇਰਾ ਪਿਓ ਸੁਰ ਸਿੰਘ ਦੇ ਮਿਡਲ ਸਕੂਲ ਵਿਚ ਸੱਤ ਜਮਾਤਾਂ ਪੜ੍ਹ ਗਿਆ। ਓਥੇ ਬਾਰ ਵਿਚ ਹੀ ਚੰਦਾ ਸਿੰਘ ਨੇ ਵੀ ਕੁੱਝ ਜ਼ਮੀਨ ਆਪਣੇ ਹੱਥ ਹੇਠ

ਕਰ ਲਈ ਸੀ। ਉਹ ਆਪਣੀ ਤੇ ਭੈਣ ਦੀ ਜ਼ਮੀਨ ਵੀ ਸੰਭਾਲਦਾ। ਭਡਾਣੇ ਵਾਲੀ ਜ਼ਮੀਨ ਉਸਦੇ ਭਤੀਏ ਵਾਹੁੰਦੇ। ਇਕ 'ਭਰਾ' ਹਕੀਕਤ ਸਿੰਘ (ਪਿਤਾ ਦਾ ਮਾਮਾ) ਆਪਣੀ ਮਰ ਚੁੱਕੀ ਭੈਣ ਦੇ ਬੱਚੇ ਪਾਲ ਰਿਹਾ ਸੀ ਤੇ ਇਕ ਭਰਾ ਚੰਦਾ ਸਿੰਘ ਆਪਣੀ ਵਿਧਵਾ ਭੈਣ ਦੇ ਬੱਚੇ ਪਾਲਣ ਦੀ ਜ਼ਿੰਮੇਵਾਰੀ ਨਿਭਾਉਣ ਜਾ ਲੱਗਾ ਸੀ।

ਚੰਦੋ ਦੇ ਬੱਚੇ ਵੱਡੇ ਹੋਏ। ਚੰਦਾ ਸਿੰਘ ਨੇ ਉਹਨਾਂ ਦੇ ਵਿਆਹ ਕੀਤੇ। ਨੂੰਹਾਂ ਘਰ ਆ ਗਈਆਂ। ਭੈਣ ਦਾ ਪਰਿਵਾਰ ਵੱਸਣ ਰੱਸਣ ਲੱਗਾ ਤਾਂ ਚੰਦਾ ਸਿੰਘ ਨੇ ਸੋਚਿਆ ਕਿ ਉਸਦੇ ਆਪਣੇ ਬੱਚਿਆਂ ਦੇ ਵਿਆਹੁਣ ਦੀ ਜ਼ਿੰਮੇਵਾਰੀ ਤਾਂ ਅਜੇ ਉਸਦੇ ਆਪਣੇ ਸਿਰ 'ਤੇ ਹੈ। ਏਥੇ ਰਹਿੰਦਿਆਂ ਹੀ ਉਹਨੇ ਸ਼ੇਖ਼ੂਪੁਰੇ ਜ਼ਿਲ੍ਹੇ ਦੇ ਪਿੰਡ ਕੜਿਆਲ ਦੇ ਸਰਦੇ-ਪੁੱਜਦੇ ਵਿਰਕ-ਪਰਿਵਾਰ ਦੇ ਗੱਭਰੂ ਗੇਜਾ ਸਿੰਘ ਨਾਲ ਭੂਆ ਗੁਰਮੇਜ ਕੌਰ ਦਾ ਵਿਆਹ ਕਰ ਦਿੱਤਾ। ਹੁਣ ਮੇਰੇ ਪਿਤਾ ਦਾ ਵਿਆਹ ਕਰ ਕੇ ਉਹ ਭਡਾਣੇ ਵਾਲਾ ਉੱਜੜ ਗਿਆ ਆਪਣਾ ਘਰ ਆਬਾਦ ਕਰਨਾ ਚਾਹੁੰਦਾ ਸੀ।

ਉਸਨੇ ਸੁਰ ਸਿੰਘ ਜਾ ਕੇ ਹਕੀਕਤ ਸਿੰਘ ਤੇ ਹਰਨਾਮ ਕੌਰ ਤੋਂ ਮੰਗ ਕੀਤੀ ਕਿ ਉਹ ਦੀਦਾਰ ਸਿੰਘ ਨੂੰ ਆਪਣੇ ਨਾਲ ਲਿਜਾਣਾ ਤੇ ਆਪਣੇ ਹੱਥੀਂ ਉਹਦਾ ਵਿਆਹ ਕਰਨਾ ਚਾਹੁੰਦਾ ਹੈ। ਹਕੀਕਤ ਸਿੰਘ ਤੇ ਹਰਨਾਮ ਕੌਰ ਨੇ ਕਿਹਾ ਕਿ ਜੇ ਉਹਨਾਂ ਨੇ ਦੀਦਾਰ ਸਿੰਘ ਨੂੰ ਆਪਣਾ ਪੁੱਤ ਬਣਾ ਕੇ ਪਾਲ਼ਿਆ ਪੜ੍ਹਾਇਆ ਹੈ, ਤਾਂ ਉਹਦਾ ਵਿਆਹ ਵੀ ਉਹ ਆਪ ਹੀ ਕਰਨਗੇ। ਪਰ ਚੰਦਾ ਸਿੰਘ ਦੀ ਇੱਛਾ ਸੀ ਕਿ ਉਹ ਆਪਣਾ ਮੁੰਡਾ ਆਪ ਵਿਆਹੇਗਾ, ਘਰ ਵਿਚ ਨੂੰਹ ਆਏਗੀ, ਬੱਚੇ ਹੋਣਗੇ। ਉਹਦਾ ਉੱਜੜਿਆ ਘਰ ਵੱਸ ਜਾਊ। ਪਰ ਏਧਰ ਜਿਨ੍ਹਾਂ ਨੇ ਉਹਨੂੰ ਕਲੇਜੇ ਦਾ ਟੁਕੜਾ ਬਣਾ ਕੇ ਪਾਲ਼ਿਆ ਅਤੇ ਵੱਡਾ ਕੀਤਾ ਸੀ, ਉਹ ਉਹਨਾਂ ਦਾ ਆਪਣੇ ਕਲੇਜੇ ਨਾਲੋਂ ਟੁੱਟਣਾ ਕਿਵੇਂ ਬਰਦਾਸ਼ਤ ਕਰ ਸਕਦੇ ਸਨ!

"ਤੂੰ ਵੀ ਏਥੇ ਹੀ ਸਾਡੇ ਕੋਲ਼ ਆ ਰਹੁ..." ਹਕੀਕਤ ਸਿੰਘ ਨੇ ਸੋਚਿਆ ਇੰਝ ਦੋਹਾਂ ਧਿਰਾਂ ਦੀ ਪੁੱਤ ਵਿਆਹੁਣ ਅਤੇ ਘਰ ਵੱਸਦਾ ਵੇਖਣ ਦੀ ਰੀਝ ਪੂਰੀ ਹੋ ਜਾਊ।

ਪਰ ਚੰਦਾ ਸਿੰਘ ਦੀ 'ਟੈਂਅ' ਨੂੰ ਇਹ ਗੱਲ ਕਿਵੇਂ ਪੁੱਗ ਸਕਦੀ ਸੀ!

"ਤੂੰ ਚਾਹੁੰਦੈਂ ਠੇਠਰ ਬੰਦਿਆਂ ਵਾਂਗੂੰ ਮੈਂ ਸਹੁਰੇ ਘਰ ਆ ਕੇ ਬਹਿ ਜਾਂ...ਕੁੱਤੇ ਵਾਂਗ..."

ਆਖ਼ਰ ਹਰਨਾਮ ਕੌਰ ਨੇ ਹੀ ਨਿਬੇੜਾ ਕੀਤਾ, "ਦੀਦਾਰ ਦੇ ਮਾਮਾ! ਇਹ ਪਹਿਲਾਂ ਭਾਊ ਚੰਦਾ ਸੁੰਹ ਦਾ ਪੁੱਤ ਈ ਏ...ਜਿਵੇਂ ਉਹਨੂੰ ਚੰਗਾ ਲੱਗਦੈ...ਕਰਨ ਦੇਹ...ਆਪਾਂ ਤਾਂ ਪਰਾਈ ਅਮਾਨਤ ਸਾਂਭਣ ਜੋਗੇ ਸਾਂ। ਆਪਣਾ ਕਾਹਦਾ ਮਾਣ!" ਹਉਕਾ ਲੈ ਕੇ ਉਸਨੇ ਦਿਲ 'ਤੇ ਪੱਥਰ ਰੱਖ ਲਿਆ।

ਬਾਪੂ ਚੰਦਾ ਸਿੰਘ ਮੇਰੇ ਪਿਓ ਨੂੰ ਨਾਲ ਲੈ ਕੇ ਬਾਰ ਦੇ 24 ਚੱਕ ਵਿਚ ਚਲਾ ਗਿਆ। ਪਹਿਲਾਂ ਭੂਆ ਦਾ ਵਿਆਹ ਹੋਇਆ। ਚੰਦਾ ਸਿੰਘ ਦੇ ਵੱਡੇ ਭਰਾ ਹਰੀ ਸਿੰਘ ਦੇ ਘਰੋਂ, ਮੰਗਲ ਕੌਰ ਆਪਣੇ ਪੇਕੇ ਪਿੰਡ ਚਵਿੰਡੇ ਤੋਂ ਆਪਣੀ ਭਤੀਜੀ ਜਿੰਦੋ (ਜੋਗਿੰਦਰ ਕੌਰ), ਮੇਰੀ ਮਾਂ (ਠਾਕਰ ਸਿੰਘ ਦੀ ਧੀ) ਦਾ ਸਾਕ ਆਪਣੇ ਦਿਓਰ (ਚੰਦਾ ਸਿੰਘ) ਦੇ ਮੁੰਡੇ, ਮੇਰੇ ਪਿਤਾ, ਦੀਦਾਰ ਸਿੰਘ ਲਈ ਲੈ ਆਈ। ਮੇਰਾ ਪਿਤਾ ਵਿਆਹਿਆ ਗਿਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੇ ਮੇਰੀ ਭੂਆ ਗੁਰਮੇਜ ਕੌਰ ਤੇ ਮੇਰੇ ਪਿਤਾ ਦੀਦਾਰ ਸਿੰਘ ਦੇ ਵਿਆਹਾਂ ਉੱਤੇ ਉਹਨਾਂ ਨੂੰ ਆਪਣੇ ਬੱਚੇ ਸਮਝ ਕੇ ਹੀ ਖ਼ਰਚ ਕੀਤਾ।

**ਬੀਬੀ ਦੇ ਚੇਤਿਆਂ ਵਿਚੋਂ ਦਿਸਦਾ ਭਡਾਣਾ**

ਮੇਰੀ ਉਮਰ ਅਜੇ ਡੇਢ ਪੌਣੇ ਦੋ ਸਾਲ ਦੀ ਹੀ ਸੀ ਕਿ ਪਾਕਿਸਤਾਨ ਬਣ ਗਿਆ। ਐਨ ਆਖ਼ਰੀ ਦਿਨ ਤਕ, ਜਦੋਂ ਇਹ ਖ਼ਬਰ ਮਿਲੀ ਕਿ ਧਾੜਵੀ ਪਿੰਡ ਨੂੰ ਲੁੱਟਣ ਅਤੇ ਸਾੜਨ ਆ ਰਹੇ ਹਨ, ਸਾਰੇ ਹਿੰਦੂ-ਸਿੱਖ ਪਿੰਡ ਵਿਚ ਹੀ ਟਿਕੇ ਹੋਏ ਸਨ। ਭਡਾਣਾ ਪਾਕਿਸਤਾਨ ਵਿਚ ਆ ਗਿਆ ਸੀ। ਹੁਣ ਅਚਨਚੇਤ ਹਨੇਰਾ ਉੱਤਰਦਿਆਂ ਹੀ ਵੱਸਦੇ-ਰੱਸਦੇ ਘਰ ਛੱਡ ਕੇ ਸਭ ਨੂੰ ਤੁਰਨਾ ਪੈ ਗਿਆ।

ਬੀਬੀ ਦੇ ਦੱਸਣ ਮੁਤਾਬਕ ਉਹਦਾ ਤੇ ਮੇਰੇ ਪਿਤਾ ਦਾ ਵਿਆਹ 1944 ਵਿਚ ਮੱਘਰ (ਦਸੰਬਰ) ਦੇ ਮਹੀਨੇ ਵਿੱਚ ਹੋਇਆ। ਭਡਾਣੇ ਤੋਂ ਜੰਞ ਘੋੜੀਆਂ 'ਤੇ ਗਈ ਸੀ ਤੇ ਬੀਬੀ ਨੂੰ ਡੋਲੇ 'ਚ ਬਿਠਾ ਕੇ ਕਹਾਰ ਆਪਣੇ ਮੋਢਿਆਂ 'ਤੇ ਚੁੱਕ ਕੇ ਚਵਿੰਡੇ ਤੋਂ ਭਡਾਣੇ ਆਏ ਸਨ। ਇਸਤੋਂ ਪੂਰੇ

ਇਕ ਸਾਲ ਬਾਅਦ ਮੇਰਾ ਜਨਮ 20 ਮੱਘਰ (5 ਦਸੰਬਰ 1945) ਦਿਨ ਬੁੱਧਵਾਰ ਨੂੰ ਹੋਇਆ।

ਬੀਬੀ ਦੱਸਦੀ, "ਤੇਰੇ ਜੰਮਣ 'ਤੇ ਕੁੱਝ ਚਿਰ ਤਾਂ ਮੈਂ ਚਵਿੰਡੇ, ਤੇਰੇ ਨਾਨਕੇ, ਰਹੀ। ਫੇਰ ਕੁੱਝ ਚਿਰ ਮੈਂ ਤੇ ਤੇਰਾ ਚਾਚਾ (ਮੇਰੇ ਪਿਤਾ ਦੇ ਸਾਥੋਂ ਉਮਰੋਂ ਵੱਡੇ ਭਤੀਏ ਉਸਨੂੰ ਚਾਚਾ ਆਖਦੇ ਸਨ। ਉਹਨਾਂ ਦੀ ਰੀਸੇ ਅਸੀਂ ਵੀ ਉਸਨੂੰ ਚਾਚਾ ਆਖਦੇ) ਸੁਰ ਸਿੰਘ ਰਹੇ। ਭਡਾਣੇ ਬਾਪੂ ਜੀ ਨਵਾਂ ਮਕਾਨ ਬਣਵਾ ਰਹੇ ਸਨ। ਸਾਂਝੇ ਟੱਬਰ 'ਚੋਂ ਹਿੱਸੇ ਆਉਂਦਾ ਪਹਿਲਾ ਮਕਾਨ ਤਾਂ ਏਨੇ ਸਾਲਾਂ ਪਿੱਛੋਂ ਰਹਿਣ ਜੋਗਾ ਨਹੀਂ ਸੀ ਰਿਹਾ। ਦੋ ਨਵੇਂ ਪੱਕੇ ਕੋਠੇ, ਅੱਗੇ ਸੁਫ਼ਾ ਤੇ ਰਸੋਈ ਬਣਵਾਈ। ਡੰਗਰਾਂ ਲਈ ਵੱਖਰਾ ਕੱਚਾ ਕੋਠਾ ਤੇ ਪੱਕਾ ਬਰਾਂਡਾ ਬਣਵਾਇਆ। ਬਰਾਂਡੇ ਵਿਚ ਟੋਕਾ ਲਵਾਇਆ। ਉਦੋਂ ਮਸ਼ੀਨੀ ਟੋਕਾ ਕਿਸੇ ਕਿਸੇ ਦੇ ਘਰ ਹੁੰਦਾ ਸੀ। ਬਾਰ ਵਾਲੀ ਜ਼ਮੀਨ ਵਿਚ ਕਣਕ ਬੀਜ ਕੇ ਅਸੀਂ ਫੱਗਣ ਵਿਚ ਭਡਾਣੇ ਆ ਗਏ। ਬਾਪੂ ਜੀ ਬੜੇ ਖ਼ੁਸ਼ ਕਿ ਵਰ੍ਹਿਆਂ ਬਾਅਦ ਉਹਨਾਂ ਦਾ ਘਰ ਵੱਸਿਆ ਸੀ! ਅਜੇ ਪੰਜ ਛੇ ਮਹੀਨੇ ਹੀ ਰਹੇ ਹੋਵਾਂਗੇ ਕਿ ਭਾਦਰੋਂ ਵਿਚ ਪਾਕਿਸਤਾਨ ਬਣ ਗਿਆ। ਰਾਤ ਗੋਲੀ ਚੱਲੀ। ਅਸੀਂ ਤਾਂ ਨਿਕਲ ਗਏ ਪਰ ਜਿਹੜੇ ਨਹੀਂ ਨਿਕਲੇ ਉਹ ਕੁੱਤੇ ਮਾਰ ਸਰਦਾਰਾਂ ਦੇ ਘਰ 'ਕੱਠੇ ਹੋਏ। ਏਹਨਾਂ ਵਿਚੋਂ ਸੱਠ ਸੱਤਰ ਮਰਦ-ਔਰਤਾਂ ਮਾਰੇ ਗਏ। ਸ਼ਰੀਕੇ ਵਿਚੋਂ ਵਸਾਵਾ ਸਿੰਘ ਦੀ ਮਾਂ, ਭੈਣ, ਭੂਆ, ਘਰ ਵਾਲੀ ਘਰੇ ਹੀ ਰਹਿ ਗਈਆਂ ਤੇ ਬਚ ਬਚਾ ਕੇ ਲੁਹਾਰਾਂ ਦੇ ਘਰ ਚਲੇ ਗਈਆਂ। ਉਹਨਾਂ ਨੇ ਅੱਠ ਦਿਨ ਆਪਣੇ ਘਰੇ ਰੱਖੀਆਂ। ਅੱਠਾਂ ਦਿਨਾਂ ਬਾਅਦ ਉਹਨਾਂ ਨੂੰ ਬਚਾ ਕੇ ਨੌਸ਼ਹਿਰੇ ਦੀ ਢਾਬ ਕੋਲੋਂ ਏਧਰ ਲੰਘਾਇਆ। ਜਲਾਲ ਬਰਵਾਲਾ ਸਾਡੇ ਟੱਬਰ ਦਾ ਖ਼ੈਰ ਖ਼ਵਾਹ ਸੀ। ਗਲ਼ੀ ਦੇ ਦੂਜੇ ਪਾਸੇ ਵੱਸਣ ਵਾਲੀਆਂ ਜੁਲਾਹੀ ਬਖ਼ਤਾਵਰੀ ਤੇ ਬੂਟਾ ਘੁਮਿਆਰ ਤੇ ਉਹਦੀ ਘਰਵਾਲੀ ਸਾਡੇ ਘਰ ਦਾ ਕੰਮ-ਕਾਰ ਕਰਾਉਣ ਆਉਂਦੇ ਸਨ।...

..."ਗੁਰੂ ਕੀ ਵਡਾਲੀ ਤੋਂ ਉੱਜੜ ਕੇ ਮੁਸਲਮਾਨ ਸਾਡੇ ਗੁਆਂਢ ਆ ਵੱਸੇ ਸਨ। ਬਾਪੂ ਜੀ ਆਪਣੇ ਦਲੇਰ ਸੁਭਾਅ ਕਰਕੇ ਉਹਨਾਂ ਨੂੰ ਕਹਿੰਦੇ, "ਤੁਸੀਂ ਮੈਨੂੰ ਦੱਸੋ, ਮੈਂ ਗੁਰੂ ਕੀ ਵਡਾਲੀ ਤੋਂ ਜਾ ਕੇ ਤੁਹਾਡਾ ਸਮਾਨ ਲਿਆਉਂਦਾ ਹਾਂ!", ਪਰ ਰਾਤ ਨੂੰ ਆਪਣਾ ਸਭ ਕੁੱਝ ਛੱਡ-ਛੁਡਾ ਕੇ ਘਰੋਂ ਨਿਕਲਣਾ ਪੈ ਗਿਆ! ਉਂਝ ਪਿੰਡ ਵਿਚ ਅਮਨ-ਕਮੇਟੀ ਵੀ ਬਣੀ ਹੋਈ ਸੀ। ਰੇਡੀਓ ਸੁਣਨ ਵਾਲੇ ਕੁੱਝ ਲੋਕ ਆਖਦੇ ਤਾਂ ਸਨ ਕਿ ਭਡਾਣਾ ਪਾਕਿਸਤਾਨ ਵਿਚ ਆ ਗਿਐ। ਪਰ ਵੱਸਦੇ ਘਰ ਛੱਡਣ ਨੂੰ ਕਿਸੇ ਦਾ ਦਿਲ ਨਹੀਂ ਸੀ ਕਰਦਾ। ਭਡਾਣੇ ਦੇ ਪਾਕਿਸਤਾਨ ਵਿਚ ਆ ਜਾਣ ਦੀ ਖ਼ਬਰ ਸੁਣ ਕੇ ਅਜੇ ਸਵੇਰੇ ਈ ਸੁਰ ਸਿੰਘ ਵਾਲੇ ਬਾਪੂ ਜੀ (ਹਕੀਕਤ ਸਿੰਘ-ਪਿਤਾ ਦਾ ਮਾਮਾ) ਸਾਨੂੰ ਲੈਣ ਗਏ ਤਾਂ ਤੇਰਾ ਬਾਬਾ ਉਹਨੂੰ ਨੂੰ ਝਿੜਕ ਕੇ ਪਿਆ, "ਪੰਝੀਆਂ ਵਰ੍ਹਿਆਂ ਬਾਅਦ ਮੇਰਾ ਘਰ ਵੱਸਿਆ। ਤੂੰ ਫੇਰ ਉਜਾੜਨ ਆਇਐਂ।" ਪਰ ਤਕਾਲੀਂ ਰੌਲ਼ਾ ਪੈ ਗਿਆ ਕਿ ਲੀਗ ਵਾਲੇ ਹੱਲਾ ਕਰਨ ਆ ਪਏ ਨੇ। ਲੋਕ ਪਿੰਡੋਂ ਨਿਕਲ ਤੁਰੇ। ਮਿਲਟਰੀ ਨੇ ਵਾਪਸ ਭੇਜ ਦਿੱਤੇ। ਸੱਤ-ਅੱਠ ਵਜੇ ਫਿਰ ਰੌਲ਼ਾ ਪੈ ਗਿਆ। ਰਾਤ ਦੇ ਹਨੇਰੇ ਵਿਚ ਭੱਜ ਨਿਕਲੇ। ਭਡਾਣੇ ਦੀ ਜ਼ਮੀਨ ਦੀ ਹੱਦ ਹੀ ਪਾਕਿਸਤਾਨ ਦੀ ਹੱਦ ਸੀ। ਪਰ ਨੇਰ੍ਹੀ ਰਾਤ ਵਿਚ ਰਾਹ ਨਾ ਲੱਭੇ। ਓਧਰੋਂ ਮੀਂਹ ਪੈਣ ਲੱਗਾ। ਖ਼ਾਲ਼ੇ-ਖ਼ਾਲ਼ ਲੰਮੇ ਪੈ ਕੇ ਸੂਏ ਵੱਲ ਗਏ ਤਾਂ ਓਥੇ ਮਿਲਟਰੀ ਦਾ ਨਾਕਾ ਲੱਗਾ ਹੋਇਆ। ਮਿਲਟਰੀ ਤੋਂ ਵੀ ਡਰੀਏ ਕਿ ਕਿਤੇ ਗੋਲੀ ਨਾ ਚਲਾ ਦੇਣ! ਫੇਰ ਪਿੱਛੇ ਮੁੜੇ। ਰਾਤੋ ਰਾਤ ਕਮਾਦਾਂ 'ਚ ਲੁਕਦੇ, ਜਾਨ ਬਚਾਉਂਦੇ, ਵੌੜਾਂ ਲੈਂਦੇ ਮਸਾਂ ਦਿਨ ਚੜ੍ਹਨ ਤਕ 'ਸੌ ਕੋਹਾਂ' ਵਰਗਾ ਚਾਰ ਪੰਜ ਮੀਲ ਦਾ ਪੈਂਡਾ ਤੈਅ ਕਰ ਕੇ ਸੁਰ ਸਿੰਘ ਪਹੁੰਚੇ।"

"ਕਮਾਦ ਵਿਚ ਲੁਕੇ ਤਾਂ ਗਰਮੀ ਤੇ ਹੁੰਮਸ ਨਾਲ ਤੂੰ ਰੋਣ ਲੱਗਾ। ਬਾਪੂ ਜੀ ਆਖਣ, 'ਕੁੜੀਏ, ਇਹਦੇ ਮੂੰਹ 'ਚ ਲੀੜਾ ਤੁੰਨ। ਸਾਰੇ ਟੱਬਰ ਨੂੰ ਮਰਵਾਊਗਾ!' ਸੁਰ ਸਿੰਘ ਆ ਕੇ ਰੋਟੀ-ਪਾਣੀ ਖਾਧਾ ਤੇ ਬਾਪੂ ਜੀ ਆਖਣ ਲੱਗੇ, "ਮੈਂ ਭਡਾਣੇ ਨੂੰ ਚੱਲਿਆਂ। ਜਾ ਕੇ ਖ਼ਬਰਸਾਰ ਪਤਾ ਕਰਦਾਂ, ਨਾਲੇ ਮਾਲ ਡੰਗਰ ਭੁੱਖਾ ਮਰਦਾ ਹੋਊ, ਉਹਨੂੰ ਪੱਠਾ-ਦੱਥਾ ਪਾ ਆਊਂ।" ਸਾਡੇ ਕੋਲ਼ ਉਸ ਵੇਲ਼ੇ ਚਾਰ ਮੱਝਾਂ, ਦੋ ਝੋਟੀਆਂ, ਦੋ ਬਲ਼ਦ, ਲਬੋਚੜ ਗਾਂ, ਆਉਣ ਜਾਣ ਲਈ ਘੋੜੀ ਤੇ ਪੱਠਾ-ਦੱਥਾ ਢੋਣ ਤੇ ਖੂਹ ਵਾਹੁਣ ਲਈ ਪਹਾੜ ਜਿੱਡਾ ਊਠ ਸੀ। ਘਰ ਜਾ ਕੇ ਬਾਪੂ ਜੀ ਨੇ ਊਠ ਖੋਲ੍ਹਿਆ ਤੇ

ਪੱਠਿਆ ਨੂੰ ਤੁਰ ਪਿਆ। ਪਿੰਡ ਦੇ ਮੁਸਲਮਾਨ ਹੈਰਾਨ ਹੋਏ ਉਸ ਵੱਲ ਵੇਖਣ। ਉਸਨੂੰ ਪੈਲ਼ੀ 'ਚੋਂ ਪੱਠੇ ਵੱਢਦਿਆਂ ਵੇਖ ਜਲਾਲ ਬਰਵਾਲਾ ਭੱਜਾ ਆਇਆ ਤੇ ਆਖਣ ਲੱਗਾ, "ਸਰਦਾਰਾ! ਮੇਰੀ ਮੰਨਦੈਂ ਤਾਂ, ਤੈਨੂੰ ਅੱਲਾ ਦਾ ਵਾਸਤਾ ਈ, ਛੇਤੀ ਭੱਜ ਜਾ। ਰਾਤੀਂ ਤਾਂ ਪਿੰਡ ਵਾਲਿਆਂ ਨੇ ਬਾਹਰੋਂ ਆਏ ਬੰਦੇ ਹੱਥ ਬੰਨ੍ਹ ਕੇ ਮੋੜ ਦਿੱਤੇ ਸਨ। ਮਿਲਟਰੀ ਵਾਲਿਆਂ ਵੀ ਸਾਥ ਦਿੱਤਾ ਸੀ। ਹੁਣ ਵੀ ਪਿੰਡ ਵਾਲਿਆਂ ਦਾ ਤਾਂ ਕੋਈ ਨਹੀਂ, ਪਰ ਬਾਹਰੋਂ ਆਏ ਮੁਸਲਮਾਨ ਬੜੇ ਆਫ਼ਰੇ ਫਿਰਦੇ ਨੇ। ਉਹਨਾਂ ਤਾਂ ਘਰ ਲੁੱਟਣੇ ਵੀ ਸ਼ੁਰੂ ਕਰ ਦਿੱਤੇ ਨੇ। ਜਿਨ੍ਹਾਂ ਡੰਗਰਾਂ ਲਈ ਪੱਠੇ ਵੱਢਣ ਡਿਹੈਂ ਉਹਨਾਂ ਵਿਚੋਂ ਤਾਂ ਹੁਣ ਕੋਈ ਵੀ ਕਿੱਲੇ 'ਤੇ ਬੱਝਾ ਨਹੀਂ ਰਹਿ ਗਿਆ!" ਬਾਪੂ ਜੀ ਹੱਥ ਝਾੜ ਕੇ ਤੁਰ ਪਏ। ਆਉਣ ਲੱਗਿਆਂ ਊਠ ਨੂੰ ਪੈਲੀਆਂ ਵਿੱਚ ਖੁੱਲ੍ਹਾ ਛੱਡ ਆਏ। ਉਹਨਾਂ ਨੂੰ ਪਤਾ ਸੀ ਕਿ ਘਰ ਦੇ ਕਿਸੇ ਜੀਅ ਤੋਂ ਬਿਨਾਂ ਕੋਈ ਹੋਰ ਜਣਾ ਉਸਨੂੰ ਫੜਨ ਦੀ ਹਿੰਮਤ ਨਹੀਂ ਕਰ ਸਕਦਾ। ਬੜਾ ਵਾਢੂ ਊਠ ਸੀ ਉਹ। ਹੋਇਆ ਵੀ ਇੰਝ ਹੀ। ਆਂਹਦੇ ਨੇ ਮਹੀਨਾ ਭਰ ਉਸਨੇ ਕਿਸੇ ਨੂੰ ਆਪਣੇ ਨੇੜੇ ਨਾ ਢੁੱਕਣ ਦਿੱਤਾ।"

ਉੱਜੜਨ ਦੀ ਵਾਰਤਾ ਸੁਣਾਉਂਦੀ ਹੋਈ ਬੀਬੀ ਆਪਣੇ ਦਾਜ ਅਤੇ ਗਹਿਣਿਆਂ ਦੀ ਗਿਣਤੀ ਕਰਨ ਲੱਗਦੀ, ਜਿੰਨ੍ਹਾਂ ਨੂੰ ਭੋਗਣਾ ਤੇ ਪਹਿਨਣਾ ਉਸਦੀ ਕਿਸਮਤ ਵਿਚ ਨਹੀਂ ਸੀ ਲਿਖਿਆ।

**ਭਡਾਣੇ ਵਿਚ ਵੱਸਣ ਤੇ ਉੱਜੜਣ ਦੀ ਦਾਸਤਾਂ**

ਬੀਬੀ ਦੇ ਇਸ ਬਿਰਤਾਂਤ ਵਿਚੋਂ ਇਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਬਾਪੂ ਚੰਦਾ ਸਿੰਘ ਨੇ ਜਦੋਂ ਪੱਕਾ ਘਰ ਬਣਾ ਲਿਆ ਤਾਂ ਹੀ ਅਸੀਂ ਪੱਕੇ ਤੌਰ 'ਤੇ ਭਡਾਣੇ ਆ ਵੱਸੇ। 1947 ਦੇ ਫੱਗਣ ਮਹੀਨੇ ਵਿਚ ਬਾਰ ਵਾਲੀ ਜ਼ਮੀਨ ਵਿਚ ਕਣਕ ਬੀਜ ਕੇ ਭਡਾਣੇ ਆਏ ਤੇ ਛੇ ਮਹੀਨੇ ਬਾਅਦ, ਭਾਦੋਂ ਵਿਚ, ਸਦਾ ਲਈ ਭਡਾਣਾ ਛੱਡਣਾ ਪੈ ਗਿਆ।

ਸਾਲ ਛੇ ਮਹੀਨੇ ਨਵਾਂ ਮਕਾਨ ਬਣਦਿਆਂ ਲੱਗ ਗਏ ਹੋਣਗੇ ਤੇ ਛੇ ਮਹੀਨੇ ਦੀ ਭਡਾਣੇ ਦੀ ਠਹਿਰ। ਕੁੱਲ ਡੇਢ ਕੁ ਸਾਲ ਪਹਿਲਾਂ ਹੀ ਇਹ ਮਕਾਨ ਬਣਿਆਂ ਹੋਵੇਗਾ। ਲੱਗਦਾ ਹੈ ਕਿ ਮੇਰੇ ਜੰਮਣ ਤੋਂ ਬਾਅਦ ਹੀ ਬਾਪੂ ਚੰਦਾ ਸਿੰਘ ਨੇ 'ਵੇਲ ਵਧੀ' ਜਾਣ ਕੇ ਰਹਿਣ-ਵੱਸਣ ਲਈ ਨਵਾਂ ਮਕਾਨ ਬਣਾਇਆ ਹੋਵੇਗਾ। ਲੱਗਦਾ ਹੈ ਸਾਡਾ ਮਕਾਨ ਤੇ ਮੈਂ ਉਮਰੋਂ ਹਾਣੀ ਹੀ ਹੋਵਾਂਗੇ।

ਹੁਣ ਤਾਂ ਪੁਲ਼ਾਂ ਹੇਠੋਂ ਬਹੁਤ ਪਾਣੀ ਲੰਘ ਚੁੱਕਾ ਹੈ। ਭਡਾਣੇ ਤੋਂ ਬਾਅਦ ਅਸੀਂ ਬਾਪੂ ਹਕੀਕਤ ਸਿੰਘ ਤੇ ਮਾਂ ਹਰਨਾਮ ਕੌਰ ਹੁਰਾਂ ਕੋਲ਼ ਸੁਰ ਸਿੰਘ ਹੀ ਆਣ ਟਿਕੇ। ਉਸਤੋਂ ਬਾਅਦ ਕੱਚੀ ਅਲਾਟਮੈਂਟ ਮੁਕੇਰੀਆਂ ਨੇੜੇ ਤੰਗਰਾਲੀਆਂ ਪਿੰਡ ਵਿਚ ਹੋਈ ਤਾਂ ਓਥੇ ਜਾ ਵੱਸੇ। ਸਾਡੇ ਸਾਰੇ ਸ਼ਰੀਕੇ ਬਰਾਦਰੀ ਨੂੰ ਜ਼ਮੀਨ ਦੀ ਕੱਚੀ ਅਲਾਟਮੈਂਟ ਤੰਗਰਾਲੀਆਂ ਪਿੰਡ ਵਿਚ ਹੀ ਹੋਈ। ਸਾਰਾ ਪਿੰਡ ਲਗਪਗ ਕੱਚਾ ਸੀ। ਪਿੰਡ ਵੜਦਿਆਂ ਪਹਿਲੀ ਗ਼ਲੀ ਦੇ ਅਖ਼ੀਰ 'ਤੇ ਸੱਜੇ ਹੱਥ ਪੈਂਦੇ ਮੁਸਲਮਾਨਾਂ ਦੇ ਛੱਡੇ ਅਹਾਤੇ ਦੇ ਕਿੰਨੇ ਸਾਰੇ ਕੱਚੇ ਕੋਠਿਆਂ ਵਿਚ ਸਾਡੀ ਬਰਾਦਰੀ ਦੇ ਸੱਤ-ਅੱਠ ਟੱਬਰਾਂ ਦਾ ਵਾਸਾ ਸੀ। ਬਾਅਦ ਵਿਚ ਤੰਗਰਾਲੀਆਂ ਤੋਂ ਵਾਪਸ ਸੁਰ ਸਿੰਘ ਆਣ ਵੱਸੇ। ਸੁਰ ਸਿੰਘ ਤੋਂ ਜਲੰਧਰ। ਜਲੰਧਰ ਤੋਂ ਕਨੇਡਾ। ਇਕ ਤੋਂ ਬਾਅਦ ਇਕ ਕਈ ਘਰ ਛੱਡੇ। ਕਿਹੜੇ ਕਿਹੜੇ ਘਰ ਨੂੰ ਬੰਦਾ ਯਾਦ ਕਰੇ! ਬੰਦੇ ਦਾ ਕੋਈ ਪੱਕਾ ਘਰ ਹੁੰਦਾ ਵੀ ਹੈ?

ਕੁਝ ਵੀ ਹੋਵੇ, ਹਰ ਘਰ ਨਾਲ ਤੁਹਾਡੀਆਂ ਆਂਦਰਾਂ ਦਾ ਇਕ ਟੋਟਾ ਜੁੜਿਆ ਹੁੰਦਾ ਹੈ। ਖਾਸ ਤੌਰ 'ਤੇ ਜਿੱਥੇ ਤੁਸੀਂ ਤੇ ਤੁਹਾਡੇ ਵਡੇਰੇ ਜੰਮੇ ਜਾਏ, ਜਿੱਥੇ ਤੁਸੀਂ ਪਲ਼ੇ, ਪੜ੍ਹੇ ਤੇ ਪ੍ਰਵਾਨ ਚੜ੍ਹੇ। ਮੇਰੇ ਲਈ ਤਾਂ ਮੇਰਾ ਅਸਲੀ ਪਿੰਡ ਸੁਰ ਸਿੰਘ ਹੀ ਰਿਹਾ ਹੈ, ਜਿੱਥੇ ਮੇਰਾ ਪਿਤਾ ਜੰਮਿਆਂ, ਪਲ਼ਿਆ ਤੇ ਵੱਡਾ ਹੋਇਆ ਤੇ ਧਰਤੀ ਵਿਚ ਸਮਾ ਗਿਆ। ਜਿੱਥੇ ਮੈਂ ਬਚਪਨ, ਜਵਾਨੀ ਤੇ ਜ਼ਿੰਦਗੀ ਦੇ ਸੁਪਨੀਲੇ ਸਾਲ ਗੁਜ਼ਾਰੇ! ਪਰ ਭਡਾਣਾ ਛੱਡਣ ਦਾ ਦਰਦ ਮੇਰੇ ਮਾਪਿਆਂ ਅੰਦਰ ਸਿੰਮਦਾ ਰਿਹਾ। ਉਹਦੀ ਸਿੱਲ੍ਹ ਮੇਰੇ ਅੰਦਰ ਵੀ ਸਰਕਦੀ ਰਹੀ, ਸਿਸਕਦੀ ਰਹੀ। ਅਸਲ ਵਿਚ ਵੰਡ ਦਾ ਜ਼ਖ਼ਮ ਹੈ ਹੀ ਏਨਾ ਵੱਡਾ ਕਿ ਇਸ ਦਾ ਸ਼ਿਕਾਰ ਹੋਏ ਲੋਕਾਂ ਅੰਦਰ ਆਪਣੀਆਂ ਧਰਤੀਆਂ ਤੋਂ ਵਿੱਛੜ ਜਾਣ ਦਾ ਦਰਦ ਡੂੰਘਾ ਨਾਸੂਰ ਬਣ ਕੇ ਵਗਦਾ ਰਿਹਾ। ਮੈਂ ਆਪਣੇ ਭਡਾਣੇ ਦੀਆਂ ਕਹਾਣੀਆਂ ਸੁਣਦਾ ਉੱਥੋਂ ਦੀਆਂ ਗਲੀਆਂ ਵਿਚ

ਫਿਰਦਾ ਰਹਿੰਦਾ। ਬਹੁਤੀਆਂ ਗੱਲਾਂ ਮੈਂ ਬੀਬੀ ਤੇ ਬਾਪੂ ਚੰਦਾ ਸਿੰਘ ਤੋਂ ਸੁਣੀਆਂ।

ਮੇਰਾ ਜੀਅ ਕਰਦਾ ਕਿ ਮੈਂ ਭਡਾਣੇ ਜਾਵਾਂ, ਉਹਦੀਆਂ ਗਲ਼ੀਆਂ ਬਾਜ਼ਾਰਾਂ ਵਿਚ ਘੁੰਮਾਂ। ਪਰ ਅਜਿਹਾ ਹੋ ਨਾ ਸਕਿਆ। ਭਡਾਣੇ ਨੂੰ ਵੇਖਣ ਦੀ ਮੇਰੀ ਹਸਰਤ ਮੇਰੇ ਪੁੱਤਰ ਸੁਪਨਦੀਪ ਸੰਧੂ ਨੇ ਪੂਰੀ ਕੀਤੀ ਤੇ ਮੈਂ ਸਭ ਤੋਂ ਪਹਿਲਾਂ ਉਹਦੀਆਂ ਅੱਖਾਂ ਨਾਲ ਭਡਾਣੇ ਦੇ ਦਰਸ਼ਨ ਦੀਦਾਰ ਕੀਤੇ। ਕੁਝ ਸਾਲ ਪਹਿਲਾਂ ਉਹ ਟੀਵੀ ਚੈਨਲ 'ਪ੍ਰਾਈਮ ਏਸ਼ੀਆ' ਵੱਲੋਂ ਗੁਰੂ ਨਾਨਕ ਪਾਤਸ਼ਾਹ ਦੇ ਗੁਰਪੁਰਬ ਦੀਆਂ ਰੌਣਕਾਂ ਨੂੰ ਲਾਈਵ ਕੈਮਰਾ-ਬੱਧ ਕਰਨ ਤੇ ਓਧਰਲੇ ਪੰਜਾਬ ਦੀਆਂ ਇਤਿਹਾਸਕ ਥਾਵਾਂ ਵੇਖਣ-ਵਿਖਾਉਣ, ਪੰਜਾਬੀ ਅਦਬ, ਜ਼ੁਬਾਨ, ਫ਼ਨ ਤੇ ਸਭਿਆਚਾਰ ਦੇ ਖ਼ੇਤਰ ਵਿਚ ਵੱਡਾ ਕੰਮ ਕਰਨ ਵਾਲੀਆਂ ਨਾਮਵਰ ਸ਼ਖ਼ਸੀਅਤਾਂ ਨਾਲ ਮੇਲ-ਮੁਲਾਕਾਤਾਂ ਕਰਨ ਲਈ ਪਾਕਿਸਤਾਨ ਗਿਆ ਤਾਂ ਉਹ ਭਡਾਣੇ ਪਹੁੰਚਣ ਵਿਚ ਵੀ ਕਾਮਯਾਬ ਰਿਹਾ। ਭਡਾਣੇ ਨਾਲ ਸੰਬੰਧਤ ਉਹਦੀ ਬਣਾਈ ਇਕ ਸੱਤ ਕੁ ਮਿੰਟ ਦੀ ਵੀਡੀਓ ਯੂ-ਟਿਊਬ 'ਤੇ ਮਿਲ ਜਾਂਦੀ ਹੈ। ਵਾਪਸ ਆ ਕੇ ਉਹਨੇ ਮੈਨੂੰ ਮਿਹਣਾ ਵੀ ਮਾਰਿਆ, "ਬਾਪੂ! ਐਵੇਂ ਲੇਖਕ ਬਣਿਆਂ ਫਿਰਦਾਂ। ਦੋ ਵਾਰ ਪਾਕਿਸਤਾਨ ਜਾ ਆਇਆਂ, ਆਪਣੇ ਪਿੰਡ ਦਾ ਫੇਰਾ ਤਾਂ ਮਾਰ ਨਾ ਹੋਇਆ!"

ਖ਼ੈਰ ਇਸ ਸਾਲ ਦੇ ਸ਼ੁਰੂ ਵਿਚ ਮੇਰੀ ਤੇ ਰਜਵੰਤ ਦੀ ਪਾਕਿਸਤਾਨ ਦੀ ਫੇਰੀ ਸਮੇਂ, ਸ਼ਾਇਦ ਸਾਡੇ ਕਨੇਡੀਅਨ ਪਰਵਾਸੀ ਹੋ ਜਾਣ ਕਰਕੇ, ਭਡਾਣੇ ਜਾਣ ਵਿਚ ਕੋਈ ਦਿੱਕਤ ਨਹੀਂ ਸੀ ਅਤੇ ਮਿੱਤਰ ਪਿਆਰੇ ਅਹਿਮਦ ਰਜ਼ਾ ਦੀ ਮਿਹਰਬਾਨੀ ਨਾਲ ਅਸੀਂ ਦੋਵੇਂ ਆਪਣੇ ਪੁਰਖਿਆਂ ਦੀ ਧਰਤੀ ਦੇ ਦਰਸ਼ਨ ਦੀਦਾਰ ਕਰਨ ਦੀ ਚਿਰੋਕਣੀ ਸਿੱਕ ਪੂਰੀ ਕਰ ਸਕੇ।

0 0 0

**ਕੀ ਇਹ ਮੇਰਾ ਹੀ ਪਿੰਡ ਹੈ?**

ਸਾਨੂੰ ਤਾਂ ਇਸਦਾ ਇਲਮ ਨਹੀਂ ਸੀ, ਪਰ ਅਸਲ ਵਿਚ ਅਹਿਮਦ ਰਜ਼ਾ ਨੇ ਸਾਡੇ ਆਉਣ ਦੀ ਖ਼ਬਰ ਭਡਾਣੇ ਦੇ ਆਪਣੇ ਜਾਣਕਾਰ ਕੁਝ ਮੋਅਤਬਰ ਬੰਦਿਆਂ ਨੂੰ ਪਹਿਲਾਂ ਹੀ ਦਿੱਤੀ ਹੋਈ ਲੱਗਦੀ ਸੀ। ਸਾਡੀ ਕਾਰ ਬਾਜ਼ਾਰ ਵਿਚ ਰੁਕਦੀ ਹੈ। ਕੁਝ ਸੱਜਣ ਸਾਨੂੰ 'ਜੀਅ ਆਇਆਂ' ਕਹਿਣ ਲਈ ਖਲੋਤੇ ਹਨ। ਅਸੀਂ ਕਾਰ ਵਿਚੋਂ ਉੱਤਰੇ। ਪੰਜ-ਸੱਤ ਬੰਦੇ ਅੱਗੇ ਵਧ ਕੇ ਹੱਥ ਮਿਲਾਉਂਦੇ ਹਨ। ਉਹਨਾਂ ਵਿਚੋਂ ਇਕ ਸੱਜਣ ਉਹੋ ਹਨ ਜਿਹੜੇ ਸੁਪਨ ਸੰਧੂ ਨੂੰ ਮਿਲੇ ਸਨ। ਉਹ ਉਸੇ ਤਰ੍ਹਾਂ, ਉਹਨਾਂ ਸ਼ਬਦਾਂ ਵਿਚ ਆਪਣੀ ਜਾਣ-ਪਛਾਣ ਕਰਾਉਂਦੇ ਹਨ।

"ਮੈਂ ਇਰਫ਼ਾਨ ਉੱਲਾ ਸੰਧੂ ਜੀ। ਸਰਦਾਰ ਖ਼ਜ਼ਾਨ ਸਿੰਘ ਦਾ ਬੇਟਾ ਜੀ। ਸਰਦਾਰ ਜਵਾਲਾ ਸਿੰਘ ਦੇ ਖ਼ਾਨਦਾਨ 'ਚੋਂ।"

ਫਿਰ ਉਹ ਅਹਿਮਦ ਰਜ਼ਾ ਵੱਲ ਮੂੰਹ ਕਰਦਾ ਹੈ, "ਸਾਨੂੰ ਬੜੀ ਖ਼ੁਸ਼ੀ ਹੋਈ ਏ ਜੀ। ਤੁਹਾਨੂੰ ਜੀ ਆਇਆਂ ਨੂੰ ਕਹਿੰਦੇ ਹਾਂ, ਭਡਾਣੇ ਵਿਚ ਆਉਣ 'ਤੇ।"

"ਅਸੀਂ ਤੁਹਾਡਾ ਇਕ ਸੰਧੂ ਲੈ ਕੇ ਆਏ ਆਂ"

"ਵਰਿਆਮ ਸੰਧੂ ਸਾਹਿਬ!"

"ਤੁਹਾਡੇ ਭਡਾਣੇ ਦਾ ਮਾਣ ਜੀ।"

"ਸਾਨੂੰ ਮਾਣ ਏ ਜੀ"

"ਅਸਲ ਵਿਚ ਇਹਨਾਂ 'ਤੇ ਮਾਣ ਕੀਤਾ ਜਾ ਸਕਦਾ ਏ।"

"ਹਾਂ, ਹਾਂ ਬੜਾ ਨਾਂ ਸੁਣਿਆਂ ਇਹਨਾਂ ਦਾ!"

"ਮੈਂ ਸੈਫ਼ ਨਾਲ ਵਾਅਦਾ ਕਰ ਕੇ ਗਿਆ ਸਾਂ ਕਿ ਇਹਨਾਂ ਨੂੰ ਇਕ ਦਿਨ ਲੈ ਕੇ ਆਵਾਂਗਾ। ਮੈਂ ਆਪਣੇ ਵਾਅਦੇ ਵਿਚ ਕਾਮਯਾਬ ਰਿਹਾਂ। ਹੁਣ ਇਹ ਤੁਹਾਡੇ ਹਵਾਲੇ ਨੇ।"

ਇਰਫ਼ਾਨ ਉਲ੍ਹਾ ਦੇ ਸੱਜੇ ਹੱਥ ਖਲੋਤਾ ਨੌਜਵਾਨ ਸੈਫ਼ ਖ਼ੁਸ਼ ਚਿਹਰੇ ਨਾਲ ਮੁਸਕਰਾ ਰਿਹਾ ਹੈ।

ਹੁਣ ਤਕ ਰਜਵੰਤ ਪਿੱਛੇ ਖਲੋਤੀ ਸੀ। ਰਜ਼ਾ ਉਹਨੂੰ ਅੱਗੇ ਆਉਣ ਲਈ ਕਹਿੰਦਾ ਹੈ। ਸਾਰੇ ਰਜਵੰਤ ਦੇ ਸਤਿਕਾਰ ਲਈ ਜੋੜੇ ਹੱਥਾਂ ਦਾ ਜੁੜੇ ਹੱਥਾਂ ਨਾਲ ਸਵਾਗਤ ਕਰਦੇ ਹਨ, "ਆਉ ਆਉ

ਭੈਣ ਜੀ। ਸਤਿ ਸ੍ਰੀ ਅਕਾਲ!"

ਮੈਂ ਹੱਸਦਾ ਹਾਂ, "ਇਹ ਇਹਦੇ ਸਹੁਰਿਆਂ ਦਾ ਪਿੰਡ ਹੈ ਭਈ!"

"ਵਾਹ ਜੀ ਵਾਹ! ਸਾਡੀ ਭੈਣ ਦਾ ਪਿੰਡ ਏ ਜੀ। ਤੁਹਾਨੂੰ ਜੀ ਆਇਆਂ ਨੂੰ ਕਹਿੰਦੇ ਆਂ ਭੈਣ ਜੀ।"

ਅਹਿਮਦ ਰਜ਼ਾ ਕੈਮਰੇ ਵੱਲ ਵੇਖਦਾ ਹੈ, "ਮੈਂ ਤੁਹਾਨੂੰ ਦੱਸਦਾ ਜਾਵਾਂ ਜੀ, ਵਰਿਆਮ ਸੰਧੂ ਸਾਬ੍ਹ ਏਥੇ ਭਡਾਣੇ ਹੀ ਜੰਮੇ ਜਾਏ ਸਨ। ਇਹ ਉਦੋਂ ਡੇਢ, ਪੌਣੇ ਦੋ ਕੁ ਸਾਲਾਂ ਦੇ ਸਨ। ਦੋ ਸਾਲਾਂ ਦੇ ਨਹੀਂ ਸਨ। ਜਦੋਂ ਇਹਨਾਂ ਨੂੰ ਏਥੋਂ ਜਾਣਾ ਪਿਆ।... ਅੱਜ 76 ਸਾਲਾਂ ਬਾਅਦ ਆਪਣੇ ਓਸੇ ਪਿੰਡ, ਆਪਣੀ ਜੰਮਣ ਭੁਇੰ ਨੂੰ ਵੇਖਣ ਆਏ ਨੇ। ਅਸੀਂ ਇਹਨਾਂ ਦੇ ਨਾਲ ਆਂ। ਤੁਹਾਡਾ ਸਭ ਦਾ ਸ਼ੁਕਰੀਆ, ਤੁਸੀਂ ਸਾਨੂੰ ਜੀ ਆਇਆਂ ਨੂੰ ਆਖਿਆ।"

ਅਸੀਂ ਜਿੱਥੇ ਖਲੋਤੇ ਹਾ, ਸੱਜੇ ਹੱਥ ਕੁੜੀਆਂ ਦੇ ਸਕੂਲ ਦਾ ਗੇਟ ਹੈ, ਜਿਸ 'ਤੇ ਉੱਤੇ ਅੰਗਰੇਜ਼ੀ ਤੇ ਹੇਠਾਂ ਉਰਦੂ ਅੱਖਰਾਂ ਵਿਚ ਲਿਖਿਆ ਹੋਇਆ ਹੈ, 'ਗੌਰਮਿੰਟ ਗਰਲਜ਼ ਹਾਈ ਸਕੂਲ ਭਡਾਣਾ, ਲਾਹੌਰ"। ਏਸੇ ਵੇਲੇ ਸਕੂਲੋਂ ਛੁੱਟੀ ਹੋਣ ਦੀ ਘੰਟੀ ਵੱਜਦੀ ਹੈ। ਕੁੜੀਆਂ ਦਾ ਹਜੂਮ ਬਾਹਰ ਨਿਕਲਦਾ ਹੈ। ਕੁੜੀਆਂ ਸਾਨੂੰ ਖਲੋਤਾ ਵੇਖ ਕੇ ਹੈਰਾਨ ਹੁੰਦੀਆਂ ਹਨ। ਅੱਠ ਦਸ ਕੁੜੀਆਂ ਕੋਲ ਖਲੋ ਕੇ ਬਿਟ ਬਿਟ ਸਾਡੇ ਵੱਲ ਝਾਕੀ ਜਾ ਰਹੀਆਂ ਹਨ। ਮੈਂ ਉਹਨਾਂ ਨੂੰ ਪਿਆਰ ਨਾਲ ਬੁਲਾਉਂਦਾ ਹਾਂ। ਉਹ ਸ਼ਰਮਾ ਜਾਂਦੀਆਂ ਨੇ। ਇਕ ਦੂਜੀ ਦੇ ਪਿੱਛੇ ਲੁਕਦੀਆਂ ਨੇ। ਨੀਲੀਆਂ ਅਸਮਾਨੀ ਕਮੀਜ਼ਾਂ, ਚਿੱਟੀਆਂ ਸਲਵਾਰਾਂ, ਉਨਾਭੀ ਕੋਟੀਆਂ ਅਤੇ ਸਿਰ 'ਤੇ ਉਨਾਭੀ ਰੰਗ ਦੀਆਂ ਚੁੰਨੀਆਂ।

ਸਾਰੇ ਪਹਿਲਾਂ ਹੀ ਸੋਚੇ ਤੇ ਮਿਥੇ ਅਨੁਸਾਰ ਉਹ ਪਹਿਲਾਂ ਗੁਰਦੁਆਰੇ ਜਾਣ ਦਾ ਨਿਰਣਾ ਲੈਂਦੇ ਹਨ।ਅਸੀਂ ਕਾਰ ਵਿਚ ਬੈਠ ਜਾਂਦੇ ਹਾਂ। ਪਿੰਡ ਵਾਸੀ ਵੀ ਆਪਣੀਆਂ ਸਵਾਰੀਆਂ 'ਤੇ ਸਵਾਰ ਹੋ ਜਾਂਦੇ ਹਨ। ਬਾਜ਼ਾਰ ਵਿਚ ਆਪਣੇ ਘਰਾਂ ਨੂੰ ਜਾ ਰਹੀਆਂ ਕੁੜੀਆਂ ਧੌਣਾਂ ਮੋੜ ਮੋੜ ਕੇ ਸਾਡੇ ਵੱਲ ਵੇਖ ਰਹੀਆਂ ਨੇ।

"ਮੈਂ ਕਿਹਾ, ਕਿੰਝ ਦਾ ਲੱਗੀ ਜਾ ਰਿਹਾ ਤੁਹਾਨੂੰ।"

"ਮੈਨੂੰ?" ਰਜ਼ਾ ਦੇ ਬੋਲ ਸੁਣ ਕੇ ਮੈਂ ਡੂੰਘੀ ਖ਼ਾਮੋਸ਼ੀ 'ਚੋਂ ਅੱਭੜਵਾਹੇ ਪੁੱਛਦਾ ਹਾਂ।

"ਹਾਂ, ਕੁਝ ਕੁਝ ਨਾਲ ਦੇ ਨਾਲ ਦੱਸੀ ਜਾਉ ਨਾ, ਕਿ ਕਿਵੇਂ ਲੱਗ ਰਿਹਾ ਹੈ?"

ਕੈਮਰਾ ਮੇਰੇ ਵੱਲ ਮੁੜਦਾ ਹੈ। ਮੈ ਹੱਸ ਰਿਹਾਂ, ਪਰ ਰੋਣ ਵਰਗਾ।

"ਮੈਨੂੰ ਲੱਗਦਾ ਕਿ ਜੇ ਮੈਂ ਕੁਝ ਕਿਹਾ ਤਾਂ ਮੈਂ ਰੋ ਪਵਾਂਗਾ।"

"ਅੱਛਾਅਅ! ਅਜੇ ਨਹੀਂ ਬੋਲਣਾ? ਚਲੋ...ਉਂਝ ਤੁਹਾਨੂੰ ਬੁਲਾਣਾ ਵੀ ਏ ਤੇ ਤੁਹਾਨੂੰ ਸੁਣਨਾ ਵੀ ਏ, ਕਿਉਂਕਿ ਤੁਹਾਡੇ ਜਿਹੇ ਜੋ ਵੱਡੇ ਬੰਦੇ ਨੇ, ਉਹਨਾਂ ਦੇ ਸ਼ਬਦ, ਤੁਹਾਡਾ ਇਜ਼ਹਾਰ, ਉਹ ਸੁਣਨਾ ਚਾਂਹਦੇ ਆਂ।"

ਫ਼ੈਸਲ ਤੇ ਅੰਜੁਮ ਗਿੱਲ ਆਪਣੇ ਕੈਮਰੇ ਸਿੰਨ੍ਹੀ ਬੈਠੇ ਨੇ।

"ਨਹੀਂ, ਸੋਚਦੇ ਤਾਂ ਦੇਖੋ, ਸਾਰੇ ਇਕੋ ਤਰ੍ਹਾਂ ਈ ਨੇ। ਜਿਹੜੀ ਤੁਹਾਡੀ ਮਾਂ ਮਿੱਟੀ ਆ। ਜਿਹੜੀ ਤੁਹਾਡੀ ਜਨਮ ਭੋਂ ਐ... ਉਹ ਤੁਹਾਡੀਆਂ ਜੜ੍ਹਾਂ ਹੁੰਦੀਆਂ। ਤੁਹਾਡੇ ਪੁਰਖ਼ੇ ਜਿੱਥੇ, ਜਿਹੜੀ ਜ਼ਮੀਨ ਵਿਚ ਦਫ਼ਨ ਹੋਏ, ਜਿੱਥੇ ਤੁਹਾਡੀਆਂ ਕਈ ਪੀੜ੍ਹੀਆਂ ਹੋ ਗੁਜ਼ਰੀਆਂ, ਉਹਨਾਂ ਦਾ ਇਕ ਪੂਰਾ ਇਤਿਹਾਸ ਤੁਹਾਡੇ ਨਾਲ ਨਾਲ ਤੁਰਦਾ ਆ। ਤੁਸੀਂ ਉਹਨਾਂ ਯਾਦਾਂ 'ਚੋਂ ਗੁਜ਼ਰਦੇ ਓ, ਕਿ ਇਹਨਾਂ ਗਲ਼ੀਆਂ ਵਿਚ ਕਦੀ ਮੇਰਾ ਪਿਉ ਤੁਰਿਆ ਫ਼ਿਰਦਾ ਸੀ, ਜਿਵੇਂ ਆਹ ਬੱਚੇ ਤੁਰੇ ਜਾਂਦੇ ਨੇ, ਇਹਨਾਂ 'ਚ ਮੇਰਾ ਦਾਦਾ, ਇਹਨਾਂ 'ਚ ਮੇਰੇ ਰਿਸ਼ਤੇਦਾਰ, ਸਕੇ ਸੋਦਰੇ, ਸ਼ਰੀਕੇ ਬਰਾਦਰੀ ਦੇ ਲੋਕ, ਸਾਰੇ ਤੁਰੇ ਫਿਰਦੇ ਰਹੇ ਨੇ।..." ਸਾਡੀ ਗੱਲ ਬਾਤ ਦੇ ਵਿਚਾਲੇ ਕਾਰ ਰੁਕਦੀ ਹੈ। ਇਰਫ਼ਾਨ ਉਲਾ ਤੇ ਉਹਦੇ ਨਾਲ ਇਕ ਸਫ਼ੈਦ ਟੋਪੀ ਪਾਈ ਚਿੱਟੀ ਦਾੜ੍ਹੀ ਵਾਲਾ, ਪਰ ਚਿਹਰੇ ਤੋਂ ਅਜੇ ਵੀ ਜਵਾਨ ਦਿਸਦਾ ਸੱਜਣ, ਕਾਰ ਵੱਲ ਵਧਦੇ ਹਨ।

"ਚੇਅਰਮੈਨ ਸਾਹਿਬ ਨੇ ਸਾਡੇ..."

ਮੈਂ ਕਾਰ ਵਿਚੋਂ ਬਾਹਰ ਨਿਕਲਦਾ ਹਾਂ। ਚੇਅਰਮੈਨ ਮੈਨੂੰ ਆਪਣੀ ਗਲਵੱਕੜੀ ਵਿਚ ਕੱਸ ਲੈਂਦਾ ਹੈ।

ਮੈਂ ਉਹਦੀ ਮੁਹੱਬਤ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਉਹ ਕਹਿੰਦਾ ਹੈ, "ਇੰਝ ਨਾ ਕਹੋ।"

"ਇੰਝ ਕਿਉਂ ਨਾ ਕਹਾਂ, ਤੁਸੀਂ ਮੇਰੀ ਮਿੱਟੀ ਦੇ ਜੰਮੇ ਜਾਏ ਓ। ਮੇਰੇ ਆਪਣੇ।"

ਚੇਅਰਮੈਨ ਪੁੱਛਦਾ ਹੈ, "ਅੱਛਾ! ਆਪਣੇ ਵੱਡੇ ਵੀ ਏਥੋਂ ਦੇ ਨੇ ਮਾਸ਼ਾ ਅੱਲ੍ਹਾ!?"

ਉਹਨੂੰ ਕੋਈ ਮੇਰੇ ਬਾਰੇ ਦੱਸਦਾ ਹੈ।

"ਅੱਛਾ! ਅੱਛਾ! ਕਿਹੜੀ ਜਗ੍ਹਾ ਘਰ ਸਨ?"

ਉਹਨੂੰ ਹਵਾਲਾ ਦਿੱਤਾ ਜਾਂਦਾ ਹੈ। ਉਹ ਉਹਨਾਂ ਨੂੰ ਦੱਸਦਾ ਹੈ ਕਿ ਹਾਂ, ਹਾਂ, ਫ਼ਿਰ ਫ਼ਲਾਣਾ ਘਰ ਹੋਵੇਗਾ।

ਚਲੋ ਵੇਖਦੇ ਹਾਂ

ਦਸ ਪੰਦਰਾਂ ਜਣੇ ਕਾਰਾਂ ਵਿਚੋਂ ਉੱਤਰ ਕੇ ਬਾਜ਼ਾਰ ਵਿਚ ਤੁਰੇ ਜਾ ਰਹੇ ਹਾਂ।

ਕੈਮਰਾ ਸਾਡੇ 'ਤੇ ਫੋਕਸ ਹੁੰਦਾ ਹੈ। ਫਰੇਮ ਵਿਚ ਮੇਰੇ ਖੱਬੇ ਪਾਸੇ ਇਰਫ਼ਾਨ ਉਲਾ, ਸੱਜੇ ਪਾਸੇ ਅਹਿਮਦ ਰਜ਼ਾ ਤੇ ਮੇਰੇ ਪਿੱਛੇ ਰਜਵੰਤ ਕੌਰ ਤੁਰੀ ਆ ਰਹੀ ਹੈ।

ਅਹਿਮਦ ਰਜ਼ਾ ਦੱਸਦਾ ਹੈ, "ਪਹਿਲਾਂ ਅਸੀਂ ਗੁਰਦੁਆਰੇ ਜਾਵਾਂਗੇ, ਓਥੇ ਸੰਧੂ ਸਾਹਿਬ ਮੱਥਾ ਟੇਕਣਗੇ। ਧਾਰਮਿਕ ਸਥਾਨਾਂ ਦਾ ਹਿਸਟਰੀ ਦੇ ਨਾਲ, ਸਭਿਆਚਾਰ ਦੇ ਨਾਲ ਗਹਿਰਾ ਤਾਅੱਲੁਕ ਹੁੰਦਾ। ਓਥੋਂ ਸਾਨੂੰ ਬਹੁਤ ਸਾਰੀਆਂ ਚੀਜ਼ਾਂ ਦਾ ਪਤਾ ਚੱਲਦਾ ਏ। ਮੱਥਾ ਟੇਕਣ ਤੋਂ ਬਾਅਦ, ਆਪਾਂ ਜਿਵੇਂ ਸਾਡੇ ਨਾਲ ਭਡਾਣੇ ਦੇ ਹੀ ਸੱਜਣ ਨੇ, ਉਹ ਕੋਈ ਲੋਕੇਸ਼ਨ ਦੱਸਦੇ ਨੇ। ਏਸੇ ਗਲੀ ਵਿਚ। ਆਸ ਏ ਅੱਪੜ ਜਾਂਦੇ ਆਂ ਉਸ ਘਰ ਵਿਚ।"

"ਚਲੋ, ਵੇਖਦੇ ਆਂ ਜੀ, ਘੱਟੋ ਘੱਟ ਏਹੋ ਅਹਿਸਾਸ ਹੀ ਤੁਹਾਡੇ ਸਰੀਰ ਨੂੰ ਝਕਝੋਰਨ ਵਾਸਤੇ, ਥਰਥਰਾਹਟ ਪੈਦਾ ਕਰਨ ਲਈ ਕਾਫ਼ੀ ਹੈ ਕਿ ਤੁਸੀਂ ਉਹਨਾਂ ਗਲ਼ੀਆਂ 'ਚ ਫਿਰ ਰਹੇ ਓ, ਜਿੱਥੇ ਤੁਹਾਡੇ ਪੁਰਖੇ ਫਿਰਦੇ ਰਹੇ।" ਮੈਨੂੰ ਲੱਗਦਾ ਏ ਕਿ ਮੇਰਾ ਗੱਚ ਭਰ ਆਇਆ ਹੈ।

ਰਾਹ ਵਿਚ ਕੋਈ ਕੋਈ ਬੱਚਾ, ਕੋਈ ਕੋਈ ਬੰਦਾ ਸਾਨੂੰ ਲੰਘਦਿਆਂ ਨੂੰ ਬੜੀ ਉਤਸੁਕਤਾ ਨਾਲ ਵੇਖਣ ਲੱਗਦਾ ਹੈ। ਸੱਜੇ ਖੱਬੇ ਝਾਤੀ ਮਾਰ ਕੇ ਵੇਖ ਰਹੇ ਹਾਂ। ਕਈ ਮਕਾਨਾਂ ਦੀ ਬਣਤਰ ਤੇ ਨਾਨਕਸ਼ਾਹੀ ਇੱਟਾਂ ਦੀ ਚਿਣਾਈ ਦੱਸਦੀ ਹੈ ਕਿ ਇਹਨਾਂ ਨੂੰ ਬਣੇ ਸੌ ਸਾਲ ਤੋਂ ਉੱਪਰ ਹੋ ਚੁੱਕਿਆ ਹੈ।

ਇਰਫ਼ਾਨ ਉਲਾ ਦੱਸਦਾ ਹੈ, "ਸਰਦਾਰ ਵਰਿਆਮ ਸਿੰਘ ਸੰਧੂ ਸਾਹਿਬ ਦਾ ਘਰ ਐਸ ਗਲ਼ੀ ਵਿਚ ਹੈ।"

ਅਸੀਂ ਗਲ਼ੀ ਅੱਗੋਂ ਲੰਘ ਰਹੇ ਹਾਂ।

"ਐਹ ਤੁਹਾਡੀ ਗਲ਼ੀ ਆ ਗਈ।"

"ਹੱਛਾ! ਖੂਹੀ ਹੁੰਦੀ ਸੀ, ਸੁਣਿਐਂ ਗਲੀ ਦੇ ਸ਼ੁਰੂ ਵਿਚ?" ਪਰ ਮੈਨੂੰ ਖੂਹੀ ਕਿਤੇ ਦਿਸਦੀ ਨਹੀਂ। ਸੈਫ਼ ਖੱਬੇ ਹੱਥ ਬਣੇ ਇਕ ਘਰ ਵੱਲ ਇਸ਼ਾਰਾ ਕਰਦਾ ਹੈ, "ਹਾਂ, ਐਸ ਘਰ ਵਿਚ ਹੁੰਦੀ ਸੀ।"

ਕੁਝ ਕਦਮ ਅੱਗੇ ਜਾ ਕੇ ਖੱਬੇ ਹੱਥ ਗੇਰੂਏ ਰੰਗ ਦਾ ਲੋਹੇ ਦਾ ਗੇਟ ਹੈ। ਸਾਡੇ ਨਾਲ ਗਿਆ ਇਕ ਨੌਜਵਾਨ ਦਰਵਾਜ਼ਾ ਖੋਲ੍ਹਦਾ ਹੈ। ਸਾਹਮਣੇ ਗੁਰਦੁਆਰੇ ਦੀ ਇਮਾਰਤ ਦਾ ਅਹਾਤਾ ਹੈ। ਇਕ ਬੱਚਾ ਤੇ ਇਕ ਹੋਰ ਜਣਾ ਸਾਡੇ ਵੱਲ ਵੇਖਦੇ ਨੇ। ਸ਼ਾਇਦ ਗੁਰਦੁਆਰੇ ਵਿਚ ਵੱਸਦੇ ਜੀਆਂ ਵਿਚੋਂ ਹੋਣਗੇ। ਗੁਰਦੁਆਰਾ ਹੁਣ ਰਿਹਾਇਸ਼ੀ ਇਮਾਰਤ ਵਜੋਂ ਵਰਤਿਆ ਜਾਂਦਾ ਹੈ।

ਹੁਣ ਮੇਰੇ ਅੰਦਰ ਖੁਤਖੁਤੀ ਹੈ। ਧਿਆਨ ਉਸ ਗਲ਼ੀ ਵੱਲ ਹੈ, ਗਲੀ ਵਿਚਲੇ ਘਰ ਵੱਲ ਹੈ। ਕੀ ਉਹ ਉਹੋ ਘਰ ਹੋਵੇਗਾ?

ਅੰਦਰ ਲੰਘਦਿਆਂ ਮੈਂ ਕਹਿੰਦਾ ਹਾਂ, "ਸਾਡਾ ਘਰ ਉਸੇ ਗਲ਼ੀ ਵਿਚ ਦੱਸਦੇ ਸਨ ਜਿਸ ਦੇ ਸਾਹਮਣੇ ਖੂਹੀ ਸੀ।"

"ਹਾਂ ਜੀ, ਫਿਰ ਉਹੋ ਗਲ਼ੀ ਏ ਜੀ। ਓਸੇ ਵਿਚ ਈ ਤੁਹਾਡਾ ਘਰ ਏ।"

ਉਹਨਾਂ ਵਿਚੋਂ ਕੋਈ ਪੂਰੇ ਯਕੀਨ ਨਾਲ ਬੋਲਦਾ ਹੈ।

ਮੇਰੇ ਮਨ ਵਿਚ ਉਸ ਗਲ਼ੀ ਵਿਚ ਜਾਣ 'ਤੇ 'ਦੱਸਿਆ ਗਿਆ ਘਰ' ਵੇਖਣ ਦੀ ਤਾਂਘ ਜ਼ੋਰ ਫੜ ਰਹੀ ਹੈ।

ਪਰ ਇਸ ਵੇਲ਼ੇ ਅਸੀਂ ਗੁਰਦੁਆਰੇ ਦੇ ਅਹਾਤੇ ਵਿਚ ਦਾਖ਼ਲ ਹੋ ਚੁੱਕੇ ਹਾਂ।

ਗੁਰਦੁਆਰੇ ਦੇ ਮੇਨ ਗੇਟ ਤੋਂ ਅੰਦਰ ਵੱਲ ਜਾਂਦਾ ਅੱਧਾ ਰਾਹ ਪੱਕਾ ਹੈ ਤੇ ਬਾਕੀ ਅੱਧਾ ਰਾਹ ਕੱਚਾ ਹੈ। ਪੱਕੇ ਰਾਹ ਤੁਰਦਿਆਂ ਅਸੀਂ ਗੁਰਦੁਆਰੇ ਦੀ ਇਮਾਰਤ ਅੱਗੇ ਪਹੁੰਚ ਜਾਂਦੇ ਹਾਂ। ਮੈਂ ਗੁਰਦੁਆਰੇ ਦੇ ਪੁਰਾਣੇ ਬੰਦ ਪਏ ਦਰਵਾਜ਼ੇ 'ਤੇ ਝੁਕ ਕੇ ਮੱਥਾ ਟੇਕਦਾ ਹਾਂ। ਦਰਵਾਜ਼ੇ ਦੇ ਦੋਵੇਂ ਪਾਸੇ ਵੱਡੀਆਂ ਸੰਗਮਰਮਰੀ ਸਿਲ਼ਾਂ 'ਤੇ ਗੁਰਦੁਆਰੇ ਦੀ ਇਮਾਰਤ ਲਈ ਦਾਨ ਦੇਣ ਵਾਲੇ ਲੋਕਾਂ ਦੇ ਨਾਂ ਗੁਰਮੁਖੀ ਵਿਚ ਲਿਖੇ ਹੋਏ ਨੇ। ਉਹ ਨਾਂ ਚੰਗੀ ਤਰ੍ਹਾਂ ਪੜ੍ਹੇ ਜਾ ਸਕਣ, ਇਸ ਲਈ ਪਿੰਡ ਦੇ ਨੌਜਵਾਨ ਜ਼ੁਲਫ਼ਿਕਾਰ ਸੰਧੂ ਨੇ, ਕੋਲ਼ੇ ਨਾਲ ਇਹਨਾਂ ਨੂੰ ਗੂੜ੍ਹਾ ਕਰ ਦਿੱਤਾ ਹੈ। ਕੋਈ ਮੈਨੂੰ ਇਹਨਾਂ ਨਾਵਾਂ ਵਿਚ ਆਪਣੇ ਕਿਸੇ ਬਜ਼ੁਰਗ ਦਾ ਨਾਂ ਲੱਭਣ ਲਈ ਕਹਿੰਦਾ ਹੈ। ਮੈਂ ਉਹਨਾਂ ਸਿਲ਼ਾਂ 'ਤੇ ਉੱਕਰੇ ਨਾਵਾਂ 'ਤੇ ਸਰਸਰੀ ਝਾਤ ਮਾਰਦਾ ਹਾਂ। ਗੁਰਦੁਆਰੇ ਦੀਆਂ ਕੰਧਾਂ 'ਚ ਚਿਣੇ ਦਾਨੀਆਂ ਦੇ ਨਾਵਾਂ ਵਾਲੇ ਪੱਥਰਾਂ ਉਪਰ ਸੁਰ ਸਿੰਘ, ਝਬਾਲ, ਭੁੱਚਰ, ਤੇ ਸਾਡੇ ਲਾਗਲੇ ਸਾਰੇ ਪਿੰਡਾਂ ਦੇ ਵਸਨੀਕਾਂ ਦੇ ਨਾਮ ਪੜ੍ਹਣ ਨੂੰ ਮਿਲਦੇ ਹਨ।

ਰਜਵੰਤ ਵੀ ਭਾਵੁਕ ਹੋ ਰਹੀ ਹੈ, ਲਿਖੇ ਨਾਵਾਂ ਨੂੰ ਪੜ੍ਹ ਕੇ ਕਹਿੰਦੀ ਹੈ, "ਵੇਖੋ ਕਿਤੇ ਤੁਹਾਡੇ ਕਿਸੇ ਵੱਡੇ ਦਾ ਨਾਂ ਵੀ ਲਿਖਿਆ ਹੋਵੇ।"

"ਜੇ ਕਿਤੇ ਹੋਇਆ ਵੀ ਤਾਂ ਐਨਿਆਂ ਵਿਚੋਂ ਹੁਣ ਕਿੱਥੇ ਲੱਭਣਾ ਏਂ। ਰਜਵੰਤ ਕੌਰੇ ਆ ਜਾ ਤੂੰ। ਮੱਥਾ ਟੇਕ ਤੇ... ਜੋ ਗਵਾਚ ਗਿਆ, ਉਹ ਕਿੱਥੇ ਲੱਭਦਾ!"

ਮੈਂ ਡੂੰਘਾ ਹਉਕਾ ਭਰ ਕੇ ਝੂਠਾ ਜਿਹਾ ਹਾਸਾ ਹੱਸਦਾ ਹਾਂ।

ਉਂਝ ਮੇਰੇ ਅੰਦਰ ਨੂੰ ਸ਼ਾਇਦ ਪਤਾ ਹੈ ਕਿ ਮੇਰੇ ਕਿਸੇ ਬਜ਼ੁਰਗ ਨੇ ਸ਼ਾਇਦ ਹੀ ਅਜਿਹਾ ਮਾਅਰਕਾ ਮਾਰਿਆ ਹੋਵੇ ਕਿ ਉਹਦਾ ਨਾਂ ਇਹਨਾਂ ਸਿਲ਼ਾਂ 'ਤੇ ਨਜ਼ਰ ਆ ਸਕਦਾ ਹੋਵੇ। ਨਾਂ ਵੀ ਦਰਜਨਾਂ ਦੀ ਗਿਣਤੀ ਵਿਚ ਨੇ। ਏਨੇ ਨਾਂ ਪੜ੍ਹਨ ਲਈ ਤਾਂ ਕਾਫ਼ੀ ਵਕਤ ਚਾਹੀਦਾ ਹੈ। ਸਾਡੇ ਕੋਲ਼ ਏਨਾ ਵਕਤ ਨਹੀਂ। ਪਹਿਲਾਂ ਤਾਂ ਮੈਨੂੰ ਆਸ ਨਹੀਂ ਸੀ, ਪਰ ਜਿਵੇਂ ਜਿਵੇਂ ਮੇਰੇ ਨਾਲ ਤੁਰੇ ਫਿਰਦੇ ਸੱਜਣ ਭਰੋਸੇ ਨਾਲ ਸਾਡੇ ਘਰ ਦੀ ਨਿਸ਼ਾਨਦੇਹੀ ਕਰੀ ਬੈਠੇ ਹਨ, ਉਸ ਤੋਂ ਮੇਰੇ ਮਨ ਵਿਚ ਛੇਤੀ ਤੋਂ ਛੇਤੀ ਘਰ ਵੇਖਣ ਦੀ ਲਲ਼ਕ ਜਾਗ ਪਈ ਹੈ।

ਅਸੀਂ ਦੂਜੇ ਦਰਵਾਜ਼ੇ ਰਾਹੀਂ ਗੁਰਦੁਆਰੇ ਅੰਦਰ ਦਾਖ਼ਲ ਹੁੰਦੇ ਹਾਂ।

ਸਾਹਮਣੇ 'ਘਰ' ਵਿਚ ਰਹਿੰਦੀ ਇਕ ਔਰਤ ਦਿਸਦੀ ਹੈ। ਖੱਬੇ ਪਾਸੇ ਮੰਜੀ ਉੱਤੇ ਕੱਪੜੇ ਖਿੱਲਰੇ ਪਏ ਨੇ। ਦੂਜੇ ਪਾਸੇ ਇਕ ਤਖ਼ਤਪੋਸ਼ ਜਿਹੇ 'ਤੇ ਗੰਢਾਂ ਵਿਚ ਬੱਝਾ ਕੁਝ ਪਿਆ ਹੈ।

ਰਜਵੰਤ ਭੋਲੇ-ਭਾਅ ਪੁੱਛਦੀ ਹੈ, "ਗੁਰੂ ਗ੍ਰੰਥ ਸਾਹਿਬ ਵੀ ਹੈ ਗੁਰਦੁਆਰੇ ਵਿਚ?"

"ਨਹੀਂ, ਨਹੀਂ, ਗ੍ਰੰਥ ਸਾਹਿਬ ਤਾਂ ਨਹੀਂ ਹੈ ਜੀ! ਇਹ ਤਾਂ ਗੁਰਦੁਆਰਾ ਹੁੰਦਾ ਸੀ ਜੀ ਕਦੀ। ਹੁਣ ਤਾਂ ਬਿਲਡਿੰਗ ਏ। ਹੁਣ ਤਾਂ ਲੋਗਾਂ ਦੀ ਰਹਾਇਸ਼ ਏ।" ਅਹਿਮਦ ਰਜ਼ਾ ਰਜਵੰਤ ਨੂੰ ਭਰਮ-ਮੁਕਤ ਕਰ ਦਿੰਦਾ ਹੈ।

ਅਸਲ ਵਿਚ ਗੁਰਦੁਆਰੇ ਵਿਚ ਦੋ ਪਰਿਵਾਰਾਂ ਦੀ ਰਿਹਾਇਸ਼ ਹੈ ਤੇ ਉਹਨਾਂ ਨੇ ਇਸਨੂੰ ਆਪਣੀ ਸਹੂਲਤ ਅਨੁਸਾਰ ਵੰਡ ਲਿਆ ਹੈ।

"ਐਹ ਗੁਰਦੁਆਰੇ ਵਿਚ ਪਾਰਟੀਸ਼ਨ ਕਰਨ ਲਈ ਕੰਧ ਮਾਰ ਲਈ ਗਈ ਹੈ। ਏਸੇ ਥਾਂ 'ਤੇ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ।"

ਗੁਰਦੁਆਰੇ ਦਾ ਉਹ ਕੇਂਦਰੀ ਹਿੱਸਾ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ, ਵਿਚਕਾਹੇ ਕੰਧ ਵੱਜਣ ਨਾਲ ਦੂਜੇ ਹਿੱਸੇਦਾਰਾਂ ਕੋਲ਼ ਹੈ।

ਅਸੀਂ ਪੌੜੀਆਂ ਚੜ੍ਹ ਕੇ ਗੁਰਦੁਆਰੇ ਦੀ ਦੂਜੀ ਮੰਜ਼ਿਲ 'ਤੇ ਪਹੁੰਚਦੇ ਹਾਂ। ਮੈਂ ਸੋਚਦਾ ਹਾਂ, ਉਤਲੀ ਮੰਜ਼ਿਲ ਨੂੰ ਚਾਰ ਚੁਫ਼ੇਰੇ ਘੁੰਮ ਕੇ ਵੇਖਦੇ ਹਾਂ। ਪਰ ਏਥੇ ਵੀ ਅਗਲਿਆਂ ਆਪਣੇ ਹਿੱਸੇ ਵਿਚ ਕੰਧ ਮਾਰੀ ਹੋਈ ਹੈ।

ਕੋਈ ਜਣਾ ਦੱਸਦਾ ਹੈ, "ਗੁਰਦੁਆਰੇ ਦੀ ਸਭ ਤੋਂ ਉੱਤਲੀ ਛੱਤ ਤੋਂ ਨੌਸ਼ਹਿਰਾ ਢਾਲਾ ਵੀ ਦਿਸਦਾ!"

ਮੈਂ ਰਜਵੰਤ ਨੂੰ ਕਹਿੰਦਾ ਹਾਂ, "ਜੇ ਛੱਤ ਤੋਂ ਨੌਸ਼ਹਿਰਾ ਢਾਲਾ ਵੇਖਣਾ ਤਾਂ ਉੱਤੇ ਚਲੇ ਜਾਂਦੇ ਆਂ, ਨਹੀਂ ਤਾਂ ਏਥੋਂ ਹੀ ਮੱਥਾ ਟੇਕ ਲਾ।"

ਰਜਵੰਤ ਹੇਠਾਂ ਝਾਤੀ ਮਾਰਦੀ ਹੈ।

"ਐਥੈ ਹੇਠਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੋਵੇਗਾ।"

ਹੇਠੋਂ ਕੰਧ ਵੱਜੀ ਹੋਣ ਕਰ ਕੇ ਅਸੀਂ ਪ੍ਰਕਾਸ਼ ਸਥਾਨ ਵਾਲੇ ਥਾਂ ਨਹੀਂ ਸਾਂ ਜਾ ਸਕੇ।

ਮੇਰੇ ਮੂੰਹੋਂ ਸੁਭਾਵਕ ਨਿਕਲ ਜਾਂਦਾ ਹੈ, "ਉਹਨਾਂ ਨੇ ਮੁਲਕ ਵੰਡ ਲਿਆ, ਇਹਨਾਂ ਨੇ ਗੁਰਦੁਆਰਾ ਵੰਡ ਲਿਆ। ਪਰ ਕੋਈ ਗੱਲ ਨਹੀਂ। ਇਹਨਾਂ ਵੰਡਣਾ ਹੀ ਸੀ। ਰਹਿਣਾ ਜੂ ਸੀ ਏਥੇ?"

ਗੁਰਦੁਆਰੇ ਦੀ ਛੱਤ 'ਤੇ ਸੁੰਦਰ ਮੀਨਾਕਾਰੀ ਕੀਤੀ ਹੋਈ ਹੈ, ਜੋ ਹੁਣ ਧੁੰਦਲੀ ਤੇ ਮੈਲੀ ਜਿਹੀ ਹੋ ਗਈ ਹੈ।ਗੁਰਦੁਆਰੇ ਦੇ ਪਿਛਲੇ ਪਾਸੇ ਖੁੱਲ੍ਹਾ ਮੈਦਾਨ ਹੈ। ਰੁੱਖਾਂ ਬੂਟਿਆਂ ਵਿਚ ਘਿਰੀ ਇਕ ਦਰਗਾਹ ਵੀ ਹੈ।

ਇਰਫ਼ਾਨ ਉਲਾ ਪੁੱਛਣ 'ਤੇ ਦੱਸਦਾ ਹੈ ਕਿ ਉਹਨਾਂ ਨੇ ਆਪਣੀ ਹਵੇਲੀ ਅਤੇ ਇਸ ਗੁਰਦੁਆਰੇ ਦੀ ਸਾਂਭ ਸੰਭਾਲ ਵਾਸਤੇ ਵੱਡੀਆਂ ਅਖ਼ਬਾਰਾਂ 'ਨਵਾਏ ਵਕਤ', 'ਜੰਗ' ਅਤੇ ਜੀਓ ਮੀਡੀਆ ਸੈੱਲ', 'ਐਕਸਪ੍ਰੈੱਸ ਨਿਊਜ਼', 'ਸਮਾਂ', 'ਲਾਹੌਰ ਰੰਗ' ਵਾਲਿਆਂ ਰਾਹੀਂ ਵੀ ਆਪਣੀ ਗੱਲ ਕੀਤੀ ਹੈ। ਹੈਰੀਟਜ ਦੀ ਸੰਭਾਲ ਕਰਨ ਵਾਲੇ ਮਹਿਕਮੇ ਨੂੰ ਵੀ ਕਿਹਾ ਹੈ। ਉਹਨਾਂ ਨੂੰ ਦਾਅਵਤ ਦੇਣ 'ਤੇ ਉਹ ਭਡਾਣੇ ਆਏ ਵੀ। ਅਸੀਂ ਉਹਨਾਂ ਨੂੰ ਕਿਹਾ ਕਿ ਤੁਸੀਂ ਹਵੇਲੀ ਨੂੰ ਕਬਜ਼ੇ ਵਿਚ ਲੈ ਲਓ ਤੇ ਇਹਦੀ ਮੁੜ ਉਸਾਰੀ ਕਰੋ। ਅਸੀਂ ਸਰਕਾਰ ਨੂੰ ਅਪੀਲਾਂ ਕਰ ਚੁੱਕੇ ਹਾਂ ਕਿ ਤੁਸੀਂ ਹਵੇਲੀ ਤੇ ਗੁਰਦੁਆਰੇ ਨੂੰ ਪ੍ਰਜ਼ਰਵ ਕਰੋ। ਗੁਰਦੁਆਰਾ ਸਾਡਾ ਮਜ਼੍ਹਬੀ ਮੁਕਾਮ ਏਂ। ਸਾਡਾ ਅਸਾਸਾ ਹੈ। ... ਪਰ ਹਾਲੇ ਤਕ ਕਿਸੇ ਨੇ ਗੌਰ ਨਹੀਂ ਕੀਤਾ।"

ਅਸੀਂ ਪੌੜੀਆਂ ਚੜ੍ਹ ਕੇ ਸਿਖ਼ਰਲੀ ਛੱਤ 'ਤੇ ਪਹੁੰਚ ਜਾਂਦੇ ਹਾਂ। ਉੱਥੋਂ ਅਸੀਂ ਵੇਖਦੇ ਹਾਂ ਕਿ ਨੌਸ਼ਹਿਰਾ ਢਾਲਾ ਤੇ ਗੁਰਦੁਆਰਾ ਬਾਬਾ ਜੱਲ੍ਹਣ ਦੀ ਚਿੱਟੀ ਸੰਗਮਰੀ ਇਮਾਰਤ ਐਨ ਉਸ ਤਰ੍ਹਾਂ ਹੀ ਨੇੜੇ ਦਿਸਦੀ ਹੈ, ਜਿਵੇਂ ਉਧਰੋਂ ਭਡਾਣਾ ਐਨ ਨੇੜੇ ਦਿਸਦਾ ਹੈ। ਮੈਂ ਅੰਜੁਮ ਗਿੱਲ ਨੂੰ ਕਹਿੰਦਾ ਹਾਂ, "ਅੰਜੁਮ! ਯੂ ਟਿਊਬ ਤੋਂ ਮੇਰੀ ਉਹ ਵੀਡੀਓ ਲੱਭ ਕੇ ਵਿਖਾ ਜ਼ਰਾ।"

...ਮੈਂ ਆਪਣੀ ਉਸ ਵੀਡੀਓ ਦੇ ਹਵਾਲੇ ਨਾਲ, ਜਿਸ ਦਾ ਵੇਰਵਾ ਸ਼ੁਰੂ ਵਿਚ ਦੇ ਆਇਆ ਹਾਂ, ਉਹ ਸਾਰੀ ਗੱਲ ਬਾਤ ਸੁਣਾਉਂਦਿਆਂ ਭਾਵੁਕ ਹੋ ਜਾਂਦਾ ਹਾਂ।

ਅੰਜਮ ਗਿੱਲ ਕਹਿੰਦਾ ਹੈ, "ਅੱਜ ਏਥੇ ਖਲੋ ਕੇ ਕਹੋ ਕਿ ਔਹ ਪਿੰਡ ਸੀ ਜਿੱਥੇ ਖਲੋ ਕੇ ਮੈਂ ਕਦੀ ਗੱਲ ਕੀਤੀ ਸੀ।"

ਰਜਵੰਤ ਵੀ ਨੌਸ਼ਿਹਰੇ ਵੱਲ ਬਾਂਹ ਸਿੱਧੀ ਕਰ ਕੇ ਕਹਿੰਦੀ ਹੈ, "ਓਥੇ ਕਹਿੰਦੇ ਸਾਓ, 'ਔਹ ਭਡਾਣਾ!' ਹੁਣ ਆਖੋ, 'ਔਹ ਨੌਸ਼ਹਿਰਾ!"

ਬੋਲਦਿਆਂ ਮੇਰਾ ਗੱਚ ਭਰ ਆਉਂਦਾ ਹੈ। "ਤਾਰਾਂ ਦੇ ਪਾਰ 'ਇਹ' ਤੇ 'ਔਹ' ਕਹਿਣਾ ਬੜਾ ਸੌਖਾ ਹੈ।ਕਾਸ਼! ਤਾਰਾਂ ਨਾ ਹੋਣ ਤਾਂ 'ਇਹ' ਤੇ 'ਔਹ' ਵਿਚਲਾ ਪਾੜਾ ਹੀ ਨਾ ਰਹੇ। ਸਭ 'ਇਹ' ਹੋ ਜਾਵੇ!"

ਰਜਵੰਤ ਮੇਰੇ ਮੋਢੇ 'ਤੇ ਹੱਥ ਰੱਖ ਕੇ ਦਿਲਾਸਾ ਦਿੰਦੀ ਹੈ। ਅੰਦਰੋਂ ਨਿਕਲਦੀ ਭੁੱਬ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹਾਂ।...

"ਅੱਜ ਇਹ ਅੱਥਰੂ ਉਸੇ ਮੁਹੱਬਤੀ ਥਪਥਪਾਹਟ ਕਰ ਕੇ ਹੋਠੋਂ ਨਿਕਲੇ ਪਾਣੀ ਵਾਂਗ ਹੀ ਨੇ!"

ਅਹਿਮਦ ਰਜ਼ਾ ਨੇ ਕਿਹਾ, "ਚਲੋਂ ਹੁਣ ਤੁਹਾਡੇ ਘਰ ਵੱਲ ਚੱਲਦੇ ਹਾਂ!"

ਇਕ ਜਣਾ ਪੁੱਛਦਾ, "ਤੁਹਾਡਾ ਘਰ ਕਿੱਥੇ ਕੁ ਸੀ?"

ਮੈਨੂੰ ਕੀ ਪਤਾ ਹੋਣਾ ਸੀ! "ਵੰਡ ਵੇਲੇ ਮੈਂ ਤਾਂ ਮਸਾਂ ਡੇਢ ਕੁ ਸਾਲ ਦਾ ਸਾਂ, ਪਰ, ਆਪਣੀ ਮਾਂ ਅਤੇ ਹੋਰ ਵਡੇਰਿਆਂ ਤੋਂ ਏਨਾ ਸੁਣਿਆਂ ਸੀ ਕਿ ਗੁਰਦੁਆਰੇ ਦੇ ਸਾਹਮਣੇ ਇਕ ਗਲੀ ਹੁੰਦੀ ਸੀ, ਉਸੇ ਗ਼ਲੀ ਵਿਚ ਅੱਗੇ ਜਾ ਕੇ ਸਾਡਾ ਘਰ ਸੀ। ਗ਼ਲੀ ਦੇ ਮੁੱਢ ਵਿਚ ਇਕ ਖੂਹੀ ਹੁੰਦੀ ਸੀ।"

ਗੁਰਦੁਆਰੇ ਵਿਚੋਂ ਬਾਹਰ ਆ ਕੇ ਸੱਜੇ ਪਾਸੇ ਮੁੜਦਿਆਂ ਹੀ ਇਕ ਜਣਾ ਸੱਜੇ ਹੱਥ ਬਣੇ ਘਰ ਵੱਲ ਇਸ਼ਾਰਾ ਕਰਦਿਆਂ ਕਹਿੰਦਾ, "ਜੀ, ਜੀ, ਬਿਲਕੁਲ ਠੀਕ। ਆਹ ਜਿਹੜਾ ਘਰ ਏ ਨਾ, ਇਸ ਘਰ ਵਾਲੀ ਥਾਂ ਵਿਚ ਖੂਹੀ ਹੁੰਦੀ ਸੀ ਇਕ, ਉਹ ਪੂਰ ਕੇ ਏਥੇ ਘਰ ਬਣਾ ਲਿਆ ਗਿਆ।"

ਉਸ ਘਰ ਦੇ ਸਾਹਮਣੇ ਗ਼ਲੀ ਸੀ, ਸਾਰੇ ਜਣੇ ਗ਼ਲੀ ਵਿਚ ਮੁੜ ਪਏ। ਅਸੀਂ ਵੀ ਨਾਲ ਨਾਲ ਸਾਂ। ਪਤਾ ਨਹੀਂ ਕਿਧਰ ਲਈ ਜਾ ਰਹੇ ਸਨ!

ਬੀਬੀ ਦੱਸਦੀ ਹੁੰਦੀ ਸੀ, "ਉੱਜੜਨ ਤੋਂ ਕੁਝ ਦਿਨ ਪਹਿਲਾਂ ਹੀ ਬਾਪੂ ਜੀ ਤੈਨੂੰ ਕੁੱਛੜ ਚੁੱਕ ਕੇ ਗੁਰਦੁਆਰੇ ਮੱਥਾ ਟੇਕਣ ਗਏ। ਘਰ ਆ ਕੇ ਉਹਨਾਂ ਤੈਨੂੰ ਕੁੱਛੜੋਂ ਲਾਹਿਆ। ਉਹਨਾਂ ਦੇ ਆਖਣ 'ਤੇ ਮੈਂ ਮਖ਼ਣੀ ਪਾ ਕੇ ਲੱਸੀ ਦਾ ਛੰਨਾਂ ਭਰ ਕੇ ਦਿੱਤਾ। ਲੱਸੀ ਪੀ ਕੇ ਉਹ ਪੈਲ਼ੀਆਂ ਵੱਲ ਜਾਣ ਲਈ ਉੱਠੇ ਹੀ ਸਨ, ਤੂੰ ਉਹਨਾਂ ਦੀ ਉਂਗਲ ਫੜ ਕੇ ਬਾਹਰਲੇ ਬੂਹੇ ਵੱਲ ਖਿੱਚਣ ਲੱਗਾ। ਬਾਪੂ ਜੀ ਹੱਸਣ ਲੱਗੇ, "ਉਏ! ਹੁਣੇ ਤਾਂ ਆਏ ਆਂ। ਹੁਣ ਕਿਧਰ ਜਾਣਾਂ?"...ਪਰ ਤੂੰ ਉਹਨਾਂ ਨੂੰ ਬਾਹਰ ਵੱਲ ਖਿੱਚਦਾ ਗ਼ਲੀ ਵਿਚ ਲੈ ਤੁਰਿਆ। ਬਾਪੂ ਜੀ ਦੇ ਮਨ ਵਿਚ ਸੀ ਕਿ ਤੂੰ ਗੁਰਦੁਆਰੇ ਵੱਲ ਜਾਵੇਂਗਾ। ਪਰ ਤੂੰ ਉਹਨਾਂ ਦੀ ਉਂਗਲ ਖਿੱਚ ਕੇ ਉਸ ਪਾਸੇ ਤੁਰ ਪਿਆ, ਜਿਹੜਾ ਰਾਹ ਪਿੰਡੋਂ ਬਾਹਰ ਨੂੰ ਨਿਕਲਦਾ ਸੀ। ਤੂੰ ਇਕ ਥਾਂ 'ਤੇ ਆ ਕੇ ਖਲੋ ਗਿਆ ਤੇ ਉਂਗਲ ਸਿੱਧੀ ਕਰ ਕੇ ਦੂਰ ਤਕ ਜਾਂਦੇ ਰਾਹ ਵੱਲ ਇਸ਼ਾਰਾ ਕਰ ਕੇ ਕਿਹਾ, "ਔਹ..." ਤੂੰ ਬਾਪੂ ਜੀ ਨੂੰ ਇਸ਼ਾਰੇ ਨਾਲ ਕਹਿ ਰਿਹਾ ਸੈਂ ਕਿ ਤੂੰ ਓਧਰ ਜਾਣਾ ਚਾਹੁੰਦਾਂ ਏਂ, ਜਿਸ ਰਾਹੋਂ ਬਾਪੂ ਜੀ ਕੁਝ ਦਿਨ ਪਹਿਲਾਂ ਆਪਾਂ ਨੂੰ ਸੁਰ ਸਿੰਘ ਗਿਆਂ ਨੂੰ ਨਾਲ ਲੈ ਕੇ ਮੁੜੇ ਸਨ।"

ਕੀ ਮੇਰੇ ਅੰਦਰਲੇ ਬਾਲ ਨੂੰ ਪਤਾ ਲੱਗ ਗਿਆ ਸੀ ਕਿ ਕੁਝ ਦਿਨਾਂ ਬਾਅਦ ਸਾਨੂੰ ਸਦਾ ਲਈ ਪਿੰਡੋਂ ਬਾਹਰ ਨਿਕਲਣਾ ਪੈਣਾ ਸੀ।

ਗ਼ਲੀ ਵਿਚ ਨਾਲ ਤੁਰੇ ਜਾ ਰਹੇ ਸੰਗੀਆਂ ਦੀਆਂ ਗੱਲਾਂ ਵੱਲੋਂ ਅਵੇਸਲਾ ਹੋ ਕੇ ਮੈਂ ਸੋਚਣ ਲੱਗਾ।ਕੁਝ ਕਦਮ ਹੀ ਅੱਗੇ ਜਾ ਕੇ ਇਹ ਗ਼ਲੀ ਦੋ ਹਿਸਿਆਂ ਵਿਚ ਵੰਡੀ ਜਾਂਦੀ ਹੈ। ਦੋਵਾਂ ਹਿੱਸਿਆਂ ਦੀ ਨੁੱਕਰ 'ਤੇ ਇਕ ਮਕਾਨ ਹੈ। ਏਥੋਂ ਗ਼ਲੀ ਉਚਾਣ ਵਿਚ ਹੋਣ ਕਰ ਕੇ ਘਰ ਦੀ ਕੁਰਸੀ ਵੀ ਉੱਚੀ ਹੈ। ਤਿੰਨ ਚਾਰ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਮੈਂ ਵੇਖਦਾ ਹਾਂ ਕਿ ਘਰ ਦੇ ਦਰਵਾਜ਼ੇ ਦੇ ਉਪਰ ਛੋਟੀ ਜਿਹੀ ਪੱਥਰ ਦੀ ਸਿਲ਼ ਲੱਗੀ ਹੋਈ, ਜਿਸ ਉੱਤੇ ਉਰਦੂ ਅੱਖਰਾਂ ਵਿਚ ਕੁਝ ਖੁਣਿਆਂ ਹੋਇਆ ਹੈ। ਜ਼ਾਹਿਰ ਹੈ ਘਰ ਦੇ ਵਰਤਮਾਨ ਮਾਲਕਾਂ ਨੇ ਆਪਣਾ ਨਾਂ ਲਿਖ ਕੇ ਲਾਇਆ ਹੋਵੇਗਾ।

ਸਭ ਜਣੇ ਸਾਡੇ ਅੱਗੇ ਅੱਗੇ ਦਰਵਾਜ਼ੇ ਦੀਆਂ ਪੌੜੀਆਂ ਚੜ੍ਹਦੇ ਹਨ। ਦਰਵਾਜ਼ੇ ਦੇ ਸੱਜੇ ਖੱਬੇ ਦੋਵੇਂ ਪਾਸੇ ਲਾਲ ਸੀਮਿੰਟ ਦੀਆਂ ਕੁਰਸੀਆਂ ਬਣੀਆਂ ਹੋਈਆਂ ਨੇ, ਬੈਠਣ ਵਾਸਤੇ। ਮੈਂ ਸਰਦਲ ਨੂੰ ਮੱਥਾ ਟੇਕਦਾ ਹਾਂ। ਦਰਵਾਜ਼ਾ ਲੰਘ ਕੇ ਅੰਦਰ ਛੱਤਿਆ ਹੋਇਆ ਡਿਉੜ੍ਹੀ-ਨੁਮਾ ਲਾਂਘਾ ਲੰਘ ਕੇ ਵਿਹੜੇ ਵਿਚ ਦਾਖ਼ਲ ਹੁੰਦੇ ਹਾਂ।

ਕਿਸੇ ਨੇ ਕਿਹਾ, "ਲਓ ਜੀ! ਤੁਹਾਡੀਆਂ ਦੱਸੀਆਂ ਨਿਸ਼ਾਨੀਆਂ ਮੁਤਾਬਕ ਸਾਨੂੰ ਤਾਂ ਤੁਹਾਡਾ ਘਰ ਇਹੋ ਲੱਗਦਾ ਹੈ। ਹੁਣ ਤੁਸੀਂ ਵੇਖ ਕੇ ਪਛਾਣੋ।"

"ਏਹੋ ਈ ਏ ਜੀ!" ਕਿਸੇ ਹੋਰ ਨੇ ਪੂਰੇ ਯਕੀਨ ਨਾਲ ਕਿਹਾ।

"ਜਿਸਰਾਂ ਤੁਸੀਂ ਦੱਸਿਆ ਸੀ, ਓਸੇ ਤਰ੍ਹਾਂ ਹੀ ਏ ਸਭ ਕੁਝ। ਆਹ ਵੇਖੋ ਦੋ ਕਮਰੇ। ਸਾਡਾ ਆਈਡੀਆ ਸੀ ਕਿ ਏਹੋ ਈ ਏ।" ਸੈਫ਼ ਨੂੰ ਪੂਰਾ ਯਕੀਨ ਹੈ।

ਮੇਰੇ ਅੰਦਰ ਕੁਝ ਕੜੱਕ ਕਰ ਕੇ ਟੁੱਟਦਾ ਹੈ। ਮੈਂ ਰੋਣ ਨੂੰ ਮਸਾਂ ਡੱਕਦਾ ਹਾਂ। ਅੱਖਾਂ ਵਿਚੋਂ

ਪਾਣੀ ਸਿੰਮ ਆਇਆ ਹੈ। ਮੈਨੂੰ ਜਜ਼ਬਾਤੀ ਹੋਇਆ ਵੇਖ ਅਹਿਮਦ ਰਜ਼ਾ ਮੈਨੂੰ ਆਪਣੀ ਵੱਖੀ ਨਾਲ ਘੁੱਟ ਕੇ ਦਿਲਾਸਾ ਦਿੰਦਾ ਹੈ। ਰਜਵੰਤ ਮੇਰੇ ਮੋਢੇ 'ਤੇ ਹੱਥ ਰੱਖ ਕੇ ਹੌਸਲਾ ਰੱਖਣ ਲਈ ਆਖਦੀ ਹੈ।

ਹੁਣ ਸੈਫ਼ ਮੈਨੂੰ ਸਿੱਧਾ ਸਵਾਲ ਕਰਦਾ ਹੈ," ਉਹੋ ਘਰ ਏ ਨਾ!"

ਮੇਰਾ ਗੱਚ ਭਰਿਆ ਹੋਇਆ ਹੈ। ਤਰਲ ਆਵਾਜ਼ ਵਿਚ ਜਵਾਬ ਦਿੰਦਾ ਹਾਂ, "ਓਹੋ ਘਰ ਹੈ।!"

ਸੈਫ਼ ਮੁੜ ਭਰੋਸੇ ਨਾਲ ਕਹਿੰਦਾ ਹੈ, "ਉਹੋ ਦੋ ਕਮਰੇ, ਤੇ ਜਿਵੇਂ ਇਹ ਦੱਸਦੇ ਨੇ ਕਿ ਜਦੋਂ ਇਹ ਘਰ ਬਣਿਆਂ ਸੀ, ਉਦੋਂ ਵੱਡੀ ਇੱਟ ਆ ਚੁੱਕੀ ਸੀ।"

ਘਰ ਵਾਲਿਆਂ ਨੂੰ ਕਿਹਾ ਜਾਂਦਾ ਹੈ ਕਿ ਸਾਨੂੰ ਕਮਰਿਆਂ ਨੂੰ ਅੰਦਰੋਂ ਵੇਖਣ ਲੈਣ ਦੇਣ। ਪਰਿਵਾਰ ਦਾ ਨੌਜਵਾਨ ਅਰਸਲਾਨ ਅਦਬ ਨਾਲ ਸਾਨੂੰ ਕਮਰੇ ਵਿਚ ਜਾਣ ਲਈ ਰਾਹ ਛੱਡਦਾ ਹੈ।

"ਕਿਉਂ ਜੀ, ਏਹੋ ਹੀ ਏ ਨਾ ਵਰਿਆਮ ਸਾਹਬ!" ਇਰਫ਼ਾਨਉੱਲ੍ਹਾ ਪੁੱਛਦਾ ਹੈ। ਉਹਦੇ ਬੋਲਾਂ ਵਿਚ ਖ਼ੁਸ਼ੀ ਹੈ ਕਿ ਉਹਨਾਂ ਨੇ ਮੈਨੂੰ ਮੇਰਾ ਘਰ ਲੱਭ ਦਿੱਤਾ ਹੈ। ਮੇਰਾ ਅੰਦਰ ਡੁੱਲ੍ਹਣ ਡੁੱਲ੍ਹਣ ਕਰਦਾ ਹੈ। ਗਲ਼ਾ ਰੁੰਨ੍ਹਿਆਂ ਹੋਇਆ ਹੈ।

"ਓਹੋ ਐ!" ਪਤਾ ਨਹੀਂ ਮੈਂ ਕਿਹੜੇ ਯਕੀਨ ਨਾਲ ਕਹਿੰਦਾ ਹਾਂ।

ਉਹ ਮੇਰੀ ਮਨੋਦਸ਼ਾ ਸਮਝਦਾ ਹੈ ਤੇ ਉਹਦੇ ਮੂੰਹੋਂ ਨਿਕਲਦਾ ਹੈ, "ਆਏ ਹਾਏ!"

ਸੈਫ਼ ਦੇ ਚਿਹਰੇ ਤੋਂ ਖ਼ੁਸ਼ੀ ਡੁੱਲ੍ਹ ਡੁੱਲ੍ਹ ਪੈ ਰਹੀ ਹੈ, "ਉਹੋ ਦੀਵਾਰਾਂ ਨੇ ਜੀ। ਕੋਈ ਚੇਂਜ ਨਹੀਂ!"

"ਮੇਰੀ ਮਾਂ ਨੇ ਦੱਸ ਕੇ ਜਿਹੜਾ ਨਕਸ਼ਾ ਬੰਨ੍ਹਿਆਂ ਸੀ, ਉਹੋ ਨਕਸ਼ਾ ਲੱਗਦਾ ਹੈ!"

"ਤੁਸੀਂ ਸਾਨੂੰ ਦੱਸਿਆ ਸੀ ਨਾ ਜਿਵੇਂ, ਇਹ ਉਹੋ ਘਰ ਏ।" ਇਰਫ਼ਾਨਉੱਲ੍ਹਾ ਵੀ ਖ਼ੁਸ਼ ਹੈ।

ਮੈਂ ਉਹਨਾਂ ਦਾ ਹੱਥ ਜੋੜ ਕੇ ਸ਼ੁਕਰੀਆ ਕਰਦਾ ਹਾਂ।

ਮਾਹੌਲ ਭਾਰੀ ਹੋ ਗਿਆ ਹੈ। ਰਜਵੰਤ ਨੇ ਇਸ ਭਾਰੇਪਨ ਨੂੰ ਘਟਾਉਣ ਲਈ ਕਿਹਾ, "ਮੈਂ ਵਿਆਹ ਕੇ ਇਸ ਘਰ ਵਿਚ ਆਉਣਾ ਸੀ। ਏਥੋਂ ਜਾ ਕੇ ਇਹਨਾਂ ਜਿਹੜਾ ਘਰ ਮੱਲਿਆ ਸੀ, ਉਹ ਤਾਂ ਕੱਚਾ ਸੀ। ਇਹ ਤਾਂ ਫਿਰ ਵੀ ਪੱਕਾ ਘਰ ਹੈ।"

ਸਾਰੇ ਹੱਸਦੇ ਹਨ। ਉਦਾਸੀ ਦਾ ਬੋਝਲ ਮਾਹੌਲ ਹੌਲ਼ਾ ਹੋ ਗਿਆ ਹੈ।

ਕਮਰੇ ਵਿਚ ਇਕ ਪਾਸੇ ਸੋਫ਼ਾ ਪਿਆ ਹੈ। ਦੋ ਪਲੰਘ ਡੱਠੇ ਹਨ। ਸਾਹਮਣੇ ਦੋ ਅਲਮਾਰੀਆਂ ਨੇ। ਅਸੀਂ ਦੂਜੇ ਕਮਰੇ ਵਿਚ ਨਹੀਂ ਜਾਂਦੇ।

"ਮੇਰੀ ਖ਼ੁਸ਼ਬਖ਼ਤੀ ਕਿ ਮੈਂ ਹਫ਼ਤਾ ਪਹਿਲਾਂ ਕੋਸ਼ਿਸ਼ ਕੀਤੀ। ਘਰ ਲੱਭ ਗਿਆ। ਇਹ ਤੁਹਾਡਾ ਘਰ ਨਹੀਂ, ਸਾਰੇ ਪੰਜਾਬ ਦਾ ਘਰ ਏ।" ਅਹਿਮਦ ਰਜ਼ਾ ਵੀ ਖ਼ੁਸ਼ ਹੈ।

ਅਸੀਂ ਬਾਹਰ ਆ ਜਾਂਦੇ ਹਾਂ। ਵਿਹੜੇ ਵਿਚ ਕੁਰਸੀਆਂ ਲੱਗ ਗਈਆਂ ਹਨ। ਵਿਚਕਾਰ ਮੇਜ਼ 'ਤੇ ਖਾਣ ਦੀਆਂ ਚੀਜ਼ਾਂ ਵਸਤਾਂ ਪਈਆਂ ਹਨ। ਠੰਢੇ ਦੇ ਗਿਲਾਸ ਰੱਖ ਦਿੱਤੇ ਗਏ ਨੇ। ਘਰ ਦੀ ਸੁਆਣੀ ਨੇ ਰਸੋਈ ਵਿਚ ਚਾਹ ਧਰ ਦਿੱਤੀ ਹੈ।...

...ਇਕ ਕੁਤਰਵਾਂ ਖ਼ਿਆਲ ਵੀ ਮੇਰੇ ਅੰਦਰ ਨਾਲ ਤੁਰਦਾ ਰਿਹਾ ਸੀ ਕਿ ਕੀ ਸੱਚਮੁੱਚ ਇਹ ਘਰ ਸਾਡਾ ਹੈ? ਸੱਚੀ ਗੱਲ 'ਸਾਡਾ ਸੂਡਾ' ਤਾਂ ਹੁਣ ਕੀ ਹੋਣਾ ਸੀ, ਪਰ ਕੀ ਇਹ ਉਹੋ ਮਕਾਨ ਹੈ ਜੋ ਮੇਰੇ ਬਾਬੇ ਚੰਦਾ ਸਿੰਘ ਨੇ ਬਣਵਾਇਆ ਸੀ!

ਯਕੀਨ ਤਾਂ ਕਰ ਲਿਆ ਹੈ, ਆਖੀ ਵੀ ਜਾਂਦਾਂ ਕਿ ਹਾਂ ਉਹੋ ਘਰ ਹੈ , ਪਰ ਮੈਨੂੰ ਯਕੀਨ ਕਿਉਂ ਨਹੀਂ ਹੋ ਰਿਹਾ। ਵਿਹੜੇ ਵਿਚ ਖਲੋਤਾ ਮੈਂ ਘਰ ਦਾ ਆਲ਼ਾ ਦੁਆਲ਼ਾ ਵੇਖ ਰਿਹਾਂ। ਮੇਰੇ ਮਨ ਵਿਚ ਉੱਡਦਾ ਜਿਹਾ ਖ਼ਿਆਲ ਆਉਂਦਾ ਹੈ ਕਿ ਬੀਬੀ ਕਹਿੰਦੀ ਹੁੰਦੀ ਸੀ ਕਿ ਦੋ ਕਮਰੇ ਤੇ ਅੱਗੇ ਸੁਫ਼ਾ ਤੇ ਪੱਕੀ ਰਸੋਈ ਸੀ। ਪਰ ਇਸ ਮਕਾਨ ਦੇ ਦੋ ਕਮਰਿਆਂ ਅੱਗੇ ਵਰਾਂਡਾ ਸੀ। ਪੱਕੀ ਰਸੋਈ ਵਿਹੜੇ ਦੇ ਦੂਜੇ ਪਾਸੇ ਕਮਰਿਆਂ ਦੇ ਸਾਹਮਣੇ ਸੀ। ਮੈਂ ਮਨ ਨੂੰ ਸਮਝਾਉਂਦਾ ਹਾਂ ਕਿ ਸ਼ਾਇਦ ਕਮਰਿਆਂ ਅੱਗੇ ਸੁਫ਼ੇ ਦੀ ਥਾਂ ਵਰਾਂਡਾ ਹੀ ਹੋਏ। ਸ਼ਾਇਦ ਮੇਰੇ ਚੇਤੇ ਵਿਚ ਹੀ ਕੋਈ ਨੁਕਸ ਹੋਵੇ! ਇਕ ਗੱਲ ਤਾਂ ਠੀਕ ਸੀ ਕਿ ਘਰ ਵੱਡੀਆਂ ਪੱਕੀਆਂ ਇੱਟਾਂ ਦਾ ਸੀ ਤੇ ਵੰਡ ਤੋਂ ਕੁਝ ਚਿਰ ਪਹਿਲਾਂ ਦਾ ਹੀ ਬਣਿਆਂ ਹੋਇਆ ਜਾਪਦਾ ਸੀ। ਸਾਰੇ ਮੈਨੂੰ ਕਮਰਿਆਂ ਦੇ ਦਰਸ਼ਨ ਕਰਾਉਣ ਲਈ ਅੰਦਰ ਲੈ ਕੇ

ਜਾਂਦੇ ਹਨ। ਮੈਂ ਭਾਵੁਕ ਹੋ ਗਿਆਂ। ਮੇਰੇ ਅੰਦਰ ਨੂੰ ਯਕੀਨ ਜਿਹਾ ਆ ਗਿਆ ਹੈ। ਜਾਂ ਮੈਂ ਯਕੀਨ ਕਰ ਲਿਆ ਹੈ। ਸੁਫ਼ੇ ਤੇ ਵਰਾਂਡੇ ਵਿਚਲਾ ਫ਼ਰਕ ਨਾ ਹੋਵੇ ਤਾਂ ਘਰ ਉਹੋ ਜਾਪਦਾ ਹੈ। ਜਿਹੜੇ ਏਨੇ ਯਕੀਨ ਨਾਲ ਕਹਿ ਰਹੇ ਨੇ ਕਿ 'ਘਰ ਏਹੋ ਹੀ ਹੈ', ਉਹਨਾਂ ਵੀ ਤਾਂ ਕੁਝ ਪੜਤਾਲ ਕਰ ਕੇ ਹੀ ਭਰੋਸਾ ਜਤਾਇਆ ਹੋਇਆ ਹੈ। ਮੇਰਾ ਮਨ ਮੰਨਣ ਲੱਗਾ ਹੈ ਕਿ ਇਹ ਘਰ ਸਾਡਾ ਹੀ ਹੈ। ਮੈਂ ਅੰਦਰੋਂ ਅੱਧਾ ਕੁ ਅਜੇ ਵੀ ਅਣਮੰਨਿਆਂ ਹਾਂ ਪਰ ਫਿਰ ਵੀ ਕਹਿੰਦਾ ਹਾਂ, "ਦੱਸੀਆਂ ਨਿਸ਼ਾਨੀਆਂ ਮੁਤਾਬਕ ਸਾਡਾ ਘਰ ਏਹੋ ਹੀ ਲੱਗਦਾ ਹੈ!"

ਘਰ ਵਾਲਿਆਂ ਨੇ ਠੰਢੇ, ਚਾਹ ਤੇ ਖਾਣ-ਪੀਣ ਦੀਆਂ ਵਸਤਾਂ ਨਾਲ ਮੇਜ਼ ਭਰ ਦਿੱਤਾ ਹੈ। ਅਸੀਂ ਵਿਹੜੇ ਵਿਚ ਬਹਿ ਜਾਂਦੇ ਹਾਂ। ਪਰ ਇਕ ਖੁਤਖੁਤੀ ਅਜੇ ਵੀ ਹੈ ਕਿ ਜਿਹੜਾ ਬੀਬੀ ਦੱਸਦੀ ਹੁੰਦੀ ਸੀ, "ਦੋ ਨਵੇਂ ਪੱਕੇ ਕੋਠੇ, ਅੱਗੇ ਸੁਫ਼ਾ ਤੇ ਰਸੋਈ ਬਣਵਾਈ। ਡੰਗਰਾਂ ਲਈ ਵੱਖਰਾ ਕੱਚਾ ਕੋਠਾ ਤੇ ਪੱਕਾ ਬਰਾਂਡਾ ਬਣਵਾਇਆ। ਬਰਾਂਡੇ ਵਿਚ ਟੋਕਾ ਲਵਾਇਆ। ਉਦੋਂ ਮਸ਼ੀਨੀ ਟੋਕਾ ਕਿਸੇ ਕਿਸੇ ਦੇ ਘਰ ਹੁੰਦਾ ਸੀ।..."

ਬਰਾਂਡੇ ਤੇ ਸੁਫ਼ੇ ਦੇ ਫ਼ਰਕ ਨੂੰ ਤਾਂ ਮੈਂ, ਮਨ ਹੀ ਮਨ ਵਿਚ ਸੁਲਝਾ ਲਿਆ ਸੀ, ਪਰ ਇਸ ਵਿਹੜੇ ਵਿਚ ਏਨੇ ਡੰਗਰ ਕਿੱਥੇ ਬੱਝਦੇ ਹੋਣਗੇ?...ਨਹੀਂ, ਅਸੀਂ ਕਿਸੇ ਹੋਰ ਘਰ ਨੂੰ ਆਪਣਾ ਘਰ ਸਮਝੀ ਜਾਂਦੇ ਹਾਂ। ਮੈਂ ਉਦਾਸ ਹੋ ਗਿਆ। ਫਿਰ ਸਭ ਨਾਲ ਆਪਣੇ ਮਨ ਦਾ ਵਿਸਵਿਸਾ ਸਾਂਝਾ ਕੀਤਾ, "ਬੀਬੀ ਦੱਸਦੀ ਹੁੰਦੀ ਸੀ ਕਿ ਸਾਡੇ ਕੋਲ਼ ਉਸ ਵੇਲ਼ੇ ਚਾਰ ਮੱਝਾਂ, ਦੋ ਝੋਟੀਆਂ, ਊਠ, ਘੋੜੀ, ਇਕ ਲਬੋਚੜ ਗਾਂ ਤੇ ਦੋ ਬਲ਼ਦ ਹੁੰਦੇ ਸਨ। ਇਕ ਪੱਕਾ ਬਰਾਂਡਾ ਵੀ ਸੀ। ਉਸ ਹਿਸਾਬ ਨਾਲ ਏਨੇ ਡੰਗਰ ਇਸ ਵਿਹੜੇ ਵਿਚ ਤਾਂ ਬੱਝ ਨਹੀਂ ਸਨ ਸਕਦੇ!"

ਕਿਸੇ ਨੇ ਮੇਰੇ ਡਿੱਗਦੇ ਵਿਸ਼ਵਾਸ ਨੂੰ ਭਾਰੀ ਠੁੰਮ੍ਹਣਾ ਦੇ ਦਿੱਤਾ।

"ਲੌ ਜੀ, ਆਹ ਵੇਖੋ ਸੱਜੇ ਹੱਥ ਵੱਲ। ਇਸ ਦਰਵਾਜ਼ੇ ਤੋਂ ਪਾਰ ਜੁੜਵੀਂ ਹਵੇਲੀ ਨਾਲ ਹੀ ਤਾਂ ਹੈ।"

ਸੱਜੇ ਹੱਥ ਦੋਵੇਂ ਪਾਸੇ ਤਿੰਨ-ਤਿੰਨ, ਚਾਰ-ਚਾਰ ਫੁੱਟ ਦੀਆਂ ਬੁਰਜੀਆਂ ਦੇ ਸੰਨ੍ਹ ਵਿਚ ਲੋਹੇ ਦਾ ਇਕ ਵੱਡਾ ਗੇਟ ਹੈ। ਗੇਟ ਦੇ ਵਿਚ ਆਉਣ ਜਾਣ ਲਈ ਇਕ ਛੋਟਾ ਗੇਟ ਵੀ ਲੱਗਾ ਹੋਇਆ ਹੈ, ਜੋ ਇਸ ਵੇਲ਼ੇ ਖੁੱਲ੍ਹਾ ਹੋਇਆ ਹੈ। ਪਰਲੇ ਪਾਸੇ ਹਵੇਲੀ ਦਾ ਵਿਹੜਾ ਨਜ਼ਰ ਆ ਰਿਹਾ ਹੈ। ਮੈਂ ਹਵੇਲੀ ਉੱਤੇ ਝਾਤ ਪਾਉਣਾ ਚਾਹੁੰਦਾ ਸਾਂ। ਅਸੀਂ ਮਕਾਨ ਦੀਆਂ ਪੌੜੀਆਂ ਚੜ੍ਹ ਕੇ ਛੱਤ 'ਤੇ ਗਏ। ਸਾਹਮਣੇ ਬੁਰਜੀਆਂ 'ਤੇ ਖਲੋਤਾ ਬਰਾਂਡਾ ਦਿਸਦੇ ਸਾਰ ਹੀ ਮੇਰਾ ਮਨ ਖਿੜ ਜਾਂਦਾ ਹੈ। ਸਾਰੇ ਵਿਸਵਿਸੇ ਦੂਰ ਹੋ ਜਾਂਦੇ ਹਨ। ਘਰ ਦੇ ਵਿਹੜੇ ਨਾਲੋਂ ਵੀ ਹਵੇਲੀ ਦਾ ਵਿਹੜਾ ਕੁਝ ਜ਼ਿਆਦਾ ਖੁੱਲ੍ਹਾ ਹੈ। ਇਸ ਘਰ ਵਿਚ ਰਹਿਣ ਵਾਲੇ ਸ਼ਾਇਦ ਵਾਹੀ-ਖੇਤੀ ਨਹੀਂ ਕਰਦੇ, ਇਸ ਲਈ ਹਵੇਲੀ ਵਿਚ ਕੋਈ ਮਾਲ-ਡੰਗਰ ਨਹੀਂ। ਹੁਣ ਮੈਂ ਕੋਠੇ ਦੀ ਛੱਤ 'ਤੇ ਪੱਕੇ ਪੈਰੀਂ ਖਲੋਤਾ ਹਾਂ। ਆਪਣੇ ਘਰ ਦੀ ਛੱਤ 'ਤੇ। ਬਰਾਂਡੇ ਤੇ ਸੁਫ਼ੇ ਵਿਚਲਾ ਫ਼ਰਕ ਹੀ ਰਹਿ ਗਿਆ, ਬਾਕੀ ਤਾਂ ਸਭ ਕੁਝ ਦੱਸੀਆਂ ਨਿਸ਼ਾਨੀਆਂ ਮੁਤਾਬਕ ਐਨ ਠੀਕ ਹੈ। ਮਨ ਦ੍ਰਵ ਗਿਆ ਹੈ।

ਵਾਪਸ ਆ ਕੇ ਤਸੱਲੀ ਨਾਲ ਕੁਰਸੀ 'ਤੇ ਬਹਿ ਜਾਂਦਾ ਹਾਂ। ਸਾਰੇ ਜਣੇ ਮੇਰੇ ਨਾਲ ਬੈਠੇ ਹਨ। ਮੇਰੇ ਇਕ ਪਾਸੇ ਰਜਵੰਤ ਤੇ ਦੂਜੇ ਪਾਸੇ ਅਹਿਮਦ ਰਜ਼ਾ ਬੈਠੇ ਹਨ। ਅਹਿਮਦ ਰਜ਼ਾ ਮੇਰੇ ਮਨੋਭਾਵਾਂ ਦਾ ਵਰਨਣ ਹੀ ਕਰ ਰਿਹਾ ਹੈ, ਮੈਂ ਸੁੰਨ ਜਿਹਾ ਹੋਇਆ ਸੁਣੀ ਜਾ ਰਿਹਾਂ।

ਰਜਵੰਤ ਕਹਿੰਦੀ ਹੈ, "ਬੀ ਜੀ ਦੱਸਦੇ ਹੁੰਦੇ ਸੀ ਕਿ ਅਜੇ ਵਿਆਹ ਨੂੰ ਕੁਝ ਚਿਰ ਹੀ ਤਾਂ ਹੋਇਆ ਸੀ, ਸਾਰਾ ਦਾਜ ਉਹਨਾਂ ਦਾ ਘਰ ਵਿਚ ਸੀ। ਉਹਨਾਂ ਚੀਜ਼ਾਂ ਵਿਚੋਂ ਕੁਝ ਵੀ ਵਰਤ ਕੇ ਨਹੀਂ ਸੀ ਵੇਖਿਆ। ਉਹਨਾਂ ਚੀਜ਼ਾਂ 'ਤੇ ਉਹਨਾਂ ਦਾ ਆਪਣਾ ਹੱਕ ਸੀ। ਬਾਕੀ ਸਭ ਕੁਝ ਤਾਂ ਉਸ ਘਰ ਵਿਚ ਨਵਾਂ ਹੀ ਸੀ।...ਉਹਨਾਂ ਦੇ ਸਹੁਰਿਆਂ ਪੇਕਿਆਂ ਦੇ ਗਹਿਣੇ ਵੀ ਸਾਰੇ ਏਥੇ ਰਹਿ ਗਏ। ਪੈਸੇ ਦੀ ਚੀਜ਼ ਵੀ ਨਾ ਚੁੱਕ ਸਕੇ। ਔਰਤ ਲਈ ਦਾਜ ਤੇ ਗਹਿਣੇ ਬੜੀ ਚੀਜ਼ ਹੁੰਦੇ ਨੇ!...ਇਹ ਵੀ ਠੀਕ ਹੈ ਕਿ ਉਸ ਵੇਲੇ ਕਿਸੇ ਨੇ ਘੱਟ ਨਹੀਂ ਸੀ ਕੀਤੀ। ਹਿੰਦੂ ਸਿੱਖ ਹੋਣ ਜਾਂ ਮੁਸਲਮਾਨ ਹੋਣ। ਪਰ ਇਹ ਵੀ ਗੱਲ ਵੇਖਣ ਵਾਲੀ ਹੈ ਕਿ ਸਭ ਕੁਝ ਲੁਟਾ ਕੇ, ਸਭ ਕੁਝ ਗਵਾ ਕੇ ਆਉਣ ਵਾਲੇ ਲੋਕਾਂ

ਨੇ ਮੁੜ ਆਪਣੀ ਹਿੰਮਤ ਨਾਲ ਆਪਣੀਆਂ ਜੜ੍ਹਾਂ ਕਿਵੇਂ ਲਾਈਆਂ।"

ਮੈਨੂੰ ਵੀ ਬੀਬੀ ਯਾਦ ਆਉਂਦੀ ਹੈ। ਕਹਿੰਦੀ ਹੁੰਦੀ ਸੀ, "ਵਿਆਹ ਤੋਂ ਬਾਅਦ ਪਹਿਲਾਂ ਤਾਂ ਕੁਝ ਚਿਰ ਭਡਾਣੇ ਵਾਲੇ ਪੁਰਾਣੇ ਘਰ ਵਿਚ ਰਹਿਣ ਪਿੱਛੋਂ ਬਾਰ ਵਿਚ ਚਲੇ ਗਏ। ਬਾਅਦ ਵਿਚ ਜਦੋਂ ਬਾਪੂ ਜੀ ਨਵਾਂ ਮਕਾਨ ਪਾਉਣ ਲਈ ਭਡਾਣੇ ਆ ਗਏ ਤਾਂ ਅਸੀਂ ਸੁਰ ਸਿੰਘ ਚਲੇ ਗਏ। ਸੁਰ ਸਿੰਘ ਹੁੰਦੇ ਸਾਂ ਤਾਂ ਮਿਲ ਤਾਂ ਸਭ ਕੁਝ ਜਾਂਦਾ ਸੀ ਭਾਵੇਂ, ਪਰ, ਫਿਰ ਵੀ ਹਰ ਚੀਜ਼ ਲਈ ਤੁਹਾਡੇ ਸੁਰ ਸਿੰਘ ਵਾਲੇ ਬਾਪੂ ਜੀ ਦੇ ਹੱਥਾਂ ਵੱਲ ਵੇਖਣਾ ਪੈਂਦਾ ਸੀ। ਮੈਨੂੰ ਤਾਂ ਕੀ, ਤੁਹਾਡੇ ਪਿਉ ਨੂੰ ਵੀ ਇਹ ਗੱਲ ਅੰਦਰੇ-ਅੰਦਰ ਖਾਂਦੀ ਸੀ ਕਿ ਉਸ ਘਰ 'ਤੇ ਸਾਡਾ ਪਹਿਲਾ ਹੱਕ ਨਹੀਂ ਹੈ। ਭਾਵੇਂ ਲੁਕਾਇਆ ਉਹਨਾਂ ਨੇ ਵੀ ਸਾਥੋਂ ਕੁਝ ਨਹੀਂ ਸੀ, ਪਰ ਇਕ ਗੱਲ ਹੁੰਦੀ ਏ ਨਾ ਕਿ ਲੋੜ ਹੋਵੇ ਤਾਂ ਤੁਸੀਂ ਉਸੇ ਵੇਲੇ ਆਪਣੇ ਬੋਝੇ ਵਿਚ ਹੱਥ ਪਾ ਕੇ ਹੱਕ ਨਾਲ ਆਪਣੇ ਦਿਲ ਦੀ ਚਾਹ ਪੂਰੀ ਕਰ ਸਕਦੇ ਓ, ਪਰ ਜਦੋਂ ਕਿਸੇ ਹੋਰ ਦੇ ਬੋਝੇ ਵੱਲ ਵੇਖਣਾ ਪੈਂਦਾ, ਬੜਾ ਔਖਾ ਹੁੰਦਾ। ਜਦੋਂ ਭਡਾਣੇ ਵਾਲੇ ਘਰ ਵਿਚ ਆਏ ਤਾਂ ਲੱਗਾ ਜਿਵੇਂ ਉੱਖੜੇ ਪੈਰਾਂ ਨੂੰ ਜ਼ਮੀਨ ਮਿਲ ਗਈ ਹੋਵੇ। ਠੰਢ ਜਿਹੀ ਪੈ ਗਈ ਸੀ ਕਲੇਜੇ ਨੂੰ। ਇਹ ਸਾਡਾ ਘਰ ਹੈ, ਇਸ ਵਿਚਲਾ ਸਭ ਕੁਝ ਸਾਡਾ ਹੈ, ਮੇਰਾ ਹੈ, ਇਹੋ ਸੋਚ ਕੇ ਹੀ ਮਨ ਚੈਨ ਨਾਲ ਭਰ ਜਾਂਦਾ ਸੀ। ਘਰ ਵਿਚ ਤੁਰਦੀ ਸਾਂ ਤਾਂ ਉਸ ਵਿਹੜੇ ਨਾਲ, ਘਰ ਦੀਆਂ ਕੰਧਾਂ ਨਾਲ ਵੀ ਮੋਹ ਆਉਂਦਾ ਸੀ।..."

ਵੈਰਾਗ਼ੇ ਮਨ ਨਾਲ ਮੈਂ ਬੀਬੀ ਨੂੰ ਇਸ ਵਿਹੜੇ ਵਿਚ ਖਲੋਤੀ ਵੇਖ ਰਿਹਾਂ। ਮੈਂ ਉਹਦੇ ਕੁੱਛੜ ਹਾਂ। ਕਦੀ ਉਹ ਮੈਨੂੰ ਕਮਰਿਆਂ ਵੱਲ ਲਿਜਾਂਦੀ ਹੈ, ਕਦੀ ਹਵੇਲੀ ਦਾ ਦਰਵਾਜ਼ਾ ਲੰਘ ਕੇ ਡੰਗਰਾਂ ਕੋਲ਼ ਲਿਜਾਂਦੀ ਹੈ। ਗਾਂ ਦੇ ਨਵ-ਜੰਮੇਂ ਵੱਛੇ ਦੇ ਕੂਲ਼ੇ ਪਿੰਡੇ 'ਤੇ ਮੇਰਾ ਹੱਥ ਲਾਉਂਦੀ ਹੈ। ਬਲ਼ਦਾਂ ਦੇ ਪਿੰਡੇ 'ਤੇ ਥਾਪੀ ਦਿੰਦੀ ਹੈ। ਮੈਨੂੰ ਸੱਜਰ ਸੂਈ ਮੱਝ ਦੀ ਕੱਟੀ ਨਾਲ ਲਾਡ ਲਡਾਉਣ ਲਈ ਉਤਾਰ ਕੇ ਮੱਝਾਂ ਦੀ ਖੁਰਲੀ ਵਿਚ ਹੱਥ ਮਾਰ ਕੇ ਪੱਠਿਆਂ ਨੂੰ ਠੀਕ ਕਰਨ ਲੱਗਦੀ ਹੈ। ਫਿਰ ਹੱਥ ਝਾੜ ਕੇ ਮੈਨੂੰ ਉਂਗਲੀ ਲਾ ਕੇ ਵਿਹੜੇ ਵਿਚ ਪਰਤ ਆਉਂਦੀ ਹੈ ਤੇ ਆ ਕੇ ਮੇਰੇ ਨਾਲ ਹੀ ਮੰਜੀ 'ਤੇ ਬਹਿ ਕੇ ਰਜਵੰਤ ਨੂੰ ਆਪਣੀ ਬੁੱਕਲ਼ ਵਿਚ ਲੈ ਲੈਂਦੀ ਹੈ।

ਸਭ ਕੁਝ ਸੁਪਨੇ ਵਾਂਗ ਹੈ। ਅੰਦਰ ਦਰਦ ਦਾ ਦਰਿਆ ਵਹਿ ਰਿਹਾ ਹੈ। ਬੰਨੇ ਤੋੜ ਕੇ ਅੱਖਾਂ ਵਿਚੋਂ ਵੀ ਵਗਣ ਵਗਣ ਕਰਦਾ ਹੈ।

ਸਤੁੰਸ਼ਟ ਤੇ ਰੱਜੇ ਮਨ ਨਾਲ ਮੇਰੇ ਅੰਦਰੋਂ ਸ਼ਬਦ ਕਿਰਦੇ ਹਨ-

"...ਇਹ ਠੀਕ ਹੈ ਕਿ ਹਾਲਾਤ ਨੇ ਬੇਸ਼ੱਕ ਸਾਡੇ ਵਿਚਕਾਰ ਕੰਡੇਦਾਰ ਤਾਰਾਂ ਲਵਾ ਦਿੱਤੀਆਂ। ਸਾਡੇ ਦਰਮਿਆਨ ਵੱਡੀਆਂ ਜੰਗਾਂ ਵੀ ਨੇ, ਲਾਸ਼ਾਂ ਦੇ ਢੇਰ ਵੀ ਨੇ ਮਾਵਾਂ ਦੇ ਪੁੱਤਾਂ ਦੇ, ਪਰ ਤੁਹਾਡੇ ਵਰਗੇ ਦਰਿਆ ਦਿਲ ਮੁਹੱਬਤੀ ਲੋਕਾਂ ਨੇ ਇਹਨਾਂ ਲਾਸ਼ਾਂ ਦੇ ਢੇਰਾਂ ਉੱਤੋਂ, ਕੰਡੇਦਾਰ ਤਾਰਾਂ ਦੇ ਉੱਤੋਂ ਮੁਹੱਬਤ ਦੀ ਇਕ ਸਤੱਰੰਗੀ ਪੀਂਘ ਏਧਰੋਂ ਓਧਰੋਂ, ਉਰਾਰ-ਪਾਰ ਜੋੜ ਦਿੱਤੀ ਹੈ। ਦੋਵਾਂ ਮੁਲਕਾਂ ਦੇ ਦਰਦਮੰਦ ਲੋਕਾਂ ਦੇ ਦਿਲਾਂ ਦੀ ਤਾਰ ਜੋੜ ਦਿੱਤੀ ਹੈ। ਬਾਰੂਦ ਦੀ ਬੋ ਉੱਤੇ ਤੁਸੀਂ ਮੁਹੱਬਤ ਦੀ ਖ਼ੁਸ਼ਬੂ ਦੀ ਤਹਿ ਵਿਛਾ ਦਿੱਤੀ ਹੈ। ਬਾਰੂਦ ਦੀ ਬੋ ਨਾਲੋਂ ਮੁਹੱਬਤ ਦੀ ਖ਼ੁਸ਼ਬੂ ਕਿਤੇ ਭਾਰੀ ਹੋ ਗਈ ਏ। ਤੁਸੀਂ ਜਿਹੜੇ ਮੋਹ ਮੁਹੱਬਤ ਦੇ ਸੱਤੇ ਰੰਗ ਖਿਲਾਰ ਕੇ ਸਾਡੇ ਅੱਗੇ ਲਿਆ ਧਰੇ ਨੇ, ਸਾਡਾ ਰੋਮ ਰੋਮ ਤੁਹਾਡਾ ਸਭਨਾਂ ਦਾ ਸ਼ੁਕਰਗੁਜ਼ਾਰ ਹੈ। ਤੁਹਾਨੂੰ ਰੱਬ ਦੀਆਂ ਰੱਖਾਂ! ਤੁਸੀਂ ਮੇਰਾ ਖ਼ੂੰਨ ਜੇ, ਮੇਰੇ ਆਪਣੇ। ਰੰਗਾਂ ਦੇ ਦਰਿਆ! ਤੁਸੀਂ ਸਰਹੱਦਾਂ ਅਤੇ ਕੰਡੇਦਾਰ ਵਾੜਾਂ ਦੇ ਉੱਪਰ ਦੀ ਮੁਹੱਬਤ ਦਾ ਸਤਰੰਗਾ ਇੰਦਰ-ਧਨੁੱਖੀ ਪੁਲ ਉਸਾਰ ਕੇ ਇਕ ਦੂਜੇ ਤਕ ਪੁੱਜਣ ਅਤੇ ਇਕ ਦੂਜੇ ਨੂੰ ਸਮਝਣ ਦਾ ਸੁਲੱਖਣਾ ਉਪਰਾਲਾ ਕੀਤਾ ਹੈ। ਇਹ ਉਪਰਾਲਾ ਸਭ ਕਿਸਮ ਦੇ ਲੜਾਈ ਝਗੜਿਆਂ ਨੂੰ ਮਿਲ-ਬੈਠ ਕੇ ਨਿਪਟਾਉਣ ਦਾ, ਵਿਛੜਿਆਂ ਨੂੰ ਗਲੇ ਮਿਲਾਉਣ ਦਾ ਇਕ ਮਾਸੂਮ ਜਿਹਾ ਹੋਕਾ ਹੈ। ਕਾਸ਼! ਸਾਡੀਆਂ ਸਰਕਾਰਾਂ ਵੀ ਆਮ ਲੋਕਾਂ ਦੇ ਇਸ ਹੋਕੇ ਨੂੰ ਸੁਣ ਸਕਣ!"

"ਆਮੀਨ!" ਸਾਰੇ ਦੁਆ ਕਰਦੇ ਹਨ।

ਅਹਿਮਦ ਰਜ਼ਾ ਨੂੰ ਲੱਗਦਾ ਹੈ ਕਿ ਪਿੰਡ ਵਾਸੀਆਂ ਨੂੰ ਮੇਰੇ ਬਾਰੇ ਪੂਰਾ ਪਤਾ ਲੱਗ ਜਾਵੇ।

"ਸੰਧੂ ਸਾਹਿਬ ਦੀਆਂ ਕਹਾਣੀਆਂ 'ਤੇ ਫ਼ੀਚਰ ਫ਼ਿਲਮਾਂ ਵੀ ਬਣੀਆਂ ਨੇ। ਇਕ ਜਮਰੌਦ ਤੇ

ਇਕ ਹੋਰ...ਪਰ ਇਹ ਆਪਣੇ ਮੂੰਹੋਂ ਦੱਸਦੇ ਨਹੀਂ। ਤੁਸੀਂ ਯਕੀਨ ਜਾਣੋ, ਜੇ ਮੈਂ ਇਹਨਾਂ ਦਾ ਕੀਤਾ ਕੰਮ ਦੱਸਣ ਲੱਗਾਂ ਤਾਂ ਉਸ ਕੰਮ ਨੂੰ ਦੱਸਣ ਲਈ ਦੋ ਘੰਟੇ ਚਾਹੀਦੇ ਨੇ ਘੱਟੋ ਘੱਟ। ਅੱਠ ਪੀ ਐੱਚਡੀ ਦੇ ਅਠਾਰਾਂ ਐੱਮ ਫ਼ਿੱਲ ਦੇ ਥੀਸਿਸ ਨੇ ਉਹਨਾਂ ਦੇ ਕੰਮ 'ਤੇ। ਪਹਿਲੀ ਜਮਾਤ ਤੋਂ ਲੈ ਕੇ ਪੀ ਐੱਚ ਡੀ ਤਕ ਇਹਨਾਂ ਦਾ ਕੰਮ ਨਿਸਾਬ (ਪਾਠ-ਕ੍ਰਮ) ਵਿਚ ਸ਼ਾਮਲ ਏ। ਪਹਿਲੀ ਜਮਾਤ ਤੋਂ ਸੋਲ੍ਹਵੀਂ ਜਮਾਤ ਤਕ ਇਹਨਾਂ ਨੇ ਪੜ੍ਹਾਇਆ ਵੀ ਤੇ ਆਪਣੀਆਂ ਲਿਖਤਾਂ ਨੂੰ ਵੀ ਖ਼ੁਦ ਪੜ੍ਹਾਇਆ ਏ।"

ਉਹਦੀਆਂ ਗੱਲਾਂ ਸੁਣ ਕੇ ਮੈਂ ਸੰਗਦਾ ਹਾਂ ਤੇ ਆਪਣੇ ਬਾਰੇ ਕੁਝ ਹੋਰ ਗੱਲਾਂ ਵੀ ਦੱਸਦਾ ਹਾਂ।

"ਮੈਂ ਇਸ ਵੇਲੇ ਜੰਨਤ ਵਿਚ ਬੈਠਾ ਮਹਿਸੂਸ ਕਰ ਰਿਹਾਂ। ਮੇਰੇ ਲਈ ਜੰਨਤ ਦਾ ਦਰਵਾਜ਼ਾ ਖੋਲ੍ਹਣ ਦਾ ਵਸੀਲਾ ਬਣੇ ਨੇ ਅਹਿਮਦ ਰਜ਼ਾ ਸਾਹਿਬ ਤੇ ਅੰਜੁਮ ਗਿੱਲ ਹੋਰੀਂ ਤੇ ਤੁਸੀਂ ਮੇਰੇ ਪਿੰਡ ਵਾਲਿਆਂ ਨੇ, ਮੇਰੇ ਆਪਣਿਆਂ ਨੇ ਜਿਵੇਂ ਆਪਣੀਆਂ ਬਾਹਵਾਂ ਖੋਲ੍ਹ ਕੇ ਆਪਣੇ ਗਲ਼ ਨਾਲ ਲਾਇਆ ਹੈ। ਭਡਾਣਾ ਨਿਵਾਸੀਓ! ਮੇਰਾ ਰੋਮ ਰੋਮ ਸ਼ੁਕਰ ਗੁਜ਼ਾਰ ਏ। ਜਿਹੜੇ ਘਰ ਵਿਚ ਮੈਂ ਆਪਣੀ ਮਾਂ ਦੀ, ਆਪਣੇ ਬਾਪ ਦੀ, ਆਪਣੇ ਦਾਦੇ ਦੀ ਉਂਗਲ ਫੜ ਕੇ ਤੁਰਿਆ ਹੋਵਾਂਗਾ, ਅੱਜ ਓਸੇ ਘਰ ਵਿਚ ਬੈਠਾ ਹਾਂ। ਇਸ ਘਰ ਵਿਚ ਵੱਸਣ ਵਾਲੇ, ਜਿਨ੍ਹਾਂ ਦਾ ਹੁਣ ਇਹ ਘਰ ਏ, ਇਹ ਵੀ ਮੇਰੇ ਆਪਣੇ ਘਰ ਦੇ ਜੀਅ ਨੇ। ਉਹ ਸਾਡੀ ਏਨੀ ਮੁਹੱਬਤ ਨਾਲ ਸੇਵਾ ਕਰ ਰਹੇ ਨੇ। ਤੁਸੀਂ ਸਭ ਮੇਰੇ ਆਲ਼ ਦੁਆਲ਼ ਬੈਠੇ ਓ, ਇਹ ਮੇਰੇ ਲਈ ਜੰਨਤ ਦਾ ਨਜ਼ਾਰਾ ਹੈ। ਮੇਰੀ ਘਰ ਵਾਲੀ ਦੇ ਇਹ ਸਹੁਰਿਆਂ ਦਾ ਘਰ ਏ। ਅੱਜ ਜਦੋਂ ਲਾਹੌਰ ਆਏ ਤਾਂ ਇਹਦੀ ਪਹਿਲੀ ਤਾਂਘ ਇਹੋ ਸੀ ਕਿ ਪਹਿਲਾਂ ਭਡਾਣੇ ਜਾਣਾ ਹੈ। ਇਹ ਮੇਰੇ ਦਿਲ ਦੇ ਦਰਦ ਨੂੰ ਸਮਝਦੀ ਹੈ। ਮੇਰੇ ਦਿਲ ਦੀ ਦਰਦਣ ਹੈ। ਅੱਜ ਇਸ ਘਰ ਵਿਚ ਬੈਠਾ ਹਾਂ, ਜੋ ਇੱਥੇ ਵੱਸਣ ਵਾਲਿਆਂ ਦਾ ਘਰ ਹੈ, ਮੇਰਾ ਵੀ ਘਰ ਹੈ, ਤੁਹਾਡਾ ਵੀ ਘਰ ਹੈ। ਘਰਾਂ ਨਾਲੋਂ ਵਿੱਛੜ ਗਏ, ਵਿਛੋੜ ਦਿੱਤੇ ਸਾਰੇ ਪੰਜਾਬੀਆਂ ਦਾ ਘਰ ਹੈ, ਪੂਰੇ ਪੰਜਾਬ ਦਾ ਘਰ ਹੈ।"

ਪਰਿਵਾਰ ਦੀ ਛੋਟੀ ਜਿਹੀ ਤਿੰਨ ਚਾਰ ਸਾਲ ਦੀ ਬੱਚੀ ਮੇਰੇ ਕੋਲ਼ ਆ ਕੇ ਖਲੋ ਜਾਂਦੀ ਹੈ, ਮੈਂ ਉਹਨੂੰ ਆਪਣੀ ਗੋਦ ਵਿਚ ਬਿਠਾ ਕੇ ਲਾਡ ਲਡਾਉਂਦਾ ਹਾਂ, "ਅੱਜ ਲੱਗਦਾ ਏ ਕਿ ਇਸ ਬੱਚੀ ਦੇ ਰੂਪ ਵਿਚ ਮੇਰਾ ਬਚਪਨ ਮੇਰੀ ਗੋਦੀ ਵਿਚ ਆ ਕੇ ਬਹਿ ਗਿਆ ਹੈ।"

ਮੈਂ ਬੱਚੀ ਨੂੰ ਪਿਆਰ ਦਿੰਦਾ ਹਾਂ। ਰਜਵੰਤ ਘਰ ਦੀ ਸਵਾਣੀ ਨਾਲ ਉੱਠ ਕੇ ਜੱਫ਼ੀ ਪਾ ਕੇ ਮਿਲਦੀ ਹੈ। ਮੇਰੇ ਸਾਹਮਣੇ ਪਰਿਵਾਰ ਦਾ ਬਜ਼ੁਰਗ ਵੀ ਬੈਠਾ ਹੈ। ਪਰਿਵਾਰ ਦਾ ਨੌਜਵਾਨ ਅਰਸਲਾਨ ਸਾਡੇ ਕੋਲ਼ ਖਲੋਤਾ ਹੈ।

ਮੈਂ ਹੁਣੇ ਬੋਲੇ ਆਪਣੇ ਬੋਲਾਂ ਨੂੰ ਮਨ ਵਿਚ ਚਿੱਥਦਾ ਹਾਂ, "ਅੱਜ ਇਸ ਘਰ ਵਿਚ ਬੈਠਾ ਹਾਂ, ਜੋ ਇਥੇ ਵੱਸਣ ਵਾਲਿਆਂ ਦਾ ਘਰ ਹੈ, ਮੇਰਾ ਵੀ ਘਰ ਹੈ, ਤੁਹਾਡਾ ਵੀ ਘਰ ਹੈ। ਘਰਾਂ ਨਾਲੋਂ ਵਿੱਛੜ ਗਏ, ਵਿਛੋੜ ਦਿੱਤੇ ਸਾਰੇ ਪੰਜਾਬੀਆਂ ਦਾ ਘਰ ਹੈ, ਪੂਰੇ ਪੰਜਾਬ ਦਾ ਘਰ ਹੈ।"

ਮੈਂ ਭਾਵੁਕਤਾ ਵਿਚੋਂ ਬਾਹਰ ਆਉਂਦਾ ਹਾਂ। ਮੈਨੂੰ ਆਪਣੇ ਇਹ ਬੋਲ ਬੜੇ ਖੋਖਲੇ, ਬਨਾਵਟੀ ਤੇ ਬੇਜਾਨ ਲੱਗਦੇ ਨੇ!! ਮੇਰੇ ਨਾਲ ਬੈਠੇ ਸੱਜਣਾਂ ਨੂੰ ਵੀ ਪਤਾ ਹੈ ਤੇ ਮੈਨੂੰ ਵੀ ਕਿ ਇਹ ਘਰ ਸਿਰਫ਼ ਉਹਨਾਂ ਦਾ ਹੈ, ਜਿਹੜੇ ਇਸ ਘਰ ਵਿਚ ਵੱਸਦੇ ਨੇ। ਉੱਜੜ ਗਿਆਂ ਦੇ ਕਾਹਦੇ ਘਰ। ਉੱਜੜ ਗਏ ਘਰਾਂ 'ਤੇ ਕਾਹਦਾ ਹੰਮਾਂ! ਕਾਹਦਾ ਦਾਅਵਾ!

ਅਸੀਂ ਜਾਣ ਲਈ ਉੱਠਦੇ ਹਾਂ।

ਦਰਵਾਜ਼ੇ ਤੋਂ ਬਾਹਰ ਨਿਕਲਣ ਲੱਗਿਆਂ ਦੋਵੇਂ ਪਾਸੇ ਬੈਠਣ ਲਈ ਬਣੀਆਂ ਕੁਰਸੀ ਨੁਮਾ ਥੜ੍ਹੀਆਂ ਵੱਲ ਧਿਆਨ ਜਾਂਦਾ ਹੈ। ਇਹਨਾਂ 'ਤੇ ਕੌਣ ਬਹਿੰਦਾ ਹੋਵੇਗਾ, "ਮੇਰਾ ਬਾਬਾ!...ਮੇਰਾ ਪਿਤਾ!"

ਗਲ਼ੀ ਵਿਚੋਂ ਲੰਘਣ ਵਾਲਿਆਂ ਨਾਲ ਫ਼ਤਹਿ ਫ਼ਤੂਹੀ ਕਰਦਾ ਹੋਵੇਗਾ? ਗਲ਼ੀ ਵਿਚੋਂ ਤਾਂ ਘਰਾਂ ਦੀਆਂ ਸਵਾਣੀਆਂ ਵੀ ਲੰਘਦੀਆਂ ਹੋਣਗੀਆਂ। ਕੋਈ ਬੰਦਾ ਬੈਠਾ ਵੇਖ ਉਹਨਾਂ ਨੂੰ ਪਰਦਾ ਕਰਨਾ ਪੈਂਦਾ ਹੋਵੇਗਾ। ਨਹੀਂ, ਘਰ ਦੇ ਮਰਦ ਆਮ ਕਰ ਕੇ ਇਹਨਾਂ ਥੜ੍ਹੀਆਂ 'ਤੇ ਨਹੀਂ ਬਹਿੰਦੇ ਹੋਣੇ। ਇਹ ਤਾਂ ਛੋਟੇ ਬੱਚਿਆਂ ਦੇ ਬਹਿਣ ਲਈ ਹੋਣਗੀਆਂ। ਹੋ ਸਕਦਾ ਏ ਕਦੀ ਬਾਪੂ ਨੇ ਮੈਨੂੰ ਕੁੱਛੜੋਂ ਲਾਹ ਕੇ ਕਿਸੇ ਥੜ੍ਹੀ 'ਤੇ ਬਿਠਾਇਆ ਹੋਵੇ! ਅਸੀਂ ਦੋਵੇਂ ਜੀਅ ਇਕ ਇਕ ਕੁਰਸੀ 'ਤੇ ਬਹਿ ਕੇ

ਤਸਵੀਰਾਂ ਖਿਚਵਾਉਂਦੇ ਹਾਂ, ਘਰ 'ਤੇ ਆਪਣਾ ਹੱਕ ਜਤਾਉਂਦੇ ਹਾਂ।

ਹੌਲ਼ੀ ਹੌਲ਼ੀ ਤਿੰਨ ਪੌੜੀਆਂ ਉੱਤਰਦੇ ਹਾਂ। ਘਰ ਵੱਲ ਆਖ਼ਰੀ ਝਾਤ ਪਾਉਂਦੇ ਹਾਂ। ਦਰਵਾਜ਼ੇ ਦੇ ਮੱਥੇ 'ਤੇ ਉਰਦੂ ਵਿਚ ਲੱਗੀ ਸਿਲ਼ 'ਤੇ 'ਮਾਲਕਾਂ' ਦਾ ਨਾਂ ਲਿਖਿਆ ਹੋਇਆ ਹੈ। ਮੇਰੇ ਇਸ ਘਰ ਦੇ ਸਾਰੇ ਹੱਕ ਪਲ ਵਿਚ ਹਵਾ ਹੋ ਜਾਂਦੇ ਨੇ। ਅਸੀਂ ਘਰ ਵੱਲ ਪਿੱਠ ਕਰ ਕੇ ਭਾਰੀ ਮਨ ਤੇ ਭਾਰੀ ਕਦਮਾਂ ਨਾਲ ਤੁਰ ਪੈਂਦੇ ਹਾਂ।

ਰਾਹ ਵਿਚ ਹੀ ਸਾਨੂੰ ਨੌਜਵਾਨ ਜ਼ੁਲਫ਼ਿਕਾਰ ਅਲੀ ਮਿਲ ਜਾਂਦਾ ਹੈ। ਉਹ ਫੇਸ ਬੁੱਕ 'ਤੇ ਪਹਿਲਾਂ ਸੁਪਨ ਦਾ ਤੇ ਫੇਰ ਮੇਰਾ 'ਮਿੱਤਰ' ਬਣਿਆਂ। ਉਹ ਕਦੀ ਕਦੀ ਮੇਰੇ ਨਾਲ ਵਟਸਐਪ 'ਤੇ ਗੱਲ ਕਰਦਾ ਰਹਿੰਦਾ ਸੀ। ਮੈਂ ਉਹਨੂੰ ਵੀ ਸਭ ਤੋਂ ਪਹਿਲਾਂ ਸਾਡੇ ਘਰ ਦੀ ਨਿਸ਼ਾਨਦੇਹੀ ਕਰਨ ਲਈ ਤਫ਼ਸੀਲ ਭੇਜੀ ਸੀ। ਉਹ ਬੜੇ ਅਦਬ ਨਾਲ ਮਿਲਦਾ ਹੈ ਤੇ ਜ਼ਿਦ ਕਰਦਾ ਹੈ ਕਿ ਉਹ ਆਪਣੇ ਘਰ ਖਾਣਾ ਤਿਆਰ ਕਰਨ ਲਈ ਕਹਿ ਆਇਆ ਹੈ, "ਤਾਇਆ ਜੀ! ਮੈਂ ਖਾਣਾ ਖਾਣ ਬਿਨਾਂ ਨਹੀਂ ਜਾਣ ਦੇਣਾ। ਘਰ ਵਿਚ ਮੇਰੀ ਅੰਮੀ ਹੁਣੀਂ ਤੁਹਾਨੂੰ ਉਡੀਕਦੀਆਂ ਪਈਆਂ ਨੇ।"

ਉਹਦੇ ਬੋਲਾਂ ਵਿਚ ਅੰਤਾਂ ਦਾ ਮੋਹ ਅਤੇ ਮਾਣ ਵੇਖ ਕੇ ਮਨ ਪਸੀਜ ਗਿਆ ਹੈ। ਪਰ ਸਾਡੇ ਕੋਲ ਬਹੁਤਾ ਸਮਾਂ ਨਹੀਂ। ਬਚਦੇ ਸਮੇਂ ਵਿਚ ਰਜ਼ਾ ਹੁਰਾਂ ਨੇ, ਲਾਹੌਰ ਪਹੁੰਚ ਕੇ ਕੋਈ ਹੋਰ ਥਾਂ ਵਿਖਾਉਣ ਦਾ ਸੋਚਿਆ ਹੋਇਆ ਹੈ।

ਅਸੀਂ ਜ਼ੁਲਫ਼ਿਕਾਰ ਦਾ ਸ਼ੁਕਰੀਆ ਅਦਾ ਕਰਦੇ ਹਾਂ ਤੇ ਖਾਣਾ ਨਾ ਖਾ ਸਕਣ ਲਈ ਮਾਫ਼ੀ ਮੰਗਦੇ ਹਾਂ।

"ਤਾਇਆ ਜੀ, ਮੇਰੇ ਘਰ ਦੇ ਕੀ ਆਖਣਗੇ! ਅੰਮੀ ਕੀ ਆਖੇਗੀ ਕਿ ਤੇਰਾ ਤਾਇਆ ਘਰ ਵੀ ਨਹੀਂ ਆਇਆ!"

ਮੇਰਾ ਮਨ ਪਸੀਜ ਜਾਂਦਾ ਹੈ। "ਚੱਲ! ਤੇਰੇ ਘਰ ਚਲੇ ਜਾਂਦੇ ਹਾਂ। ਖਾਣਾ-ਪੀਣਾ ਕੁਝ ਨਹੀਂ। ਸਿਰਫ਼ ਸਲਾਮ ਦੁਆ ਕਰਨੀ ਹੈ!"

ਅਸੀਂ ਦੋਵੇਂ ਜੀਅ ਜ਼ੁਲਿਫ਼ਕਾਰ ਦੇ ਘਰ ਜਾਂਦੇ ਹਾਂ। ਸਾਡਾ ਆਉਣਾ ਸੁਣ ਕੇ ਘਰ ਦੀਆਂ ਛੇ ਸੱਤ ਸਵਾਣੀਆਂ ਇੱਕਠੀਆਂ ਹੋ ਕੇ ਸਾਡੇ ਸਾਹਮਣੇ ਖਲੋ ਜਾਂਦੀਆਂ ਨੇ। ਸਭ ਦੇ ਚਿਹਰੇ ਖ਼ੁਸ਼ੀ ਵਿਚ ਖਿੜੇ ਹੋਏ ਹਨ, ਜਿਵੇਂ ਉਹਨਾਂ ਦੇ ਘਰ ਦਾ ਕੋਈ ਵਿੱਛੜਿਆ ਜੀਅ ਵਰ੍ਹਿਆਂ ਬਾਅਦ ਮਿਲਣ ਆਇਆ ਹੋਵੇ!

ਆਮ ਤੌਰ 'ਤੇ ਮੁਸਲਿਮ ਘਰਾਂ ਵਿਚ ਜ਼ਨਾਨੀਆਂ ਪਰਦੇ ਵਿਚ ਹੀ ਰਹਿੰਦੀਆਂ ਨੇ। ਮਹਿਮਾਨ-ਨਵਾਜ਼ੀ ਦਾ ਕੰਮ ਮਰਦ ਹੀ ਕਰਦੇ ਹਨ। ਪਰਿਵਾਰ ਦਾ ਕੋਈ ਬਹੁਤਾ ਹੀ ਆਪਣਾ ਹੋਵੇ ਤਾਂ ਉਹ ਘਰ ਦੇ ਉਸ ਹਿੱਸੇ ਵਿਚ ਜਾ ਸਕਦਾ ਹੈ, ਜਿੱਥੇ ਪਰਿਵਾਰ ਦੀਆਂ ਔਰਤਾਂ ਹੁੰਦੀਆਂ ਹਨ।

ਜ਼ਾਹਿਰ ਸੀ ਅਸੀਂ ਇਸ ਪਰਿਵਾਰ ਦੇ ਡਾਢੇ ਆਪਣੇ ਸਾਂ। ਡਾਢੇ ਸਕੇ ਸਾਂ।

ਜ਼ੁਲਫ਼ਿਕਾਰ ਸਵਾਣੀਆਂ ਨਾਲ ਜਾਣ-ਪਛਾਣ ਕਰਾਉਂਦਾ ਹੈ। ਸਭ ਤੋਂ ਪਹਿਲਾਂ ਮਾਂ, ਫਿਰ ਭੈਣਾਂ ਤੇ ਕੁਝ ਹੋਰਨਾਂ ਨਾਲ ਜਾਣ ਪਛਾਣ ਕਰਾਉਣ ਬਾਅਦ ਕੋਨੇ 'ਤੇ ਖਲੋਤੀ ਔਰਤ ਵੱਲ ਇਸ਼ਾਰਾ ਕਰ ਕੇ ਕਹਿੰਦਾ ਹੈ, "ਇਹ ਮੇਰੀ ਬੀਵੀ ਹੈ!"

ਜ਼ੁਲਫ਼ਿਕਾਰ ਮੁੜ ਜ਼ਿਦ ਕਰਦਾ ਹੈ ਕਿ ਖਾਣਾ ਨਹੀਂ ਤਾਂ ਚਾਹ-ਪਾਣੀ ਤਾਂ ਜ਼ਰੂਰ ਪੀ ਕੇ ਜਾਈਏ। ਮੈਂ ਅੰਮੀ ਅੱਗੇ ਸਿਰ ਨਿਵਾਉਂਦਾ ਹਾਂ। ਸਭ ਦਾ ਸ਼ੁਕਰੀਆ ਕਰਦਾ ਹਾਂ ਤੇ ਵਾਅਦਾ ਕਰਦਾ ਹਾਂ ਕਿ ਅੱਜ ਏਨੇ ਹੀ ਦਰਸ਼ਨ ਦੀਦਾਰ ਕਰ ਸਕੇ ਹਾਂ। ਪਰ ਅਗਲੇ ਦਿਨਾਂ ਵਿਚ ਜ਼ਰੂਰ ਆ ਕੇ ਮਿਲਾਂਗੇ ਤੇ ਪਰਿਵਾਰ ਦੇ ਜੀਆਂ ਨਾਲ ਗੱਲਾਂ-ਬਾਤਾਂ ਵੀ ਕਰਾਂਗੇ। ਚਾਹ ਪਾਣੀ ਵੀ ਪੀਆਂਗੇ!"

ਪਰਿਵਾਰ ਕੋਲ਼ੋਂ ਵਿਦਾਅ ਲੈ ਕੇ ਬਾਹਰ ਆਉਂਦੇ ਹਾਂ।

ਗਲ਼ੀ ਵਿਚ ਖਲੋਤੇ ਬਾਕੀ ਸੱਜਣ ਉਡੀਕ ਰਹੇ ਹਨ।

ਅਸੀਂ ਇਰਫ਼ਾਨ ਉੱਲ੍ਹਾ ਹੁਰਾਂ ਨਾਲ ਤੁਰਦੇ ਹੋਏ, ਸਰਦਾਰ ਜਵਾਲਾ ਸਿੰਘ ਦੀ ਹਵੇਲੀ ਵਿਚ ਪਹੁੰਚਦੇ ਹਾਂ। ਜਵਾਲਾ ਸਿੰਘ ਮਹਰਾਜਾ ਰਣਜੀਤ ਸਿੰਘ ਦਾ ਸਾਂਢੂ ਸੀ ਤੇ ਉਹਦੀ ਘਰਵਾਲੀ

ਮਹਾਰਾਜੇ ਦੀ ਸਭ ਤੋਂ ਛੋਟੀ ਰਾਣੀ ਜਿੰਦਾਂ ਦੀ ਭੈਣ ਸੀ। ਹਵੇਲੀ ਸਾਂਭ ਸੰਭਾਲ ਖੁਣੋਂ ਖੰਡਰਾਤ ਬਣ ਚੁੱਕੀ ਹੈ। ਅਕਸਰ ਯੂ ਟਿਊਬਰ ਇਸ ਹਵੇਲੀ ਦੀ ਵੀਡੀਓਗ੍ਰਾਫ਼ੀ ਕਰਨ ਲਈ ਤੁਰੇ ਰਹਿੰਦੇ ਨੇ। ਇਸਨੂੰ ਮੈਂ ਸਭ ਤੋਂ ਪਹਿਲਾਂ ਆਪਣੇ ਬੇਟੇ ਸੁਪਨ ਸੰਧੂ ਦੀ ਵੀਡੀਓ ਵਿਚ ਵੇਖਿਆ ਸੀ।

ਹਵੇਲੀ 'ਤੇ ਤਰਦੀ ਜਿਹੀ ਝਾਤ ਪਾ ਕੇ ਅਸੀਂ ਉਹਨਾਂ ਦੀ ਬੈਠਕ ਵਿਚ ਚਾਹ-ਪਾਣੀ ਪੀਂਦੇ ਹਾਂ। ਇਰਫ਼ਾਨਉਲ੍ਹਾ ਤੇ ਸੈਫ਼ ਹੁਰੀਂ ਇਸਰਾਰ ਕਰਦੇ ਹਨ ਕਿ ਅਸੀਂ ਕੋਈ ਅਗਲਾ ਦਿਨ ਭਡਾਣੇ ਵਾਸਤੇ ਖਾਲੀ ਰੱਖੀਏ ਤੇ ਮੁੜ ਭਡਾਣੇ ਆਈਏ।

"ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਡੇ ਕੁੜੀਆਂ ਤੇ ਮੁੰਡਿਆਂ ਦੇ ਦੋਵਾਂ ਸਕੂਲਾਂ ਵਿਚ ਸਾਡੇ ਬੱਚਿਆਂ ਨੂੰ ਮੁਖ਼ਾਤਬ ਹੋਵੋ! ਅਸੀਂ ਵੀ ਖੁੱਲ੍ਹ ਕੇ ਤੁਹਾਨੂੰ ਸੁਣਨਾ ਚਾਹੁੰਦੇ ਹਾਂ! ਪਿੰਡ ਦੇ ਮੋਅਤਬਰ ਲੋਕਾਂ ਦਾ ਇਕੱਠ ਕਰਾਂਗੇ। ਤੁਹਾਡੀਆਂ ਗੱਲਾਂ ਸੁਣਾਂਗੇ।"

ਮੈਨੂੰ ਵੀ ਇਹ ਸੁਝਾਉ ਬਹੁਤ ਚੰਗਾ ਲੱਗਾ ਹੈ। ਇੰਝ ਮੈਂ ਆਪਣੇ ਪਿੰਡ ਦੇ ਆਪਣੇ ਜੀਆਂ ਦੇ ਵੱਡੇ ਹਿੱਸੇ ਨਾਲ ਮਿਲ ਸਕਾਂਗਾ। ਜਾਣ-ਪਛਾਣ ਕਰ ਸਕਾਂਗਾ।

ਅਸੀਂ ਉਹਨਾਂ ਦੀ ਇੱਛਾ ਦਾ ਸਤਿਕਾਰ ਕਰਨ ਦੀ ਸੋਚ ਕੇ ਉਹਨਾਂ ਨਾਲ ਵਾਅਦਾ ਕਰਦੇ ਹਾਂ ਕਿ ਦੋ ਦਿਨ ਬਾਅਦ 23 ਫਰਵਰੀ ਨੂੰ ਅਸੀਂ ਭਡਾਣੇ ਆਵਾਂਗੇ ਤੇ ਪਿੰਡ ਵਾਸੀਆਂ ਤੇ ਬੱਚਿਆਂ ਨੂੰ ਮਿਲਾਂਗੇ, ਮੁਖ਼ਾਤਬ ਹੋਵਾਂਗੇ। ਪਰ ਸਾਡੇ ਰੁਝੇਵਿਆਂ ਕਰ ਕੇ ਅਸੀਂ ਵਾਅਦਾ ਨਿਭਾਅ ਨਾ ਸਕੇ। ਇਸ ਗੱਲ ਦਾ ਹਮੇਸ਼ਾਂ ਦੁੱਖ ਰਹੇਗਾ।

0 0 0

ਘਰ ਲੱਭਣ ਦੀ ਸਾਰੀ ਖ਼ੁਸ਼ੀ ਸਿਰ ਭਾਰ ਡਿੱਗ ਪਈ।

ਅਸੀਂ ਪਾਕਿਸਤਾਨ ਯਾਤਰਾ ਤੋਂ ਵਾਪਸ ਆਏ ਤਾਂ ਇਕ ਦਿਨ ਜ਼ੁਲਿਫ਼ਕਾਰ ਦਾ ਫ਼ੋਨ ਆਇਆ, "ਤਾਇਆ ਜੀ, ਉਹਨਾਂ ਨੇ ਜਿਹੜਾ ਘਰ ਤੁਹਾਨੂੰ ਵਿਖਾਇਆ, ਉਹ ਤੁਹਾਡਾ ਨਹੀਂ ਸੀ। ਮੈਂ ਉਹਦੇ ਦਰਵਾਜ਼ੇ 'ਤੇ ਪਹਿਲਾਂ ਲੱਗੇ ਕਤਬੇ 'ਤੇ ਬੂੜ ਸਿੰਘ ਦਾ ਨਾਂ ਲਿਖਿਆ ਵੇਖਿਆ ਹੋਇਐ। ਉਹ ਕਿਸੇ ਬੂੜ ਸਿੰਘ ਦਾ ਘਰ ਸੀ।"

ਮੈਂ ਮਾਊਂਟ ਐਵਰੈਸਟ ਤੋਂ ਤਿਲਕ ਕੇ ਹੇਠਾਂ ਖੱਡ ਵਿਚ ਆਣ ਡਿੱਗਾ ਸਾਂ।

ਸਾਡਾ ਘਰ ਫਿਰ ਕਿੱਥੇ ਹੋਵੇਗਾ?

ਸਾਡੇ ਸਮੇਤ ਪਿੰਡ ਭਡਾਣੇ ਦੇ ਬਹੁਤ ਸਾਰੇ ਲੋਕਾਂ ਨੂੰ ਅਬੋਹਰ ਨੇੜਲੇ ਪਿੰਡ ਚਰਾਗ਼ ਢਾਣੀ ਵਿਚ ਜ਼ਮੀਨ ਅਲਾਟ ਹੋਈ ਸੀ। ਉਸ ਜ਼ਮੀਨ 'ਤੇ ਮੇਰਾ ਦਾਦਾ ਚੰਦਾ ਸਿੰਘ ਰਹਿੰਦਾ ਹੁੰਦਾ ਸੀ। ਉਹਦੇ ਵੱਡੇ ਭਰਾ ਹਰੀ ਸਿੰਘ ਦੇ ਮੁੰਡਿਆਂ ਤੇ ਕੁਝ ਹੋਰ ਸ਼ਰੀਕੇ ਬਰਾਦਰੀ ਦੇ ਲੋਕਾਂ ਦੇ ਘਰ ਅਬੋਹਰ ਦੇ ਬੱਸ ਅੱਡੇ ਦੇ ਨਜ਼ਦੀਕ ਅਲਾਟ ਹੋਏ ਸਨ। ਪਹਿਲਾਂ ਦੱਸ ਆਏ ਹਾਂ ਕਿ ਹਰੀ ਸਿੰਘ ਨਾਲ ਮੇਰੀ ਬੀਬੀ ਦੀ ਭੂਆ ਵਿਆਹੀ ਹੋਈ ਸੀ ਤੇ ਓਸੇ ਨੇ ਆਪਣੇ ਦਿਓਰ ਚੰਦਾ ਸਿੰਘ (ਮੇਰਾ ਦਾਦਾ) ਦੇ ਮੁੰਡੇ ਦੀਦਾਰ ਸਿੰਘ (ਮੇਰਾ ਪਿਤਾ) ਨਾਲ ਬੀਬੀ ਜੋਗਿੰਦਰ ਕੌਰ ਦਾ ਰਿਸ਼ਤਾ ਕਰਵਾ ਕੇ ਉਹਨੂੰ ਆਪਣੇ ਗਵਾਂਢ ਲੈ ਆਂਦਾ ਸੀ। ਇੰਝ ਹਰੀ ਸਿੰਘ ਮੇਰਾ ਵੱਡਾ ਦਾਦਾ ਸੀ। ਉਹਦੇ ਪੁੱਤਰਾਂ ਸਾਧੂ ਸਿੰਘ, ਮਾਧੂ ਸਿੰਘ, ਅਰਜਨ ਸਿੰਘ ਤੇ ਸੁਰਜਨ ਸਿੰਘ ਨਾਲ ਮੇਰਾ ਨਾਨਕਿਆਂ-ਦਾਦਕਿਆਂ ਵੱਲੋਂ ਦੂਹਰਾ ਰਿਸ਼ਤਾ ਸੀ। ਉਹ ਬੀਬੀ ਦੀ ਭੂਆ ਦੇ ਪੁੱਤ ਹੋਣ ਕਰ ਕੇ ਮੇਰੇ ਮਾਮੇ ਲੱਗਦੇ ਸਨ ਤੇ ਮੇਰੇ ਪਿਤਾ ਦੇ ਤਾਏ ਦੇ ਪੁੱਤ ਹੋਣ ਕਰ ਕੇ ਮੇਰੇ ਤਾਏ ਲੱਗਦੇ ਸਨ। ਪਰ ਅਸੀਂ ਬੀਬੀ ਦੇ ਸਾਕੋਂ ਉਹਨਾਂ ਨੂੰ ਮਾਮਾ ਹੀ ਕਹਿੰਦੇ। ਪਰ ਸਾਧੂ ਸਿੰਘ, ਮਾਧੂ ਸਿੰਘ, ਅਰਜਨ ਸਿੰਘ ਤੇ ਸੁਰਜਨ ਸਿੰਘ ਨੂੰ ਗੁਜ਼ਰਿਆਂ ਵਰ੍ਹੇ ਬੀਤ ਗਏ ਸਨ। ਕੀਹਦੇ ਕੋਲ਼ੋਂ ਘਰ ਦੀ ਪੱਕੀ ਨਿਸ਼ਾਨਦੇਹੀ ਹੋ ਸਕਦੀ ਸੀ!

ਅਚਨਚੇਤ ਖ਼ਿਆਲ ਆਉਂਦਾ ਹੈ ਕਿ ਹਰੀ ਸਿੰਘ ਦੇ ਵੱਡੇ ਪੁੱਤਰ ਮਾਮੇ (ਤਾਏ) ਸਾਧੂ ਸਿੰਘ ਦਾ ਪੁੱਤਰ ਤਾਰਾ ਸਿੰਘ ਪਾਕਿਸਤਾਨ ਬਣਨ ਵੇਲੇ ਵਾਹਵਾ ਉਮਰ ਦਾ ਸੀ। ਪਰ ਕਈ ਵਰ੍ਹੇ ਹੋ ਗਏ, ਨਾ ਕਦੀ ਅਸੀਂ ਅਬੋਹਰ ਗਏ ਨਾ ਕਦੀ ਉੱਥੋਂ ਕੋਈ ਆਇਆ। ਉੱਥੋਂ ਵਾਲੀ ਜ਼ਮੀਨ ਵੇਚਣ ਬਾਅਦ ਅਬੋਹਰ ਨਾਲੋਂ ਨਾਤਾ ਲਗ ਪਗ ਟੁੱਟ ਗਿਆ। ਮੇਰੇ ਪਿਤਾ ਦੀ ਮੌਤ ਤੋਂ ਬਾਅਦ ਤਾਂ ਉੱਕਾ

ਹੀ ਰਾਬਤਾ ਨਾ ਰਿਹਾ। ਦੋ ਕੁ ਵਾਰ ਭਾਊ ਤਾਰਾ ਸਿੰਘ ਤੇ ਉਹਦੀ ਘਰਵਾਲੀ ਮਿਲਣ ਆਏ ਵੀ ਪਰ ਸਾਡੇ ਕੋਲ਼ੋਂ ਕਦੀ ਜਾ ਨਾ ਹੋਇਆ। ਜ਼ਮੀਨਾਂ ਵਾਹੁੰਦਿਆਂ ਦੀਆਂ ਤੇ ਸਾਕ ਮਿਲਦਿਆਂ ਦੇ। ਮੈਨੂੰ ਪਤਾ ਸੀ ਤਾਰਾ ਸਿੰਘ ਤੋਂ ਚੌਥੇ ਥਾਂ ਛੋਟਾ ਗੁਰਦਿਆਲ ਦੋ ਕੁ ਵਾਰ ਮੈਨੂੰ ਜਲੰਧਰ ਵਾਲੇ ਘਰ ਮਿਲਣ ਆਇਆ ਵੀ ਸੀ। ਮੈਂ ਗੁਰਦਿਆਲ ਨੂੰ ਫ਼ੋਨ ਲਾਇਆ ਤੇ ਡਰਦੇ ਝਿਜਕਦੇ ਨੇ ਭਾਊ ਤਾਰਾ ਸਿੰਘ ਦਾ ਹਾਲ ਚਾਲ ਪੁੱਛਿਆ। ਡਰ ਸੀ ਕਿ ਭਾਊ ਵੀ ਕਿਤੇ...!

ਪਰ ਭਾਊ ਤਾਰਾ ਸਿੰਘ ਮੇਰੇ ਲਈ ਤਾਰੇ ਵਾਂਗ ਲਿਸ਼ਕਿਆ। ਗੁਰਦਿਆਲ ਕੋਲ਼ੋਂ ਲੈ ਕੇ ਤਾਰਾ ਸਿੰਘ ਦੇ ਪੋਤਰੇ ਨੂੰ ਫ਼ੋਨ ਮਿਲਾਇਆ। ਭਾਊ ਤਾਰਾ ਸਿੰਘ ਦੀ ਆਵਾਜ਼ ਵਿੱਚ ਪਚਾਨਵੇਂ ਸਾਲ ਦੀ ਉਮਰ ਵਿਚ ਵੀ ਜਵਾਨਾਂ ਵਾਲਾ ਗੜ੍ਹਕਾ ਸੀ। ਏਨੇ ਸਾਲ ਨਾ ਮਿਲਣ ਦੇ ਗਿਲੇ-ਉਲ੍ਹਾਮੇ ਸੁਣੇ। ਸਹਿਜ ਹੋਇਆ ਤਾਂ ਭਾਊ ਮੇਰੇ ਜਨਮ, ਬਚਪਨ ਤੇ ਜਵਾਨੀ ਨਾਲ ਜੁੜੀਆਂ ਪਿਆਰੀਆਂ ਯਾਦਾਂ ਸੁਣਾਉਂਦਾ ਪੁਰਾਣੇ ਵੇਲ਼ਿਆਂ ਵਿਚ ਗਵਾਚ ਗਿਆ। ਮੈਂ ਘਰ ਦੀ ਨਿਸ਼ਾਨਦੇਹੀ ਬਾਰੇ ਪਤਾ ਕੀਤਾ ਤਾਂ ਕਹਿੰਦਾ, "ਐਂ ਨਹੀਂ ਮੈਂ ਦੱਸਦਾ। ਮੇਰੇ ਕੋਲ਼ ਪਹਿਲਾਂ ਮਿਲਣ ਆ। ਮੈਂ ਤੈਨੂੰ ਨਕਸ਼ਾ ਵਾਹ ਕੇ ਕੱਲੇ ਕੱਲੇ ਘਰ ਦੀ ਨਿਸ਼ਾਨਦੇਹੀ ਕਰਵਾਊਂ। ਮੇਰੀ ਤਾਂ ਹਿੱਕ 'ਤੇ ਨਕਸ਼ੇ ਵਗੇ ਹੋਏ ਨੇ। ਇਕ ਇਕ ਗਲ਼ੀ, ਇਕ ਇਕ ਘਰ ਮੇਰੀਆਂ ਅੱਖਾਂ ਅੱਗੇ ਫ਼ਿਰਦਾ ਹੈ। ਬੱਸ ਮੈਨੂੰ ਮਿਲਣ ਆ ਪਹਿਲਾਂ..."ਮੈਂ ਤਰਲਾ ਮਾਰਿਆ, "ਭਾਊ ਜੀ! ਮੇਰਾ ਵਾਅਦਾ ਰਿਹਾ ਮੈਂ ਅਗਲੇ ਦਸ ਬਾਰਾਂ ਦਿਨਾਂ ਤਕ ਅਬੋਹਰ ਆਊਂਗਾ ਤੁਹਾਨੂੰ ਮਿਲਣ, ਪਰ ਬੀਬਾ ਭਾਊ ਬਣ ਕੇ ਇਕ ਵਾਰ ਨਕਸ਼ਾ ਬਣਾ ਕੇ ਆਪਣੇ ਘਰਾਂ ਦੀ ਨਿਸ਼ਾਨਦੇਹੀ ਕਰ ਕੇ ਭੇਜ ਦੇ ਤਾਕਿ ਮੈਂ ਭਡਾਣੇ ਵਾਲੇ ਕਿਸੇ ਸੱਜਣ ਨੂੰ ਉਹ ਵੇਰਵਾ ਭੇਜ ਸਕਾਂ।"

ਭਾਊ ਤਾਰਾ ਸਿੰਘ ਦੇ ਮਨ ਮਿਹਰ ਪੈ ਗਈ। ਉਹਨੇ ਆਪਣੇ ਪੋਤਰੇ ਕੋਲ਼ੋਂ ਨਕਸ਼ਾ ਨਵੀਸਾਂ ਵਾਂਗ ਨਕਸ਼ਾ ਬਣਵਾ ਕੇ ਭੇਜਿਆ। ਮੈਂ ਉਹਨੂੰ ਕਿਹਾ ਸੀ ਕਿ ਮੈਨੂੰ ਜਿਹੜਾ ਘਰ ਵਿਖਾਇਆ ਗਿਆ ਸੀ ਉਹ ਗੁਰਦੁਆਰੇ ਵਿਚੋਂ ਬਾਹਰ ਨਿਕਲ ਕੇ ਸੱਜੇ ਹੱਥ ਜਾ ਕੇ ਨਿਕਲਦੀ ਗਲੀ ਵਿਚ ਸੀ। ਪਰ ਭਾਊ ਤਾਰਾ ਸਿੰਘ ਦਾ ਨਕਸ਼ਾ ਦੱਸਦਾ ਸੀ ਕਿ ਗੁਰਦੁਆਰੇ ਵਿਚੋਂ ਨਿਕਲ ਕੇ ਖੱਬੇ ਪਾਸੇ ਮੁੜੀਏ ਤੇ ਅੱਗੇ ਜਾ ਕੇ ਜਿਹੜੀ ਪਹਿਲੀ ਗਲੀ ਨਿਕਲਦੀ ਹੈ, ਉਸ ਗਲ਼ੀ ਦੇ ਖੱਬੇ ਹੱਥ ਪਹਿਲਾ ਮਕਾਨ ਉਹਨਾਂ ਦਾ (ਹਰੀ ਸਿੰਘ ਦੇ ਪਰਿਵਾਰ) ਤੇ ਦੂਜਾ ਮਕਾਨ ਸਾਡਾ ਸੀ। ਗਲ਼ੀ ਦੇ ਦੂਜੇ ਪਾਸੇ ਸਾਡੇ ਘਰਾਂ ਦੇ ਸਾਹਮਣੇ ਹੀ ਜਲਾਲ ਬਰਵਾਲੇ ਤੇ ਜੁਲਾਹੀ ਬਖ਼ਤਾਵਰੀ ਹੁਰਾਂ ਦੇ ਘਰਾਂ ਦੇ ਨਕਸ਼ੇ ਵੀ ਬਣਾਏ ਹੋਏ ਸਨ, ਜਿਨ੍ਹਾਂ ਬਾਰੇ ਬੀਬੀ ਦੱਸਦੀ ਹੁੰਦੀ ਸੀ ਕਿ ਉਹ ਸਾਡੇ ਘਰ ਵਿਚ ਕੰਮ-ਕਾਰ ਲਈ ਆਉਂਦੇ ਰਹਿੰਦੇ ਸਨ। ਭਾਊ ਤਾਰਾ ਸਿੰਘ ਨੇ ਇਹ ਵੀ ਦੱਸਿਆ ਕਿ ਜਿਹੜਾ ਘਰ ਮੈਨੂੰ ਵਿਖਾਇਆ ਗਿਆ ਸੀ ਉਹ ਵਾਕਿਆ ਬੂੜ ਸਿੰਘ ਸ਼ਾਹ ਦਾ ਸੀ।

ਸ਼ੱਕ ਦੀ ਕੋਈ ਗੁਜਾਇਸ਼ ਨਹੀਂ ਸੀ ਰਹਿ ਗਈ।

ਮੇਰਾ ਗਵਾਚਾ ਘਰ ਲੱਭ ਗਿਆ ਸੀ।

ਪਰ ਕਿੱਥੇ ਲੱਭਾ ਸੀ!?

ਸੱਤਰ ਸਾਲਾਂ ਬਾਅਦ ਜਿਹੜਾ ਘਰ ਆਪਣਾ ਸਮਝ ਕੇ ਖ਼ੁਸ਼ ਹੋ ਰਿਹਾ ਸਾਂ, ਉਹ ਤਾਂ ਮੇਰਾ ਰਹਿ ਨਹੀਂ ਸੀ ਗਿਆ। ਹੁਣ ਆਪਣਾ 'ਅਸਲੀ ਘਰ' ਪਤਾ ਨਹੀਂ ਵੇਖਣਾ ਨਸੀਬ ਹੋਵੇਗਾ ਵੀ ਕਿ ਨਹੀਂ!

ਗੁਲਵਾਸ਼ ਦਾ ਸ਼ਿਅਰ ਯਾਦ ਆਉਂਦਾ ਹੈ:-

*ਖ਼ਤ 'ਤੇ ਲਿਖੇ ਸੰਬੋਧਨ ਤੋਂ ਨਾ ਖ਼ੁਸ਼ ਹੋਵੋ, ਦਿਲ 'ਤੇ ਲਿਖੇ ਨਾਂ ਵੀ ਲੋਕ ਮੁਕਰ ਜਾਂਦੇ ਨੇ।*
*ਫਿਰ ਵੀ ਤੇਰਾ ਘਰ ਕਿਉਂ ਸਾਨੂੰ ਲੱਭਦਾ ਨਹੀਂ, ਜਦ ਕਿ ਸਾਰੇ ਰਸਤੇ ਤੇਰੇ ਘਰ ਜਾਂਦੇ ਨੇ।*

ਮੇਰਾ ਹਉਕਾ ਨਿਕਲ ਜਾਂਦਾ ਹੈ, "ਜਿਹੜੇ ਘਰ, ਘਰੋਂ ਪੁੱਟੇ ਜਾਣ ਤੋਂ ਬਾਅਦ ਗਵਾਚ ਜਾਂਦੇ ਨੇ, ਉਹ ਮੁੜ ਕੇ ਕਦੀ ਨਹੀਂ ਲੱਭਦੇ!... ਮੇਰਾ ਘਰ ਵੀ ਮੈਨੂੰ ਕਦੀ ਨਹੀਂ ਲੱਭਣਾ!" 000

***(ਈਮੇਲ: waryamsandhu@gmail.com***
***ਫ਼ੋਨ, ਵ੍ਹਟਸਐਪ +1-647-535-1539)***

# ਸੁਕੀਰਤ: ਕਹਾਣੀ: ਫੋ ਮੋ

ਦਾਦੇ ਤੇ ਪੋਤਰੇ ਵਿਚ ਬੋਲ ਬੁਲਾਰਾ ਹੋ ਗਿਆ ਹੈ। ਤੇ ਉਹ ਵੀ ਅੱਜ ਵਰ੍ਹੇ ਵਰ੍ਹੇ ਦੇ ਦਿਨ। ਇੰਝ ਹੋਣਾ ਨਹੀਂ ਸੀ ਚਾਹੀਦਾ।

ਗੁਣਮੀਤ ਲੋਹਾ ਲਾਖਾ ਹੋ ਕੇ ਦਾਦੇ ਦੇ ਨਾਲ ਖਹਿਬੜ ਰਿਹਾ ਸੀ, "ਦਾਦੂ, ਤੁਹਾਨੂੰ ਕਿਹਨੇ ਕਿਹਾ ਸੀ ਇਹੋ ਜਿਹੀ ਪੋਸਟ ਪਾਉਣ ਲਈ?"

"ਪੁੱਤਰ, ਮੈਂ ਤੇ ਤੇਰੇ ਜਨਮਦਿਨ ਦੀ ਵਧਾਈ ਹੀ ਦਿੱਤੀ ਏ, ਮਾੜਾ ਕੀ ਕੀਤਾ?"

"ਵਧਾਈ! ਮਾਈ ਫੁਟ, ਮੇਰਾ ਮਖੌਲ ਉਡਾਇਆ ਜੇ। ਇਹ 100 ਪ੍ਰਤੀਸ਼ਤ ਨੰਬਰ ਲੈਣ ਵਾਲੀ ਗੱਲ ਕਿੱਥੋਂ ਘੜ ਲਈ ਤੁਸੀਂ? ਇਹੋ ਜਿਹਾ ਝੂਠ ਬੋਲਣਾ ਵਧਾਈ ਦੇਣ ਦਾ ਤਰੀਕਾ ਹੈ ਭਲਾ?"

ਅੱਜ ਗੁਣਮੀਤ 20 ਸਾਲਾਂ ਦਾ ਹੋ ਗਿਆ ਹੈ। ਬਲਕਾਰ ਸਿੰਘ ਸੇਠੀ ਨੇ ਫੇਸਬੁੱਕ ਉੱਤੇ ਪੋਸਟ ਪਾ ਦਿੱਤੀ: "ਅੱਜ ਮੇਰੇ ਪਲੇਠੀ ਦੇ ਪੋਤਰੇ ਗੁਣਮੀਤ ਦਾ ਜਨਮਦਿਨ ਹੈ। ਆਪਣੀ ਸਕੂਲੀ ਪੜ੍ਹਾਈ 100/100 ਨੰਬਰ ਲੈ ਕੇ ਮੁਕਾਣ ਵਾਲਾ ਗੁਣਮੀਤ ਇਸ ਵੇਲ਼ੇ ਨੋਇਡਾ ਦੀ ਐਮਿਟੀ ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰ ਰਿਹਾ ਹੈ। ਖ਼ਾਨਦਾਨ ਦੀਆਂ ਸ਼ਾਨਦਾਰ ਰਿਵਾਇਤਾਂ ਨੂੰ ਅੱਗੇ ਤੋਰਨ ਵਾਲੇ ਹੋਣਹਾਰ ਬੱਚੇ ਗੁਣਮੀਤ ਨੂੰ ਉਸਦੇ ਮਾਣਮੱਤੇ ਦਾਦੇ ਵੱਲੋਂ ਦਿਲੀ ਪਿਆਰ ਅਤੇ ਬਹੁਤ ਸਾਰੀਆਂ ਵਧਾਈਆਂ।"

"ਦਾਦੂ, ਇਹ ਝੂਠ ਬੋਲਣ ਦੀ ਕੀ ਲੋੜ ਸੀ ਭਲਾ? ਜੇ ਮੇਰੇ 100% ਨੰਬਰ ਆਏ ਹੁੰਦੇ ਤੇ ਮੈਂ ਆਈਆਈਟੀ ਵਿਚ ਹੋਣਾ ਸੀ, ਐਮਿਟੀ ਵਿਚ ਨਹੀਂ। ਮੇਰੇ ਦੋਸਤ ਦੇਖਣਗੇ ਤੇ ਕੀ ਕਹਿਣਗੇ ਕਿ ਗੁਣਮੀਤ ਦੇ ਦਾਦਾ ਜੀ ਝੂਠੀਆਂ ਫੜ੍ਹਾਂ ਮਾਰਦੇ ਹਨ।"

"ਪੁੱਤਰ, ਇਹਦੇ ਵਿਚ ਗ਼ੁੱਸਾ ਕਰਨ ਵਾਲੀ ਕਿਹੜੀ ਗੱਲ ਏ? ਤੇ 95% ਜਾਂ 100% ਵਿਚ ਏਨਾ ਕਿਹੜਾ ਫਰਕ ਹੈ? ਤੂੰ ਹੈਂ ਤਾਂ ਸਾਡੇ ਖਾਨਦਾਨ ਦਾ ਲਾਇਕ ਬੱਚਾ ਹੀ ਨਾ?" ਬਲਕਾਰ ਸਿੰਘ ਨੇ ਗੱਲ ਮੁਕਾਉਣ ਦੀ ਕੋਸ਼ਿਸ਼ ਕੀਤੀ।

"ਗ਼ੁੱਸਾ ਕਰਨ ਵਾਲੀ ਗੱਲ ਇਹ ਹੈ ਦਾਦੂ ਕਿ ਤੁਸੀਂ ਮੈਨੂੰ ਵਧਾਈ ਨਹੀਂ ਦੇ ਰਹੇ। ਤੁਸੀਂ ਸਗੋਂ ਆਪਣੀ ਪਬਲੀਸਿਟੀ ਕਰ ਰਹੇ ਹੋ। ਸਾਰਾ ਦਿਨ ਫੇਸਬੁੱਕ ਵਿਚ ਵੜੇ ਰਹਿੰਦੇ ਹੋ ਤੇ ਪੁੱਠੀਆਂ ਸਿੱਧੀਆਂ ਪੋਸਟਾਂ ਪਾਂਦੇ ਰਹਿੰਦੇ ਹੋ। ਇਹ ਵੀ ਭਲਾ ਕੋਈ ਵਧਾਈ ਦੇਣ ਦਾ ਤਰੀਕਾ ਹੈ ਘਰ ਦੇ ਬੰਦੇ ਨੂੰ? ਸਾਰੀ ਦੁਨੀਆ ਨੂੰ ਦੱਸ ਕੇ ਫੇਰ ਕੁਮੈਂਟ ਤੇ ਲਾਈਕਾਂ ਦਾ ਹਿਸਾਬ ਕਿਤਾਬ ਕਰਦੇ ਰਹੋਗੇ ਸਾਰਾ ਦਿਨ।"

"ਨਾ ਮੈਂ ਕਿਹੜੀ ਆਪਣੀ ਪਬਲੀਸਿਟੀ ਕਰ ਲਈ? ਚੱਲ ਬਾਬਾ ਗ਼ਲਤੀ ਹੋ ਗਈ ਮੇਰੇ ਕੋਲ਼ੋਂ। ਮੈਂ ਤੇ ਚਾਹੁੰਦਾ ਸਾਂ ਕਿ ਮੇਰੇ ਦੋਸਤਾਂ ਵੱਲੋਂ ਵੀ ਤੇਰੇ ਤਕ ਅਸੀਸਾਂ ਪਹੁੰਚਣ। ਜੇ ਤੈਨੂੰ ਬੁਰਾ ਲੱਗਾ ਹੈ ਤੇ ਮਾਫ ਕਰ। ਅੱਗੇ ਤੋਂ ਨਹੀਂ ਦਿਆਂਗਾ ਤੈਨੂੰ ਫੇਸਬੁੱਕ ਰਾਹੀਂ ਵਧਾਈ। ਅੱਜ ਕੱਲ ਤੇ ਬੱਚਿਆਂ ਦਾ ਭਲਾ ਵੀ ਕਰੋ ਤਾਂ ਅੱਗੋਂ ਖਾਣ ਨੂੰ ਪੈਂਦੇ ਨੇ।" ਨਾ ਚਾਹੁੰਦਿਆਂ ਵੀ ਬਲਕਾਰ ਸਿੰਘ ਕੋਲ਼ੋਂ ਇਹ ਆਖਰੀ ਫ਼ਿਕਰਾ ਐਵੇਂ ਹੀ ਮੂੰਹੋਂ ਨਿਕਲ ਗਿਆ।

"ਮੈਂ ਤੁਹਾਨੂੰ ਕੋਈ ਖਾਣ ਨੂੰ ਨਹੀਂ ਪਿਆ। ਮੈਂ ਤੇ ਬਸ ਇੰਨਾ ਕਿਹਾ ਏ ਕਿ ਮੇਰੇ ਨੰਬਰਾਂ ਬਾਰੇ ਆਪਣੀ ਪੋਸਟ ਵਿਚ ਝੂਠ ਬੋਲਣ ਦੀ ਕੋਈ ਲੋੜ ਨਹੀਂ ਸੀ। ਤੁਹਾਨੂੰ ਤੇ ਹਰ ਵੇਲ਼ੇ ਝੂਠੀਆਂ ਸੱਚੀਆਂ ਪੋਸਟਾਂ ਪਾਣ ਦੀ ਆਦਤ ਪੈ ਗਈ ਹੈ।" ਤੇ ਆਖਰੀ ਸਾੜਵਾਂ ਫਿਕਰਾ ਕਹਿ ਕੇ ਗੁਣਮੀਤ

ਕਮਰੇ ਤੋਂ ਬਾਹਰ ਹੋ ਗਿਆ ਤਾਂ ਕਿ ਗੱਲ ਅੱਗੇ ਨਾ ਵਧੇ।

ਬਾਹਰ ਖੜੋਤਾ ਗੁਣਦੇਵ ਆਪਣੇ ਪੁੱਤਰ ਤੇ ਪਿਓ ਦੀ ਝੜੱਪ ਸੁਣ ਤਾਂ ਰਿਹਾ ਸੀ ਪਰ ਸਿੱਧਾ ਦਖਲ ਨਹੀਂ ਸੀ ਦੇਣਾ ਚਾਹੁੰਦਾ। ਆਪੇ ਨਜਿੱਠ ਲੈਣ ਤਾਂ ਬਿਹਤਰ ਹੈ, ਵਰਨਾ ਨਾ ਤਾਂ ਸਨੀ ਕਿਸੇ ਦੀ ਸੁਣਦਾ ਹੈ ਤੇ ਨਾ ਹੀ ਪਾਪਾ ਜੀ।

ਤਾਂ ਵੀ ਗੁਣਮੀਤ ਨੂੰ ਬਾਹਰ ਆਏ ਵੇਖ ਕੇ ਉਹਦੇ ਕੋਲ਼ੋਂ ਰਿਹਾ ਨਾ ਗਿਆ ਤੇ ਕਹਿ ਬੈਠਾ, "ਸਨੀ ਬੇਟਾ, ਨਿੱਕੀ ਨਿੱਕੀ ਗੱਲ 'ਤੇ ਏਨਾ ਗ਼ੁੱਸਾ ਨਹੀਂ ਕਰੀਦਾ। ਅੱਜ ਤੇਰਾ ਜਨਮਦਿਨ ਹੈ, ਕਿਉਂ ਅਜਿਹੇ ਭਾਗਾਂ ਵਾਲੇ ਦਿਨ ਐਵੇਂ ਬਦਮਜ਼ਗੀ ਕਰਨੀ ! ਦਾਦੂ ਦੀਆਂ ਇਹੋ ਜਿਹੀਆਂ ਛੋਟੀਆਂ ਮੋਟੀਆਂ ਗੱਲਾਂ ਵੱਲ ਧਿਆਨ ਨਾ ਦਿਆ ਕਰ।" ਭਾਵੇਂ ਕਹਿਣਾ ਉਹ ਇਹ ਵੀ ਚਾਹੁੰਦਾ ਸੀ ਕਿ ਏਸ ਰਾਹੇ ਆਪਣੇ ਦਾਦੂ ਨੂੰ ਪਾਣ ਵਾਲਾ ਵੀ ਤੇ ਤੂੰ ਹੀ ਹੈਂ। ਪਰ ਫੇਰ ਇਹ ਸੋਚ ਕੇ ਚੁੱਪ ਕਰ ਗਿਆ ਕਿ ਭਖਿਆ ਤਾਂ ਸਨੀ ਪਹਿਲੋਂ ਹੀ ਬੈਠਾ ਹੈ, ਕਿਤੇ ਇਹ ਸੁਣ ਕੇ ਉਸ ਨਾਲ ਵੀ ਨਾ ਲੜ ਪਵੇ। ਸੋ ਆਪਣੇ ਅੰਦਰ ਉੱਠੀ ਗੱਲ ਨੂੰ ਉਸਨੇ ਨਿਹੋਰੇ ਦੀ ਥਾਂ ਨਸੀਹਤ ਦਾ ਰੂਪ ਦੇ ਕੇ ਠੱਪਣ ਦੀ ਕੋਸ਼ਿਸ਼ ਕੀਤੀ।

ਇਹ ਨਸੀਹਤ ਦੇ ਕੇ ਵੀ ਗੁਣਦੇਵ ਨੇ ਗ਼ਲਤੀ ਹੀ ਕੀਤੀ। ਗੁਣਮੀਤ ਤੇ ਜਿਵੇਂ ਅਜੇ ਵੀ ਭਰਿਆ ਪੀਤਾ ਬੈਠਾ ਸੀ, ਤੇ ਬਾਪ ਦੀ ਆਖੀ ਨੇ ਉਸਦੇ ਠੰਢੇ ਪੈਂਦੇ ਜਾਂਦੇ ਗ਼ੁੱਸੇ ਨੂੰ ਹੋਰ ਭਖਾ ਦਿੱਤਾ, "ਇਹ ਕੋਈ ਛੋਟੀਆਂ ਮੋਟੀਆਂ ਗੱਲਾਂ ਨੇ ਡੈਡ? ਰੋਜ਼ ਰੋਜ਼ ਦੀਆਂ ਗੱਲਾਂ ਨੇ। ਦਾਦੂ ਬਾਜ਼ ਹੀ ਨਹੀਂ ਆਉਂਦੇ ਤੇ ਰੋਜ਼ ਕੋਈ ਨਾ ਕੋਈ ਝੂਠੀ ਸੱਚੀ ਪੋਸਟ ਪਾ ਦਿੰਦੇ ਹਨ। ਜਿਵੇਂ ਨਿੱਤ ਨਵਾਂ ਝੂਠ ਬੋਲੇ ਬਿਨਾਂ ਉਹਨਾਂ ਨੂੰ ਸਾਹ ਹੀ ਨਾ ਆਉਂਦਾ ਹੋਵੇ। ਮੈਨੂੰ ਤੇ ਸ਼ਰਮ ਆਉਂਦੀ ਹੈ ਉਹਨਾਂ ਦੀਆਂ ਪੋਸਟਾਂ ਪੜ੍ਹ ਕੇ। ਕਈ ਵਾਰੀ ਤੇ ਏਨਾ ਗੁੱਸਾ ਚੜ੍ਹਦਾ ਹੈ ਕਿ ਸੋਚਦਾ ਹਾਂ, ਉਹਨਾਂ ਨੂੰ ਬਲੌਕ ਹੀ ਕਰ ਛੱਡਾਂ ਤਾਂ ਕਿ ਉਹਨਾਂ ਦੀਆਂ ਇਹ ਬਕਵਾਸ ਪੋਸਟਾਂ ਮੇਰੀ ਨਜ਼ਰੇ ਹੀ ਨਾ ਪੈਣ।" ਇਹ ਕਹਿੰਦਿਆਂ ਕਹਿੰਦਿਆਂ ਗੁਣਮੀਤ ਦੀ ਆਵਾਜ਼ ਇੰਨੀ ਉੱਚੀ ਹੋ ਗਈ ਕਿ ਗੁਣਦੇਵ ਨੂੰ ਡਰ ਲੱਗਣ ਲੱਗ ਪਿਆ ਕਿ ਅੰਦਰੋਂ ਕਿਤੇ ਪਾਪਾ ਜੀ ਨਾ ਸੁਣਦੇ ਹੋਣ ਤੇ ਮੁੜ ਕੋਈ ਨਵਾਂ ਬਖੇੜਾ ਨਾ ਸ਼ੁਰੂ ਹੋ ਜਾਵੇ। ਉਹਨੇ ਗੁਣਮੀਤ ਦੇ ਮੋਢੇ ਉੱਤੇ ਹੱਥ ਧਰ ਕੇ ਉਸ ਨੂੰ ਅੱਧੇ ਕੁ ਕਲਾਵੇ ਵਿਚ ਲਿਆ ਤੇ ਪਾਸੇ ਵੱਲ ਲੈ ਗਿਆ, "ਨਾ ਸਨੀ ਬੇਟਾ, ਵੱਡਿਆਂ ਬਾਰੇ ਇੰਝ ਨਹੀਂ ਬੋਲੀਦਾ। ਦਾਦੂ ਫੇਸਬੁੱਕ ਉੱਤੇ ਥੋੜ੍ਹਾ ਬਹੁਤ ਖੇਡ ਖੇਡਈਆ ਕਰ ਲੈਂਦੇ ਹਨ ਤਾਂ ਉਸ ਦਾ ਬੁਰਾ ਨਾ ਮਨਾਇਆ ਕਰ। ਸਗੋਂ ਇਹ ਸੋਚ ਕਿ ਉਹਨਾਂ ਨੇ ਵੀ ਤੇ ਕਿਸੇ ਆਹਰੇ ਲੱਗਣਾ ਹੁੰਦਾ, ਬਹੁਤੀ ਤੂਲ ਨਾ ਦਿਆ ਕਰ ਉਹਨਾਂ ਦੀਆਂ ਪੋਸਟਾਂ ਨੂੰ। ਇਹੋ ਜਿਹੀਆਂ ਛੋਟੀਆਂ ਮੋਟੀਆਂ ਗੱਲਾਂ ਨੂੰ ਸਗੋਂ ਇਗਨੋਰ ਕਰਿਆ ਕਰ।"

"ਇਗਨੋਰ ਕੀ ਕਰਾਂ ਪਾਪਾ? ਇਹਨਾਂ ਦੀਆਂ ਰੋਜ਼ ਰੋਜ਼ ਦਾਦੀ ਬਾਰੇ ਝੂਠੀਆਂ ਪੋਸਟਾਂ ਦੇਖ ਕੇ ਮੈਨੂੰ ਬੜੀ ਚਿੱਪ ਚੜ੍ਹਦੀ ਹੈ। ਹੋਣਗੇ ਦਾਦੂ ਕਹਾਣੀਕਾਰ ਪਰ ਇਹਦਾ ਇਹ ਮਤਲਬ ਤੇ ਨਹੀਂ ਕਿ ਤੁਸੀਂ ਝੂਠੀਆਂ ਕਹਾਣੀਆਂ ਘੜ ਘੜ ਕੇ ਪਾਈ ਜਾਓ। ਸਾਰੀ ਉਮਰ ਇਹਨਾਂ ਨੇ ਦਾਦੀ ਨੂੰ ਦੁਖੀ ਕਰੀ ਰੱਖਿਆ, ਤੇ ਹੁਣ ਉਹਨਾਂ ਦੇ ਜਾਣ ਬਾਅਦ ਫੇਸਬੁਕ ਉੱਤੇ ਇੰਝ ਡਰਾਮਾ ਕਰ ਰਹੇ ਹਨ ਜਿਵੇਂ ਦਾਦੀ ਤੋਂ ਇਲਾਵਾ ਇਹਨਾਂ ਕਦੇ ਕਿਸੇ ਹੋਰ ਔਰਤ ਵੱਲ ਤੱਕਿਆ ਹੀ ਨਾ ਹੋਵੇ। ਉਨ੍ਹਾਂ ਦੇ ਜਿਊਂਦੇ ਜੀਅ ਤਾਂ ਇਹਨਾਂ ਨੂੰ ਕਦੇ ਆਪਣੀਆਂ ਸਹੇਲੀਆਂ ਕੋਲੋਂ ਫੁਰਸਤ ਹੀ ਨਾ ਮਿਲੀ... ਵਹਟ ਅ ਹਿਪੋਕ੍ਰੇਟ.."

ਗੁਣਦੇਵ ਥੋੜ੍ਹਾ ਸਕਤੇ ਵਿਚ ਆ ਗਿਆ। ਅੱਜ ਕੱਲ ਦੇ ਬੱਚੇ ਸਾਰਾ ਕੁਝ ਦੇਖਦੇ ਸਮਝਦੇ ਹੀ ਨਹੀਂ, ਉਸ ਬਾਰੇ ਖੁੱਲ੍ਹ ਕੇ ਗੱਲ ਕਰਨੋਂ ਵੀ ਨਹੀਂ ਝਿਜਕਦੇ। ਬੀ ਜੀ ਨੂੰ ਯਾਦ ਕਰਦੀਆਂ, ਉਨ੍ਹਾਂ ਦੇ ਹੇਰਵੇ ਬਾਰੇ ਪਾਪਾ ਜੀ ਦੀਆਂ ਲਗਾਤਾਰ ਪੋਸਟਾਂ ਗੁਣਦੇਵ ਨੇ ਵੀ ਦੇਖੀਆਂ ਸਨ, ਪਰ ਉਹਦੀ ਹਿੰਮਤ ਨਹੀਂ ਸੀ ਪਈ ਕਿ ਆਪਣੇ ਬਾਪ ਨੂੰ ਆਖ ਸਕੇ ਕਿ ਇਹੋ ਜਿਹੀਆਂ ਗੱਲਾਂ, ਤੇ ਉਹ ਵੀ

ਝੂਠੀਆਂ, ਫੇਸਬੁੱਕ ਵਰਗੀ ਜਨਤਕ ਥਾਂ 'ਤੇ ਕਰਨ ਦੀ ਕੀ ਲੋੜ ਹੈ। ਤੇ ਉਹ ਵੀ ਉਦੋਂ, ਜਦੋਂ ਸਾਹਿਤਕ ਜਗਤ ਨਾਲ ਜੁੜੇ ਬੜੇ ਸਾਰੇ ਉਹ ਲੋਕ ਅਜੇ ਜਿਊਂਦੇ ਹਨ ਜਿਨ੍ਹਾਂ ਨੂੰ ਪਾਪਾ ਜੀ ਦੀ ਰੰਗੀਨ ਮਿਜ਼ਾਜੀ ਦੇ ਸਾਰੇ ਕਿੱਸੇ ਯਾਦ ਹਨ। ਇਹ ਗੱਲ ਨਹੀਂ ਕਿ ਆਪਣੀ ਜਵਾਨੀ ਵੇਲੇ ਗੁਣਦੇਵ ਪਾਪਾ ਜੀ ਦੀਆਂ ਇਹਨਾਂ ਹਰਕਤਾਂ ਕਾਰਨ ਉਹਨਾਂ ਨਾਲ ਖਹਿਬੜਿਆ ਨਹੀਂ ਸੀ, ਸਗੋਂ ਬੜੀ ਵਾਰੀ ਆਪਣੀ ਮਾਂ ਦਾ ਪੱਖ ਪੂਰਦਿਆਂ ਉਹਨਾਂ ਨਾਲ ਲੜਿਆ ਵੀ ਸੀ, ਪਰ ਹੁਣ ਉਮਰ ਦੇ ਇਸ ਪੜਾਅ ਉੱਤੇ ਆ ਕੇ ਉਸਨੂੰ ਇਹ ਗੱਲਾਂ ਛੇੜਨੀਆਂ ਨਾ ਚੰਗੀਆਂ ਲੱਗਦੀਆਂ ਸਨ, ਨਾ ਸੌਖੀਆਂ। ਨਾਲੇ ਕਦੇ ਕਦੇ ਉਸਨੂੰ ਜਾਪਦਾ ਸੀ ਕਿ ਪਾਪਾ ਸ਼ਾਇਦ ਬੀ ਜੀ ਦੇ ਟੁਰ ਜਾਣ ਮਗਰੋਂ ਸੱਚਮੁੱਚ ਹੀ ਉਨ੍ਹਾਂ ਦਾ ਵਿਗੋਚਾ ਮਹਿਸੂਸ ਕਰਨ ਲੱਗ ਪਏ ਹਨ। ਜਿਸ ਔਰਤ ਨੂੰ, ਆਪਣੇ ਅੱਗੇ-ਪਿੱਛੇ ਘੁੰਮਦੀਆਂ ਰਹੀਆਂ ਪੜ੍ਹੀਆਂ-ਲਿਖੀਆਂ ਔਰਤਾਂ ਕਾਰਨ, ਉਨ੍ਹਾਂ ਹਮੇਸ਼ ਅੱਧਪੜ੍ਹ ਘਰੇਲੂ ਔਰਤ ਜਾਚ ਕੇ ਜਿੱਚ ਕੀਤਾ, ਹੁਣ ਸ਼ਾਇਦ ਉਸਨੂੰ ਯਾਦ ਕਰ ਕੇ ਪਛਤਾਵਾ ਹੁੰਦਾ ਹੋਵੇ। ਹੁਣ ਇਕੱਲੇ ਰਹਿ ਗਏ ਹਨ, ਤੇ ਜਦੋਂ ਸਾਰੀਆਂ ਤਿਤਲੀਆਂ ਉਡ-ਪੁਡ ਗਈਆਂ ਹਨ, ਤਾਂ ਸ਼ਾਇਦ ਬੀਵੀ ਦੀ ਅਸਲੀ ਕਦਰ ਪਈ ਹੈ।

ਹਾਂ, ਕੁਝ ਹੋਰ ਕਿਸਮ ਦੀਆਂ ਪੋਸਟਾਂ ਬਾਰੇ ਉਸਨੇ ਪਾਪਾ ਜੀ ਨਾਲ ਸਮੇਂ ਸਮੇਂ 'ਤੇ ਗੱਲ ਜ਼ਰੂਰ ਕੀਤੀ ਸੀ। ਜਾਂ ਕਹਿ ਲਓ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਪਾਪਾ ਜੀ ਸੁਣਦੇ ਤਾਂ ਕਿਸੇ ਦੀ ਹੈ ਨਹੀਂ । ਏਸ ਘਰ ਵਿਚ ਸਦਾ ਉਨ੍ਹਾਂ ਦੀ ਹੀ ਚੱਲੀ ਸੀ, ਹਮੇਸ਼ਾ ਉਹਨਾਂ ਨੇ ਆਪਣੀ ਹੀ ਮਰਜ਼ੀ ਪੁਗਾਈ ਸੀ, ਤੇ ਹੁਣ ਇਸ ਉਮਰ ਵਿਚ ਆ ਕੇ ਉਹਨਾਂ ਨੇ ਕਿਹੜਾ ਬਦਲ ਜਾਣਾ ਸੀ।

ਪਾਪਾ ਜੀ ਨੇ ਇਕ ਲੰਮੇ ਵਕਫ਼ੇ ਤੋਂ ਬਾਅਦ ਮੁੜ ਇਕ ਕਹਾਣੀ ਲਿਖੀ। ਨਾ ਉਹ ਕੋਈ ਬਹੁਤੀ ਚੰਗੀ ਸੀ, ਤੇ ਨਾ ਹੀ ਕੋਈ ਖ਼ਾਸ ਮਾੜੀ। ਬਸ, ਪਾਪਾ ਜੀ ਦੇ ਪਹਿਲੇ ਵਾਲੇ ਪੱਧਰ ਦੇ ਮੇਚ ਦੀ ਨਹੀਂ ਸੀ। ਜਿਵੇਂ ਸਰੀਰ ਸਮੇਂ ਦੇ ਹਾਣ ਦਾ ਨਹੀਂ ਰਹਿੰਦਾ, ਸ਼ਾਇਦ ਲੇਖਕ ਵੀ ਉਮਰ ਪਾ ਕੇ ਸਮੇਂ ਦੇ ਹਾਣ ਦਾ ਨਹੀਂ ਰਹਿੰਦਾ। ਪਰ ਤਾਂ ਵੀ ਇਹ ਕੋਈ ਘੱਟ ਗੱਲ ਤਾਂ ਨਹੀਂ ਸੀ ਕਿ ਪਾਪਾ ਜੀ ਅਜੇ ਵੀ ਲਿਖਣਾ ਜਾਰੀ ਰੱਖ ਰਹੇ ਸਨ। ਉਸਨੇ ਪ੍ਰੋਫ਼ੈਸਰ ਵਾਲੀ ਆਲੋਚਕੀ ਨਜ਼ਰ ਨਾਲ ਦੇਖਿਆ, ਤਾਂ ਉਹਨੂੰ ਜਾਪਿਆ ਕਿ ਕਹਾਣੀ ਦਾ ਵਿਸ਼ਾ ਭਾਵੇਂ ਵੇਲਾ ਵਿਹਾ ਚੁੱਕਿਆ ਸੀ, ਸਗੋਂ ਕਿਸੇ ਹੱਦ ਤੀਕ ਉਨ੍ਹਾਂ ਦੀਆਂ ਪਹਿਲੀਆਂ ਕਹਾਣੀਆਂ ਦਾ ਦੁਹਰਾਅ ਹੀ ਸੀ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਸੀ ਕਿ ਪਾਪਾ ਜੀ ਦੀ ਸ਼ਬਦ ਚੋਣ ਅਤੇ ਕਹਾਣੀ ਘੜਨ ਦੀ ਮੁਹਾਰਤ ਵਿਚ ਕੋਈ ਕਾਣ ਨਹੀਂ ਸੀ ਦਿਸਦੀ। ਤੇ ਇਹੋ ਗੱਲ ਉਸਨੇ ਪਾਪਾ ਜੀ ਨੂੰ ਕਹੀ ਵੀ, ਭਾਵੇਂ ਵਿਸ਼ੇ ਦੇ ਪੁਰਾਣੇ ਹੋਣ ਬਾਰੇ ਆਪਣੀ ਰਾਏ ਨੂੰ ਗੋਲ਼ ਕਰ ਗਿਆ।

ਪਰ ਪਾਪਾ ਜੀ ਦੀ ਸ਼ਾਇਦ ਤਸੱਲੀ ਨਾ ਹੋਈ ਤੇ ਉਹਨਾਂ ਨੇ ਕਹਾਣੀ ਕੋਈ ਪੰਝੀ ਤੀਹ ਛੋਟੇ-ਮੋਟੇ, ਨਿੱਕੇ-ਵੱਡੇ ਲਿਖਾਰੀਆਂ, ਦੋਸਤਾਂ ਤੇ ਆਲੋਚਕਾਂ ਨੂੰ ਭੇਜ ਦਿੱਤੀ; ਇਹ ਆਖ ਕੇ ਕਿ ਉਹ ਆਪਣੀ ਰਾਏ ਜ਼ਰੂਰ ਭੇਜਣ। ਰਾਵਾਂ ਕਈ ਕਿਸਮ ਦੀਆਂ ਆਈਆਂ; ਚੰਗੀਆਂ ਵੀ, ਮਾੜੀਆਂ ਵੀ। ਕਿਸੇ ਨੇ ਉਹਨਾਂ ਦੀ ਉਮਰ ਅਤੇ ਮਰਾਤਬੇ ਦਾ ਲਿਹਾਜ਼ ਕਰਦਿਆਂ ਆਪਣੀ ਰਤਾ ਖਰੀ ਆਲੋਚਨਾ ਦੇ ਨਾਲ ਚਾਰ ਕੂਲ਼ੇ ਸ਼ਬਦ ਜੜ ਦਿੱਤੇ, ਤਾਂ ਕਿਸੇ ਹੋਰ ਨੇ ਕੋਈ ਪੁਰਾਣੀ ਦੋਸਤੀ ਪੁਗਾਉਂਦਿਆਂ ਦੋ ਤਾਰੀਫ਼ੀ ਫਿਕਰੇ ਵੀ ਲਿਖ ਦਿੱਤੇ। ਪਾਪਾ ਜੀ ਨੇ ਕਾਟਵੀਆਂ ਟਿੱਪਣੀਆਂ ਨੂੰ ਅੱਖੋਂ ਪਰੋਖੇ ਕਰ ਦਿੱਤਾ, ਤੇ ਕੂਲ਼ੇ ਕੂਲ਼ੇ ਫਿਕਰਿਆਂ ਨੂੰ ਰਤਾ ਹੋਰ ਪਲੋਸ ਸੰਵਾਰ ਕੇ ਹਰ ਦੂਜੇ-ਤੀਜੇ ਦਿਨ ਫੇਸਬੁੱਕ ਉੱਤੇ ਪਾਣਾ ਸ਼ੁਰੂ ਕਰ ਦਿੱਤਾ। ਅਖੇ, ਮੇਰੀ ਨਵੀਂ ਕਹਾਣੀ ਬਾਰੇ ਫਲਾਣੇ ਨੇ ਇਹ ਆਖਿਆ ਹੈ, ਜਿਸ ਲਈ ਮੈਂ ਸ਼ੁਕਰ ਗੁਜ਼ਾਰ ਹਾਂ, ਜਾਂ ਢਿਮਕਾਣੇ ਨੇ ਮੇਰੀ ਕਹਾਣੀ ਨੂੰ ਇਕ ਨਵੇਂ ਜ਼ਾਵੀਏ ਤੋਂ ਦੇਖਦਿਆਂ ਇਹ ਲਿਖਿਆ ਹੈ ...ਵਗੈਰਾ ਵਗੈਰਾ। ਅਜਿਹੀਆਂ ਤਾਬੜ ਤੋੜ ਪੋਸਟਾਂ ਉੱਤੇ ਦਬਾ ਦਬ ਟਿੱਪਣੀਆਂ ਵੀ ਹੋਣੀਆਂ ਸ਼ੁਰੂ ਹੋ ਗਈਆਂ। ਬਹੁਤ ਸਾਰੀਆਂ ਪ੍ਰਸ਼ੰਸਾਤਮਕ ਵੀ

ਸਨ, ਤੇ ਕਈ ਨਿਰੀਆਂ ਹਾਜ਼ਰੀ ਲਵਾਊ ਵੀ; ਜੀ ਜ਼ਰੂਰ ਪੜ੍ਹਾਂਗੇ; ਕਹਾਣੀ ਦਾ ਬੇਤਾਬੀ ਨਾਲ ਇੰਤਜ਼ਾਰ ਹੈ; ਤੁਸੀਂ ਸਾਡੇ ਸਾਹਿਤ ਦਾ ਮਾਣ ਹੋ... ਵਗ਼ੈਰਾ ਵਗ਼ੈਰਾ। ਪਰ ਨਾਲ ਹੀ ਕੁਝ ਦੋ ਅਰਥੀਆਂ ਵੀ ਸਨ: ਪੇਤਲੀ ਨਜ਼ਰੇ ਤਾਰੀਫ਼ੀ ਜਾਪਦੀਆਂ, ਪਰ ਸਮਝਣ ਵਾਲਿਆਂ ਨੂੰ ਅੰਦਰ ਕੋਈ ਡੂੰਘੀ ਕਾਟ ਲੁਕੀ ਦਿਸ ਜਾਂਦੀ ਸੀ। ਗੁਣਦੇਵ ਹੈਰਾਨ ਸੀ ਕਿ ਪਾਪਾ ਜੀ ਹੁਣ ਇਨ੍ਹਾਂ ਮਿੱਠੀਆਂ ਛੁਰੀਆਂ ਦੀ ਲੁਕਵੀਂ ਧਾਰ ਨੂੰ ਮਹਿਸੂਸਣ ਵਿਚ ਵੀ ਟਪਲ਼ਾ ਖਾਣ ਲੱਗ ਪਏ ਸਨ। ਉਹ ਇਹੋ ਜਿਹੀਆਂ ਟਿੱਪਣੀਆਂ ਉੱਤੇ ਵੀ ਖ਼ੁਸ਼ ਹੋ ਲੈਂਦੇ ਸਨ, ਸਗੋਂ ਇਕ-ਅੱਧੀ ਨੂੰ - ਉਸ ਪਿਛਲੀ ਅਸਲੀ ਤਨਜ਼ ਸਮਝੇ ਬਿਨਾਂ - ਟੂਕ ਵਾਂਗ ਵਰਤਣ ਵੀ ਲੱਗ ਪਏ ਸਨ।

ਗੁਣਦੇਵ ਪਿਓ ਵਾਂਗ ਲੇਖਕ ਤਾਂ ਨਹੀਂ ਸੀ ਬਣ ਸਕਿਆ ਪਰ ਕਿੱਤਾ ਉਹਦਾ ਵੀ ਓਹੀ ਸੀ ਜੋ ਕਦੇ ਉਸਦੇ ਬਾਪ ਦਾ ਹੁੰਦਾ ਸੀ ; ਕਾਲਿਜ ਵਿਚ ਪੰਜਾਬੀ ਪੜ੍ਹਾਉਂਦਾ ਪੜ੍ਹਾਉਂਦਾ ਪ੍ਰੋਫ਼ੈਸਰੀ ਦੇ ਅਹੁਦੇ ਤਕ ਪਹੁੰਚ ਚੁੱਕਾ ਸੀ। ਤੇ ਪੰਜਾਬੀ ਦੇ ਹੋਰਨਾਂ ਪੁੱਜਤ ਵਾਲੇ ਪ੍ਰੋਫ਼ੈਸਰਾਂ - ਡਾਕਟਰਾਂ ਵਾਂਗ ਉਹ ਵੀ ਕਾਨਫ਼ਰੰਸਾਂ ਤੇ ਸੱਦੀਂਦਾ ਸੀ, ਬਹੁਤ ਸਾਰੇ ਲੇਖਕਾਂ ਨੂੰ ਮਿਲਦਾ ਗਿਲਦਾ ਸੀ, ਸਗੋਂ ਕਈਆਂ ਨਾਲ ਤਾਂ ਦਾਰੂ-ਸ਼ਾਮਾਂ ਵਾਲੀ ਯਾਰੀ ਵੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸਦੀ ਸ਼ੁਰੂਆਤੀ ਚੜ੍ਹਾਈ ਵਿਚ ਪੰਜਾਬੀ ਦੇ ਪਹਿਲੀ ਪਾਲ਼ ਦੇ ਕਹਾਣੀਕਾਰ ਬਲਕਾਰ ਸਿੰਘ ਸੇਠੀ ਦਾ ਇਕਲੌਤਾ ਪੁੱਤਰ ਹੋਣ ਦਾ ਵੱਡਾ ਹੱਥ ਰਿਹਾ ਸੀ, ਪਰ ਇਹ ਵੀ ਕਹਿਣਾ ਵਾਜਬ ਨਹੀਂ ਕਿ ਉਸਦੀ ਹੁਣ ਤਕ ਦੀ ਸਾਰੀ ਤਰੱਕੀ ਸਿਰਫ਼ ਏਸੇ ਪੈਦਾਇਸ਼ੀ ਸੁਭਾਗ ਕਾਰਨ ਹੋ ਸਕੀ ਸੀ। ਕਹਾਣੀ ਲਿਖਣੀ ਉਸਨੂੰ ਨਾ ਵੀ ਆਈ ਹੋਵੇ, ਕੁਝ ਆਪਣੇ ਘਰ ਦੇ ਕਿਤਾਬਾਂ ਭਰੇ ਮਾਹੌਲ ਕਾਰਨ, ਤੇ ਕੁਝ ਆਪਣੇ ਕਸਬ ਦੀ ਸਿਖਲਾਈ ਅਤੇ ਲੋੜਾਂ ਕਾਰਨ, ਕਹਾਣੀ ਦੀ ਜੋਖ-ਪਰਖ ਕਰਨੀ ਉਸਨੂੰ ਆ ਗਈ ਸੀ। ਏਸੇ ਕਾਰਨ ਉਸ ਨੂੰ ਸਮਝ ਸੀ ਕਿ ਪਾਪਾ ਜੀ ਭਾਵੇਂ ਜੋ ਮਰਜ਼ੀ ਸਮਝਣ, ਵਰ੍ਹਿਆਂ ਬਾਅਦ ਛਪਣ ਵਾਲੀ ਉਨ੍ਹਾਂ ਦੀ ਇਹ ਨਵੀਂ ਕਹਾਣੀ ਅਸਲੋਂ ਪੁਰਾਣੀ ਸੀ। ਸਿਰਫ਼ ਇਹ ਗੱਲ ਉਨ੍ਹਾਂ ਨੂੰ ਕਹਿ ਸਕਣ ਦੀ ਉਸ ਕੋਲ਼ ਹਿੰਮਤ ਨਹੀਂ ਸੀ ; ਪਰ ਹੋਰਨਾਂ ਕੋਲ਼ ਤਾਂ ਹੈ ਸੀ।

ਜੇਕਰ ਪਾਪਾ ਜੀ ਨਿੱਤ ਨਵੀਆਂ ਪੋਸਟਾਂ ਪਾ ਕੇ ਆਪਣੀ ਕਹਾਣੀ ਬਾਰੇ ਚਰਚਾ ਚਲਾਈ ਨਾ ਰੱਖਦੇ, ਤਾਂ ਉਨ੍ਹਾਂ ਦੀ ਪਿੱਠ ਪਿੱਛੇ, ਪਰ ਗੁਣਦੇਵ ਦੇ ਮੂੰਹ ਉੱਤੇ, ਲਗਾਤਾਰ ਚੁੰਝ-ਚਰਚਾ ਏਨੀ ਦੇਰ ਜਾਰੀ ਵੀ ਨਹੀਂ ਸੀ ਰਹਿਣੀ। ਚੰਗੀਆਂ ਕਹਾਣੀਆਂ ਪਾਠਕਾਂ ਨੂੰ ਕੁਝ ਚਿਰ ਯਾਦ ਰਹਿੰਦੀਆਂ ਹਨ, ਮਾੜੀਆਂ ਨੂੰ ਉਹ ਛੇਤੀ ਭੁੱਲ ਜਾਂਦੇ ਹਨ; ਪਰ ਪਾਪਾ ਜੀ ਦੀਆਂ ਤਾਬੜ ਤੋੜ ਪੋਸਟਾਂ ਇਕ ਮੁਕਾਬਲਤਨ ਕਮਜ਼ੋਰ ਕਹਾਣੀ ਨੂੰ ਸ਼ਾਹਕਾਰ ਸਿੱਧ ਕਰਨ ਉੱਤੇ ਲੱਗੀਆਂ ਹੋਈਆਂ ਸਨ। ਚੁੰਝ-ਚਰਚਾ ਹੌਲ਼ੀ ਹੌਲ਼ੀ ਮਜ਼ਾਕ-ਉਡਾਊ ਸ਼ੁਗਲ ਵਿਚ ਤਬਦੀਲ ਹੁੰਦੀ ਜਾ ਰਹੀ ਸੀ। ਦੋ ਇਕ ਨੇ ਤਾਂ ਇਹ ਵੀ ਨਸ਼ਰ ਕਰ ਦਿੱਤਾ ਕਿ ਬਲਕਾਰ ਸਿੰਘ ਸੇਠੀ ਨੇ ਖ਼ੁਦ ਉਨ੍ਹਾਂ ਕੋਲ਼ੋਂ ਇਸਰਾਰ ਕਰ ਕਰ ਕੇ ਰਾਏ ਮੰਗਾਈ ਸੀ, "ਆਪਾਂ ਬਾਪੂ ਦੀ ਉਮਰ ਦਾ ਲਿਹਾਜ਼ ਕਰਦਿਆਂ ਪੋਲੀ ਜਿਹੀ ਤਾਰੀਫ਼ ਕੀ ਭੇਜ ਦਿੱਤੀ, ਉਸਨੇ ਬਣਾ ਸੁਆਰ ਕੇ ਫ਼ੇਸ-ਬੁੱਕ 'ਤੇ ਪਾ ਦਿੱਤੀ। ਜੇ ਪਤਾ ਹੁੰਦਾ ਕਿ ਮੇਰੀ ਰਾਏ ਸੋਸ਼ਲ ਮੀਡੀਏ 'ਤੇ ਜਾਣੀ ਹੈ, ਤਾਂ ਨੰਬਰ ਮੈਂ ਕਸ ਕੇ ਨਾ ਦੇਂਦਾ? ਆਖਰ ਅਸੀਂ ਵੀ ਆਪਣੇ ਪਾਠਕਾਂ ਨੂੰ ਜਵਾਬਦੇਹ ਹਾਂ।" ਨਸ਼ਰ ਇਹ ਸਭ ਇਨ੍ਹਾਂ ਲੋਕਾਂ ਨੇ ਆਪਣੀਆਂ ਨੇੜਲੀਆਂ ਦਾਰੂ-ਢਾਣੀਆਂ ਵਿਚ ਕੀਤਾ, ਪਰ ਇਕ ਦੂਜੇ ਨਾਲ ਜੁੜਦੀਆਂ-ਖਹਿੰਦੀਆਂ ਦਾਰੂ-ਢਾਣੀਆਂ ਰਾਹੀਂ ਇਨ੍ਹਾਂ ਗੱਲਾਂ ਨੂੰ, ਕੁਝ ਵਾਧੂ ਜੋੜੇ ਜਾਂਦੇ ਲਗ-ਲਬੇੜ ਸਮੇਤ, ਪੰਜਾਬੀ ਦੇ ਸਾਰੇ ਸਾਹਿਤਕ ਲਾਣੇ ਵਿਚ ਖਿੱਲਰਦਿਆਂ ਦੇਰ ਨਾ ਲੱਗੀ। ਗੱਲ ਗੁਣਦੇਵ ਤਕ ਵੀ ਪਹੁੰਚੀ। ਬਚਪਨ ਤੋਂ ਹੀ ਪਾਪਾ ਜੀ ਨਾਲ ਉਸਦਾ ਰਿਸ਼ਤਾ, ਜਾਂ ਪਰਿਵਾਰ ਉੱਤੇ ਉਨ੍ਹਾਂ ਦਾ ਦਬਦਬਾ ਏਨਾ ਕਸਵਾਂ ਰਿਹਾ ਸੀ ਕਿ ਹੁਣ ਪੰਜਾਹਾਂ ਨੂੰ ਢੁੱਕ ਰਿਹਾ ਗੁਣਦੇਵ ਅਜੇ ਤਕ ਉਨ੍ਹਾਂ ਨੂੰ ਕੁਝ ਵੀ ਆਖ ਸਕਣ ਤੋਂ ਕਤਰਾਂਦਾ ਸੀ।

ਤਾਂ ਵੀ ਹਿੰਮਤ ਕਰ ਕੇ ਉਸਨੇ ਬਾਪੂ ਨੂੰ ਕਿਹਾ, "ਪਾਪਾ ਜੀ, ਮੇਰਾ ਖਿਆਲ ਹੈ 'ਲੁਹਾਰ ਦੀ

ਸੱਟ' ਬਾਰੇ ਤੁਸੀਂ ਹੁਣ ਹੋਰ ਪੋਸਟਾਂ ਪਾਣੀਆਂ ਛੱਡ ਦੇਵੋ .."

"ਕਿਉਂ ਛੱਡ ਦੇਵਾਂ ਭਈ? ਹੁਣੇ ਤੇ ਚਰਚਾ ਸਿਖਰ 'ਤੇ ਪਹੁੰਚੀ ਹੈ। ਨਵੇਂ ਪਾਠਕਾਂ ਨੂੰ ਵੀ ਸਮਝ ਪਈ ਹੈ ਕਿ ਬਲਕਾਰ ਸਿੰਘ ਅਜੇ ਕਾਇਮ ਹੈ, ਉਸਦੀ ਕਲਮ ਵਿਚ ਦਮ ਹੈ। ਸਗੋਂ ਇਹਨਾਂ ਨੌਸਿਖੀਏ ਲੇਖਕਾਂ ਦੀਆਂ ਪੇਤਲੀਆਂ ਜਿਹੀਆਂ ਸੈਆਂ ਕਹਾਣੀਆਂ ਸਾਹਵੇਂ ਮੇਰੀ ਇਕ ਕਹਾਣੀ ਭਾਰੀ ਪੈ ਰਹੀ ਹੈ। ਕਹਿੰਦੇ ਨੇ ਨਾ ਲੁਹਾਰ ਦੀ ਇਕੋ ਸੱਟ ਸੁਨਿਆਰੇ ਦੀਆਂ ਸੌ ਸੱਟਾਂ ਦੇ ਬਰੋਬਰ ਹੁੰਦੀ ਏ। ਇਹੋ ਕੰਮ ਇਸ ਕਹਾਣੀ ਨੇ ਕੀਤਾ ਹੈ .. ਸਾਰੀ ਫ਼ੇਸਬੁੱਕ ਉੱਤੇ ਛਾਈ ਹੋਈ ਹੈ। ਤੂੰ ਦੇਖਿਆ ਇਸ ਬਾਰੇ ਕਿਸੇ ਵੀ ਕਥਨ ਨੂੰ ਕਿੰਨੇ ਲੋਕ ਰੀਪੋਸਟ ਕਰਦੇ ਨੇ, ਸ਼ੇਅਰ ਕਰਦੇ ਨੇ। ਤੇ ਹਰ ਪੋਸਟ ਨੂੰ ਸੈਂਕੜਿਆਂ ਦੇ ਭਾਅ ਲਾਈਕਸ ਮਿਲਦੀਆਂ ਪਈਆਂ ਹਨ।"

"ਪਾਪਾ ਜੀ, ਇਹ ਸਿਰਫ਼ ਲਾਈਕਸ ਹੀ ਨਹੀਂ ਹੁੰਦੀਆਂ, ਕਈ ਬਥੇਰੀ ਮੀਨ-ਮੇਖ ਵੀ ਕੱਢਦੇ ਨੇ, ਕਈਆਂ ਦੀ ਸੁਰ ਤਾਂ ਮਸ਼ਕਰੀ ਕਰਨ ਵਾਲੀ ਵੀ ਹੁੰਦੀ ਹੈ ... ਚੰਗਾ ਨਹੀਂ ਲੱਗਦਾ...ਮੇਰਾ ਮਤਲਬ ..", ਗੁਣਦੇਵ ਨੇ ਹਿੰਮਤ ਕਰ ਕੇ ਕਹਿ ਤਾਂ ਦਿੱਤਾ ਪਰ ਗੱਲ ਖੋਲ੍ਹ ਕੇ ਕਰਨੋਂ ਝਿਜਕ ਗਿਆ।

"ਨਾ ਤੇਰੇ ਖ਼ਿਆਲ ਵਿਚ ਮੈਨੂੰ ਇਹ ਸਭ ਦਿਸਦਾ ਨਹੀਂ, ਜਾਂ ਸਮਝ ਨਹੀਂ ਪੈਂਦੀ ..", ਬਲਕਾਰ ਸਿੰਘ ਨੇ ਹੱਸਦਿਆਂ ਕਿਹਾ, "ਕਾਕਾ ਜੀ, ਤੂੰ ਦੇਖਿਆ ਨਹੀਂ ਹੌਲ਼ੀ ਹੌਲ਼ੀ ਮੇਰੀਆਂ ਪੋਸਟਾਂ ਤੇ ਕੁਮੈਂਟਸ ਦੀ ਗਿਣਤੀ ਕਿੰਨੀ ਵਧ ਰਹੀ ਹੈ। ਜਿੰਨੀ ਵੱਧ ਚਰਚਾ ਹੋਵੇਗੀ, ਚੰਗੀ ਹੋਵੇ ਜਾਂ ਕਦੇ ਕਦਾਈਂ ਮਾੜੀ, ਓਨੇ ਵੱਧ ਲੋਕ ਫ਼ਾਲੋ ਕਰਨਗੇ .. ਫ਼ੇਸਬੁੱਕ ਦਾ ਅਲਗੋਰਿਦਮ ਹੀ ਇਹੋ ਜਿਹਾ ਹੈ ਕਿ ਲਗਾਤਾਰ ਕੁਝ ਨਾ ਪੋਸਟ ਕਰਦੇ ਰਹੋ, ਤਾਂ ਹੀ ਤੁਸੀ ਸਭ ਦੀਆਂ ਨਜ਼ਰਾਂ ਵਿਚ ਰਹੋਗੇ। "

ਗੁਣਦੇਵ ਨੂੰ ਆਖਰੀ ਵੇਲ਼ੇ ਤਕ ਬੀ ਜੀ ਪਿਆਰ ਨਾਲ ਕਾਕਾ ਕਹਿ ਕੇ ਬੁਲਾਂਦੇ ਰਹੇ, ਭਾਵੇਂ ਉਹਦਾ ਆਪਣਾ ਪੁੱਤਰ ਜਵਾਨ ਹੋ ਚੁੱਕਾ ਸੀ, ਪਰ ਪਾਪਾ ਜੀ ਇਹ ਸੰਬੋਧਨ ਉਦੋਂ ਹੀ ਵਰਤਦੇ ਸਨ, ਤੇ ਉਹ ਵੀ ਨਾਲ 'ਜੀ' ਲਾ ਕੇ, ਜਦੋਂ ਉਨ੍ਹਾਂ ਨੇ ਗੁਣਦੇਵ ਨੂੰ ਨਿਆਣਾ ਸਾਬਤ ਕਰਨਾ ਹੁੰਦਾ ਸੀ। ਉਸਨੂੰ ਉਨ੍ਹਾਂ ਦੇ ਇੰਝ ਮੁਖ਼ਾਤਬ ਹੋਣ 'ਤੇ ਹਮੇਸ਼ਾ ਮੰਦਾ ਲੱਗਦਾ ਸੀ, ਕਿਉਂਕਿ ਬਚਪਨ ਤੋਂ ਹੀ ਉਸਨੂੰ ਇਸ ਪਿਛਲੀ ਤਨਜ਼ ਜਾਂ ਉਸਨੂੰ ਠਿੱਠ ਕਰਨ ਦੀ ਕੋਸ਼ਿਸ਼ ਦਾ ਅਹਿਸਾਸ ਰਿਹਾ ਸੀ। "ਕਾਕਾ ਜੀ ਨੇ ਅੱਜ ਕਿਹੜਾ ਨਵਾਂ ਚੰਨ ਚਾੜ੍ਹਿਆ ਹੈ?", "ਕਾਕਾ ਜੀ ਕੋਲੋਂ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ?", "ਕਾਕਾ ਜੀ ਤੁਹਾਡੇ ਖ਼ਾਨੇ ਕੋਈ ਗੱਲ ਪਈ ਵੀ ਹੈ ਕਿ ਨਹੀਂ?" ਤੇ ਇਹ ਸੰਬੋਧਨ ਸੁਣ ਕੇ ਉਹ ਹਮੇਸ਼ਾ ਮਸੋਸਿਆ ਜਾਂਦਾ ਸੀ, ਏਸ ਉਮਰ ਵਿਚ ਪਹੁੰਚ ਕੇ ਵੀ। ਪਰ ਅੱਜ ਉਸਦਾ ਧਿਆਨ ਏਸ ਖ਼ਾਰਜੀ ਸੰਬੋਧਨ ਦੀ ਥਾਂ ਪਾਪਾ ਜੀ ਦੇ ਵਰਤੇ ਫ਼ਿਕਰੇ ਵੱਲ ਵੱਧ ਸੀ 'ਫ਼ੇਸਬੁੱਕ ਦਾ ਅਲਗੋਰਿਦਮ'?!

"ਮੈਂ ਸਮਝਿਆ ਨਹੀਂ, ਪਾਪਾ ਜੀ..."

"ਦੇਖ, ਗੁਣਦੇਵ", ਪਾਪਾ ਜੀ ਪ੍ਰੋਫ਼ੈਸਰ ਵਾਲੀ ਮੁਦਰਾ ਵਿਚ ਆ ਗਏ, "ਜਦੋਂ ਅਸੀਂ ਫ਼ੇਸਬੁੱਕ 'ਤੇ ਜਾਂਦੇ ਹਾਂ, ਕੁਝ ਪੋਸਟ ਕਰਦੇ ਹਾਂ, ਜਾਂ ਕਿਸੇ ਹੋਰ ਦੀ ਪੋਸਟ ਉੱਤੇ ਲਾਈਕ ਮਾਰਦੇ ਹਾਂ, ਜਾਂ ਕੋਈ ਟਿੱਪਣੀ ਕਰਦੇ ਹਾਂ, ਫ਼ੇਸਬੁੱਕ ਸਾਡਾ ਉਹ ਸਾਰਾ ਡਾਟਾ ਸਾਂਭੀ ਜਾਂਦਾ ਹੈ। ਫ਼ੇਸਬੁੱਕ ਦਾ ਅਲਗੋਰਿਦਮ ਸਾਡੀ ਦਿਲਚਸਪੀ ਦੀਆਂ ਪੋਸਟਾਂ, ਸਾਡੇ ਫ਼ਰੈਂਡਜ਼ ਦੀਆਂ ਲਿਸਟਾਂ, ਸਾਡੀਆਂ ਕੀਤੀਆਂ ਟਿੱਪਣੀਆਂ, ਸਾਡੇ ਉੱਤੇ ਹੋਈਆਂ ਟਿੱਪਣੀਆਂ ਨੂੰ ਦਰਜ ਕਰਕੇ ਨਿਚੋੜ ਕੱਢਦਾ ਰਹਿੰਦਾ ਹੈ ਅਤੇ ਉਸ ਹਿਸਾਬ ਨਾਲ ਸਾਡੀਆਂ ਪੋਸਟਾਂ ਹੋਰਨਾਂ ਨੂੰ, ਤੇ ਹੋਰਨਾਂ ਦੀਆਂ ਸਾਨੂੰ ਦਿਖਾਂਦਾ ਰਹਿੰਦਾ ਹੈ। ਹੁਣ ਦੇਖ, ਮੇਰੇ 5000 ਫ਼ਰੈਂਡਜ਼ ਬਣ ਚੁੱਕੇ ਹਨ, ਹੋਰ ਬਣਾਉਣ ਲਈ ਮੈਨੂੰ ਵੱਖਰੀ ਆਈ ਡੀ ਬਨਾਣੀ ਪਵੇਗੀ, ਪਰ ਜੇ ਮੈਂ ਲਗਾਤਾਰ ਪੋਸਟਾਂ ਨਾ ਪਾਵਾਂ, ਜਾਂ ਹੋਰਨਾਂ ਉੱਤੇ ਕੁਮੈਂਟ ਨਾ ਕਰਦਾ ਰਹਾਂ ਤਾਂ ਮੇਰੀਆਂ ਕਦੇ ਕਦਾਈਂ ਪਾਈਆਂ ਪੋਸਟਾਂ ਇਸ ਸਮੁੰਦਰ ਵਿਚ ਬੜੀ ਛੇਤੀ ਡੁੱਬ ਜਾਇਆ

ਕਰਨਗੀਆਂ, ਉਨ੍ਹਾਂ ਨੂੰ ਲੰਮਾ ਚਿਰ ਤਰਦੀਆਂ ਰੱਖਣ ਲਈ, ਜਾਂ ਹੋਰਨਾਂ ਨੂੰ ਦਿਸਦੀਆਂ ਰੱਖਣ ਲਈ ਜ਼ਰੂਰੀ ਹੈ ਕਿ ਮੈਂ ਕੁਝ ਨਾ ਕੁਝ ਲਿਖਦਾ ਰਹਾਂ। ਮੇਰੇ ਉੱਤੇ ਹੋਣ ਵਾਲੇ ਕੁਮੈਂਟ ਚੰਗੇ ਹੋਣ ਜਾਂ ਮਾੜੇ, ਉਸਦਾ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਹਰ ਕਿਸਮ ਦੀ ਹਲਚਲ ਫ਼ੇਸਬੁੱਕ ਉੱਤੇ ਛਾਏ ਰਹਿਣ ਵਿਚ ਮਦਦ ਹੀ ਕਰਦੀ ਹੈ। ਸੋ ਤੂੰ ਏਸ ਗੱਲ ਦਾ ਬਹੁਤਾ ਫ਼ਿਕਰ ਨਾ ਕਰ ਕਿ ਕੋਈ ਕੀ ਕਹਿੰਦਾ ਹੈ।"

ਪਾਪਾ ਜੀ ਕੋਲੋਂ ਮਿਲ਼ੀ ਇਸ ਗਿਆਨ ਦੀ ਵਾਛੜ ਤੋਂ ਗੁਣਦੇਵ ਹੈਰਾਨ ਤਾਂ ਹੋਇਆ, ਪਰ ਇਹ ਵੀ ਸਮਝ ਗਿਆ ਕਿ ਦਾਦੇ ਨੂੰ ਏਸ ਗਿਆਨ ਨਾਲ ਲੈਸ ਕਰਨ ਵਾਲਾ ਉਨ੍ਹਾਂ ਦਾ ਪੋਤਾ ਹੀ ਹੈ।

ਉਹ ਦਿਨ ਤੇ ਇਹ ਦਿਨ। ਪਾਪਾ ਜੀ ਦਾ ਫ਼ੇਸਬੁੱਕ ਨਾਲ ਨਿਹੁੰ ਖ਼ਬਤ ਦੀ ਹਦ ਤੀਕ ਪਹੁੰਚ ਗਿਆ ਸੀ। ਸਾਰਾ ਦਿਨ ਫ਼ੋਨ ਨਾਲ ਚੰਬੜੇ ਰਹਿੰਦੇ ਲਾਈਕਾਂ ਗਿਣਦੇ, ਉਨ੍ਹਾਂ ਦੀ ਵਧ ਰਹੀ ਗਿਣਤੀ ਉੱਤੇ ਹੁਲਾਸੇ ਜਾਂਦੇ ਅਤੇ ਏਸ ਅਲਗੋਰਿਦਮ ਦੇਵੀ ਨੂੰ ਅਰਾਧਣ ਲਈ ਕੋਈ ਨਾ ਕੋਈ ਪੋਸਟ ਪਾਈ ਰਖਦੇ। ਪਹਿਲੋਂ ਜੇਕਰ ਦੂਜੇ ਤੀਜੇ ਦਿਨ ਕੋਈ ਪੋਸਟ ਪਾਂਦੇ ਸਨ, ਤਾਂ ਹੁਣ ਹਰ ਰੋਜ਼, ਸਗੋਂ ਕਈ ਵਾਰ ਦਿਨ ਵਿਚ ਦੋ ਦੋ, ਤਿੰਨ ਤਿੰਨ ਪੋਸਟਾਂ ਵੀ ਪਾਣ ਲੱਗ ਪਏ। ਕਦੇ ਆਪਣੀਆਂ ਕਹਾਣੀਆਂ ਦੇ ਪਿਛੋਕੜ ਬਾਰੇ, ਕਦੇ ਆਪਣੇ ਨਾਲ ਹੋਈ – ਨਾ ਹੋਈ ਕਿਸੇ ਝੂਠੀ ਸੱਚੀ ਘਟਨਾ ਬਾਰੇ। ਤੇ ਹੁਣ ਬੀ ਜੀ ਨਾਲ ਆਪਣੀ ਪਿਆਰ ਕਹਾਣੀ ਬਾਰੇ ਜਿਹੜੀ ਨਵੇਂ ਪਾਠਕਾਂ ਨੂੰ ਜਜ਼ਬਾਤੀ ਕਰ ਦੇਂਦੀ ਸੀ, ਪੁਰਾਣੇ ਯਾਰਾਂ-ਜਾਣਕਾਰਾਂ ਨੂੰ ਲੰਘ ਚੁੱਕੇ ਸਮੇਂ ਦੀਆਂ ਉਨ੍ਹਾਂ ਦੀਆਂ ਆਪਹੁਦਰੀਆਂ ਦੀ ਯਾਦ ਤਾਜ਼ਾ ਕਰਾ ਕੇ ਖਿੱਲੀ ਉਡਾਉਣ ਦਾ ਮੌਕਾ ਦੇਂਦੀ ਸੀ ਅਤੇ ਘਰਦਿਆਂ ਨੂੰ ਪਸ਼ੇਮਾਨ ਕਰਦੀ ਸੀ। ਭਾਵੇਂ ਖੁਲ੍ਹ ਕੇ ਕੋਈ ਨਹੀਂ ਸੀ ਬੋਲਦਾ; ਸ਼ਾਇਦ ਉਨ੍ਹਾਂ ਦੀ ਉਮਰ ਤੇ ਰੁਤਬੇ ਦਾ ਲਿਹਾਜ਼ ਰਖਦੇ ਹੋਏ। ਪਰ ਅੱਜ ਖਿਝੇ ਹੋਏ ਗੁਣਮੀਤ ਨੇ ਉਹ ਗੱਲ ਆਖ ਦਿੱਤੀ ਸੀ ਜਿਸ ਤੋਂ ਅੰਦਰੋ-ਅੰਦਰ ਘਰ ਦਾ ਹਰ ਜੀਅ ਤੜਫ਼ਦਾ ਸੀ, ਪਰ ਬੁਲ੍ਹ ਸਾਰਿਆਂ ਨੇ ਸੀਅ ਕੇ ਰੱਖੇ ਹੋਏ ਸਨ।

ਭਖ਼ੇ ਹੋਏ ਨੇ ਦਾਦੇ ਨੂੰ ਹਿਪੋਕ੍ਰੇਟ ਤਕ ਕਹਿ ਦਿੱਤਾ ਸੀ। ਓਸ ਦਾਦੇ ਨੂੰ ਜਿਸਦੀ ਕਮਾਈ ਤੋਂ ਬਣੀ ਇਸ ਵੱਡੀ ਸਾਰੀ ਕੋਠੀ ਵਿਚ ਸਾਰਾ ਪਰਿਵਾਰ ਰਹਿ ਰਿਹਾ ਸੀ, ਓਸ ਦਾਦੇ ਨੂੰ ਜਿਸਦੀ ਪਹੁੰਚ ਤੇ ਵਸੀਲਿਆਂ ਕਾਰਨ ਐੱਮ.ਏ. ਕਰਨ ਤੋਂ ਫ਼ੌਰਨ ਬਾਅਦ ਗੁਣਦੇਵ ਨੂੰ ਝੱਟ ਹੀ ਚੰਗੇ ਕਾਲਿਜ ਵਿਚ ਨੌਕਰੀ ਮਿਲ ਗਈ ਸੀ .. ਤੇ ਫੇਰ ਤਰੱਕੀਆਂ ਵੀ ਹੁੰਦੀਆਂ ਗਈਆਂ। ਓਸ ਦਾਦੇ ਨੂੰ ਜਿਸਦੀਆਂ ਲਾਡੀਆਂ ਨੇ ਗੁਣਮੀਤ ਦੀ ਹਰ ਮੰਗ ਉਸਦੇ ਆਖੇ ਬਿਨਾਂ ਹੀ ਪੂਰੀ ਕਰ ਦਿੱਤੀ ਸੀ। ਪਰ ਹੁਣ ਦੇ ਬੱਚੇ, ਇਹ ਨਵੀਂਆਂ ਮੂੰਹਫਟ ਪੁਸ਼ਤਾਂ ਇਸ ਸਭ ਬਾਰੇ ਕਦੋਂ ਸੋਚਦੇ ਹਨ। ਜੋ ਉਨ੍ਹਾਂ ਦੇ ਹੱਕ ਹਨ ਉਹ ਲੈਣੇ ਜਾਣਦੇ ਹਨ, ਪਰ ਜੋ ਉਨ੍ਹਾਂ ਦੇ ਫ਼ਰਜ਼ ਹਨ, ਉਸ ਬਾਰੇ ਕੋਈ ਸੋਝੀ ਨਹੀਂ। "ਨਾ ਬੇਟਾ, ਵੱਡਿਆਂ ਬਾਰੇ ਇਹੋ ਜਿਹੇ ਬੋਲ ਨਹੀਂ ਬੋਲੀਦੇ।" ਆਪਣੇ ਪੁੱਤਰ ਕੋਲੋਂ ਪਾਪਾ ਜੀ ਬਾਰੇ ਏਨਾ ਹਿਕਾਰਤੀ ਸ਼ਬਦ ਸੁਣਨਾ ਗੁਣਦੇਵ ਨੂੰ ਸੱਚਮੁੱਚ ਚੰਗਾ ਨਹੀਂ ਸੀ ਲੱਗਾ।

"ਮੈਂ ਕੀ ਕਰਾਂ ਹੁਣ, ਸੱਚ ਵੀ ਨਾ ਬੋਲਾਂ? ਤੁਹਾਡੇ ਵਿਚੋਂ ਤਾਂ ਕਿਸੇ ਕੋਲ਼ ਦਾਦੂ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ, ਪਰ ਮੈਂ ਕਿਉਂ ਚੁੱਪ ਕਰ ਕੇ ਬੈਠਾ ਰਹਾਂ? ਹੀ ਇਜ਼ ਸਫ਼ਰਿੰਗ ਫ਼ਰੌਮ ਫੋਮੋ, ਤੇ ਹੁਣ ਇਹ ਬੀਮਾਰੀ ਵਧਦੀ ਹੀ ਜਾ ਰਹੀ ਹੈ।"

"ਫੋਮੋ?" ਗੁਣਦੇਵ ਸਿਰਫ਼ ਏਨਾ ਹੀ ਕਹਿ ਸਕਿਆ, ਇਹੋ ਜਿਹੀ ਕਿਸੇ ਬੀਮਾਰੀ ਦਾ ਨਾਂਅ ਉਸਨੇ ਪਹਿਲੀ ਵਾਰ ਸੁਣਿਆ ਸੀ।

"ਹਾਂ, ਹਾਂ, ਫੋਮੋ, ਯਾਨੀ ਫ਼ੀਅਰ ਔਫ਼ ਮਿਸਿੰਗ ਆਊਟ। ਦਾਦੂ ਨੂੰ ਲੱਗਦਾ ਏ ਕਿ ਜੇ ਉਹ ਹਰ ਵੇਲ਼ੇ ਸੋਸ਼ਲ ਮੀਡੀਏ ਨਾਲ ਚੰਬੜੇ ਨਾ ਰਹਿਣ ਤਾਂ ਉਹ ਬਾਕੀਆਂ ਤੋਂ ਪਿੱਛੇ ਰਹਿ ਜਾਣਗੇ, ਆਲ਼ੇ-ਦੁਆਲ਼ੇ ਦੇ ਲੋਕ ਉਨ੍ਹਾਂ ਨੂੰ ਭੁੱਲ ਜਾਣਗੇ। ਉਨ੍ਹਾਂ ਨੂੰ ਕੋਈ ਸੱਦੇ ਬੁਲਾਏਗਾ ਨਹੀਂ। ਇਹ ਇਹੋ ਜਿਹੀ ਫੀਲਿੰਗ ਹੈ ਪਾਪਾ, ਜਿਹੋ ਜਿਹੀ ਕਿਸੇ ਨੂੰ ਉਦੋਂ ਹੁੰਦੀ ਹੈ ਜਦੋਂ ਵਿਆਹ-ਸ਼ਾਦੀ ਮੌਕੇ ਉਸਨੂੰ

ਜਾਪਦਾ ਹੈ ਕਿ ਬਾਕੀ ਸਾਰੇ ਰਿਸ਼ਤੇਦਾਰਾਂ ਨੂੰ ਤਾਂ ਬੁਲਾਇਆ ਜਾਵੇਗਾ, ਪਰ ਉਸਨੂੰ ਕਿਤੇ ਭੁੱਲ ਹੀ ਨਾ ਜਾਣ, ਸੋ ਉਹ ਆਪਣਾ ਹੋਣਾ ਦੱਸਣ ਲਈ ਕੋਈ ਨਾ ਕੋਈ ਗੱਲ ਛੇੜੀ ਰੱਖਦਾ ਹੈ। ਜਾਂ ਜਿਵੇਂ ਬੱਚੇ ਇਹ ਮਹਿਸੂਸ ਕਰਦੇ ਹੋਏ ਕਿ ਮਹਿਮਾਨਾਂ ਦੇ ਆਇਆਂ ਮਾਪੇ ਉਨ੍ਹਾਂ ਵੱਲ ਧਿਆਨ ਨਹੀਂ ਦੇ ਰਹੇ, ਤਾਂ ਉਹ ਵਾਧੂ ਚਾਮ੍ਹਲਣ ਜਾਂ ਜ਼ਿੱਦ ਕਰਨ ਲੱਗ ਪੈਂਦੇ ਹਨ। ਇਹ ਤਾਂ ਮਾਨਸਿਕ ਬਿਮਾਰੀ ਹੈ, ਬਿਮਾਰੀ ਜੋ ਸੋਸ਼ਲ ਮੀਡੀਆ ਕਾਰਨ ਟੀਨ-ਏਜਰਜ਼ ਨੂੰ ਆਮ ਹੋ ਜਾਂਦੀ ਹੈ, ਪਰ ਦਾਦੂ ਨੂੰ ਏਸ ਉਮਰ ਵਿਚ ਆ ਕੇ ਹੋ ਗਈ ਹੈ। ਏਸੇ ਲਈ ਰੋਜ਼ ਆਪਣੇ ਪਲ ਪਲ ਦੀ ਡਿਟੇਲ ਫੇਸਬੁੱਕ 'ਤੇ ਪਾਈ ਜਾਂਦੇ ਹਨ। ਹੂ ਦ ਹੈੱਲ ਇਜ਼ ਇੰਟਰਸਟਿਡ ਇਨ ਵੈਦਰ ਹੀ ਸ਼ੈਟ ਵੈੱਲ ਟੁਡੇ ਔਰ ਇਜ਼ ਕੌਨਸਟੀਪੇਟਿਡ ! ਹਰ ਗੱਲ ਨੂੰ ਹਰ ਵੇਲ਼ੇ ਸੋਸ਼ਲ ਮੀਡੀਏ ਉੱਤੇ ਸ਼ੇਅਰ ਕਰਨ ਦਾ ਖ਼ਬਤ ਬਿਮਾਰੀ ਹੈ ਪਾਪਾ ਬਿਮਾਰੀ, ਐਂਡ ਇਟ ਇਜ਼ ਨੌਟ ਫ਼ਨੀ।" ਕਹਿ ਕੇ ਗੁਣਮੀਤ ਆਪਣੇ ਕਮਰੇ ਵਿਚ ਚਲਾ ਗਿਆ।

ਬਿਮਾਰੀ ਹੋਵੇ ਨਾ ਹੋਵੇ, ਗੁਣਦੇਵ ਕੁਝ ਸੋਚਣ ਲੱਗ ਪਿਆ ਹੈ। ਭਾਵੇਂ ਇਹ ਕੰਮ ਉਸ ਆਪ ਕਦੇ ਨਹੀਂ ਕੀਤਾ ਪਰ ਸ਼ੁਰੂ ਸ਼ੁਰੂ ਵਿਚ ਉਸਨੂੰ ਵੀ ਅਜੀਬ ਲਗਦਾ ਸੀ ਕਿ ਲੋਕ ਆਪਣੀਆਂ ਪਤਨੀਆਂ ਨੂੰ ਵੀ ਜਨਮਦਿਨ ਦੀ ਮੁਬਾਰਕਬਾਦ ਸੋਸ਼ਲ ਮੀਡੀਏ ਰਾਹੀਂ ਦੇਂਦੇ ਸਨ। ਹੁਣ ਤੇ ਇੰਝ ਕਰਨਾ ਆਮ ਹੋ ਗਿਆ ਸੀ। ਘਰ ਆਏ ਮਹਿਮਾਨਾਂ ਨਾਲ ਤਸਵੀਰਾਂ ਖਿਚਾ ਕੇ ਫੇਸਬੁਕ 'ਤੇ ਪਾਣ ਦਾ ਰਿਵਾਜ ਹੋ ਗਿਆ ਸੀ, ਉਹੀ ਚਿੱਥ ਚਿੱਥ ਕੇ ਮਲੀਦਾ ਹੋਏ ਫਿਕਰੇ ਮੁੜ ਮੁੜ ਵਰਤਦਿਆਂ; 'ਅੱਜ ਦੀ ਸ਼ਾਮ ਖ਼ੂਬਸੂਰਤ ਹੋ ਨਿੱਬੜੀ', 'ਅੱਜ ਦਾ ਦਿਨ ਯਾਦਗਾਰੀ ਰਿਹਾ', 'ਅੱਜ ਦੀ ਮਿਲਣੀ ਨਾਲ ਰੂਹ ਨੂੰ ਰੱਜ ਆ ਗਿਆ'...। ਗੁਣਮੀਤ ਸ਼ਾਇਦ ਸਹੀ ਕਹਿ ਰਿਹਾ ਸੀ ਕਿ ਸਿਆਣੇ ਬਿਆਣੇ ਲੋਕ ਵੀ ਕਿਸੇ ਅੰਦਰਲੇ ਭੈਅ ਕਾਰਨ ਹਰ ਵੇਲ਼ੇ ਸੋਸ਼ਲ ਮੀਡੀਆ ਨਾਲ ਜੁੜੇ ਰਹਿਣ 'ਤੇ ਮਜਬੂਰ ਸਨ, ਆਪਣੀਆਂ ਪੋਸਟਾਂ ਦੀਆਂ ਲਾਈਕਾਂ ਦਾ ਹਿਸਾਬ-ਕਿਤਾਬ ਲਾਉਣ ਲਈ ਬੇਵੱਸ ਸਨ। ਗੁਣਦੇਵ ਨੂੰ ਪਾਪਾ ਜੀ 'ਤੇ ਤਰਸ ਜਿਹਾ ਆਇਆ। ਇਹੋ ਜਿਹੇ ਮਾਹੌਲ ਵਿਚ ਉਨ੍ਹਾਂ ਵਰਗਾ ਮਾਣਯੋਗ ਲੇਖਕ ਵੀ....

ਚਲੋ, ਜੋ ਵੀ ਹੈ, ਗੁਣਮੀਤ ਦੇ ਜਨਮਦਿਨ ਵਾਲੇ ਦਿਹਾੜੇ ਦਾਦੇ-ਪੋਤੇ ਵਿਚ ਇਹੋ ਜਿਹੀ ਝੜੱਪ ਦਾ ਹੋਣਾ ਮਾੜੀ ਗੱਲ ਹੈ। ਦੋਵੇਂ ਇਕੋ ਜਿਹੇ ਅੜੀਅਲ ਸੁਭਾਅ ਦੇ ਹਨ, ਰੋਸੇ ਗਿਲੇ ਨੂੰ ਛੇਤੀ ਕੀਤਿਆਂ ਛੰਡਦੇ ਨਹੀਂ। ਸ਼ਾਮ ਨੂੰ, ਕੇਕ ਕੱਟਣ ਵੇਲ਼ੇ ਤੀਕ ਠੰਢੇ ਪੈ ਜਾਣ ਸਹੀ ...

ਦੁਪਹਿਰੇ ਗੁਣਦੇਵ ਹਲਕਾ ਜਿਹਾ ਠੌਂਕਾ ਲਾ ਰਿਹਾ ਸੀ, ਕਿ ਪਾਪਾ ਜੀ ਖਿੜੇ ਹੋਏ ਚਿਹਰੇ ਨਾਲ ਉਸਦੇ ਕਮਰੇ ਵਿਚ ਦਾਖ਼ਲ ਹੋਏ, "ਇਕ ਖ਼ੁਸ਼ਖ਼ਬਰੀ ਏ ਗੁਣਦੇਵ, ਹੁਣੇ ਮਿਲੀ ਹੈ। 15 ਤਰੀਕ ਨੂੰ ਭਾਬੜਾਂ ਕਲਾਂ ਦੀ ਸਾਹਿਤ ਸਭਾ ਮੈਨੂੰ 'ਸਾਲ ਦਾ ਸਿਰਮੌਰ ਸੋਸ਼ਲ ਮੀਡੀਆ ਲੇਖਕ ਅਵਾਰਡ' ਨਾਲ ਸਨਮਾਨਤ ਕਰ ਰਹੀ ਹੈ। ਤੂੰ ਵੀ ਨਾਲ ਚੱਲੀਂ।"

ਗੁਣਦੇਵ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਭਾਬੜਾਂ ਕਲਾਂ ਦਾ ਨਾਂਅ ਉਸਨੇ ਪਹਿਲਾਂ ਵੀ ਕਦੇ ਸੁਣਿਆ ਹੈ ਕਿ ਨਹੀਂ! 000

***(sukirat.anand@gmail.com)***

# ਭਗਵੰਤ ਰਸੂਲਪੁਰੀ: ਕਹਾਣੀ: ਨੇਲ ਪਾਲਿਸ਼

ਇਸ ਵਾਰ ਘਰ ਨਾਟ-ਮੰਚ ਬਣ ਗਿਆ ਸੀ।

ਭੈਣ ਬੇਅੰਤ ਮੇਰੇ ਅੱਗੇ ਬਰੈੱਡ-ਆਮਲੇਟ ਤੇ ਕੌਫ਼ੀ ਰੱਖਦੀ ਕਹਿ ਗਈ ਸੀ, "ਅੱਜ ਤਾਂ ਮੇਰੇ ਵੀਰ ਦੇ ਮੂੰਹ... ਸ਼ਗਨਾਂ ਦਾ ਲੱਡੂ ਲੱਗਣਾ!!"

ਮੈਂ ਹੱਸ ਪਿਆ ਸਾਂ। ਬੂਹੇ ਵੱਲ ਵੇਖਿਆ ਤਾਂ ਭਾਪਾ ਕਾਰ ਨੂੰ ਕਾਹਲੀ ਕਾਹਲੀ ਧੋ ਰਿਹਾ ਸੀ।

ਫਿਰ ਆਪਣੇ ਨੇੜਿਓਂ ਦੀ ਲੰਘਦੀ ਭੈਣ ਨੂੰ ਵੀ, ਭਾਪਾ ਕਹਿਣ ਲੱਗ ਪਿਆ ਸੀ, "ਕੁੜੇ ਬੇਅੰਤ! ਆਪਣੀ ਬੀਬੀ ਨੂੰ ਕਹਿ ਜਲਦੀ-ਜਲਦੀ ਤਿਆਰ ਹੋ ਜਾਵੇ।"

ਮੰਚ 'ਤੇ ਪੁੱਜਣ ਲਈ ਸਾਰੇ ਪਾਤਰ ਤਿਆਰ ਹੋਣ ਲੱਗ ਪਏ ਸਨ।

ਜਦੋਂ ਦਾ ਮੈਂ ਘਰ ਪੈਰ ਪਾਇਆ ਸੀ। ਬੀਬੀ-ਭਾਪੇ ਨੇ ਇਕੋ ਸੁਰ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਸੀ, "ਕਾਕਾ ਸਹਿਜ! ਹੁਣ ਤੂੰ ਪੱਕਾ ਹੋ ਗਿਆ, ਬਸ ਚੂੜੇ ਵਾਲੀ ਘਰ 'ਚ ਲੈ ਆ!" ਬੀਬੀ ਉੱਠਦੀ-ਬੈਠਦੀ ਇਹੋ ਹੀ ਅਲਾਪ ਕਰਦੀ ਰਹਿੰਦੀ ਸੀ। ਕਦੇ ਉਹਦੀ ਸੁਰ ਥੱਲੇ ਹੁੰਦੀ ਕਦੇ ਉੱਪਰ।

ਤੇ ਭਾਪਾ ਅਕਸਰ ਹੀ ਸ਼ਾਮ ਨੂੰ ਪੈੱਗ ਲਾ, ਮੁੱਛਾ 'ਤੇ ਹੱਥ ਫੇਰਦਾ ਕਹਿਣ ਲੱਗ ਪੈਂਦਾ ਸੀ, "ਵੇਖ ਸਹਿਜ ਪੁੱਤ! ਹੁਣ ਤੂੰ ਤੀਹਾਂ ਦੇ ਨੇੜੇ ਪੁੱਜ ਗਿਆਂ, ਪੜ੍ਹ ਵੀ ਗਿਆ ਤੇ ਸੈੱਟ ਵੀ ਹੋ ਗਿਆ, ਸਾਡੇ ਮਗਰ ਕੁੜੀਆਂ ਵਾਲੇ ਫਿਰਨ ਲੱਗ ਪਏ ਨੇ। ਸਵੇਰੇ ਈ ਚਾਹ ਪੀਣ ਦੇ ਟੈਮ ਫ਼ੋਨ ਵੱਜਣੇ ਸ਼ੁਰੂ ਹੋ ਜਾਂਦੇ ਨੇ...ਮੈਂ ਕਹਿ ਛੱਡਦਾਂ, ਬਈ ਮੁੰਡੇ ਨੇ ਆ ਜਾਣਾ, ਬੈਠ ਕੇ ਤਸੱਲੀ ਨਾਲ ਗੱਲ ਕਰਾਂਗੇ।"

ਤੇ ਆਖਰ ਭਾਪੇ ਨੇ ਮੇਰੇ ਘਰ ਪੁੱਜਣ 'ਤੇ ਮੈਨੂੰ ਰਿਸ਼ਤੇ ਦੇ ਜਾਲ਼ 'ਚ ਫਸਾਉਣਾ ਸ਼ੁਰੂ ਕਰ ਦਿੱਤਾ ਸੀ।

ਮੈਂ ਹਾਂ-ਹੂੰ ਕਰਦੇ ਨੇ ਵੀਹ-ਪੱਚੀ ਦਿਨ ਲੰਘਾ ਦਿੱਤੇ ਸਨ। ਮੰਚਕਾਰੀ ਤੋਂ ਵਿੱਥ ਬਣਾ ਕੇ ਘਰ 'ਚ ਵਿਚਰਨ ਲੱਗ ਪਿਆ ਸਾਂ। ਆਖਰ ਭਾਪਾ ਮੋਢੇ 'ਤੇ ਰਿਸ਼ਤੇ ਦਾ ਜਾਲ਼ ਸੁੱਟ ਕੇ ਮੇਰੇ ਮਗਰ-ਮਗਰ ਤੁਰ ਪਿਆ ਸੀ। 'ਏਹ ਵੀ ਕਰ ਲਵੇ ਆਪਣਾ ਰਾਂਝਾ ਰਾਜੀ' ਸੋਚ ਕੇ ਮੈਂ ਘਰ 'ਚ ਕੈਨੇਡਾ ਮੁੜਨ ਦੇ ਦਿਨ ਲੰਘਾਉਣ ਲੱਗ ਪਿਆ ਸਾਂ। ਫਿਰ ਜਾਣ ਤੋਂ ਇਕ ਦਿਨ ਪਹਿਲਾਂ ਹੀ ਮੌਕਾ ਤਾੜ ਕੇ ਭਾਪੇ ਨੇ ਮੇਰੇ ਉੱਤੇ ਜਾਲ਼ ਸੁੱਟ ਦਿੱਤਾ ਸੀ।

...ਉਹ ਦਿਨ ਆ ਹੀ ਗਿਆ ਸੀ। ਨਾਟ ਨਿਰਦੇਸ਼ਕ ਵਿਚੋਲੇ ਨੇ ਸਾਰੇ ਪਾਤਰ ਤੇ ਦਰਸ਼ਕ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਸਨ।

ਉਦੋਂ ਮੈਂ ਘੁੱਟਿਆ-ਵੱਟਿਆ ਜਿਹਾ...ਵਾਲ਼ਾਂ ਨੂੰ ਪਿੱਛੇ ਕਰ, ਰਬੜ ਬੈਂਡ ਪਾ ਕੇ... ਸੂਤਰਧਾਰ ਭਾਪੇ ਦੇ ਬਰੋਬਰ ਕਾਰ ਵਿਚ ਬੈਠ ਗਿਆ ਸਾਂ। ਭਾਪਾ ਪੂਰੇ ਜਲੌਅ 'ਚ ਸੀ। ਵਾਰ-ਵਾਰ ਮੁੱਛਾਂ 'ਤੇ ਹੱਥ ਲੈ ਜਾਂਦਾ ਤੇ ਖੰਘੂਰਾ ਮਾਰ ਕੇ ਕਹਿੰਦਾ, "ਸਹਿਜ ਦੀ ਬੇਬੇ! ਛਾਬੜਾ ਸਵੀਟਸ ਤੋਂ ਪੰਜ ਕਿਲੋ ਮੋਤੀ ਚੂਰ ਦੇ ਲੱਡੂਆਂ ਦੇ ਡੱਬੇ ਚੁੱਕਣੇ ਐ... ਚੇਤਾ ਕਰਾ ਦਈਂ...ਸ਼ਗਨਾਂ ਦੇ ਕਾਰਜ ਵਿਚ ਲੱਡੂਆਂ ਦਾ ਹੋਣਾ ਜ਼ਰੂਰੀ ਹੁੰਦਾ।"

ਭੈਣ ਬੇਅੰਤ ਕੌਰ ਬੀਬੀ ਦੇ ਬਰਾਬਰ ਬੈਠੀ ਆਪਣੀ ਗੱਲ ਨੂੰ ਘਰੋੜ-ਘਰੋੜ ਕੇ ਕਹਿਣ ਲੱਗੀ ਹੋਈ ਸੀ, "ਭਾਪਾ ਜੀ ਪੰਜ ਕਿਉਂ... ਦਸ ਲੈ ਕੇ ਜਾਓ...ਸੁੱਖ ਨਾਲ ਸ਼ਗਨ ਦਾ ਕੰਮ ਐ।"

ਫੇਰ ਭਾਪਾ ਮੇਰੇ ਵੱਲ ਵੇਖਦਾ ਕਹਿਣ ਲੱਗ ਪਿਆ ਸੀ, "ਉਏ ਸਹਿਜ ਦੇ ਬੱਚਿਆ, ਇੰਡੀਆ ਆਉਣ ਤੋਂ ਪਹਿਲਾਂ ਦਾੜ੍ਹੀ-ਮੁੱਛ ਹੀ ਵਧਾ ਲੈਂਦਾ, ਥੋੜ੍ਹਾ ਰੋਹਬ ਪੈ ਜਾਂਦਾ... ਹੁਣ ਤਾਂ ਐਵੇਂ...ਪੁੱਤ ਤੂੰ ਆਪਣੇ ਭਾਪੇ ਦੀ ਮੁੱਛ ਈ ਦੇਖ ਲੈਂਦਾ...ਤੇਰਾ ਪਿਓ ਹਫ਼ਤੇ ਬਾਅਦ ਨਾਈ ਤੋਂ ਸ਼ੇਵ ਤੇ ਮੁੱਛਾਂ ਦੀ

ਸੈਟਿੰਗ ਕਰਾਉਣ ਜਾਂਦੈ। " ਭਾਪਾ ਫਿਰ ਮੁੱਛਾਂ 'ਤੇ ਹੱਥ ਫੇਰਨ ਲੱਗ ਪਿਆ ਸੀ। ਜਦੋਂ ਕਿਤੇ ਜਾਣਾ ਹੁੰਦਾ ਭਾਪਾ ਖਿੱਚ ਕੇ ਸ਼ੇਵ ਕਰਦਾ, ਮੁੱਛਾਂ 'ਤੇ ਰੀਝ ਨਾਲ ਦੋ ਉਂਗਲਾਂ ਅਤੇ ਅੰਗੂਠਾ ਫੇਰਦਾ...ਮਰੋੜੀ ਦਿੰਦਾ ਰਹਿੰਦਾ ਸੀ।

ਬੀਬੀ ਕਹਿਣ ਲੱਗ ਪਈ ਸੀ, "ਲੈ ਜਾਣ ਦੇ ਹੁਣ...ਬਸ ਵੀ ਕਰ...ਸ਼ਗਨਾਂ ਦੇ ਕੰਮ ਵਿਚ ਐਦਾਂ ਖਰੋੜ੍ਹ ਨ੍ਹੀਂ ਕਰੀਦੀ ਹੁੰਦੀ...ਅੱਛਾ!" ਫਿਰ ਬੇਅੰਤ ਭੈਣ ਨੇ ਵਿਚ ਪੈ ਕੇ ਦੋਹਾਂ ਨੂੰ ਸ਼ਾਂਤ ਕੀਤਾ ਸੀ।

ਮੈਂ ਉਦੋਂ ਸਬਰ ਦਾ ਘੁੱਟ ਭਰ ਕੇ ਰਹਿ ਗਿਆ ਸਾਂ।

ਜਦੋਂ ਮੈਂ ਆਪਣੀ ਪੀ. ਆਰ. ਦੀ ਖ਼ਬਰ ਭਾਪੇ ਹੁਰਾਂ ਨੂੰ ਦੱਸੀ ਤਾਂ ਭਾਪੇ ਹੁਰਾਂ ਨੇ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ ਸਨ। ਉਸੇ ਦਿਨ ਇਕ ਹੋਟਲ ਵਿਚ ਆਪਣੇ ਸਾਥੀ ਪ੍ਰੋਪਰਟੀ ਡੀਲਰਾਂ ਨਾਲ ਮਿਲ ਕੇ ਪਾਰਟੀ ਕੀਤੀ ਸੀ। ਉਨ੍ਹਾਂ ਉੱਥੇ ਹੀ ਮੈਨੂੰ ਵੀਡੀਓ ਕਾਲ ਕਰਨੀ ਸ਼ੁਰੂ ਕਰ ਦਿੱਤੀ ਸੀ। ਪਰ ਉਦੋਂ ਮੈਂ ਸੁਪਨਦੀਪ ਨਾਲ ਸਾਂ ਤੇ ਆਪਣੇ ਰੰਗਾਂ ਵਿਚ ਰੰਗਿਆ ਹੋਇਆ ਸਾਂ। ਉਦੋਂ ਵੀਡੀਓ ਕਾਲ ਕੱਟ ਕੇ ਆਡੀਓ ਕਾਲ ਕਰ ਲਈ ਸੀ। ਫਿਰ ਭਾਪੇ ਹੁਰਾਂ ਮੈਨੂੰ ਪਾਰਟੀ ਦੀਆਂ ਫੋਟੋ ਭੇਜੀਆਂ ਸਨ। ਮੈਂ ਘਰ ਦਿਆਂ ਨਾਲ ਵੀਡੀਓ ਕਾਲ ਬਹੁਤ ਘੱਟ ਕਰਦਾ ਸਾਂ। ਕਦੇ ਕੰਮ ਦਾ ਬਹਾਨਾ ਲਾ ਦਿੰਦਾ ਕਦੇ ਕਾਲਿਜ ਦਾ। ਜਦੋਂ ਕਦੇ ਵੀਡੀਓ ਕਾਲ 'ਤੇ ਹੁੰਦਾ ਤਾਂ ਭਾਪਾ-ਬੀਬੀ ਮੇਰੇ ਹੁਲੀਏ ਨੂੰ ਵੇਖ-ਵੇਖ ਕਈ ਸਵਾਲ ਕਰਦੇ ਰਹਿੰਦੇ, 'ਉਏ ਤੂੰ ਵਾਲ਼ ਕਿਵੇਂ ਦੇ ਰੱਖੇ ਆ ਉਏ...ਹੈਂ?... ਉਏ ਤੂੰ ਬਣਿਆ ਕੀ ਏਂ?' ਮੈਂ ਅੱਗੋਂ ਕਹਿੰਦਾ 'ਯਾਰ ਭਾਪੇ! ਏਹ ਕੈਨੇਡਾ ਐ... ਏਧਰ ਤਰ੍ਹਾਂ-ਤਰ੍ਹਾਂ ਦੇ ਫੈਸ਼ਨ ਐ...ਤੁਸੀਂ ਪਿੰਡ 'ਚੋਂ ਕਦੇ ਬਾਹਰ ਨੀਂ ਨਿਕਲੇ ਤੁਹਾਨੂੰ ਕੀ ਪਤੈ ਡੱਡਾਂ ਕਿਹੜੇ ਛੱਪੜ 'ਚੋਂ ਪਾਣੀ ਪੀਂਦੀਆਂ...ਅੱਗੋਂ ਭਾਪਾ ਬੋਲ ਪੈਂਦਾ...ਉਏ ਤੇਰਾ ਪਿਓ ਸੱਤ ਪੱਤਣਾਂ ਦਾ ਤਾਰੂ ਐ ਤੇ ਹੁਣ ਤਕ ਘਾਟ-ਘਾਟ ਦਾ ਪਾਣੀ ਪੀ ਚੁੱਕੈਂ...' ਮੈਂ ਅੱਗੋਂ ਚੌੜਾ ਹੋ ਜਾਂਦਾ ਸਾਂ, 'ਉਏ ਭਾਪੇ ਕਈ ਵਾਰ ਥੋਡੇ ਵਰਗੇ ਤਾਰੂ ਐਵੇਂ ਗੋਤਾ ਖਾ ਜਾਂਦੇ ਐ...।' ਤੇ ਅਸੀਂ ਹੱਸ-ਹੱਸ ਕੇ ਲੋਟ-ਪੋਟ ਹੋ ਜਾਂਦੇ ਸਾਂ।

ਸੱਤ ਸਾਲ ਹੋ ਗਏ ਸਨ ਮੈਨੂੰ ਕੈਨੇਡਾ ਦੇ ਸਰੀ ਸ਼ਹਿਰ ਆਇਆਂ ਹੋਇਆਂ। ਏਸ ਦੌਰਾਨ ਮੈਂ ਪੜ੍ਹਾਈ ਪੂਰੀ ਕੀਤੀ ਸੀ। ਕੰਮ ਕੀਤਾ ਸੀ ਤੇ ਤਿੰਨ ਸਾਲਾਂ 'ਚ ਪੱਕਾ ਹੋ ਗਿਆ ਸਾਂ। ਫਿਰ ਭਾਪਾ ਅਕਸਰ ਕਹਿਣ ਲੱਗ ਪੈਂਦਾ ਸੀ, 'ਆ ਜਾ ਮੁੰਡਿਆ! ਏਸ ਵਾਰ ਤੇਰਾ ਘਰ 'ਚ ਪੈਰ ਢੋਲ ਦੇ ਡੱਗੇ ਨਾਲ ਪਵਾਉਣਾਂ...ਕਹੇਂ ਤਾਂ ਤੇਰੀ ਟਿਕਟ ਕਰਾ ਦਿਆਂ...।'

ਫਿਰ ਭਾਪਾ-ਬੀਬੀ ਤੇ ਬੇਅੰਤ ਭੈਣ ਨੂੰ ਮਿਲਣ ਲਈ ਮੇਰਾ ਮਨ ਵੀ ਕਾਹਲ਼ਾ ਪੈਣ ਲੱਗ ਪਿਆ ਸੀ। ਥੋੜ੍ਹਾ ਸਹਿਜ ਹੋ ਕੇ ਆਪਣੇ ਬੀਬੀ-ਭਾਪੇ ਦਾ ਸਹਿਜ ਬਣ ਕੇ ਮੈਂ ਇੰਡੀਆ ਜਾਣ ਵਾਲੇ ਜਹਾਜ਼ੇ ਚੜ੍ਹ ਗਿਆ ਸਾਂ।

ਮੰਗਣੀ ਦੀ ਪਾਰਟੀ ਕੁੜੀ ਵਾਲਿਆਂ ਨੇ ਹੋਟਲ 'ਚ ਰੱਖੀ ਹੋਈ ਸੀ। ਸਟੇਜ ਸਜੀ ਹੋਈ ਸੀ। ਦਰਸ਼ਕ ਤੇ ਪਾਤਰ ਪੁੱਜ ਰਹੇ ਸਨ। ਕੁੜੀ ਵਾਲੇ ਦਸ-ਪੰਦਰਾਂ ਬੰਦੇ-ਔਰਤਾਂ ਸਨ। ਸਾਡੇ ਵੱਲੋਂ ਮਾਮੇ-ਮਾਮੀਆਂ ਤੇ ਮਾਸੀਆਂ ਸਨ।

ਭਾਪਾ-ਬੀਬੀ ਤੇ ਕੁੜੀ ਦੇ ਮਾਂ-ਪਿਓ ਹੱਸ-ਹੱਸ ਗੱਲਾਂ ਕਰ ਰਹੇ ਸਨ। ਵਿਚੋਲਾ ਭਾਪੇ ਦਾ ਕੋਈ ਪ੍ਰੋਪਰਟੀ ਡੀਲਰ ਦੋਸਤ ਸੀ। ਕੁੜੀ ਨੂੰ ਵਿਚੋਲਣ ਨੇ ਮੇਰੇ ਸਾਹਮਣੇ ਖਿੱਚ ਕੇ ਕਰ ਦਿੱਤਾ ਸੀ। ਕੁੜੀ ਨੇ ਹੱਥ ਜੋੜ ਕੇ ਮੈਨੂੰ ਬੁਲਾਇਆ ਸੀ। ਕੁੜੀ ਵਾਕਿਆ ਹੀ ਬਹੁਤ ਸੋਹਣੀ ਸੀ। ਜਿੰਨਾ ਝੂਠ ਬੋਲ ਲਓ, ਓਨੀ ਸੋਹਣੀ। ਮੇਰੀ ਨਜ਼ਰ ਕੁੜੀ ਦੀ ਹੀਲ ਵਾਲੀ ਸੁਨਹਿਰੀ ਜੁੱਤੀ 'ਤੇ ਗਈ ਸੀ। ਮੈਂ ਥੱਲਿਓਂ ਓਪਰ ਤਕ ਕੁੜੀ ਵੱਲ ਨੀਝ ਨਾਲ ਦੇਖਿਆ ਸੀ। ਕੱਦ 'ਚ ਕੁੜੀ ਮੇਰੇ ਬਰਾਬਰ ਆਉਣ ਦੀ ਕੋਸ਼ਿਸ਼ 'ਚ ਸੀ। ਫਿਰ ਮੇਰੀ ਨਜ਼ਰ ਕੁੜੀ ਦੇ ਹੱਥਾਂ ਵੱਲ ਗਈ, ਉਹਨੇ ਗੋਲਡਨ ਕਲਰ ਦੀ ਨੇਲ ਪਾਲਿਸ਼ ਲਗਾਈ ਹੋਈ ਸੀ। ਹਲਕੇ ਗੋਲਡਨ ਕਲਰ ਦੇ ਪਲਾਜੋ ਸੂਟ 'ਚ ਉਹ ਪਰੀ ਹੀ ਤਾਂ ਲੱਗ ਰਹੀ ਸੀ।

ਉਦੋਂ ਹੀ ਮੇਰੇ ਮਨ ਵਿਚ ਸਰੀ ਦੀ ਸਿੰਗਲ ਬੈੱਡਰੂਮ ਵਾਲੀ ਬੇਸਮੈਂਟ 'ਚ ਅਨੇਕਾਂ ਹੀਲ ਵਾਲੇ ਸੈਂਡਲ ਘੁੰਮਣ ਲੱਗ ਪਏ ਸਨ। ਡਰੈਸਿੰਗ ਟੇਬਲ 'ਤੇ ਪਏ ਵੱਖ-ਵੱਖ ਕਲਰ ਦੇ ਨੇਲ ਪਾਲਿਸ਼ ਤੇ

ਮੇਕਅੱਪ ਦਾ ਸਮਾਨ ਘੁੰਮਣ ਲੱਗ ਪਿਆ ਸੀ। ਮੇਰੇ ਅੰਦਰ ਅਜੀਬ ਜਿਹੀ ਹਲਚਲ ਹੋਣ ਲੱਗ ਪਈ ਸੀ। ਮੈਂ ਬੜੀ ਮੁਸ਼ਕਲ ਨਾਲ ਸਹਿਜ ਹੋਣ ਦੀ ਕੋਸ਼ਿਸ਼ ਕਰਨ ਲੱਗ ਪਿਆ ਸਾਂ। ਉਦੋਂ ਕੁ ਹੀ ਮੈਨੂੰ ਭਾਪੇ ਦਾ ਖੰਗੂਰਾ ਸੁਣਾਈ ਦਿੱਤਾ ਸੀ... ਮੈਨੂੰ ਭਾਪੇ ਦੀ ਖਿੱਚ ਕੇ ਕੀਤੀ ਸ਼ੇਵ ਤੇ ਉੱਪਰ ਨੂੰ ਕੀਤੀ ਮੁੱਛ ਦਿਖਾਈ ਦੇਣ ਲੱਗ ਪਈ ਸੀ। ਮੇਰੇ ਮਨ ਵਿਚੋਂ ਕੈਨੇਡਾ ਦੇ ਦ੍ਰਿਸ਼ ਧੁੰਦਲੇ ਹੋ ਗਏ ਸਨ। ਮੈਂ ਆਪਣੇ ਆਪ ਨੂੰ ਵਰਤਮਾਨ 'ਚ ਲੈ ਆਇਆ ਸਾਂ।... ਮੈਨੂੰ ਮੰਗਣੀ ਵਾਲੀ ਥਾਂ ਮੰਚ ਲੱਗਣ ਲੱਗ ਪਿਆ ਸੀ। ਮੈਂ ਇਕ ਪਾਤਰ ਬਣ ਕੇ ਮੰਚ ਵਿਚ ਵਿਚਰਨ ਲੱਗ ਪਿਆ ਸਾਂ। ਬੀਬੀ-ਭਾਪਾ ਤੇ ਕੁੜੀ ਵਾਲੇ ਹੰਢੇ ਹੋਏ ਕਲਾਕਾਰਾਂ ਵਾਂਗ ਮੰਚਕਾਰੀ ਕਰਨ ਲੱਗ ਹੋਏ ਮੈਨੂੰ ਮਹਿਸੂਸ ਹੋਣ ਲੱਗ ਪਏ ਸਨ। ਮੈਨੂੰ ਲੱਗਾ ਬੇਅੰਤ ਭੈਣ, ਭਾਪੇ-ਬੀਬੀ ਨਾਲ ਰਲ਼ ਕੇ ਸਿਖੰਡਿਨ ਦਾ ਰੋਲ ਬੜੀ ਬਾ-ਖੂਬੀ ਨਿਭਾ ਰਹੀ ਸੀ। ਨਾਟਕ ਦਾ ਨਿਰਦੇਸ਼ਕ ਵਿਚੋਲਾ ਬੜੀ ਕੁਸ਼ਲਤਾ ਨਾਲ ਆਪਣੇ ਕਲਾਕਾਰਾਂ ਨੂੰ ਆਪਣਾ-ਆਪਣਾ ਰੋਲ ਸਮਝਾ ਰਿਹਾ ਸੀ। ਉਸ ਦੀ ਪਤਨੀ ਨਾਟਕ ਦੀ ਕੋ-ਨਿਰਦੇਸ਼ਕ ਬਣ ਕੇ ਉਹਦੀ ਹਾਂ ਵਿਚ ਹਾਂ ਮਿਲਾ ਰਹੀ ਸੀ। ਸ਼ਾਇਦ ਕੁੜੀ ਦੀ ਡਰੈੱਸ ਡਿਜ਼ਾਇੰਨਗ 'ਚ ਵੀ ਉਹਦੀ ਭੂਮਿਕਾ ਹੋਵੇ।

ਬੈਠਿਆਂ ਬੈਠਿਆਂ ਹੀ ਮੈਂ ਨਾਟ ਨਿਰਦੇਸ਼ਕ ਦੀ ਆਵਾਜ਼ ਸੁਣੀ ਸੀ। ਉਸ ਨੇ ਮੈਨੂੰ ਵੀ ਨਾਟਕ 'ਚ ਅਦਾਕਾਰੀ ਕਰਨ ਲਈ 'ਵਾਜ਼ ਮਾਰ ਲਈ ਸੀ। ਨਿਰਦੇਸ਼ਕ ਨੇ ਮੰਚ 'ਤੇ ਦੋ ਕੁਰਸੀਆਂ ਰਖਵਾ ਦਿੱਤੀਆਂ ਸਨ ਤੇ ਮੈਨੂੰ ਇਸ਼ਾਰਾ ਕੀਤਾ ਸੀ, "ਸਹਿਜ ਬੇਟਾ! ਆ ਬਈ ਹੁਣ, ਸ਼ਗਨਾਂ ਦਾ ਵੇਲ਼ਾ ਹੋ ਗਿਆ।"

ਪਰ ਕੋ-ਨਿਰਦੇਸ਼ਕ, ਵਿਚੋਲੇ ਦੀ ਪਤਨੀ, ਨੇ ਨਾਟਕ ਨੂੰ ਇਕ ਹੋਰ ਮੋੜ ਦੇ ਦਿੱਤਾ ਸੀ। ਉਹ ਮੈਨੂੰ ਤੇ ਕੁੜੀ ਨੂੰ ਇਕ ਹੋਰ ਸਟੇਜ 'ਤੇ ਲੈ ਵੜੀ ਸੀ, ਇਹ ਕਹਿੰਦੀ ਹੋਈ, "ਰੁਕੋ-ਰੁਕੋ ਅਜੇ...ਮੁੰਡਾ-ਕੁੜੀ ਇਕ ਦੂਜੇ ਨੂੰ ਕੋਈ ਗੱਲ ਪੁੱਛ-ਦੱਸ ਤਾਂ ਲੈਣ।"

ਕੁੜੀ ਮੇਰੇ ਸਾਹਮਣੇ ਆ ਬੈਠੀ ਸੀ। ਨਾਟਕ ਦਾ ਅਗਲਾ ਸੀਨ ਚੱਲ ਪਿਆ ਸੀ। ਮੈਂ ਬੈਠਦਿਆਂ ਸਾਰ ਹੀ ਬੋਲਿਆ ਸਾਂ,

"ਮੈਨੂੰ ਤੁਹਾਡੀ ਹੀਲ ਵਾਲੀ ਜੁੱਤੀ ਬਹੁਤ ਪਸੰਦ ਏ...ਮੈਂ ਵੀ ਇਸੇ ਤਰ੍ਹਾਂ ਦੀ ਹੀਲ ਪਸੰਦ ਕਰਦਾਂ...ਨੁਕੀਲੀ ਤੇ ਤਿੱਖੀ! ਜੋ ਵੇਖਣ ਵਾਲੇ ਦੇ ਦਿਲ 'ਚ ਖੁਭ ਜਾਵੇ...।"

ਕੁੜੀ ਹੱਸ ਪਈ ਸੀ। ਬੋਲੀ ਕੁਝ ਨਹੀਂ ਸੀ। ਮੈਂ ਫਿਰ ਕਿਹਾ ਸੀ, "ਉਹ ਹਾਂ... ਨੇਲ ਪਾਲਿਸ਼ ਤੁਸੀਂ ਬੜੇ ਸਲੀਕੇ ਨਾਲ ਲਗਾਇਆ ਏ। ਏਸ ਤਰ੍ਹਾਂ ਦਾ ਨੇਲ ਪਾਲਿਸ਼ ਤਾਂ ਮੇਰਾ ਫੇਵਰਟ ਏ...ਤੇ ਮੇਕਅੱਪ ਵਾਹ...ਖੂਬਸੂਰਤ ਹੋਣਾ ਤੇ ਖੂਬਸੂਰਤ ਬਣ ਕੇ ਦੂਜੇ ਦੇ ਸਾਹਮਣੇ ਆ ਉਹਨੂੰ ਆਪਣੀ ਮੁੱਠੀ 'ਚ ਕਰਨਾ ਕਿਸੇ ਕਿਸੇ ਨੂੰ ਆਉਂਦਾ ਏ, ਪਲਾਜ਼ੋ ਸੂਟ ਦਾ ਕੰਨਟ੍ਰਾਸਟ ਵੀ ਕਮਾਲ ਦਾ ਏ...ਸਭ ਕੁਝ ਮੇਰੀ ਪਸੰਦ ਦਾ...ਕਦੇ ਕਦੇ ਤਾਂ ਕਮਾਲ ਹੋ ਜਾਂਦੀ ਐ।"

ਕੁੜੀ ਸ਼ਰਮਾ ਗਈ ਸੀ। ਏਸ ਤੋਂ ਅੱਗੇ ਮੈਂ ਹੋਰ ਗੱਲ ਕਰਦਾ, ਦਰਵਾਜ਼ੇ 'ਤੇ ਠੱਕ-ਠੱਕ ਹੋਈ ਸੀ। ਨਾਟ ਨਿਰਦੇਸ਼ਕ ਦੀ ਪਤਨੀ ਦਰਵਾਜ਼ੇ 'ਚ ਖੜ੍ਹੀ ਸੀ, "ਆ ਜਾਓ ਬਈ!...ਬਾਕੀ ਗੱਲਾਂ ਫੋਨਾਂ ਅਤੇ ਵੀਡੀਓ ਕਾਲ 'ਤੇ ਕਰੀ ਜਾਇਓ! ਹੁਣ ਤਾਂ ਭਾਈ ਬੜਾ ਕੁਝ ਆ ਗਿਆ...ਵੇਖਣ-ਪਰਖਣ ਨੂੰ... ਤੁਹਾਨੂੰ ਇਕ ਦੂਜੇ ਦਾ ਨੰਬਰ ਦੇ ਦਿਆਂਗੇ।"

ਅਸੀਂ ਉੱਠ ਪਏ ਸਾਂ।

ਸਟੇਜ 'ਤੇ ਰੱਖੀਆਂ ਕੁਰਸੀਆਂ ਉੱਤੇ ਮੈਂ ਤੇ ਉਹ ਕੁੜੀ ਬੈਠ ਗਏ ਸਾਂ। ਕੁੜੀ ਦੀ ਮਾਂ ਨੇ ਮੇਰੀ ਝੋਲ਼ੀ ਲੱਡੂਆਂ ਦਾ ਡੱਬਾ, ਸ਼ਗਨਾਂ ਦੇ ਪੈਸੇ ਰੱਖ ਕੇ ਮੇਰੇ ਮੂੰਹ ਨੂੰ ਮੋਤੀ ਚੂਰ ਦਾ ਲੱਡੂ ਲਗਾਇਆ ਸੀ। ਮੈਨੂੰ ਬੇਅੰਤ ਭੈਣ ਦੀ ਸ਼ਗਨਾਂ ਦੇ ਲੱਡੂ ਵਾਲੀ ਗੱਲ ਚੇਤੇ ਆ ਗਈ ਸੀ। ਫਿਰ ਬੀਬੀ ਨੇ ਕੁੜੀ ਦੀ ਝੋਲ਼ੀ ਸ਼ਗਨ ਪਾਇਆ ਸੀ। ਮੈਂ ਕੁੜੀ ਦੇ ਸੋਨੇ ਦੀ ਰਿੰਗ ਤੇ ਕੁੜੀ ਨੇ ਮੇਰੇ ਪਾਈ ਸੀ। ਹਾਲ 'ਚ ਆਏ ਸਾਰੇ ਰਿਸ਼ਤੇਦਾਰਾਂ ਨੇ ਦਰਸ਼ਕਾਂ ਵਾਲੀ ਸੋਹਣੀ ਅਦਾਕਾਰੀ ਕੀਤੀ ਸੀ। ਹਾਲ ਵਿਚ ਤਾੜੀਆਂ ਦੀ ਗੂੰਜ ਸੀ। ਭਾਪਾ, ਕੁੜੀ ਦਾ ਪਿਓ ਤੇ ਵਿਚੋਲਾ ਆਪਸ ਵਿਚ ਜੱਫ਼ੀਓ-ਜੱਫ਼ੀ ਹੋਈ ਜਾ ਰਹੇ ਸਨ।

ਸ਼ਗਨ ਤੋਂ ਬਾਅਦ ਸਾਰੇ ਰਿਸ਼ਤੇਦਾਰਾਂ ਨੇ ਚਾਹ ਪਕੌੜਿਆਂ ਨਾਲ ਜਸ਼ਨ ਮਨਾਇਆ ਸੀ।

ਭਾਪੇ ਹੁਰੀਂ ਇਕ ਨੁਕਰੇ ਪੈੱਗ ਲਗਾਉਣ ਬੈਠ ਗਏ ਸਨ।

ਉਸ ਦਿਨ ਭਾਪਾ-ਬੀਬੀ ਘਰ ਨੂੰ ਆਉਂਦਿਆਂ ਖੁਸ਼ ਸਨ। ਮੈਂ ਆਪਣੇ ਆਪ ਨੂੰ ਕੱਠਪੁਤਲੀ ਬਣ ਗਿਆ ਮਹਿਸੂਸ ਕਰਨ ਲੱਗ ਪਿਆ ਸਾਂ।

ਬੇਅੰਤ ਭੈਣ ਚੁੱਪ ਕਰਕੇ ਗੱਡੀ ਵਿਚ ਬੈਠੀ ਹੋਈ ਸੀ। ਉਹ ਮੇਰੇ ਤੋਂ ਪੰਜ ਸਾਲ ਵੱਡੀ ਸੀ। ਪ੍ਰਾਇਮਰੀ ਸਕੂਲ ਵਿਚ ਪੱਕੀ ਨੌਕਰੀ ਕਰਦਿਆਂ, ਉਹਨੂੰ ਸੱਤ ਸਾਲ ਹੋ ਗਏ ਸਨ। ਭਾਪੇ ਹੁਰੀਂ ਬੇਅੰਤ ਦੇ ਰਿਸ਼ਤੇ ਲਈ ਕਈ ਸਾਲ ਪਹਿਲਾਂ ਤੋਂ ਮੁੰਡਾ ਲੱਭਣਾ ਸ਼ੁਰੂ ਕਰ ਦਿੱਤਾ ਸੀ।

ਮੁੰਡੇ ਵਾਲੇ ਬੇਅੰਤ ਨੂੰ ਵੇਖਦੇ। ਉਹਦੀ ਚਾਲ ਵੇਖਦੇ। ਉਹਦੀ ਗੱਲ ਬਾਤ ਸੁਣਦੇ ਤੇ 'ਸਲਾਹ ਕਰਕੇ ਦੱਸਾਂਗੇ' ਕਹਿ ਕੇ ਤੁਰ ਜਾਂਦੇ। ਭਾਪਾ ਕਿਸੇ ਨਾ ਕਿਸੇ ਤਰ੍ਹਾਂ ਭੈਣ ਬੇਅੰਤ ਨੂੰ ਆਪਣੇ ਘਰੋਂ ਤੋਰ ਦੇਣਾ ਚਾਹੁੰਦਾ ਸੀ। ਪਰ ਕਿਤੇ ਢੋਅ-ਮੇਲ ਬਣ ਨਹੀਂ ਸੀ ਰਿਹਾ। ਨਾ ਕੋਈ ਗੱਲ ਕਿਸੇ ਤਣ-ਪੱਤਣ ਲੱਗਦੀ ਸੀ। ਉਦੋਂ ਮੈਂ ਕੈਨੇਡਾ ਪੜ੍ਹ ਰਿਹਾ ਸਾਂ। ਬੀਬੀ-ਭਾਪਾ ਤਾਂ ਬੇਅੰਤ ਦੇ ਰਿਸ਼ਤੇ ਦੀਆਂ ਮੇਰੇ ਨਾਲ ਗੱਲਾਂ ਕਰਦੇ ਥੱਕਦੇ ਨਹੀਂ ਸਨ ਪਰ ਮੈਂ ਥੱਕ ਜਾਂਦਾ ਸਾਂ, ਬੇਅੰਤ ਵੀ ਆਪਣੇ ਰਿਸ਼ਤੇ ਦੀਆਂ ਗੱਲਾਂ ਮੇਰੇ ਨਾਲ ਕਰ ਲੈਂਦੀ। ਇਕ ਦਿਨ ਮੈਂ ਬੇਅੰਤ ਨੂੰ ਪੁੱਛ ਬੈਠਾ ਸਾਂ, "ਭੈਣ! ਕੱਲ੍ਹ ਜੋ ਮੁੰਡੇ ਵਾਲੇ ਤੈਨੂੰ ਵੇਖਣ ਆਏ ਸੀ...ਕੀ ਕਹਿੰਦੇ ਫੇਰ?"

ਅੱਗੋਂ ਬੇਅੰਤ ਕਹਿਣ ਲੱਗੀ ਸੀ, "ਭਰਾਵਾ ਕੀ ਦੱਸਾਂ! ਮੁੰਡੇ ਦੀ ਮਾਂ ਕਹਿੰਦੀ, ਤੁਹਾਡੀ ਕੁੜੀ 'ਚ ਤਾਂ ਜਮਾਂ ਕਣ ਹੈਨੀ...ਸਿਰ ਤੋਂ ਪੈਰਾਂ ਤਕ ਜਮਾਂ ਸ਼ਤੀਰ ਜਿਹੀ ਲੱਗਦੀ ਐ। ਏਹਦੀ ਨੌਕਰੀ ਅਸੀਂ ਕੀ ਕਰਨੀ...ਕੁੜੀ 'ਚ ਭੋਰਾ ਕਣ ਤਾਂ ਹੋਵੇ।"

ਮੈਂ ਉਦੋਂ ਹੱਸ ਪਿਆ ਸਾਂ। ਮੈਨੂੰ ਪ੍ਰੀਤੂ ਚੌਂਕੀਦਾਰ ਦੀ ਗੱਲ ਚੇਤੇ ਆ ਗਈ ਸੀ। ਉਦੋਂ ਬੋਹੜ ਥੱਲੇ ਖੜ੍ਹ ਕੇ ਉਹ ਮੈਨੂੰ ਰੋਕ ਕੇ ਕਹਿਣ ਲੱਗਾ ਸੀ, 'ਉਏ ਸਹਿਜ ਕੱਲ੍ਹ ਤਪਹਿਰੇ ਮੈਂ ਤੁਹਾਡੇ ਘਰ ਗਿਆ... ਹਾਕਾ ਮਾਰੀ ਜਾਵਾਂ... ਕੋਈ ਬੋਲੇ ਹੀ ਨਾ... ਹਾਕਾਂ ਮਾਰਦਾ ਵਿਹੜੇ 'ਚ ਚਲਾ ਗਿਆ, ਅੰਦਰੋਂ 'ਵਾਜ਼ ਆਈ, 'ਅਖੇ ਚਾਚਾ ਅੰਦਰ ਲੰਘ ਆ'...ਜਮਾ ਮੁੰਡਿਆ ਤੇਰੇ ਵਰਗੀ 'ਵਾਜ਼...ਲੱਗਾ ਜਿਵੇਂ ਤੂੰ ਬੋਲ ਰਿਹਾ ਹੋਵੇਂ... ਅੰਦਰ ਲੰਘ ਗਿਆ ਤਾਂ ਅੱਗੇ ਆਪਣੀ ਬੇਅੰਤ ਕੌਰ ਬੈਠੀ, ਆਲੂ ਛਿੱਲ ਰਹੀ ਸੀ। ਉਹਨੂੰ ਵੇਖ ਕੇ ਇਕ ਵਾਰ ਤਾਂ ਮੇਰਾ ਸਿਰ ਘੁੰਮਿਆ...ਅੱਖਾਂ ਹੋਰ ਉਘਾੜ ਕੇ ਬੋਲਿਆ, 'ਕੁੜੇ ਅੰਦਰੋਂ ਕੌਣ ਬੋਲਿਆ?'... ਕਹਿਣ ਲੱਗੀ... 'ਚਾਚਾ ਮੈਂ ਬੋਲਦੀ ਪਈ ਐਂ!'... ਫੇਰ ਜਮਾਂ ਤੇਰੇ ਵਰਗੀ 'ਵਾਜ਼... ਮੈਂ ਕਿਹਾ ਕੁੜੇ ਤੇਰੀ 'ਵਾਜ਼ ਨੂੰ ਕੀ ਹੋ ਗਿਆ...ਕਿਤੇ ਦੋਵੇਂ ਭੈਣ-ਭਰਾ ਰਲ਼ ਕੇ ਚਾਚੇ ਨਾਲ ਭਕਾਈ ਤਾਂ ਨੀਂ ਮਾਰਦੇ?"

ਫਿਰ ਪ੍ਰੀਤੂ ਚੌਂਕੀਦਾਰ ਨੇ ਬੇਅੰਤ ਕੌਰ ਦੀਆਂ ਕਿੰਨੀਆਂ ਈ ਗੱਲਾਂ ਪਿੰਡ 'ਚ ਫੈਲਾ ਦਿੱਤੀਆਂ ਸਨ। ਗੱਲਾਂ ਨੂੰ ਖੰਭ ਲੱਗਦੇ ਤੇ ਉਹ ਪਿੰਡ ਵਿਚ ਉੱਡਣ ਲੱਗ ਪੈਂਦੀਆਂ। ਉੱਡਦੀਆਂ ਉੱਡਦੀਆਂ ਗੱਲਾਂ ਭਾਪੇ ਦੇ ਕੰਨੀਂ ਵੀ ਪੈ ਜਾਂਦੀਆਂ। ਕਦੇ ਕਦੇ ਭਾਪਾ ਪ੍ਰੀਤੂ ਚੌਂਕੀਦਾਰ ਨੂੰ ਘੇਰ ਕੇ ਖੜ੍ਹ ਜਾਂਦਾ ਸੀ, "ਓਏ ਲੰਗੜਿਆ! ਤੂੰ ਸਾਡੀ ਕੁੜੀ ਬਾਰੇ ਕੀ ਪੁੱਠਾ ਸਿੱਧਾ ਬੋਲਦਾ ਰਹਿੰਦਾਂ। ਕੰਜਰ ਦਿਆ ਦੂਜੀ ਲੱਤ ਵੀ ਤੋੜ ਦਊਂ।"

ਤੇ ਅੱਗੋਂ ਪ੍ਰੀਤੂ ਕੰਬਦਾ-ਕੰਬਦਾ ਭਾਪੇ ਦੇ ਪੈਰੀਂ ਹੱਥ ਲਾਉਣ 'ਤੇ ਆ ਜਾਂਦਾ। ਫੇਰ ਬੋਹੜ ਥੱਲੇ ਆ ਆਪੇ ਹਵਾ ਨਾਲ ਗੱਲਾਂ ਕਰਨ ਲੱਗ ਜਾਂਦਾ, "ਲੈ ਸੱਚ ਤਾਂ ਸੱਚ ਐ... ਭਾਵੇਂ ਤੁਸੀਂ ਸੁਣ ਲਓ...ਕੁਦਰਤ ਬੜੀ ਬੇਅੰਤ ਐ ਭਾਈ...ਬੰਦਾ ਏਥੇ ਕੁਝ ਨੀਂ ਕਰ ਸਕਦਾ...ਉਹਦੀਆਂ ਖੇਡਾਂ ਉਹ ਹੀ ਜਾਣਦਾ ਐ...ਬੰਦਾ ਚਾਹੇ ਜਿੰਨੀ ਮਰਜ਼ੀ ਮੁੱਛ ਉੱਤੇ ਨੂੰ ਚੁੱਕੀ ਜਾਵੇ...ਕੁਦਰਤ ਝੱਟ-ਪਟ ਨੀਵੀਂ ਕਰ ਦਿੰਦੀ ਐ...ਅੱਛਾ ਦਾਤਿਆ ਭਲੀ ਕਰੀਂ...।"

ਇਨ੍ਹਾਂ ਗੱਲਾਂ ਨੂੰ ਲੈ ਕੇ ਭਾਪਾ-ਬੀਬੀ ਦੁਖੀ ਰਹਿਣ ਲੱਗ ਪਏ ਸਨ। ਫਿਰ ਉਹ ਸਮਾਂ ਵੀ ਆ ਗਿਆ ਕਿ ਭੈਣ ਬੇਅੰਤ ਨੂੰ ਰਿਸ਼ਤੇ ਆਉਣੋਂ ਹੀ ਹਟ ਗਏ। ਮਾੜੀ ਜਿਹੀ ਗੱਲ ਚੱਲਦੀ। ਮੁੰਡੇ ਵਾਲੇ ਪਿੰਡ ਵਿਚ ਪੁੱਛ-ਗਿੱਛ ਕਰਦੇ ਤੇ ਗੱਲ ਠੱਪ ਹੋ ਜਾਂਦੀ। ਜੇ ਕੋਈ ਮਾੜਾ ਧੀੜਾ ਆ ਜਾਂਦਾ ਤਾਂ ਬੇਅੰਤ ਕੌਰ ਤੋੜ ਕੇ ਜਵਾਬ ਦੇ ਦਿੰਦੀ, "ਮੈਂ ਤਾਂ ਹੁਣ ਏਧਰ ਰਿਸ਼ਤਾ ਕਰਾਉਣਾ ਈ ਨਹੀਂ, ਮੈਂ ਤਾਂ ਸਹਿਜ

ਕੋਲ਼ ਕੈਨੇਡਾ ਵਗ ਜਾਣਾਂ। ”

ਮੰਗਣੀ ਵਾਲੇ ਉਸ ਦਿਨ ਘਰ ਆ ਕੇ ਬੀਬੀ ਨੇ ਸਾਰੇ ਸ਼ਰੀਕੇ ’ਚ ਲੱਡੂ ਵੰਡੇ ਸਨ। ਮੈਂ ਘਰ ਆ ਕੇ ਆਪਣੀ ਕੈਨੇਡਾ ਜਾਣ ਦੀ ਤਿਆਰੀ ਕਰਨ ਲੱਗ ਪਿਆ ਸਾਂ। ਸ਼ਾਮ ਹੋਈ ਤਾਂ ਮੈਂ ਭਾਪੇ ਦੀ ਗੱਡੀ ਚੁੱਕ ਕੇ ਸ਼ਹਿਰ ਕੁਝ ਸਮਾਨ ਲੈਣ ਤੁਰ ਪਿਆ ਸਾਂ। ਭਾਪੇ ਦੇ ਯਾਰ ਬੇਲੀ ਬੈਠਕ ਵਿਚ ਦੇਰ ਰਾਤ ਤਕ ਦਾਰੂ ਪੀਂਦੇ ਰਹੇ ਸਨ। ਘਰੋਂ ਨਿਕਲਦਾ ਦੇਖ, ਭਾਪੇ ਨੇ ਕਿਹਾ ਵੀ ਸੀ, “ਓ ਸਹਿਜ ਪੁੱਤ! ਮੈਂ ਚੱਲਦਾਂ ਤੇਰੇ ਨਾਲ। ” ਪਰ ਮੈਂ ਤਾਂ ਇਕੱਲਾ ਹੀ ਜਾਣਾ ਚਾਹੁੰਦਾ ਸਾਂ।

ਉਸ ਦਿਨ ਬਜ਼ਾਰ ਜਾ ਕੇ ਮੈਂ ਹੀਲ ਵਾਲੀਆਂ ਜੁੱਤੀਆਂ ਦੇ ਚਾਰ ਜੋੜੇ ਲਏ ਸਨ, ਗੂੜ੍ਹੇ ਲਾਲ ਰੰਗ ਤੇ ਚਾਂਦੀ ਰੰਗੇ...ਇਕ ਗੋਲਡਨ। ਦੋ ਪਾਰਟੀ ’ਤੇ ਪਾਉਣ ਵਾਲੇ ਮਹਿੰਗੇ ਸੂਟ...ਜਦੋਂ ਦੁਕਾਨਦਾਰ ਨੇ ਸਾਈਜ਼ ਤੇ ਫਿਟਿੰਗ ਪੁੱਛੀ ਤਾਂ ਮੈਂ ਆਪਣੇ ਸਾਈਜ਼ ਦੇ ਦਿਖਾਉਣ ਨੂੰ ਕਹਿ ਦਿੱਤਾ ਸੀ। ਦੁਕਾਨਦਾਰ ਹੱਸਦਾ-ਹੱਸਦਾ ਕਹਿ ਗਿਆ ਸੀ, ‘ਲੱਗਦਾ ਤੁਸੀਂ ਬਾਹਰ ਲੈ ਕੇ ਜਾਣੇ ਨੇ। ’... ‘ਜੀ-ਜੀ ਬਿਲਕੁਲ। ’ ਕਹਿ ਕੇ ਮੈਂ ਦੋ ਸੂਟ ਪਸੰਦ ਕਰ ਲਏ ਸਨ।

ਫਿਰ ਦੂਜੀ ਦੁਕਾਨ ਉੱਤੇ ਜਾ ਕੇ ਮਹਿੰਗੇ ਬਰੈਂਡ ਵਾਲਾ ਮੇਕਅੱਪ ਦਾ ਸਮਾਨ ਕਾਲ਼ੇ ਪੋਲੀਥੀਨ ਵਿਚ ਪਵਾ ਕੇ ਸਾਂਭ ਲਿਆ ਸੀ। ਘਰ ਆ, ਆਪਣੇ ਕਮਰੇ ਦੀ ਕੁੰਡੀ ਲਗਾ ਕੇ ਸਾਰਾ ਖਰੀਦਿਆ ਸਮਾਨ ਅਟੈਚੀ ਵਿਚ ਪਾ, ਜਿੰਦੀ ਲਗਾ ਕੇ ਚਾਬੀ ਸਾਂਭ ਲਈ ਸੀ।

ਦੂਜੇ ਦਿਨ ਮੈਨੂੰ ਭਾਪੇ-ਬੀਬੀ ਨੇ ਦਿੱਲੀ ਏਅਰਪੋਰਟ ਛੱਡਣ ਤੁਰ ਪੈਣਾ ਸੀ। ਰਾਤ ਬਾਰਾਂ ਕੁ ਵਜੇ ਮੇਰੀ ਫਲਾਈਟ ਸੀ ਤੇ ਮੈਂ ਆਪਣੇ ‘ਸੁਪਨ ਸੰਸਾਰ’ ’ਚ ਪੁੱਜਣ ਲਈ ਜਹਾਜ਼ ’ਚ ਬੈਠ ਜਾਣਾ ਸੀ।

***

ਚਾਰ ਨੰਬਰ ਟਰਮੀਨਲ ’ਤੇ ਪੁੱਜ ਕੇ ਇਕ ਵਾਰ ਫਿਰ ਆਪਣਾ ਪਾਸਪੋਰਟ, ਜਹਾਜ਼ ਦੀ ਟਿਕਟ ਦਾ ਸਮਾਂ, ਪੀ. ਆਰ. ਕਾਰਡ, ਡਰਾਈਵਿੰਗ ਲਾਇਸੈਂਸ, ਬੈਂਕ ਦਾ ਕਾਰਡ ਤੇ ਡਾਲਰ ਚੈੱਕ ਕੀਤੇ ਸਨ। ਟਰਾਲੀ ’ਤੇ ਬੈਗ ਲੱਦੀ ਮੈਂ ਲਾਈਨ ’ਚ ਲੱਗਣ ਦੀ ਤਿਆਰੀ ਕਰ ਹੀ ਰਿਹਾ ਸਾਂ ਕਿ ਮੇਰੀ ਨਜ਼ਰ ਭੈਣ ਬੇਅੰਤ ਵੱਲ ਚਲੇ ਗਈ ਸੀ। ਮੈਂ ਭਰਵੀਂ ਨਜ਼ਰ ਨਾਲ ਉਹਦੇ ਵੱਲ ਦੇਖਿਆ ਸੀ। ‘ਵਿਚਾਰੀ’ ਮੇਰੇ ਧੁਰ ਅੰਦਰੋਂ ਇਕ ਹਉਂਕਾ ਨਿਕਲਿਆ ਸੀ। ਪੈਂਤੀ ਸਾਲਾਂ ਤਕ ਪੁੱਜਦਿਆਂ ਹੀ ਉਹਦੇ ਦੁਆਲਿਓਂ ਕਿੰਨਾ ਕੁਝ ਝੜ ਗਿਆ ਸੀ। ਚਿਹਰੇ ਦੀਆਂ ਹੱਡੀਆਂ ਦਿਸਣ ਲੱਗ ਪਈਆਂ ਸਨ। ਅੱਖਾਂ ਵਿਚ ਨੂੰ ਵੜ ਗਈਆਂ ਸਨ। ਦੇਹ ‘ਤੇ ਭੋਰਾ ਰੋਹਬ ਹੀ ਨਹੀਂ ਰਿਹਾ ਸੀ। ਮੈਂ ਉਹਦੇ ਨੇੜੇ ਹੋਇਆ ਤਾਂ ਉਹ ਮੇਰੇ ਗਲ ਲੱਗ ਕੇ ਸਿਸਕਣ ਲੱਗ ਪਈ ਸੀ। ਮੈਨੂੰ ਉਦੋਂ ਲੱਗਾ ਸੀ ਜਿਵੇਂ ਮੈਂ ਹੱਡੀਆਂ ਦੀ ਮੁੱਠ ਨੂੰ ਕਲ਼ਾਵੇ ਵਿਚ ਲੈ ਲਿਆ ਹੋਵੇ। ਮੇਰੀਆਂ ਵੀ ਅੱਖਾਂ ਭਰ ਆਈਆਂ ਸਨ।

“ਸਹਿਜ ਤੂੰ ਤਾਂ ਭਰਾਵਾ ਚੰਗੇ ਮੌਕੇ ਕੈਨੇਡਾ ਚਲੇ ਗਿਆ... ਬੀਬੀ-ਭਾਪੇ ਤੇ ਪਿੰਡ ਦੇ ਲੋਕਾਂ ਤੋਂ ਦੂਰ...ਆਜ਼ਾਦ ਹੋ ਕੇ ਮਨ ਮਰਜ਼ੀ ਨਾਲ ਆਪਣੀ ਜ਼ਿੰਦਗੀ ਜਿਓਂ ਰਿਹਾਂ...ਉੱਥੇ ਤੇਰੇ ਵੱਲ ਵੇਖਣ ਵਾਲਾ ਕੋਈ ਨੀਂ...ਤੈਨੂੰ ਟੋਕਣ ਵਾਲਾ ਕੋਈ ਨੀਂ...ਪਿੰਡ ਵਿਚ ਤਾਂ ਮੈਂ ਬੋਲ ਵੀ ਨਹੀਂ ਸਕਦੀ...ਨਿਗੂਣੀ ਜਿਹੀ ਕਮੀਜ਼ ਨੀਂ ਪਾ ਸਕਦੀ...ਨਿਆਣੇ ਹੱਸਣ ਲੱਗ ਪੈਂਦੇ ਨੇ...‘ਆ ਗਿਆ ਓਏ...ਆ ਗਿਆ ਓਏ’...ਕਹਿ ਨੱਠ ਜਾਂਦੇ ਨੇ। ਸਹਿਜ! ਮੈਨੂੰ ਵੀ ਕੈਨੇਡਾ ਲੈ ਜਾ...ਮੈਂ ਵੀ ਆਪਣੀ ਬਚਦੀ ਜ਼ਿੰਦਗੀ ‘ਸਹਿਜ’ ਹੋ ਕੇ ਜੀਅ ਲਵਾਂ...। ” ਬੇਅੰਤ ਮੈਨੂੰ ਕਹਿ ਰਹੀ ਸੀ, ਨਾਲੇ ਸਿਸਕੀਆਂ ਭਰ ਰਹੀ ਸੀ।

ਸਾਡੇ ਤੋਂ ਕੁਝ ਫ਼ਾਸਲੇ ‘ਤੇ ਬੀਬੀ-ਭਾਪਾ ਖੜ੍ਹੇ ਸਨ। ਭਾਪੇ ਦਾ ਮੁੱਛ ਵੱਲ ਜਾਂਦਾ-ਜਾਂਦਾ ਹੱਥ ਰੁਕ ਗਿਆ ਸੀ। ਉਹਦੀਆਂ ਵੀ ਅੱਖਾਂ ਭਰ ਆਈਆਂ ਸਨ।

ਮੈਂ ਭੈਣ ਨੂੰ ਹੌਸਲਾ ਦਿੱਤਾ ਸੀ, “ਹੌਸਲਾ ਰੱਖ ਭੈਣੇ! ਨੀਲੀ ਛੱਤਰੀ ਆਲ਼ਾ ਜੋ ਕਰਦਾ ਸਹੀ ਕਰਦਾ, ਬੰਦੇ ਨੂੰ ਉਹਦੀ ਰਜ਼ਾ ’ਚ ਰਹਿਣਾ ਪੈਂਦਾ। ” ਤੇ ਮੈਂ ਭੈਣ ਨੂੰ ਛੱਡ ਕੇ ਬੀਬੀ ਭਾਪੇ ਦੇ ਪੈਰੀਂ ਹੱਥ ਲਾ ਕੇ ਏਅਰਪੋਰਟ ਅੰਦਰ ਜਾਣ ਵਾਲੀ ਕਤਾਰ ’ਚ ਜਾ ਖੜ੍ਹਾ ਸਾਂ। ਭੈਣ ਦੀਆਂ ਅੱਖਾਂ ਰੋ-ਰੋ ਕੇ ਲਾਲ ਹੋ ਗਈਆਂ ਸਨ। ਬੀਬੀ-ਭਾਪਾ ਉਹਨੂੰ ਹੌਸਲਾ ਦੇਣ ਲੱਗੇ ਹੋਏ ਸਨ।

* * *

ਜਹਾਜ਼ ਵਿਚ ਬੈਠ ਕੇ ਮੈਂ ਇਕ ਵਾਰ ਫਿਰ ਸੁਪਨਦੀਪ ਨਾਲ ਜੁੜ ਗਿਆ ਸਾਂ। ਰਿਸ਼ਤਾ ਮੈਂ ਭਾਪੇ-ਬੀਬੀ ਡਰੋਂ ਕਰਵਾ ਆਇਆ ਸਾਂ। ਸੋਚਿਆ ਸੀ ਇਹ ਕੇਵਲ ਮੰਗਣਾ ਹੀ ਏ। ਏਥੇ ਤਾਂ ਵਿਆਹ ਕਰਵਾ ਕੇ ਮੁੰਡਾ ਕੁੜੀ ਦੂਜੇ ਦਿਨ ਵੱਖ ਹੋ ਜਾਂਦੇ ਨੇ। ਮਾਪਿਆਂ ਦੇ ਕਰੋੜਾਂ ਰੁਪਏ ਮਿੱਟੀ ਹੋ ਜਾਂਦੇ ਨੇ।

ਪਹਿਲਾਂ ਪਹਿਲ ਜਦੋਂ ਮੈਂ ਸਰੀ ਦੇ ਕਾਲਿਜ ਪੜ੍ਹਨ ਜਾਣ ਲੱਗਾ ਸਾਂ ਤਾਂ ਕਲੀਨ ਸ਼ੇਵ ਤਾਂ ਹੋ ਹੀ ਗਿਆ ਸਾਂ। ਕਦੇ ਕਦੇ ਵੀਕਐਂਡ 'ਤੇ ਨੇਲ ਪਾਲਿਸ਼ ਵੀ ਲਾਉਣ ਲੱਗ ਪਿਆ ਸਾਂ। ਬੱਸਾਂ 'ਚ ਏਧਰ-ਓਧਰ ਘੁੰਮਦਾ ਰਹਿੰਦਾ। ਮੈਂ ਆਪਣੀ ਬੇਸਮੈਂਟ 'ਚ ਮੇਕਅੱਪ ਦਾ ਸਮਾਨ ਵੀ ਲੈ ਆਇਆ ਸਾਂ। ਮੈਂ ਮੋਢਿਆਂ ਤਕ ਵਾਲ਼ ਵਧਾ ਲਏ ਸਨ। ਕਾਲਿਜ ਜਾਣ ਲੱਗਾ ਰਬੜ ਬੈਂਡ ਨਾਲ ਪਿੱਛੇ ਕਰ ਕੇ ਬੰਨ੍ਹ ਲੈਂਦਾ। ਜਦੋਂ ਮਨ ਕਰਦਾ ਖੋਲ੍ਹ ਲੈਂਦਾ। ਕੁਝ ਦੋਸਤ ਮੇਰੇ ਟੇਸਟ ਦੇ ਬਣ ਗਏ ਸਨ। ਉਨ੍ਹਾਂ ਵਿਚ ਇਕ ਗੋਰਾ, ਇਕ ਫਿਲਪੀਨਾ ਤੇ ਇਕ ਪੰਜਾਬੀ ਮੂਲ ਦਾ ਕੈਨੇਡਾ ਜੰਮਿਆਂ ਪਲਿਆ ਸੁਪਨਦੀਪ ਵੀ ਸੀ। ਸਾਡਾ ਸੋਹਣਾ ਗਰੁੱਪ ਬਣ ਗਿਆ ਸੀ। ਵੀਕਐਂਡ 'ਤੇ ਅਸੀਂ ਦੂਰ ਬੀਚ ਜਾਂ ਜੰਗਲ ਵੱਲ ਨਿਕਲ ਜਾਂਦੇ ਸਾਂ ਜਾਂ ਸਮੁੰਦਰੀ ਜਹਾਜ਼ 'ਤੇ ਬੈਠ ਕੇ ਸਾਲਟ ਸਪ੍ਰਿੰਗ ਜਾਂ ਏਹੋ ਜਿਹੇ ਕਿਸੇ ਟਾਪੂ 'ਤੇ ਚਲੇ ਜਾਂਦੇ ਸਾਂ। ਇਕ ਵਾਰ ਤਾਂ ਜ਼ਿੰਦਗੀ ਜਿਉਣ ਦਾ ਮਜ਼ਾ ਆਉਣ ਲੱਗ ਪਿਆ ਸੀ। ਵੀਕਐਂਡ 'ਤੇ ਨਿਕਲਣ ਤੋਂ ਪਹਿਲਾਂ ਮੈਂ ਬੈਗ ਵਿਚ ਹੀਲ ਵਾਲੀ ਜੁੱਤੀ ਤੇ ਮੇਕਅੱਪ ਦਾ ਸਮਾਨ ਰੱਖ ਲੈਂਦਾ ਸਾਂ। ਉਸ ਦਿਨ ਗੂੜ੍ਹੇ ਲਾਲ ਰੰਗ ਦੀ ਨੇਲ ਪਾਲਿਸ਼ ਲਗਾਉਂਦਾ ਸਾਂ। ਮੇਕਅੱਪ ਕਰ ਕੇ ਕਾਲ਼ੇ ਰੰਗ ਦੀ ਫ਼ਰਾਕ ਪਾ ਕੇ ਆਪਣੇ ਦੋਸਤਾਂ ਵਿਚ ਰਚ-ਮਿਚ ਜਾਂਦਾ ਸਾਂ। ਸੁਪਨਦੀਪ ਵੀ ਸਾਡੇ ਗਰੁੱਪ ਵਿਚ ਹਰ ਵਾਰ ਹੁੰਦਾ ਸੀ। ਕੈਮ ਜੋ ਕਾਲਿਜ ਲੜਕੀ ਦੀ ਦਿੱਖ 'ਚ ਪੜ੍ਹਨ ਆਉਂਦੀ ਸੀ ਵੀਕਐਂਡ 'ਤੇ ਮੁੰਡਿਆ ਵਾਲੇ ਕੱਪੜੇ ਪਾ ਕਾ ਸਾਡੇ ਵਿਚ ਰਲ਼ ਜਾਂਦੀ ਸੀ। ਅਸੀਂ ਦੋ-ਤਿੰਨ ਦਿਨ ਖ਼ੂਬ ਮ਼ਰਮਸਤੀਆਂ ਕਰਦੇ, ਹੱਸਦੇ-ਖੇਡਦੇ ਤੇ ਅਤੀਤ ਨੂੰ ਭੁੱਲ ਜਾਂਦੇ ਸਾਂ। ਕਾਲਿਜ ਆ ਕੇ ਫਿਰ ਅਸੀਂ ਜ਼ਿੰਦਗੀ ਦੀ ਸਟੇਜ 'ਤੇ ਪਹਿਲਾਂ ਵਾਂਗ ਵਿਚਰਨ ਲੱਗ ਪੈਂਦੇ ਸਾਂ। ਅੰਦਰੋਂ ਅਸੀਂ ਇਕ ਦੂਜੇ ਨੂੰ ਉਸੇ ਤਰ੍ਹਾਂ ਮਿਲਦੇ ਜਿਵੇਂ ਵੀਕਐਂਡ 'ਤੇ ਮਿਲਦੇ ਸਾਂ। ਕਾਲਿਜ ਵਿਚ, ਕੰਮ ਉੱਤੇ ਜਾਂ ਬੱਸ ਦਾ ਸਫ਼ਰ ਕਰਦਿਆਂ ਜਦੋਂ ਕੋਈ ਹਾਣ ਦਾ ਮੁੰਡਾ-ਕੁੜੀ ਮਿਲ ਪੈਂਦਾ, ਅਸੀਂ ਝੱਟ ਇਕ ਦੂਜੇ ਨੂੰ ਪਛਾਣ ਲੈਂਦੇ ਸਾਂ। ਗੱਲਾਂ ਕਰਨ ਲੱਗ ਪੈਂਦੇ ...ਘਿਓ-ਖਿਚੜੀ ਹੋ ਜਾਂਦੇ ਤੇ ਇਕ ਦੂਜੇ ਦਾ ਮੁਬਾਇਲ ਨੰਬਰ ਸ਼ੇਅਰ ਕਰ...ਇਕ ਦੂਜੇ ਨੂੰ ਆਪਣੇ ਵੱਟਸ ਐਪ ਗਰੁੱਪ 'ਚ ਸ਼ਾਮਿਲ ਕਰ ਲੈਂਦੇ।

ਪੀ. ਆਰ. ਮਿਲਣ ਤੋਂ ਬਾਅਦ ਤਾਂ ਮੈਂ ਆਪਣੇ ਆਪ ਨੂੰ ਹੋਰ ਵੀ ਆਜ਼ਾਦ ਹੋ ਗਿਆ ਸਮਝਣ ਲੱਗ ਪਿਆ ਸਾਂ। ਫਿਰ ਮੈਂ ਲੈਂਗਲੀ ਟਾਊਨਸ਼ਿਪ ਦੇ ਇਕ ਫਾਰਮ ਹਾਊਸ ਵਿਚ ਇਕ ਸਿੰਗਲ ਬੈੱਡਰੂਮ-ਕਿਚਨ-ਵਾਸ਼ਰੂਮ ਵਾਲਾ ਘਰ ਰੈਂਟ 'ਤੇ ਲੈ ਲਿਆ ਸੀ। ਇਸ ਇਲਾਕੇ ਵਿਚ ਵਧੇਰੇ ਕਰਕੇ ਫਾਰਮ ਹਾਊਸ ਸਨ। ਫਾਰਮ ਵਿਚ ਘਰ ਤੇ ਬੇਸਮੈਂਟਾਂ ਸਸਤੀਆਂ ਮਿਲ ਜਾਂਦੀਆਂ ਸਨ। ਆਉਣ ਜਾਣ ਦੀ ਥੋੜ੍ਹੀ ਦਿੱਕਤ ਹੁੰਦੀ ਸੀ ਪਰ ਜਿਨ੍ਹਾਂ ਕੋਲ਼ ਆਪਣੀਆਂ ਗੱਡੀਆਂ ਸਨ, ਉਨ੍ਹਾਂ ਲਈ ਕੋਈ ਦਿੱਕਤ ਨਹੀਂ ਸੀ ਆਉਂਦੀ। ਫਾਰਮ ਵਿਚ ਮੇਰੇ ਘਰ ਦੇ ਪਿੱਛੇ ਮਾਲਕਾਂ ਦਾ ਇਕ ਸਟੋਰ ਬਣਿਆ ਹੋਇਆ ਸੀ, ਜਿੱਥੇ ਉਨ੍ਹਾਂ ਆਪਣਾ ਪੁਰਾਣਾ ਤੇ ਖੇਤੀ-ਬਾੜੀ ਦਾ ਸਮਾਨ ਰੱਖਿਆ ਹੋਇਆ ਸੀ। ਮੇਰੇ ਵਾਲੇ ਘਰ ਦਾ ਇਕ ਦਰਵਾਜ਼ਾ ਸਟੋਰ ਵੱਲ ਵੀ ਖੁੱਲ੍ਹ ਜਾਂਦਾ ਸੀ। ਮੇਰੀਆਂ ਹੀਲ ਵਾਲੀਆਂ ਜੁੱਤੀਆਂ ਦੀ ਕੁਲੈਕਸ਼ਨ, ਹੋਰ ਸਪੋਰਟਸ ਸ਼ੂਅ, ਚੱਪਲਾਂ ਉਧਰ ਇਕ ਪਾਸੇ ਪਏ ਰਹਿੰਦੇ ਸਨ। ਕਦੇ-ਕਦੇ ਮੈਂ ਆਪਣੇ ਕੱਪੜੇ ਵੀ ਉਧਰ ਪਾ ਦਿੰਦਾ ਸਾਂ। ਇਕ ਦਿਨ ਮਕਾਨ ਮਾਲਕ ਸਟੋਰ ਵਿਚੋਂ ਕੋਈ ਸਮਾਨ ਲੱਭ ਰਿਹਾ ਸੀ। ਨਾਲ ਉਹਦੇ ਕੋਈ ਜਾਣੂ ਲਿਹਾਜੀ ਜਾਂ ਰਿਸ਼ਤੇਦਾਰ ਸੀ। ਉਹ ਬੰਦਾ ਮੇਰੀਆਂ ਹੀਲ ਵਾਲੀਆਂ ਜੁੱਤੀਆਂ ਵੇਖ ਕੇ ਕਹਿਣ ਲੱਗਾ ਸੀ, "ਯਾਰ ਆਹ ਕੇਹਦੀਆਂ ਨੇ... ਐਂ ਲੱਗਦਾ ਜਿਵੇਂ ਘਰ 'ਚ ਦੋ-ਤਿੰਨ ਕੁੜੀਆਂ ਰਹਿੰਦੀਆਂ ਹੋਣ...ਤੇ ਆਹ ਕੁੜੀਆਂ ਵਾਲੇ ਕੱਪੜੇ... ਤੂੰ ਤਾਂ ਕਹਿੰਦਾਂ ਏਥੇ ਇਕ ਮੁੰਡਾ ਰਹਿੰਦਾ...।" ਉਸ ਬੰਦੇ ਦੀ ਗੱਲ ਮੈਨੂੰ ਸੁਣ ਗਈ ਸੀ। "ਚੁੱਪ ਕਰ ਓਏ...ਹੌਲੀ ਬੋਲ...ਐਵੇਂ ਕਿਤੇ ਬੂਹਾ ਖੋਲ੍ਹ ਕੇ ਅੰਦਰ ਵੜ...ਝਾਤੀਆਂ ਨਾ ਮਾਰਨ ਲੱਗ

ਪਈਆਂ...ਮੁੰਡਾ ਅੰਦਰ ਈ ਬੈਠਾ...ਹੁਣ ਇਹ ਪ੍ਰੋਪਰਟੀ ਉਹਦੀ ਐ...ਅਸੀਂ ਪੁੱਛ ਕੇ ਉਹਦੀ ਪ੍ਰਮਿਸ਼ਨ ਨਾਲ ਅੰਦਰ ਦਾਖਲ ਹੋ ਸਕਦੇ ਆਂ...ਲਾਅ ਤਾਂ ਏਹੀ ਆ...ਪਰ ਜੇ ਤੂੰ ਅੰਦਰ ਵੜ ਵੀ ਜਾਵੇਂ ਤਾਂ ਉਹ ਕੁਝ ਨੀਂ ਕਹਿਣ ਲੱਗਾ...ਪਰ ਕਾਹਨੂੰ ਯਾਰ।" ਫਾਰਮ ਮਾਲਕ ਕਹਿੰਦਾ ਹੋਇਆ ਉਹਨੂੰ ਬਾਹਰ ਨੂੰ ਲੈ ਗਿਆ ਸੀ। ਫਿਰ ਮੈਨੂੰ ਉੱਚੀ-ਉੱਚੀ ਹੱਸਣ ਦੀ ਆਵਾਜ਼ ਸੁਣੀ ਸੀ।

ਮੈਂ ਫਾਰਮ ਵਿਚ ਘੁੰਮਦਾ ਉਨ੍ਹਾਂ ਨੂੰ ਮਿਲ ਪੈਂਦਾ ਸਾਂ। ਫਾਰਮ ਦੇ ਮਾਲਕਾਂ ਦੇ ਘਰ ਵੀ ਚਲੇ ਜਾਂਦਾ ਸਾਂ। ਮਾਲਕ ਦੀ ਘਰ ਵਾਲੀ ਮੈਨੂੰ ਰੋਟੀ ਪਾਣੀ ਵੀ ਖਵਾ ਦਿੰਦੀ ਸੀ। ਉਦੋਂ ਸਾਰੇ ਜਣੇ ਮੇਰੇ ਨਾਲ ਹੱਸ ਹੱਸ ਕੇ ਗੱਲਾਂ ਕਰਦੇ ਸਨ।

ਫਿਰ ਏਥੇ ਰਹਿੰਦਿਆਂ ਹੀ ਮੈਨੂੰ ਸੁਪਨਦੀਪ ਮਿਲ ਪਿਆ ਸੀ। ਉਨ੍ਹਾਂ ਦਿਨਾਂ ਵਿਚ ਉਹ ਆਪਣੀ ਕੁੰਜ ਲਾਹ ਕੇ ਅਸਲੀ ਜਾਮੇ ਵਿਚ ਆਉਣ ਲਈ ਹੱਥ-ਪੈਰ ਮਾਰ ਰਿਹਾ ਸੀ। ਉਦੋਂ ਘਰ ਦਿਆਂ ਦਾ ਪਰਛਾਵਾਂ ਉਹਦੇ ਉੱਤੇ ਛਾਇਆ ਰਹਿੰਦਾ ਸੀ। ਪੰਜਾਬੀ ਪਿਛੋਕੜ ਵਾਲੇ ਪਿਓ ਦਾ ਉਹ ਇਕੋ-ਇਕ ਪੁੱਤ ਸੀ ਜੋ ਸਿਟੀ 'ਚ ਟਰੱਕਾਂ ਦਾ ਕਾਰੋਬਾਰ ਕਰਦਾ ਸੀ। ਇਕ ਦਿਨ ਘਰ ਦਿਆਂ ਨਾਲ ਲੜ ਕੇ ਉਹਨੇ ਘਰ ਛੱਡ ਦਿੱਤਾ ਸੀ। ਉਹਦੀ ਆਵਾਜ਼ ਵਿਚ ਗੜ੍ਹਕਾ ਸੀ। ਉਹ ਅਕਸਰ ਗੱਲਾਂ ਕਰਦਿਆਂ ਮੁੰਡਿਆਂ ਵਾਂਗ ਹੱਥ ਤੇ ਹੱਥ ਮਾਰ ਮੈਨੂੰ ਬਾਂਹਾਂ ਵਿਚ ਭਰ ਲੈਂਦਾ ਸੀ। ਜਦੋਂ ਉਹ ਮੇਰੇ ਕੋਲ਼ ਠਹਿਰਦਾ ਤਾਂ ਮੈਂ ਬੜਾ ਸਹਿਜ ਹੋ ਜਾਂਦਾ ਸਾਂ। ਆਪਣੇ ਸ਼ੂਅ ਦੇ ਨਾਲ ਆਪਣੀ ਕੁੰਜ ਲਾਹ ਕੇ ਮੇਰੀ ਬੇਸਮੈਂਟ ਵਿਚ ਆ ਵੜਦਾ ਸੀ। ਮੈਂ ਵੀ ਆਪਣੇ ਅਸਲੀ ਰੂਪ ਵਿਚ ਆ ਜਾਂਦਾ ਸਾਂ। ਸਾਡੀ ਦੋਹਾਂ ਦੀ ਰਾਸ ਰਲ਼ ਗਈ ਸੀ। ਹੀਲ ਵਾਲੀਆਂ ਜੁੱਤੀਆਂ, ਮੇਕਅੱਪ ਦਾ ਸਮਾਨ ਤਾਂ ਬੇਸਮੈਂਟ ਵਿੱਚ ਪਹਿਲਾਂ ਹੀ ਸੀ ਹੁਣ ਮੁੰਡਿਆ ਵਾਲਾ ਸਮਾਨ ਵੀ ਆਉਣ ਲੱਗ ਪਿਆ ਸੀ। ਮੇਰੇ ਮੇਕਅੱਪ ਦੇ ਸਮਾਨ ਕੋਲ ਵੋਮੈੱਨ ਸੈਂਟ ਦੇ ਨਾਲ ਮੈੱਨ ਸੈਂਟ ਵੀ ਮਲਕ ਦੇਣੀ ਆ ਟਿਕਿਆ ਸੀ। ਜਦੋਂ ਅਸੀਂ ਵੀਕਐਂਡ 'ਤੇ ਕਿਸੇ ਪਾਰਟੀ ਵਿਚ ਜਾਂਦੇ ਤਾਂ ਮੈਨੂੰ ਸੁਪਨਦੀਪ ਹੀਲ ਪਾਉਣ ਨੂੰ ਕਹਿੰਦਾ ਸੀ। ਉਦੋਂ ਮੈਂ ਲਾਲ ਰੰਗ ਦਾ ਨੇਲ ਪਾਲਿਸ਼ ਤੇ ਵੋਮੈੱਨ ਸੈਂਟ ਲਗਾ ਉਹਦੇ ਨਾਲ ਗੱਡੀ 'ਚ ਬਰਾਬਰ ਬੈਠਦਾ ਸਾਂ। ਉਹ ਗੱਡੀ ਨੂੰ ਚਲਾਉਂਦਾ ਵਾਰ-ਵਾਰ ਆਪਣੀ ਘੜੀ ਨੂੰ ਠੀਕ ਕਰਦਾ ਤੇ ਐਨਕ ਵਿਚੋਂ ਦੀ ਮੇਰੇ ਵੱਲ ਦੇਖਦਾ ਰਹਿੰਦਾ ਸੀ। ਉਦੋਂ ਮੈਨੂੰ ਬੜੀ ਤਕੜੀ ਫੀਲਿੰਗ ਆਉਂਦੀ ਸੀ।

ਦਿੱਲੀ ਏਅਰਪੋਰਟ ਤੇ ਜਹਾਜ਼ੇ ਚੜ੍ਹਨ ਲੱਗਿਆਂ ਮੈਂ ਸੁਪਨਦੀਪ ਨੂੰ ਦੱਸ ਦਿੱਤਾ ਸੀ ਕਿ ਜਹਾਜ਼ ਕਦੋਂ ਵੈਨਕੂਵਰ ਪੁੱਜਣਾ ਏ। ਜਹਾਜ਼ ਉਪਰ ਜਾ ਕੇ ਟਿਕ ਗਿਆ ਸੀ। ਏਅਰ ਹੋਸਟਸ ਕੁੜੀਆਂ 'ਚ ਹਲਚਲ ਹੋਣ ਲੱਗ ਪਈ ਸੀ। ਖਾਣੇ ਦੀਆਂ ਟਰਾਲੀਆਂ ਆ ਗਈਆਂ ਸਨ। ਮੈਂ ਵਿਸਕੀ ਦਾ ਪੈੱਗ ਪੀ, ਖਾਣਾ ਖਾ ਕੇ ਸੁਸਤਾਉਣ ਲਈ ਟੇਢਾ ਹੋ ਗਿਆ ਸਾਂ। ਮੇਰਾ ਖਿਆਲ ਬਹੁਤ ਪਿੱਛੇ ਚਲੇ ਗਿਆ ਸੀ।

...ਉਦੋਂ ਮੈਨੂੰ ਜਵਾਨੀ ਅਜੇ ਚੜ੍ਹਨ ਹੀ ਲੱਗੀ ਸੀ। ਮੈਂ ਬੀਬੀ ਦਾ ਨੇਲ ਪਾਲਿਸ਼ ਲਗਾ, ਉਹਦਾ ਸੂਟ ਪਾ ਕੇ ਸ਼ੀਸ਼ੇ ਮੋਹਰੇ ਖੜ੍ਹਾ ਹੋਇਆ ਹੀ ਸਾਂ ਕਿ ਉੱਤੋਂ ਹੀ ਬੀਬੀ ਬਾਂਸ ਵਾਲੀ ਪੌੜੀ ਰਾਹੀਂ ਕੋਠੇ ਤੋਂ ਥੱਲੇ ਉੱਤਰ ਆਈ ਸੀ। ਮੈਂ ਸਮਝੀ ਬੈਠਾ ਸਾਂ ਕਿ ਬੀਬੀ ਘਰੋਂ ਬਾਹਰ ਗਵਾਂਢ 'ਚ ਮਕਾਣੇ ਰੋਣ-ਪਿੱਟਣ ਗਈ ਹੋਈ ਏ। ਮੇਰੇ ਸੂਟ ਪਾਇਆ ਵੇਖ ਕੇ ਬੀਬੀ ਮੈਨੂੰ ਥਾਪੜਨ ਲੱਗ ਪਈ ਸੀ, "ਵੇ ਨਾ ਹੁਣਿਆ ਤੂੰ ਕਿਹੜੇ ਸ਼ੌਂਕ ਪਾਲਣ ਲੱਗਾ ਹੋਇਆਂ? ਬੰਦਾ ਬਣ ਕੇ ਬੰਦਿਆਂ ਵਾਲੇ ਕੰਮ ਕਰੀਦੇ ਐ...ਲੈ ਵੇਖ ਕਿਵੇਂ ਨਹੁੰ ਪਾਲਿਸ਼ ਲਾਈ ਫਿਰਦਾ...ਸਾਰੀ ਸ਼ੀਸ਼ੀ ਮੁਕਾ ਛੱਡੀ ਐ...ਲੈ ਸੁਰਖ਼ੀ ਪਾਊਡਰ ਵੀ ਲਾਈ ਫਿਰਦਾ...ਥੇਹ ਪੈਣਾ!!" ਬੀਬੀ ਮੈਨੂੰ ਫੜ ਕੇ ਮੇਰੀ ਲਿਪਸਟਿਕ ਪੂੰਝਣ ਲੱਗ ਪਈ ਸੀ। ਬਾਅਦ ਵਿਚ ਕਦੇ ਕਦੇ ਮੇਰਾ ਜੀਅ ਵੀ ਕਰਦਾ ਹੁੰਦਾ ਸੀ ਕਿ ਮੈਂ ਵਾਲ਼ ਵਧਾ ਕੇ ਗੁੱਤਾਂ ਕਰਾਂ ਤੇ ਅਦਾ ਨਾਲ ਗੱਲਾਂ ਕਰਿਆ ਕਰਾਂ... ਇਕ ਵਾਰ ਪੰਜਾਬੀ ਵਾਲੇ ਮਾਸਟਰ ਜੀ ਨੇ ਇਕ ਨਾਟਕ ਵਿਚ ਮੈਨੂੰ ਚੰਦੂ ਦੀ ਵਹੁਟੀ ਦਾ ਰੋਲ ਵੀ ਦਿੱਤਾ ਸੀ। ਉਸ ਦਿਨ ਤੋਂ ਬਾਅਦ ਸਾਰੇ ਸਕੂਲ ਦੇ ਮੈਨੂੰ ਚੰਦੂ ਦੀ ਵਹੁਟੀ ਕਹਿਣ ਲੱਗ ਪਏ ਸਨ। ਜਦੋਂ ਭਾਪੇ ਨੂੰ ਪਤਾ ਲੱਗਾ ਸੀ ਤਾਂ ਉਹ ਮਾਸਟਰ ਨਾਲ ਲੜਨ ਸਕੂਲ ਆ ਗਿਆ ਸੀ, "ਉਏ ਗੱਲ ਸੁਣ ਮਾਸਟਰਾ! ਤੇਰਾ ਕੀ ਕੰਮ ਆ... ਨਿਆਣੇ ਨੂੰ ਕਿਸੇ

ਦੀ ਵਹੁਟੀ ਬਣਾਉਣ ਦਾ...ਯਾਰ ਹੱਦ ਹੋਗੀ...ਅਸੀਂ ਤੈਨੂੰ ਨਿਆਣੇ ਪੜ੍ਹਾਉਣ ਨੂੰ ਭੇਜਦੇ ਆਂ ਕਿ ਨਾਟਕਾਂ ਵਿਚ ਕੁੜੀਆਂ-ਬੁੜ੍ਹੀਆਂ-ਵਹੁਟੀਆਂ ਬਣਾਉਣ ਨੂੰ... ਜੇ ਨਾਟਕ ਕਰਨਾ ਐ ਤਾਂ ਕੋਈ ਬੰਦਿਆਂ ਆਲੇ ਕਰਵਾਓ...।" ਅੱਗੋਂ ਮਾਸਟਰ ਭਾਪੇ ਅੱਗੇ ਲੇਲ੍ਹੜੀਆਂ ਕੱਢਣ ਲੱਗ ਪਿਆ ਸੀ, "ਵੇਖੋ ਨਾ ਭਾਅ ਜੀ! ਨਾਟਕ ਤਾਂ ਨਾਟਕ ਹੁੰਦਾ...ਕੋਈ ਸੱਚੀ ਥੋੜ੍ਹਾ ਕਿਸੇ ਦੀ ਵਹੁਟੀ ਬਣ ਜਾਂਦਾ। ਮੈਂ ਹੁਣੇ ਨਿਆਣਿਆਂ ਨੂੰ ਸੂਤ ਕਰਦਾਂ...।" ਸਕੂਲ ਵਿਚ ਕਈ ਵਾਰ ਮੇਰੇ ਹਾਣੀ ਮੇਰੀਆਂ ਗੱਲ੍ਹਾਂ ਵੀ ਪੁੱਟ ਦਿੰਦੇ ਸਨ। ਮੇਰੇ ਚੂੰਢੀਆਂ ਵੀ ਵੱਢਣ ਲੱਗ ਪੈਂਦੇ ਸਨ। ਕੋਈ ਮੇਰੀ ਪੈਂਟ ਥੱਲੇ ਨੂੰ ਕਰਨ ਦੀ ਕੋਸ਼ਿਸ਼ ਵੀ ਕਰਨ ਲੱਗ ਪੈਂਦਾ ਸੀ। ਮੈਂ ਰੋਂਦਾ-ਰੋਂਦਾ ਮਾਸਟਰ ਕੋਲ ਚਲੇ ਜਾਂਦਾ ਸਾਂ। ਅੱਗੋਂ ਮਾਸਟਰ ਮੇਰੇ ਵੱਲ ਵੇਖ ਕੇ ਹੱਸਦਾ ਰਹਿੰਦਾ ਸੀ।

ਕਦੇ-ਕਦੇ ਜਦੋਂ ਕਦੇ ਪ੍ਰੀਤੂ ਚੌਂਕੀਦਾਰ ਮੈਨੂੰ ਪਿੰਡ ਵਿਚ ਟੱਕਰ ਜਾਂਦਾ ਤਾਂ ਮੂੰਹ ਜਿਹਾ ਬਣਾ ਕੇ ਮੈਨੂੰ ਕਹਿਣ ਲੱਗ ਪੈਂਦਾ ਸੀ, "ਉਏ ਸਹਿਜ ਦੇ ਬੱਚਿਆ, ਐਂ ਦੱਸ ਤੂੰ ਤੁਰਦਾ ਕਿਵੇਂ ਐਂ ... ਲੈ ਦੱਸ ਕੰਜਰ ਦਿਆ ਮੁੰਡਿਆਂ ਵਾਂਗ ਤੁਰੀਦਾ ਹੁੰਦਾ...ਫੇਰ ਤੇਰਾ ਭਾਪਾ ਲੋਕਾਂ ਦੇ ਘਰਾਂ 'ਚ ਜਾ ਕੇ ਲੜਦਾ ਫਿਰਦਾ, ਅਖੇ ਮੇਰੇ ਮੁੰਡੇ ਨੂੰ 'ਚੰਦੂ ਦੀ ਵਹੁਟੀ' ਕਹਿ ਕਹਿ ਕੇ ਛੇੜਦੇ ਆ।"

ਮੈਂ ਉਹਦੇ ਵੱਲ ਗ਼ੁੱਸੇ 'ਚ ਵੇਖਦਾ ਅੱਗੇ ਲੰਘ ਜਾਂਦਾ ਸਾਂ। ਪਿੱਛੋਂ ਪ੍ਰੀਤੂ ਚੌਂਕੀਦਾਰ ਫਿਰ ਟਕੋਰ ਮਾਰਦਾ ਸੀ, "ਮਿੰਦਰ ਦੇ ਨਿਆਣੇ ਵੀ ਬਸ ਕੁਝ ਨੀਂ...ਮੁੰਡਾ ਜਮਾਂ ਈ ਫੋਸੜ...ਤੇ ਕੁੜੀ ਦਾ ਹਾਲ ਉਹਤੋਂ ਵੀ ਮਾੜਾ...ਉੱਤੋਂ ਮਿੰਦਰ ਆਪਣੀ ਮੁੱਛ ਥੱਲੇ ਨੀਂ ਹੋਣ ਦਿੰਦਾ...।" ਉਦੋਂ ਮੇਰਾ ਜੀਅ ਕਰਦਾ ਉਹਦੀ ਢੂਹੀ ਦੰਦੀਆਂ ਵੱਢ-ਵੱਢ ਕੇ ਖਾ ਜਾਵਾਂ।

ਪਰ ਕੈਨੇਡਾ ਪੁੱਜ ਕੇ ਏਸ ਤਰ੍ਹਾਂ ਦੀ ਕੋਈ ਗੱਲ ਈ ਨਹੀਂ ਦਿਸੀ। ਬੰਦਾ ਚਾਹੇ ਜਿਹੋ ਜਿਹੇ ਮਰਜ਼ੀ ਕੱਪੜੇ ਪਾ ਲਵੇ...ਜਿਸ ਤਰ੍ਹਾਂ ਮਰਜ਼ੀ ਮੇਕਅੱਪ ਕਰ ਲਵੇ ਜਾਂ ਨਾ ਈ ਕਰੇ। ਇਕ ਵਾਰ ਰਾਤ ਨੂੰ ਕਾਲਿਜ ਕੋਈ ਪ੍ਰੋਗਰਾਮ ਸੀ। ਮੈਂ ਟਾਪ ਜੀਨਜ, ਹੀਲ ਵਾਲੀ ਜੁੱਤੀ ਤੇ ਲਿਪਸਟਿਕ ਲਾ ਕੇ ਗਿਆ ਸਾਂ। ਮੇਰੇ ਨਾਲ ਪੜ੍ਹਦੀ ਕੈਮ ਜਮਾਂ ਮੁੰਡਾ ਬਣ ਕੇ ਆਈ ਹੋਈ ਸੀ। ਅਸੀਂ ਦੋਵੇਂ ਰੈਪ ਗੀਤਾਂ 'ਤੇ ਬਹੁਤ ਨੱਚੇ ਸਾਂ। ਕਿਸੇ ਨੇ ਵੀ ਸਾਡੇ ਵੱਲ ਬਹੁਤਾ ਧਿਆਨ ਨਾ ਦਿੱਤਾ। ਇਕ ਦੋ ਮੇਰੇ ਦੋਸਤ ਮੈਨੂੰ ਗਲਵੱਕੜੀ ਪਾ ਕੇ ਵੀ ਮਿਲੇ। ਫਿਰ ਅਸੀਂ ਦੋਹਾਂ ਨੇ ਕਿਸੇ ਪੱਬ 'ਚ ਬੈਠ ਕੇ ਰੈੱਡ ਵਾਇਨ ਵੀ ਪੀਤੀ ਸੀ। ਉਸ ਰਾਤ ਕੈਮ ਮੇਰੀ ਬੇਸਮੈਂਟ 'ਚ ਸੁੱਤੀ ਸੀ।

ਕਦੇ ਕਦੇ ਬੇਅੰਤ ਭੈਣ ਵੱਟਸ ਐਪ 'ਤੇ ਗੱਲਾਂ ਕਰਦਿਆਂ ਮੇਰੇ ਨਾਲ ਮਨ ਦੀ ਭੜਾਸ ਕੱਢ ਲੈਂਦੀ ਸੀ, "ਭਰਾਵਾ ਮੇਰਾ ਵੀ ਕਦੇ-ਕਦੇ ਜੀਅ ਕਰਦਾ ਮੈਂ ਜੈਂਪਰ ਸਲਵਾਰ ਪਾੜ ਕੇ ਪਰ੍ਹੇ ਸੁੱਟ ਦਿਆਂ। ਹੁਣ ਜੇ ਮੇਰੀ ਆਵਾਜ਼ ਬਦਲ ਗਈ ਐ ਤਾਂ ਮੇਰਾ ਕੀ ਕਸੂਰ ਐ?... ਰੱਬ ਨੇ ਮੈਨੂੰ ਗੱਭੇ ਸੁੱਟ ਦਿੱਤਾ...ਨਾ ਮੈਂ ਆਰ ਜਾਣ ਜੋਗੀ ਹਾਂ ਨਾ ਪਾਰ ਜਾਣ ਜੋਗੀ...ਤ੍ਰਿਸ਼ੰਕੂ ਵਾਂਗ ਵਿਚੇ ਲਟਕੀ ਹੋਈ ਆਂ। ਸਕੂਲ ਚਲੇ ਜਾਂਦੀ ਆ ਤਾਂ ਦਿਨ ਲੰਘ ਜਾਂਦਾ। ਨਹੀਂ ਭਾਪਾ-ਬੀਬੀ ਤਾਂ ਮੈਨੂੰ ਟੁੱਟ-ਟੁੱਟ ਕੇ ਪੈਂਦੇ ਰਹਿੰਦੇ ਐ।"

ਮੈਂ ਬੇਅੰਤ ਭੈਣ ਨੂੰ ਦੱਸਦਾ ਸਾਂ ਕਿ ਏਥੇ ਕੈਨੇਡਾ ਕੋਈ ਰੋਕ-ਟੋਕ ਨਹੀਂ...ਮੈਂ ਬੇਅੰਤ ਭੈਣ ਨਾਲ ਆਪਣੇ ਦੋਸਤਾਂ ਦੀਆਂ ਗੱਲਾਂ ਵੀ ਕਰ ਲੈਂਦਾ ਤੇ ਵੀਕਐਂਡ 'ਤੇ ਮਸਤੀ ਦੀਆਂ ਗੱਲਾਂ ਵੀ। ਕੈਮ ਅਤੇ ਸੁਪਨਦੀਪ ਦੀਆਂ ਗੱਲਾਂ ਅਕਸਰ ਦੱਸਦਾ ਰਹਿੰਦਾ ਸਾਂ। ਫਿਰ ਕੈਮ ਦਾ ਨੰਬਰ ਉਹਨੇ ਮੰਗ ਕੇ ਮੇਰੇ ਤੋਂ ਲਿਆ ਸੀ ਤੇ ਉਹ ਕੈਮ ਨਾਲ ਗੱਲਾਂ ਕਰਨ ਵੀ ਲੱਗ ਪਈ ਸੀ।

ਬੇਅੰਤ ਭੈਣ ਮੇਰੀਆਂ ਗੱਲਾਂ ਸੁਣਦੀ ਰਹਿੰਦੀ। ਮੈਨੂੰ ਲੱਗਦਾ ਰਹਿੰਦਾ ਜਿਵੇਂ ਮੇਰੀਆਂ ਗੱਲਾਂ ਸੁਣ ਕੇ ਉਹ ਹਟਕੋਰੇ ਭਰਦੀ ਹੋਵੇ। ਮੈਂ ਕਹਿੰਦਾ, 'ਏਥੇ ਕੋਈ ਵੀ ਕਿਸੇ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਨਹੀਂ ਦੇਖਦਾ। ਹਰ ਬੰਦਾ-ਜਵਾਨ ਆਪਣੇ ਆਪ ਵਿਚ ਮਸਤ ਰਹਿੰਦਾ। ਭਾਵੇਂ ਕੋਈ ਗੋਰੀ ਬਿਕਨੀ ਪਾ ਕੇ ਲੰਘ ਜਾਵੇ ਕੋਈ ਨੀਂ ਵੇਖਦਾ। ਬੀਚਾਂ 'ਤੇ ਸਭ ਇਕ ਹੋ ਜਾਂਦੇ ਤੇ ਪਾਣੀ ਨਾਲ ਖੇਡਦੇ।

ਫਿਰ ਬੀਬੀ-ਭਾਪੇ ਹੁਰਾਂ ਨੇ ਬੇਅੰਤ ਕੌਰ ਦੇ ਵਿਆਹ ਦਾ ਵਰਕਾ ਈ ਪਾੜ ਦਿੱਤਾ ਸੀ। ਉਹਨੂੰ ਕਹਿਣਾ ਹੀ ਬੰਦ ਕਰ ਦਿੱਤਾ ਸੀ। ਉਨ੍ਹਾਂ ਭਾਣਾ ਈ ਮੰਨ ਲਿਆ ਸੀ। ਤੇ ਸਾਰਾ ਧਿਆਨ ਮੇਰੇ ਵੱਲ

ਕਰ ਲਿਆ ਸੀ।

ਮੈਨੂੰ ਝਟਕਾ ਲੱਗਾ ਸੀ ਤੇ ਮੈਂ ਤ੍ਰਬਕ ਕੇ ਉੱਠ ਪਿਆ ਸਾਂ।

***

ਮੇਰੇ ਅੱਗੇ ਜਹਾਜ਼ ਦਾ ਮੈਪ ਚੱਲ ਰਿਹਾ ਏ। ਜਹਾਜ਼ ਬੜੀ ਤੇਜ਼ੀ ਨਾਲ ਵੈਨਕੂਵਰ ਵੱਲ ਵਧ ਰਿਹਾ ਏ। ਸੁਪਨਦੀਪ ਨੂੰ ਮਿਲਣ ਲਈ ਮਨ ਕਾਹਲ਼ਾ ਪੈ ਰਿਹਾ ਏ। ਸੋਚਾ ਸੋਚਦਾ ਹੀ ਮੈਂ ਜਹਾਜ਼ ਦੇ ਵਾਸ਼ਰੂਮ ਵਿਚ ਜਾ ਕੇ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰ, ਮੁੜ ਆਪਣੀ ਸੀਟ 'ਤੇ ਬੈਠ ਗਿਆ ਸਾਂ।

ਏਅਰ ਹੋਸਟਸ ਆਪਣੀਆਂ ਆਪਣੀਆਂ ਸੀਟ ਬੈਲਟ ਲਗਾਉਣ ਨੂੰ ਕਹਿਣ ਲੱਗ ਪਈਆਂ ਸਨ।

***

ਵੈਨਕੂਵਰ ਦੀ ਧਰਤੀ 'ਤੇ ਪੈਰ ਰੱਖਦਿਆਂ ਹੀ ਮੇਰੇ 'ਚ ਨਵੀਂ ਊਰਜਾ ਭਰ ਜਾਂਦੀ ਏ।

ਇਮੀਗ੍ਰੇਸ਼ਨ ਦੀ ਲਾਇਨ 'ਚ ਲੱਗਿਆ ਮੈਂ ਸੁਪਨਦੀਪ ਨੂੰ ਕਾਲ ਕਰਦਾ ਹਾਂ। ਉਹ ਬਾਹਰ ਖੜ੍ਹਾ ਮੇਰੀ ਉਡੀਕ ਕਰ ਰਿਹਾ ਏ। ਇਮੀਗ੍ਰੇਸ਼ਨ ਕਰਵਾ ਆਪਣਾ ਅਟੈਚੀ ਚੁੱਕ, ਟਰਾਲੀ 'ਤੇ ਰੱਖ ਮੈਂ ਵਾਸ਼ਰੂਮ 'ਚ ਵੜ ਗਿਆ ਸਾਂ। ਹੈਂਡਬੈਗ 'ਚੋਂ ਹੀਲ ਵਾਲੀ ਜੁੱਤੀ ਕੱਢ ਮੈਂ ਪਾ ਲੈਂਦਾ ਹਾਂ। ਗੂੜ੍ਹੀ ਲਿਪਸਟਿੱਕ ਤੇ ਨੇਲ ਪਾਲਿਸ਼ ਲਾ...ਰਬੜ ਬੈਂਡ ਨਾਲ ਬੰਨ੍ਹੇ ਹੋਏ ਵਾਲ਼ ਖੋਲ੍ਹ...ਕੰਘੀ ਕਰਦਾ ਹਾਂ... ਮੈਂ ਟਰਾਲੀ ਰੋੜ੍ਹਦਾ ਏਅਰਪੋਰਟ ਤੋਂ ਬਾਹਰ ਵੱਲ ਆ ਜਾਂਦਾ ਹਾਂ। ਸੁਪਨਦੀਪ ਮੈਨੂੰ ਦੂਰੋਂ ਵੇਖ ਮੇਰੇ ਵੱਲ ਨੱਠਾ ਆਉਂਦਾ ਏ। ਡਰੈੱਸ ਪੈਂਟ-ਸ਼ਰਟ ਪਾਈ ਉਹ ਸਮਾਰਟ ਬੁਆਏ ਦਾ ਭਰਮ ਸਿਰਜ ਰਿਹਾ ਏ। ਉਹ ਮੇਰੇ ਵੱਲ ਫੁੱਲਾਂ ਦਾ ਗੁਲਦਸਤਾ ਵਧਾਉਂਦਾ ਏ ਤਾਂ ਮੈਂ ਫੁੱਲ ਵਾਂਗ ਖਿੜ ਜਾਂਦਾ ਹਾਂ। ਅਸੀਂ ਪਲਾਂ 'ਚ ਇਕ ਦੂਜੇ ਨੂੰ ਬਾਹਾਂ 'ਚ ਲੈ ਲੈਂਦੇ ਹਾਂ। ਮੈਨੂੰ ਉਹਦੇ ਕੱਪੜਿਆਂ 'ਚੋਂ 'ਮੈੱਨ' ਵਾਲੇ ਸੈਂਟ ਦੀ ਖ਼ੁਸ਼ਬੂ ਆ ਰਹੀ ਏ।

ਮੈਂ ਮਦਹੋਸ਼ ਹੋ ਜਾਂਦਾ ਹਾਂ।

ਉਦੋਂ ਹੀ ਮੈਨੂੰ ਵਟਸ ਐਪ 'ਤੇ ਕਾਲ ਆ ਜਾਂਦੀ ਏ। ਮੈਂ ਆਈ ਫੋਨ ਆਨ ਕਰਦਾ ਹਾਂ ਤੇ ਅੱਗੋਂ ਮੈਨੂੰ ਇਕ ਕੁੜੀ ਦਾ ਚਿਹਰਾ ਦਿਖਾਈ ਦਿੰਦਾ ਏ। ਮੈਂ ਗੁਹ ਨਾਲ ਪਛਾਣਦਾ ਹਾਂ। ਇਹਦੇ ਨਾਲ ਹੀ ਤਾਂ ਮੇਰੀ ਦੋ ਦਿਨ ਪਹਿਲਾਂ ਮੰਗਣੀ ਹੋਈ ਸੀ।

ਇਕ ਪਾਸੇ ਹੋ ਮੈਂ ਉਹਦੇ ਨਾਲ ਗੱਲ ਕਰਦਾ ਹਾਂ, "ਹੈਲੋ ਡੀਅਰ...ਤੇਰਾ ਕੀ ਹਾਲ ਏ। ਮੈਂ ਆਪਣੇ ਸੁਪਨ ਦੇਸ਼ ਕੈਨੇਡਾ ਪੁੱਜ ਗਿਆ ਹਾਂ। ਤੈਨੂੰ ਕਿਹਾ ਸੀ ਨਾ ਮੈਨੂੰ ਹੀਲ ਵਾਲੀ ਜੁੱਤੀ ਬਹੁਤ ਪਸੰਦ ਏ...ਤੇ ਗੂੜ੍ਹੇ ਰੰਗ ਦੀ ਨੇਲ ਪਾਲਿਸ਼...ਤੇ ਨਾਲ ਰੈੱਡ ਕਲਰ ਦੀ ਮੈਟ ਵਾਲੀ ਲਿਪਸਟਿਕ ਵੀ।" ਫਿਰ ਮੈਂ ਉਹਨੂੰ ਆਪਣੀ ਹੀਲ ਵਾਲੀ ਜੁੱਤੀ ਵਿਖਾਉਂਦਾ ਹਾਂ...ਬੁੱਲ੍ਹ ਮਰੋੜ ਕੇ ਲਿਪਸਟਿਕ...ਤੇ ਨੇਲ ਪਾਲਿਸ਼ ਵੀ। ਉਹ ਕਿੰਨਾ ਚਿਰ ਮੇਰੇ ਵੱਲ ਦੇਖਦੀ ਰਹਿੰਦੀ ਏ। ਸਟਿੱਲ... ਜਿਵੇਂ ਪੱਥਰ ਹੋ ਗਈ ਹੋਵੇ। ਉਹਦੇ ਪਿੱਛੇ ਉਹਦੀ ਮਾਂ ਵੀ ਖੜ੍ਹੀ ਦਿਸਦੀ ਏ। ਇਸ ਦੌਰਾਨ ਕਾਲ਼ੇ ਰੰਗ ਦੀ ਗੱਡੀ ਕੋਲ਼ ਜਾ ਕੇ, ਸੁਪਨਦੀਪ ਮੈਨੂੰ ਆਵਾਜ਼ ਮਾਰਦਾ ਏ। ਫਿਰ ਇਕ ਦਮ ਮੁਬਾਇਲ ਦੀ ਸਕਰੀਨ ਅੱਗੇ ਹਨੇਰਾ ਆ ਜਾਂਦਾ ਏ। ਲੱਗਦਾ ਏ ਜਿਵੇਂ ਮੇਰੀ ਮੰਗੇਤਰ ਦੇ ਹੱਥੋਂ ਮੁਬਾਇਲ ਡਿੱਗ ਗਿਆ ਹੋਵੇ, ਮੇਰੇ ਵੱਲ ਵੇਖ ਕੇ ਸ਼ਾਇਦ ਉਹ ਵੀ ਡਿੱਗ ਗਈ ਹੋਵੇ। ਮੈਂ ਸੁਪਨਦੀਪ ਵੱਲ ਵੇਖਦਾ ਹਾਂ। ਮੇਰੀਆਂ ਅੱਖਾਂ ਰੋਸ਼ਨੀ ਨਾਲ ਭਰ ਜਾਂਦੀਆਂ ਨੇ। ਅਸੀਂ ਇਕ ਸੈਲਫੀ ਕਲਿੱਕ ਕਰਦੇ ਹਾਂ। ਆਪਣੇ ਅੰਦਾਜ਼ ਵਿਚ ਨਾਟ-ਮੰਚ ਤੋਂ ਹਕੀਕਤ ਵੱਲ...ਤੁਰਦਾ ਹੋਇਆ... 'ਸੁਪਨਦੀਪ' ਦੇ ਨਾਲ ਵਾਲੀ ਸੀਟ ਉੱਤੇ 'ਸਹਿਜ' ਹੋ ਕੇ ਬੈਠ ਜਾਂਦਾ ਹਾਂ। 000

***(ਫੋਨ: +91-94170-64350***
***ਈਮੇਲ: kahanidhara@gmail.com)***

# ਸਿਮਰਨ ਧਾਲੀਵਾਲ: ਕਹਾਣੀ: ਆਖਿਰੀ ਘੜੀ

ਸਜ਼ਾ ਤਾਂ ਅਜੇ ਅੱਧੀ ਨਹੀਂ ਗੁਜ਼ਰੀ ਸੀ ਪਰ ਦਾੜ੍ਹੀ ਉਸਦੀ ਸਾਰੀ ਚਿੱਟੀ ਹੋ ਗਈ ਸੀ। ਕੋਈ ਜਣਾ ਕਿਸੇ ਨੂੰ ਦੱਸ ਰਿਹਾ ਹੁੰਦਾ, "ਇਹ ਜਦੋਂ ਆਇਆ ਸੀ ਨਾ, ਉਦੋਂ ਤਾਂ ਪੂਰਾ ਬਣਦਾ-ਤਣਦਾ ਸੀ। ਵਾਲ਼ ਤਾਂ ਮੇਰੇ ਸਾਹਮਣੇ ਬੱਗੇ ਹੋ ਗਏ ਇਹਦੇ। ਮੂੰਹ ਵੀ ਭੈੜਾ ਪੈ ਗਿਆ।"

"ਲੈ ਭੈੜਿਆ! ਜੇਲ੍ਹ ਹੋਰ ਕੀਹਨੂੰ ਕਹਿੰਦੇ ਨੇ। ਇੱਥੇ ਤਾਂ ਚੰਗੇ-ਭਲੇ ਦਾ ਫੱਕਾ ਨਹੀਂ ਬਚਦਾ।" ਪਹਿਲਾ ਦੂਜੇ ਨੂੰ ਦੱਸਦਾ।

"ਨਾਂ ਕੀ ਆ ਇਹਦਾ?" ਕੋਈ ਤੀਜਾ ਪੁੱਛਦਾ।

"ਇਹਦਾ ਨਾਂ ਤਾਂ ਜਾਣਦਾ ਹੀ ਕੋਈ ਨਹੀਂ। ਕੋਈ ਇਹਨੂੰ ਰਾਈਟਰ ਸਾਬ੍ਹ ਕਹਿੰਦਾ। ਕੋਈ ਪ੍ਰੋਫੈਸਰ ਸਾਬ੍ਹ।" ਜਵਾਬ ਕੋਈ ਚੌਥਾ ਦਿੰਦਾ।

"ਰਾਈਟਰ ਕੀ ਹੁੰਦਾ ਭਾਊ?" ਕੋਈ ਅਨਪੜ੍ਹ ਜਿਹਾ ਬੰਦਾ ਪੁੱਛ ਲੈਂਦਾ।

"ਕਹਿੰਦੇ ਇਹ ਕਵਿਤਾਵਾਂ-ਕਵਿਤੂਵਾਂ ਲਿਖਦਾ ਹੁੰਦਾ ਸੀ। ਕਵਿਤਾ ਲਿਖਣ ਵਾਲੇ ਨੂੰ ਕਹਿੰਦੇ ਹੋਣੇ ਨੇ।" ਕੋਈ ਅਲਪ ਜਾਣਕਾਰੀ ਵਾਲਾ, ਜਾਣਕਾਰੀ ਦਿੰਦਾ।

"ਫੇਰ ਉਨ੍ਹੰ ਤਾਂ ਕਵੀ ਕਹਿੰਦੇ ਨੇ। ਮੇਰਾ ਸਹੁਰਾ ਵੀ ਜਾਂਦਾ ਹੁੰਦਾ ਸੀ, ਕਵੀਆਂ ਦੇ ਇਕ ਪ੍ਰੋਗਰਾਮ ਵਿਚ। ਮੈਨੂੰ ਵੀ ਲੈ ਗਿਆ ਸੀ ਇਕ ਵਾਰ। ਮਾਮੇ ਵਾਹ-ਵਾਹ ਕਰੀ ਜਾਣ। ਮੇਰਾ ਸਹੁਰਾ ਕਹਿੰਦਾ ਹੁੰਦਾ ਸੀ ਕਵੀ ਲੋਕ ਤਾਂ ਭਲੇ ਬੜੇ ਹੁੰਦੇ।" ਕੋਈ ਨਵਾਂ ਮੁੰਡਾ ਨਵੀਂ ਗੱਲ ਦੱਸ ਦਿੰਦਾ।

"ਇਹਨੇ ਤਾਂ ਤਿੰਨ ਕਤਲ ਕੀਤੇ ਭਰਾਵਾ। ਭਲਾ-ਭੁਲਾ ਕੋਈ ਨਹੀਂ ਊ ਇਹ।" ਕੋਈ ਪਰੇ ਜਿਹੇ ਪਿਆ ਆਖ ਦਿੰਦਾ।

"ਕਤਲ ਤਾਂ ਬੱਲਿਆ ਆਪਣੇ ਜਵਾਕਾਂ ਦਾ ਕੀਤਾ। ਨਾਲੇ ਆਪਣੀ ਮਾਂ ਦਾ। ਗੱਲ ਕੋਈ ਗਹਿਰੀ ਹੋਣੀ ਹੈ। ਆਵਦੇ ਜੀਆਂ ਨੂੰ ਮਾਰਦਾ ਕੋਈ?" ਕੋਈ ਹੋਰ ਜਣਾ ਹਵਾ ਵਿਚ ਸਵਾਲ ਛੱਡ ਦਿੰਦਾ।

ਸਭ ਇਕ ਵਾਰ ਨਿਰਉੱਤਰ ਹੋ ਜਾਂਦੇ।

"ਕਲਯੁੱਗ ਹੋਰ ਕੀਹਨੂੰ ਕਹਿੰਦੇ ਨੇ ਯਾਰ! ਰੋਜ਼ ਈ ਆਉਂਦੀਆਂ ਖ਼ਬਰਾਂ। ਕੋਈ ਜਨਾਨੀ ਆਪਣਾ ਬੰਦਾ ਮਾਰ-ਮਰਵਾ ਦਿੰਦੀ। ਭਰਾ-ਭਰਾ ਨੂੰ ਮਾਰੀ ਜਾਂਦਾ। ਮੁੰਡੇ ਪੈਸੇ ਬਦਲੇ ਪਿਓ...।" ...ਤੇ ਨਾ਼ਲ ਵਾਲੇ ਵੱਲ ਦੇਖ ਕੇ ਬੋਲਣ ਵਾਲਾ ਚੁੱਪ ਕਰ ਗਿਆ।

ਨਾ਼ਲ ਵਾਲਾ ਜਿਹੜਾ ਬਾਪ ਦੇ ਕਤਲ ਦੀ ਸਜ਼ਾ ਕੱਟ ਰਿਹਾ ਸੀ,ਥਿੜਕ ਗਿਆ। ਉਸਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਉੱਭਰ ਆਈਆਂ। ਮਾਹੌਲ ਨੂੰ ਹਲਕਾ ਕਰਨ ਲਈ ਉਹ ਐਵੇਂ ਹੀ ਉੱਠ ਖੜ੍ਹਿਆ, ਜਿਵੇਂ ਉਹਨੂੰ ਪਿਸ਼ਾਬ ਦੀ ਹਾਜਤ ਹੋਈ ਹੋਵੇ।

"ਸਮਾਂ ਤਾਂ ਬੜਾ ਮਾੜਾ ਭਰਾਵਾ।" ਕਿਸੇ ਇਕ ਫਿਕਰਾ ਕਹਿ ਕੇ ਚੁਫ਼ੇਰੇ ਫੈਲੀ ਚੁੱਪ ਨੂੰ ਤੋੜ ਦਿੱਤਾ।

"ਪਰ ਭਾਈ ਸਾਹਬ ਇਹ ਬੰਦਾ ਮਾੜਾ ਨਹੀਂ। ਮੈਂ ਇਹਦੀ ਬੈਰਕ ਵਿਚ ਰਹਿ ਕੇ ਵੇਖਿਆ ਇਹਦੇ ਨਾਲ।" ਕੋਈ ਉਸਦੀ ਤਾਰੀਫ਼ ਕਰਦਾ।

"ਹੋਰ ਕਿਤੇ ਜੇਲ੍ਹਾਂ ਵਿਚ ਸਭ ਭੈੜੇ ਬੰਦੇ ਥੋੜ੍ਹਾ ਨਾ ਬੈਠੇ। ਚੰਗੇ ਬੰਦੇ ਵੀ ਤਾਂ ਧੱਕੇ ਜਾਂਦੇ ਨੇ ਭੈੜੇ ਰਾਹਾਂ ਨੂੰ।" ਕੋਈ ਸਿਆਣਾ ਬੰਦਾ ਸਿਆਣੀ ਗੱਲ ਕਰਦਾ।

"ਸੱਚੀ ਗੱਲ ਆ ਭਾਊ। ਬੜੀਆਂ ਸੋਹਣੀਆਂ ਗੱਲਾਂ ਕਰਦਾ। ਮੈਂ ਤਾਂ ਕਹਿੰਦਾਂ ਇਹੋ ਜਿਹੇ ਬੰਦੇ ਦੀ ਸੰਗਤ ਨਾਲ ਬੰਦਾ ਚੱਜ ਦੀਆਂ ਗੱਲਾਂ ਹੀ ਸਿੱਖਦਾ।" ਇਕ ਹੋਰ ਗੰਭੀਰ ਗੱਲ ਤੁਰ

ਪੈਂਦੀ।

"ਭਾਈ ਤਾਂ ਹੀ ਕਹਿੰਦੇ ਨੇ ਜੇਲ੍ਹ ਵੀ ਇਕ ਤਰ੍ਹਾਂ ਦੀ ਪਾਠਸ਼ਾਲਾ ਹੁੰਦੀ।" ਸਿਆਣੀ ਉਮਰ ਦਾ ਬੰਦਾ ਫੇਰ ਆਖਦਾ।

"ਇਹ ਗੱਲਾਂ ਛੱਡੋ! ਮੈਨੂੰ ਤਾਂ ਸਮਝ ਨ੍ਹੀ ਆਉਂਦੀ ਬਈ ਇੰਨੇ ਸਿਆਣੇ ਬੰਦੇ ਨੇ ਇਹ ਕਦਮ ਚੁੱਕਿਆ ਕਿਉਂ?"

ਕੋਈ ਜਣਾ ਅਜੇ ਵੀ ਉੱਥੇ ਹੀ ਖੜ੍ਹਾ, ਇਸ ਸਵਾਲ ਦਾ ਜਵਾਬ ਟੋਲ਼ ਰਿਹਾ ਹੁੰਦਾ।

" ਗੱਲ ਕੋਈ ਤਾਂ ਹੋਣੀ ਆ। ਮੈਨੂੰ ਲੱਗਦਾ ਗੱਲ ਵੀ ਕੋਈ ਬਹੁਤ ਵੱਡੀ ਹੋਈ ਆ।"

...ਤੇ ਇਉਂ ਉਸ ਪ੍ਰੋਫ਼ੈਸਰ ਕੈਦੀ ਬਾਰੇ ਗੱਲਾਂ ਹੁੰਦੀਆਂ ਰਹਿੰਦੀਆਂ। ਉਹ ਸਭ ਨਾਲ ਮਿੱਠਾ ਬੋਲਦਾ। ਸੰਕੋਚ ਕੇ ਬੋਲਦਾ। ਬਹੁਤਾ ਚੁੱਪ ਜਿਹਾ ਰਹਿੰਦਾ। ਵਿਹਲਾ ਹੁੰਦਾ ਤਾਂ ਕੁਝ ਨਾ ਕੁਝ ਸੋਚਦਾ ਰਹਿੰਦਾ। ਪਰ ਕੀ ਸੋਚਦਾ ਇਹ ਕਿਸੇ ਨੂੰ ਨਾ ਦੱਸਦਾ। ਜੇਲ੍ਹ ਤੋਂ ਬਾਹਰ ਉਸਦੇ ਕੀਤੇ ਕਤਲ ਦੀ ਕਹਾਣੀ ਲੋਕ ਅੱਜ ਵੀ ਦੁਹਰਾਉਂਦੇ, ਪਰ ਇਕ ਕਹਾਣੀ ਜੋ ਉਸਦੇ ਅੰਦਰ ਚੱਲਦੀ ਸੀ, ਉਸ ਬਾਰੇ ਨਾ ਕੋਈ ਬਾਹਰ ਜਾਣਦਾ ਸੀ ਨਾ ਜੇਲ੍ਹ ਦੇ ਅੰਦਰ। ਅੰਦਰ ਤੇ ਬਾਹਰ ਦੀ ਇਸ ਕਹਾਣੀ ਦੇ ਵਿਚਕਾਰ ਇਕ ਹੋਰ ਕਹਾਣੀ ਸੀ ਜੋ ਉਸਦੇ ਨਾਲ ਪੈਦਾ ਹੋਈ ਸੀ। ਦੂਰ ਪਿੰਡ ਦੇ ਇਕ ਆਮ ਜਿਹੇ ਘਰ ਵਿਚ।

...ਤੇ ਆਮ ਘਰ ਦਾ ਉਹੀ ਮੁੰਡਾ ਕਤਲ ਕੇਸ ਵਿਚ ਏਸ ਵੇਲੇ ਜੇਲ੍ਹ ਵਿਚ ਡੱਕਿਆ ਬੈਠਾ ਸੀ।

ਇੱਥੇ ਸਭ ਦੀ ਇਕ ਕਹਾਣੀ ਹੈ।

ਆਪਣੇ ਬਾਪ ਦਾ ਕਤਲ ਕਰ ਕੇ ਆਉਣ ਵਾਲਾ ਮੁੰਡਾ ਅੱਜ ਤਕ ਪਛਤਾਉਂਦਾ ਹੈ। ਉਹ ਬਾਪ ਜਿਸ ਨੂੰ ਉਹ ਉਦੋਂ ਬਹੁਤ ਨਫ਼ਰਤ ਕਰਦਾ ਸੀ। ਅੱਜ ਕੱਲ੍ਹ ਉਸ ਨੂੰ ਯਾਦ ਕਰਕੇ ਅਕਸਰ ਰੋ ਪੈਂਦਾ ਹੈ। ਕੀ ਚੱਲਦਾ ਹੈ, ਉਸਦੇ ਅੰਦਰ ਉਸ ਪਲ, ਕੋਈ ਨਹੀਂ ਜਾਣਦਾ। ਪਰ ਜਦੋਂ ਉਸਨੇ ਆਪਣੇ ਬਾਪ ਦਾ ਕਤਲ ਕੀਤਾ ਸੀ ਉਦੋਂ ਉਸ ਦੇ ਅੰਦਰ ਕੀ ਚੱਲ ਰਿਹਾ ਸੀ ਉਹ ਕਹਾਣੀ ਉਹ ਕਈ ਵਾਰ ਸੁਣਾ ਚੁੱਕਿਆ ਹੈ।

"ਪੈਸਾ ਬੜੀ ਮਾੜੀ ਸ਼ੈਅ ਆ ਯਾਰ! ਮੈਂ ਪੈਸੇ ਪਿੱਛੇ ਬਾਪ ਕਤਲ ਕਰ ਦਿੱਤਾ। ਮੈਨੂੰ ਲੱਗਦਾ ਸੀ ਬੁੜ੍ਹਾ ਸਾਰਾ ਕੁਝ ਦੂਜੇ ਭਰਾ ਨੂੰ ਦੇਈ ਜਾਂਦਾ। ਮੈਂ ਇਟਲੀ ਜਾਣ ਲਈ ਵੀਹ ਲੱਖ ਮੰਗਦਾ ਸੀ। ਬੱਸ...ਇਟਲੀ ਜਾਣਾ ਤਾਂ ਹੁਣ ਦੂਰ ਹੋ ਗਿਆ। ਆਹ ਬੈਠਾਂ ਮੈਂ। ਪਿਉ ਗੰਵਾ ਲਿਆ। ਘਰ ਖਿੰਡ ਗਿਆ।" ਉਹ ਅੱਥਰੂ ਕੇਰਦਾ।

ਇਹਨਾਂ ਸਭ ਵਿਚੋਂ ਸਭ ਤੋਂ ਵੱਧ ਉਮਰ ਦਾ ਬੰਦਾ ਜਿਸਨੂੰ ਸਾਰੀ ਜੇਲ੍ਹ ਚਾਚਾ ਆਖ ਕੇ ਸੱਦਦੀ ਹੈ, ਉਹ ਆਪਣੇ ਦੁੱਖ ਦੱਸਦਾ।

"ਨਸ਼ਾ ਤਸਕਰੀ ਦਾ ਪਰਚਾ ਮੇਰੇ 'ਤੇ। ਐਵੇਂ ਥੋੜ੍ਹਾ ਕਹਿੰਦੇ ਸਿਆਣੇ ਅਖੇ ਚੋਰ ਦੀ ਕੁੱਲੀ 'ਚ ਦੀਵਾ ਨਹੀਂ ਬਲ਼ਦਾ। ਮਾੜੇ ਕੰਮ ਦਾ ਮਾੜਾ ਨਤੀਜਾ। ਪੰਦਰਾਂ ਸਾਲ ਦੀ ਕੈਦ ਬੋਲੀ ਸੀ। ਘਰ ਦਾ ਮੂੰਹ ਦੂਜੇ ਪਾਸੇ ਲੱਗ ਗਿਆ। ਦੋ ਨੰਬਰ ਦਾ ਪੈਸਾ ਲੈ ਬੈਠਾ ਮੈਨੂੰ।"

ਬਿੱਲਾ ਜੰਡ, ਰਵੀ ਸ਼ਰਮਾ, ਬਿੱਕਰ ਤੇ ਹੋਰ ਪਤਾ ਨਹੀਂ ਕੌਣ-ਕੌਣ ਹੈ ਜਿਸਦੀ ਕੋਈ ਨਾ ਕੋਈ ਕਹਾਣੀ ਹੈ। ਕਿਸੇ ਗ਼ਲਤੀ ਕੀਤੀ। ਸਜ਼ਾ ਭੁਗਤੀ। ਕਿਸੇ ਕੁਝ ਵੀ ਨਹੀਂ ਕੀਤਾ, ਫੇਰ ਵੀ ਬਹੁਤ ਕੁਝ ਭੁਗਤਿਆ। ਕੋਈ ਸੁਧਰ ਗਿਆ। ਕੋਈ ਜੇਲ੍ਹ ਵਿਚ ਆ ਕੇ ਹੋਰ ਬੁਰਾ ਬਣ ਕੇ ਨਿਕਲਿਆ। ਚੋਰ-ਉਚੱਕੇ। ਲੁੱਚੇ-ਭੈੜੇ। ਬਾਹਰ ਦੀ ਕੋਝੀ ਦੁਨੀਆ ਨਾਲੋਂ ਵੀ ਵੱਧ ਭੈੜੀ ਦੁਨੀਆ ਅੰਦਰ ਹੈ। ਜਿਹੜੀ ਸ਼ੈਅ ਬਾਹਰ ਨਹੀਂ ਲੱਭਦੀ, ਉਹ ਅੰਦਰ ਅੱਗ ਦੇ ਭਾਅ ਵੇਚੀ ਜਾਂਦੀ ਹੈ।

ਇਸੇ ਭੀੜ ਵਿਚ ਪ੍ਰੋਫ਼ੈਸਰ ਵਰਗੇ ਬੰਦੇ ਹਨ।

ਨਾ ਇੱਧਰ ਦੇ ਨਾ ਉੱਧਰ ਦੇ। ਬੱਸ ਵਿਚਕਾਰ ਖੜ੍ਹੇ ਨੇ। ਆਪਣੀ ਹੀ ਧੁਰੀ ਦੁਆਲ਼ੇ ਘੁੰਮਦੇ। ਆਪਣੀ ਸਜ਼ਾ ਦਾ ਇਕ-ਇਕ ਪਲ ਪੂਰਾ ਕਰਦੇ।

ਕਾਗ਼ਜ਼ਾਂ ਬਿਨਾਂ ਜਿਵੇਂ ਕੋਈ ਹੋਰ ਉਸਦਾ ਨਾਮ ਹੀ ਨਹੀਂ ਸੀ ਜਾਣਦਾ। ਇਸ ਬੀਤੇ ਸਮੇਂ ਵਿਚ ਇਕ ਹੀ ਬੰਦਾ ਸੀ ਜੋ ਦੋ ਚਾਰ ਵਾਰ ਉਸਨੂੰ ਮਿਲਣ ਆਇਆ ਸੀ। ਰਿਸ਼ਤੇਦਾਰ ਸ਼ਾਇਦ ਉਸ ਤੋਂ ਖਫ਼ਾ ਹੋਣਗੇ। ਹੋਣ ਵੀ ਕਿਉਂ ਨਾ। ਆਪਣੀ ਮਾਂ ਦਾ ਕਤਲ ਕੌਣ ਕਰਦਾ ਹੈ?...ਤੇ ਔਲਾਦ! ਔਲਾਦ ਬਦਲੇ ਤਾਂ ਲੋਕ ਖੂਹੀਂ ਜਾਲ਼ ਪਾਉਂਦੇ ਨੇ।

...ਤੇ ਸਭ ਹੈਰਾਨ ਸਨ। ਆਖਿਰ ਇਸ ਇੰਨੇ 'ਸਿਆਣੇ' ਬੰਦੇ ਨੇ 'ਇਹੋ ਜਿਹਾ' ਕੰਮ ਕੀਤਾ ਕਿਉਂ?

ਕਦੇ-ਕਦੇ ਰਾਤ ਵੇਲ਼ੇ ਜਦੋਂ ਪੂਰੀ ਬੈਰਕ ਸੁੱਤੀ ਹੁੰਦੀ, ਪ੍ਰੋਫੈਸਰ ਨਰਾਇਣ, ਬੈਰਕ ਦੀ ਕੱਲਰ ਖਾਧੀ ਕੰਧ ਨੂੰ ਘੂਰਦਾ। ਬੀਤੇ ਦੀਆਂ ਯਾਦਾਂ ਵਿਚ ਗੁਆਚ ਜਾਂਦਾ। ਅੱਖਾਂ ਅੱਗੇ ਮਾਂ ਦਾ ਚਿਹਰਾ ਆ ਜਾਂਦਾ। ਦੋਨੋਂ ਬੱਚਿਆਂ ਦਾ ਚਿਹਰਾ ਉਭਰ ਆਉਂਦਾ। ਬੇਟੀ ਕਾਫ਼ ਤੇ ਬੇਟਾ ਕਰਨ। ਉਸਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ। ਸੋਚਦਾ, ਕਾਸ਼ ਉਸ ਦਿਨ ਉਸ ਨੇ...।

ਕੋਈ ਘੜੀ ਹੀ ਕਿੰਨੀ ਕਠਿਨ ਹੁੰਦੀ ਹੈ। ਜੇਕਰ ਕਿਸੇ ਤਰ੍ਹਾਂ ਉਹ ਘੜੀ ਟਲ਼ ਜਾਂਦੀ ਤਾਂ...। ਕਾਸ਼! ਮਾਂ ਤੇ ਬੱਚਿਆਂ ਦੀ ਥਾਂ ਉਹ ਖ਼ੁਦ ਨੂੰ ਮਾਰ ਮੁਕਾਉਂਦਾ। ਫਿਰ ਨਾ ਤਾਂ ਇਹ ਜੇਲ੍ਹ ਹੁੰਦੀ। ਨਾ ਇਹ ਬੈਰਕ। ਨਾ ਇਹ ਰਾਤ...।...ਉਹ ਸੋਚਦਾ, ਉਸ ਦੇ ਵੱਸ ਹੋਵੇ ਤਾਂ ਉਹ ਆਪਣੀ ਜ਼ਿੰਦਗੀ ਨੂੰ ਪਿਛਾਂਹ ਮੋੜ ਲਿਜਾਏ। ਉਹ ਘੜੀ ਆਪਣੀ ਜ਼ਿੰਦਗੀ ਵਿਚੋਂ ਮਨਫ਼ੀ ਕਰ ਦੇਵੇ। ਫਿਰ ਸੋਚਦਾ, ਉਹ ਘੜੀ ਹੀ ਕਿਉਂ ਉਹ ਤਾਂ ਆਪਣੀ ਜ਼ਿੰਦਗੀ ਵਿਚੋਂ ਐਸੀਆਂ ਕਿੰਨੀਆਂ ਹੀ ਘੜੀਆਂ ਮਨਫ਼ੀ ਕਰਨੀਆਂ ਚਾਹੁੰਦਾ ਸੀ।

ਉਹ ਸੋਚਦਾ ਰਹਿੰਦਾ। ਲਗਾਤਾਰ। ਕਈ ਵਾਰ ਤਾਂ ਪੂਰੀ ਰਾਤ ਉਹ ਸੋਚਦਿਆਂ ਗੁਜ਼ਾਰ ਦਿੰਦਾ।

ਉਸਨੂੰ ਉਹ ਛੋਟਾ ਜਿਹਾ 'ਪਹਾੜੀ ਸ਼ਹਿਰ' ਯਾਦ ਆਉਂਦਾ ਜਿਸ ਬਾਰੇ ਦੋ ਮਹੀਨੇ ਉਹ ਜਾਣਕਾਰੀ ਇਕੱਤਰ ਕਰਦਾ ਰਿਹਾ ਸੀ।

ਇਕ ਵੇਰ ਕਿਸੇ ਫ਼ਿਲਮ ਵਿਚ ਉਸਨੇ ਉਸ ਸ਼ਹਿਰ ਨੂੰ ਦੇਖਿਆ ਸੀ। ਨਿੱਕਾ ਜਿਹਾ। ਪਹਾੜਾਂ 'ਤੇ ਵਸਿਆ। ਰੁੱਖਾਂ ਨਾਲ ਘਿਰਿਆ। ਬੱਦਲ਼ਾਂ ਦੇ ਕੋਲ਼ ਜਿਹੇ। ਉਸਨੇ ਇੰਟਰਨੈੱਟ ਤੋਂ ਉਸ ਬਾਰੇ ਬਹੁਤ ਕੁਝ ਪੜ੍ਹਿਆ। ਯੂ-ਟਿਊਬ ਤੋਂ ਬਹੁਤ ਸਾਰੀਆਂ ਵੀਡੀਓਜ਼ ਦੇਖੀਆਂ। ਉੱਥੇ ਭਾਸ਼ਾ ਕਿਹੜੀ ਬੋਲੀ ਜਾਂਦੀ ਹੈ। ਕੀ ਖਾਧਾ ਜਾਂਦਾ ਹੈ। ਲੋਕ ਕਿਸ ਤਰ੍ਹਾਂ ਦੇ ਕੰਮ ਕਰਦੇ ਨੇ। ਸਭ ਤੋਂ ਖ਼ੂਬਸੂਰਤ ਉਸਨੂੰ ਉੱਥੋਂ ਦੇ ਲੱਕੜ ਦੇ ਘਰ ਲੱਗੇ ਸਨ।

ਉਹ ਖ਼ੁਦ ਨੂੰ ਤਿਆਰ ਕਰਦਾ ਰਿਹਾ। ਕਦੀ ਉਸਨੂੰ ਲੱਗਦਾ, ਇਹੀ ਤਾਂ ਸੌਖਾ ਰਾਹ ਹੈ। ਕਦੀ ਲੱਗਦਾ ਇਹ ਤਾਂ ਬੜੀ ਔਖੀ ਗੱਲ ਹੈ।

ਕਾਫ਼ ਉਸਦੇ ਸਾਹਮਣੇ ਆ ਜਾਂਦੀ। ਉਸਦਾ ਬਚਪਨ ਉਸਦੀਆਂ ਅੱਖਾਂ ਅੱਗੇ ਫੈਲ ਜਾਂਦਾ। ਕਿਵੇਂ ਉਸਨੇ ਕਾਫ਼ ਨੂੰ ਬਾਪ ਨਹੀਂ ਮਾਂ ਹੋ ਕੇ ਪਾਲ਼ਿਆ ਸੀ। ਬੜਾ ਪਿਆਰ ਕਰਦੀ ਸੀ ਕਾਫ਼ ਉਸਨੂੰ। ਨਾਲ ਲੱਗ ਕੇ ਸੌਂਦੀ। ਸਾਰਾ ਦਿਨ ਉਸਦੇ ਅੱਗੇ ਪਿੱਛੇ ਘੁੰਮਦੀ। ਜਦੋਂ ਉਹ ਕਾਫ਼ ਦੀ ਮੁਹੱਬਤ ਵੱਲ ਨਜ਼ਰ ਮਾਰਦਾ ਡੋਲ ਜਿਹਾ ਜਾਂਦਾ। ਫਿਰ ਕਰਨ ਵੀ ਤਾਂ ਸੀ ਉਸਦਾ ਰਸਤਾ ਰੋਕਣ ਲਈ। ਉਸਦਾ ਦੋਸਤ!

"ਵੀ ਆਰ ਫਰੈਂਡਸ ਪਾਪਾ!" ਕਰਨ ਆਖਦਾ ਹੁੰਦਾ ਸੀ।

ਬੱਚੇ ਯਾਦ ਆਉਂਦੇ ਤਾਂ ਉਸਦੇ ਕਲੇਜੇ ਵਿਚ ਜਿਵੇਂ ਕੋਈ ਛੱਲ ਜਿਹੀ ਉਠਦੀ। ਉਦੋਂ ਵੀ ਬੱਚਿਆਂ ਕਰਕੇ ਹੀ ਤਾਂ ਡੋਲ ਗਿਆ ਸੀ ਉਹ।...ਤੇ ਡੋਲੇ ਹੋਏ ਨੇ ਉਸਨੇ...।

ਉਹ ਸੋਚਦਾ, ਕਾਸ਼ ਉਹ ਡੋਲਿਆ ਨਾ ਹੁੰਦਾ। ਡੋਲਿਆ ਨਾ ਹੁੰਦਾ ਤਾਂ ਅੱਜ ਇੱਥੇ ਨਾ ਹੁੰਦਾ। ਫੇਰ ਉਹ ਕਿੱਥੇ ਹੁੰਦਾ? ਉਹ ਖ਼ੁਦ ਨੂੰ ਸਵਾਲ ਕਰਦਾ।

ਉਸਨੂੰ ਲੱਗਦਾ ਉਹ ਤਾਂ ਕਿਤੇ ਵੀ ਨਹੀਂ ਸੀ ਪਿਛਲੇ ਬਾਰ੍ਹਾਂ ਸਾਲਾਂ ਤੋਂ।

ਕੋਈ ਹੋਰ ਸੀ ਜੋ ਉਸਨੂੰ ਜੀਅ ਰਿਹਾ ਸੀ। ਮਾਇਆ ਸੀ...ਜਿਸ ਕਰਕੇ ਉਸਨੂੰ ਲੱਗਦਾ ਸੀ ਉਹ ਜੀਅ ਹੀ ਨਹੀਂ ਸੀ ਰਿਹਾ। ਉਹ ਤਾਂ ਕਦੋਂ ਦਾ ਮਰ ਚੁੱਕਾ ਸੀ। ਇਕ ਵਾਰ ਮਰ ਚੁੱਕਾ ਬੰਦਾ ਤਾਂ ਜਿੰਨੀ ਵਾਰ ਮਰਜ਼ੀ ਮਰ ਸਕਦਾ ਹੈ। ਪਰ ਨਹੀਂ...ਉਹ ਮਰ ਨਹੀਂ ਸੀ ਸਕਿਆ। ਸ਼ਾਇਦ ਉਸਨੂੰ ਲੱਗਿਆ ਸੀ, ਉਹ ਹੁਣ ਹੋਰ ਜ਼ਿਆਦਾ ਵਾਰ ਮਰ ਹੀ ਨਹੀਂ ਸਕਦਾ।

ਉਸਨੇ ਉਸ ਸ਼ਹਿਰ ਬਾਰੇ ਸਾਰਾ ਕੁਝ ਜਾਣ ਲਿਆ। ਉਸ ਖੇਤਰ ਦੇ ਇਕ ਕਵੀ ਨਾਲ ਉਸਨੇ ਗੱਲ ਕੀਤੀ। ਜੀਣ ਲਈ ਉਸਨੂੰ ਇਹ ਰਾਹ ਤੇ ਉਹ ਥਾਂ ਦੋਨੋਂ ਹੀ ਬਿਹਤਰ ਲੱਗੇ ਸਨ। ਪਰ ਐਨ ਉਸੇ ਪਲ ਉਹ ਡੋਲ ਗਿਆ ਸੀ।

ਉਹ ਕੋਸਦਾ, ਖ਼ੁਦ ਨੂੰ। ਵਕਤ ਨੂੰ। ਉਸ ਘੜੀ ਨੂੰ।

ਘੜੀ ਲਫ਼ਜ਼ ਜ਼ਿਹਨ ਵਿਚ ਆਉਂਦਾ ਤਾਂ ਉਹ ਕੋਹਾਂ ਪਿੱਛੇ ਤੀਕ ਚਲਾ ਜਾਂਦਾ। ਉੱਥੋਂ ਤੀਕ ਜਿੱਥੇ ਉਸਦੇ ਮੱਥੇ 'ਤੇ ਸਿਹਰਾ ਬੱਝਿਆ ਸੀ। ਮਾਇਆ ਉਸਦੀਆਂ ਅੱਖਾਂ ਅੱਗੇ ਆ ਜਾਂਦੀ। ਕਮਾਲ ਸੀ, ਉਹ ਅੱਜ ਤੀਕ ਉਸਨੂੰ ਮਿਲਣ ਲਈ ਨਹੀਂ ਸੀ ਆਈ। ਉਸਨੂੰ ਮਿਲਣ ਆਉਣ ਵਾਲਾ ਉਸਦਾ ਦੋਸਤ ਰਾਜਪਾਲ ਦੱਸਦਾ ਸੀ, ਕਈ ਮਹੀਨੇ ਉਹ ਗੁੰਮ ਜਿਹੀ ਰਹੀ। ਆਪਣੇ ਆਪ ਵਿਚ ਗੁਆਚੀ। ਹੁਣ ਫੇਰ ਜ਼ਿੰਦਗੀ ਜਿਊਂਣ ਲੱਗੀ ਹੈ। ਦਫ਼ਤਰ ਜਾਂਦੀ ਹੈ।...ਤੇ ਉਸਨੇ 'ਸੁਣਿਆ' ਹੈ, ਉਹ ਨਰਾਇਣ ਨੂੰ ਬੜੀ ਨਫ਼ਰਤ ਕਰਦੀ ਹੈ।

ਨਰਾਇਣ ਦਾ ਸਿਰ ਭਾਰਾ ਹੋਣ ਲੱਗਦਾ।

ਇਹ ਕਿੱਸਾ ਉਸਨੂੰ ਬੜਾ ਤੰਗ ਕਰਦਾ। ਕਿੰਨਾ ਕੁਝ ਉਸ ਅੱਗੇ ਸਾਕਾਰ ਹੋ ਜਾਂਦਾ। ਕਾਲਿਜ ਦੀ ਐਡਹਾਕ ਨੌਕਰੀ ਦਾ ਉਸਦਾ ਉਹ ਦੂਜਾ ਸਾਲ ਸੀ ਜਦੋਂ ਉਸਦਾ ਰਿਸ਼ਤਾ ਹੋਇਆ ਸੀ। ਮਾਇਆ ਦੀ ਨੌਕਰੀ ਦਾ ਉਹ ਓਦੋਂ ਪਹਿਲਾ ਸਾਲ ਸੀ। ਛੇ ਮਹੀਨੇ ਪਹਿਲਾਂ ਹੀ ਉਹ, ਉਹਨਾਂ ਦੇ ਜ਼ਿਲ੍ਹੇ ਵਿਚ ਖੋਜ਼ ਅਫ਼ਸਰ ਵਜੋਂ ਨਿਯੁਕਤ ਹੋਈ ਸੀ। ਪਰ ਮਾਇਆ, ਨਰਾਇਣ ਦਾ ਮਨ ਨਾ ਖੋਜ਼ ਸਕੀ। ਨਰਾਇਣ ਮਾਇਆ ਦੀ ਥਾਹ ਨਾ ਪਾ ਸਕਿਆ। ਦੋਨੋਂ ਨਾਲ਼ ਸਨ, ਪਰ ਅਲੱਗ ਜਿਹੇ। ਦੋਨੋਂ ਇਕ ਦੂਜੇ ਨਾਲ ਖ਼ੁਸ਼ ਹੋਣ ਦਾ ਅਭਿਨੈ ਕਰਦੇ ਰਹੇ। ਕਦੇ ਲੜਦੇ। ਕਦੇ ਮੰਨਦੇ।ਨਰਾਇਣ ਕਿੰਨਾ ਹੀ ਕੁਝ ਸਮਝ ਸਕਦਾ ਸੀ ਪਰ ਉਸਨੂੰ ਬਿਆਨ ਕਰਨਾ ਨਹੀਂ ਸੀ ਆਉਂਦਾ। ਉਹ ਨਾ ਤਾਂ ਕਹਿ ਸਕਦਾ ਸੀ, ਨਾ ਹੀ ਸਮਝਾ ਸਕਦਾ ਸੀ। ਇਸੇ ਦੌਰਾਨ ਦੋਨੋਂ ਬੱਚੇ ਹੋਏ। ਘਰ ਹੋਰ ਫੈਲਿਆ। ਜ਼ਿੰਮੇਦਾਰੀਆਂ ਹੋਰ ਵਧੀਆ। ਦੋਨੋਂ ਹੋਰ ਉਲਝੇ।

ਘਰੇ ਤਣਾਅ ਫੈਲਿਆ ਰਹਿੰਦਾ। ਰਿਸ਼ਤਾ ਨੀਰਸ ਹੋਣ ਲੱਗਿਆ।...ਤੇ ਇਸੇ ਦੌਰਾਨ ਨਰਾਇਣ ਨੂੰ ਅਹਿਸਾਸ ਹੋਇਆ ਮਾਇਆ ਦੀ ਜ਼ਿੰਦਗੀ ਵਿਚ ਕੋਈ ਹੋਰ ਵੀ ਹੈ। ਇਹ ਸ਼ੱਕ ਯਕੀਨ ਵਿਚ ਬਦਲਿਆ। ਉਹ ਪ੍ਰੇਸ਼ਾਨ ਹੋਇਆ। ਹੈਰਾਨ ਹੋਇਆ। ਘਰ ਜਿਵੇਂ ਮਾਇਆ ਵਿਚੋਂ ਮਨਫ਼ੀ ਹੁੰਦਾ ਜਾ ਰਿਹਾ ਸੀ। ਉਹ ਬੱਚਿਆਂ ਵੱਲੋਂ ਲਾਪਰਵਾਹ ਹੋਈ। ਘਰ ਵੱਲੋਂ ਬੇਪਰਵਾਹ ਹੋਈ। ਨਰਾਇਣ ਕੋਲ਼ੋਂ ਦੂਰ ਹੋਈ। ਹਰ ਤਰ੍ਹਾਂ ਨਾਲ।

ਇਕ ਰੋਜ਼ ਉਹ ਬੜੀ ਦੇਰ ਨਾਲ ਘਰ ਮੁੜੀ। ਸਕੂਲ ਤੋਂ ਪੜ੍ਹ ਕੇ ਆਏ ਬੱਚੇ ਭੁੱਖੇ ਸਨ। ਨਰਾਇਣ ਨੇ ਖਾਣਾ ਬਣਾਇਆ। ਮਾਂ ਨੂੰ ਦਿੱਤਾ। ਬੱਚਿਆਂ ਨੂੰ ਖਵਾਇਆ।ਮਾਇਆ ਦੇ ਆਉਣ ਤਕ ਬੱਚੇ ਸੌਂ ਚੁੱਕੇ ਸਨ।

"ਰੋਟੀ" ਨਰਾਇਣ ਨੇ ਮਾਇਆ ਨੂੰ ਪੁੱਛਿਆ।

"ਮੈਂ ਤਾਂ ਨਹੀਂ ਖਾਣੀ।" ਉਹ ਬਹੁਤ ਵਾਰ ਰਾਤ ਨੂੰ ਰੋਟੀ ਨਹੀਂ ਸੀ ਖਾਂਦੀ।

ਪਰ ਨਾ ਤਾਂ ਮਾਇਆ ਨੇ ਬੱਚਿਆਂ ਦਾ ਪੁੱਛਿਆ ਤੇ ਨਾ ਹੀ ਨਰਾਇਣ ਦਾ। ਉਸ ਰਾਤ ਨਰਾਇਣ ਬਿਨਾਂ ਕੁਝ ਖਾਧੇ ਹੀ ਸੁੱਤਾ ਸੀ।

ਅਸਲ ਵਿਚ ਉਹ ਉਸ ਰਾਤ ਸੁੱਤਾ ਹੀ ਕਿੱਥੇ ਸੀ? ਪੂਰੀ ਰਾਤ ਉਸ ਜਾਗਦਿਆਂ ਬਿਤਾਈ ਸੀ। ਸ਼ਾਇਦ ਉਹੀ ਪਹਿਲੀ ਰਾਤ ਸੀ ਜਦੋਂ ਉਸਦਾ ਤੇ ਨੀਂਦ ਦਾ ਨਾਤਾ ਟੁੱਟਿਆ ਸੀ। ਰਾਤ ਦੀ

ਗਹਿਰੀ ਚੁੱਪ ਵਿਚ ਕਦੇ-ਕਦੇ ਉਸਨੂੰ ਮਾਂ ਦੇ ਖੰਘਣ ਦੀ ਆਵਾਜ਼ ਸੁਣਾਈ ਦਿੰਦੀ ਤੇ ਜਾਂ ਫਿਰ ਛੱਤ ਉੱਪਰ ਚੱਲਦੇ ਪੱਖੇ ਦੀ ਸੂੰ-ਸੂੰ।

ਕਾਲਿਜ ਉਸਦਾ ਸੈਸ਼ਨ ਖਤਮ ਹੋ ਜਾਂਦਾ ਤਾਂ ਉਹ ਘਰ ਹੁੰਦਾ। ਚਾਰ ਮਹੀਨੇ ਉਸਦੇ ਘਰ ਰਹਿ ਕੇ ਬੀਤਦੇ। ਇਹ ਚਾਰ ਮਹੀਂਨੇ ਉਸ ਲਈ ਬੜੇ ਔਖੇ ਹੁੰਦੇ। ਜੇਬ ਖਾਲੀ ਹੁੰਦੀ ਤੇ ਮਨ ਭਰਿਆ ਹੁੰਦਾ। ਉਹਨਾਂ ਦਿਨਾਂ ਵਿਚ ਉਹ ਬੱਸ 'ਹਾਊਸ ਵਾਈਫ਼' ਬਣ ਕੇ ਰਹਿ ਜਾਂਦਾ।

ਘਰ, ਬੱਚੇ, ਦੱਧ, ਸਬਜ਼ੀ। ਉਸਦੀ ਦੁਨੀਆ ਬੱਸ ਇਹੀ ਬਣ ਕੇ ਰਹਿ ਜਾਂਦੀ। ਮਾਇਆ ਜਦੋਂ ਘਰੋਂ ਤੁਰਨ ਲੱਗਦੀ ਤਾਂ ਉਹ ਉਸ ਕੋਲ਼ੋਂ ਪੈਸੇ ਮੰਗਦਾ। ਉਹ ਪਲ ਨਰਾਇਣ ਲਈ ਬੜੇ ਅਜੀਬ ਜਿਹੇ ਪਲ ਹੁੰਦੇ।

ਸ਼ਾਇਦ, ਨਰਾਇਣ ਦੇ 'ਚੱਜ ਨਾਲ' ਕਮਾਉਂਦਾ ਨਾ ਹੋਣ ਕਰਕੇ, ਮਾਇਆ ਹਰ ਪਲ ਨਾ ਖੁਸ਼ ਜਿਹਾ ਨਜ਼ਰ ਆਉਂਦੀ। ਕਦੇ ਬੋਲਦੀ। ਕਦੇ ਬੁਲਾਇਆ ਵੀ ਨਾ ਬੋਲਦੀ। ਬੱਚੇ ਉਹਦੇ ਇਰਦ-ਗਿਰਦ ਫਿਰਦੇ। ਨਰਾਇਣ ਦੀ ਮਾਂ ਸ਼ਿਕਵਾ ਕਰਦੀ। ਇਕੋ-ਇਕ ਨੂੰਹ ਨੇ ਕਦੇ 'ਸੰਵਾਰ' ਕੇ ਉਸਦਾ ਹਾਲ ਵੀ ਨਹੀਂ ਸੀ ਪੁੱਛਿਆ। ਨਰਾਇਣ ਜਿਵੇਂ ਸਭ ਕਾਸੇ ਦੇ ਵਿਚਕਾਰ ਘਿਰਿਆ ਜਿਹਾ ਰਹਿੰਦਾ। ਮਾਇਆ ਦਾ 'ਵਿਆਹ ਬਾਹਰਾ' ਰਿਸ਼ਤਾ ਉਸ ਨੂੰ ਖਲ਼ਦਾ ਰਹਿੰਦਾ। ਪਰ ਮਾਇਆ ਨਾਲ਼ ਕੋਈ ਗੱਲ ਕਰਨ ਤੋਂ ਉਹ ਡਰਦਾ।

ਕਦੇ ਆਪਣਾ ਆਪ ਉਸਨੂੰ ਬੜਾ ਨਿਤਾਣਾ ਜਿਹਾ ਲੱਗਦਾ। ਕਦੇ ਖ਼ੁਦ ਨਾਲ ਗਿਲਾਨੀ ਜਿਹੀ ਆਉਂਦੀ।

ਮਾਇਆ ਮਨ ਮਰਜ਼ੀ ਕਰਦੀ। ਨਰਾਇਣ ਕੁਝ ਕਹਿ ਨਾ ਪਾਉਂਦਾ। ਕੁਝ ਕਰ ਨਾ ਪਾਉਂਦਾ। ਇਸ ਦਮਘੋਟੂ ਮਾਹੌਲ ਵਿਚੋਂ ਉਹ ਦੂਰ ਭੱਜ ਜਾਣਾ ਚਾਹੁੰਦਾ। ਉਹ ਬਹੁਤ ਸੋਚਦਾ ਕਿ ਉਹ ਮਾਇਆ ਨਾਲੋਂ ਅਲੱਗ ਹੋ ਜਾਵੇ। ਪਰ ਉਹ ਡਰਦਾ। ਕੋਰਟ-ਕਚਹਿਰੀ, ਵਕੀਲ। ਇਸ ਸਭ ਲਈ ਪੈਸਾ।...ਤੇ ਫਿਰ ਉਸਨੂੰ ਆਪਣੀ ਹਾਲਤ ਨਜ਼ਰ ਆਉਂਦੀ। ਮੰਜੇ 'ਤੇ ਪਈ ਬੁੱਢੀ ਮਾਂ ਨਜ਼ਰ ਆਉਂਦੀ। ਉਸਨੂੰ ਲੱਗਦਾ, ਅਲੱਗ ਹੋਣਾ ਤਾਂ ਜਿਵੇਂ ਉਸਦੇ ਵੱਸ ਹੀ ਨਹੀਂ ਹੈ।

ਉਹ ਇਸ ਸਭ ਨੂੰ ਆਪਣੀ ਕਿਸਮਤ ਮੰਨ ਲੈਂਦਾ।

ਇਸੇ ਦੌਰਾਨ ਕਿੰਨਾ ਹੀ ਕੁਝ ਉਸਦੇ ਦਿਮਾਗ਼ ਵਿਚ ਚੱਲਦਾ ਰਿਹਾ। ਉਹ ਟੁੱਟਦਾ ਰਹਿੰਦਾ। ਅੰਦਰੋਂ-ਅੰਦਰੀ। ਬਿਲਕੁਲ ਗੁੰਮ ਜਿਹਾ। ਕਾਲਿਜ ਹੁੰਦਾ ਤਾਂ ਕਿਸੇ ਨਾਲ਼ ਬੋਲਦਾ ਨਾ। ਕਲਾਸ ਲਗਾਉਂਦਾ। ਸਟਾਫ਼ ਰੂਮ ਦੀ ਕਿਸੇ ਨੁੱਕਰੇ ਬੈਠ ਜਾਂਦਾ। ਕੋਈ ਕਿਤਾਬ ਖੋਲ੍ਹ ਲੈਂਦਾ। ਪਰ ਅੱਖਰ ਉਸਦੇ ਪੱਲੇ ਨਾ ਪੈਂਦੇ। ਉਹ ਜਿਵੇਂ ਨੀਂਦ ਵਿਚ ਤੁਰਿਆ ਫਿਰਦਾ ਹੋਵੇ। ਕੋਈ ਬੁਲਾਉਂਦਾ ਤਾਂ ਉਸਨੂੰ ਸੁਰਤ ਜਿਹੀ ਆਉਂਦੀ ਤੇ ਇਉਂ ਲੱਗਦਾ ਜਿਵੇਂ ਉਹ ਕਿਸੇ ਖ਼ੂਹ ਵਿਚੋਂ ਉਭਰਿਆ ਹੋਵੇ।

ਉਸਨੂੰ ਲੱਗਦਾ ਜਿਵੇਂ ਉਹ ਦਿਨੋਂ-ਦਿਨ ਮਾਨਸਿਕ ਤੌਰ 'ਤੇ ਮੁਕਦਾ ਜਾ ਰਿਹਾ ਹੋਵੇ।

ਉਸ ਨੇ ਫ਼ੈਸਲਾ ਕੀਤਾ। ਉਹ ਸਭ ਕੁਝ ਛੱਡ ਕੇ ਕਿਤੇ ਦੂਰ ਚਲਾ ਜਾਵੇਗਾ। ਘਰ, ਮਾਇਆ। ਇਹ ਸਭ ਲੋਕ। ਉਹ, ਉਹਨਾਂ ਥਾਂਵਾਂ ਬਾਰੇ ਸੋਚਦਾ ਰਿਹਾ ਜਿੱਥੇ ਜਾਇਆ ਜਾ ਸਕਦਾ ਹੈ। ਰਿਹਾ ਜਾ ਸਕਦਾ ਹੈ। ਕਿੰਨੇ ਹੀ ਰਾਜਾਂ ਬਾਰੇ, ਉੱਥੋਂ ਦੇ ਸ਼ਹਿਰਾਂ ਬਾਰੇ। ਉਹ ਡਾਟਾ ਇਕੱਠਾ ਕਰਦਾ ਰਿਹਾ।

ਪਤੀ ਹੁੰਦਿਆਂ, ਉਹ ਕਦੇ ਵੀ ਮਾਇਆ ਦੇ ਨਾਲ਼ ਨਹੀਂ ਸੀ। ਸ਼ਾਇਦ...ਕਦੇ ਮਾਇਆ ਉਸਦੇ ਨਾਲ ਨਹੀਂ ਸੀ। ਪੁੱਤ ਹੁੰਦਿਆਂ, ਉਸਨੇ ਮਾਂ ਦੇ ਮੋਹ ਨੂੰ ਵਿਸਾਰ ਦਿੱਤਾ ਸੀ, ਪਰ ਅਚਾਨਕ ਜਦੋਂ ਉਸ ਅੰਦਰੋਂ ਬਾਪ ਜਾਗਿਆ ਤਾਂ ਉਸਨੂੰ ਲੱਗਿਆ ਉਹ ਕਿਤੇ ਵੀ ਨਹੀਂ ਜਾ ਸਕਦਾ। ਦੋ ਮਹੀਨਿਆਂ ਤੋਂ ਬਣਾਈਆਂ ਤਮਾਮ 'ਯੋਜਨਾਵਾਂ' ਉਸ ਨੂੰ ਮਿੱਟੀ ਹੁੰਦੀਆਂ ਲੱਗੀਆਂ। ਦਿਨ ਵੇਲੇ ਉਹ ਜੋ ਸੋਚਦਾ, ਰਾਤ ਦੇ ਹਨ੍ਹੇਰੇ ਵਿਚ ਉਸਨੂੰ ਉਹ ਸੋਚਾਂ ਰੱਦ ਕਰਨੀਆਂ ਪੈਂਦੀਆਂ। ਹਨ੍ਹੇਰੇ ਕੋਲ਼ੋਂ ਉਸਨੂੰ ਭੈਅ ਆਉਂਦਾ। ਬੱਚਿਆਂ ਬਾਰੇ ਸੋਚ ਕੇ ਉਹ ਕੰਬ ਜਿਹਾ ਜਾਂਦਾ। ਮਾਂ ਵੱਲ ਦੇਖਦਾ ਤਾਂ

ਤਰਸ ਨਾਲ ਭਰ ਜਾਂਦਾ। ਬੁੱਢੇ ਵਾਰੇ ਬਿਮਾਰ ਪਈ ਮਾਂ ਨੂੰ ਉਹ ਕਿਸ ਦੇ ਸਹਾਰੇ ਛੱਡ ਕੇ ਜਾ ਸਕਦਾ ਸੀ?

ਰਾਜਪਾਲ ਦੀ ਕਹੀ ਗੱਲ ਉਸਨੂੰ ਯਾਦ ਆ ਜਾਂਦੀ। ਉਹ ਆਖਦਾ ਹੁੰਦਾ ਸੀ "ਤੂੰ ਮਾਂ ਦਾ ਜਿਊਂਣਾ ਤਾਂ ਸੌਖਾ ਕਰ ਨਹੀਂ ਸਕਿਆ, ਉਸਦੀ ਮੌਤ ਨੂੰ ਤਾਂ ਔਖਿਆਂ ਨਾ ਕਰੀਂ।"

ਪਰ ਉਸਨੂੰ ਲੱਗਦਾ, ਉਹ ਹੁਣ ਹੋਰ ਬਹੁਤਾ ਚਿਰ ਮਾਇਆ ਨਾਲ ਰਿਹਾ ਤਾਂ ਜੀਅ ਨਹੀਂ ਸਕੇਗਾ।

ਉਸਨੂੰ ਗੱਲ ਕਰਨੀ ਚਾਹੀਦੀ ਹੈ। ਤਲਾਕ ਲੈ ਲੈਣਾ ਚਾਹੀਦਾ ਹੈ। ਪਰ ਇਸ ਸਾਰੇ ਕੁਝ ਦੀ ਤਾਂ ਉਸ ਵਿਚ ਹਿੰਮਤ ਹੀ ਨਹੀਂ ਸੀ। ਉਹ ਸੋਚਦਾ, ਤਲਾਕ ਦੀ ਗੱਲ ਉਸਦੀ ਮਾਂ ਸਹਿ ਨਹੀਂ ਪਾਏਗੀ। ਬੱਚੇ ਉਹਨਾਂ ਦੀ ਅਲਿਹਦਗੀ ਨੂੰ ਕਬੂਲ ਨਹੀਂ ਕਰ ਪਾਉਣਗੇ।

...ਤੇ ਉਸ ਰਾਤ ਉਸ ਅੰਦਰ ਜਿਵੇਂ ਕੋਈ ਤੁਫ਼ਾਨ ਉਠ ਰਿਹਾ ਸੀ। ਬੱਚੇ ਤੇ ਮਾਂ ਨੂੰ ਛੱਡ ਕੇ ਜਾਣ ਦੀ ਹਿੰਮਤ ਉਸ ਅੰਦਰੋਂ ਮੁੱਕਦੀ ਜਾ ਰਹੀ ਸੀ।

"ਜੇ ਇਹ ਨਾ ਹੋਣ ਤਾਂ..." ਅਚਾਨਕ ਉਸ ਅੰਦਰ ਇਹ ਗੱਲ ਉੱਠਣ ਲੱਗੀ।

ਉਸਨੇ ਹੋਰ ਕੁਝ ਨਹੀਂ ਸੋਚਿਆ। ਕੁਝ ਨਹੀਂ ਵਿਚਾਰਿਆ।

ਜਦ ਨੂੰ ਹੋਸ਼ ਪਰਤੀ, ਬਹੁਤ ਦੇਰ ਹੋ ਗਈ ਸੀ। ਉਹ ਪੱਥਰ ਬਣਿਆ ਵਿਹੜੇ ਵਿਚ ਖੜ੍ਹਾ ਸੀ। ਬਾਹਰ ਮੋਹਲ਼ੇਦਾਰ ਮੀਂਹ ਪੈਂਦਾ ਰਿਹਾ ਤੇ ਉਹ ਮੀਂਹ ਵਿਚ ਭਿੱਜਦਾ ਰਿਹਾ।

ਉਹ ਜਿਵੇਂ ਉਹ ਰਿਹਾ ਨਾ ਹੋਵੇ। ਕਮੀਜ਼ ਦੀ ਉੱਪਰਲੀ ਜੇਬ ਵਿਚ ਪਈ ਟਰੇਨ ਦੀ ਟਿਕਟ ਮੀਂਹ ਵਿਚ ਗਲ਼ ਕੇ ਕਮੀਜ਼ ਦੇ ਨਾਲ ਹੀ ਜੁੜ ਚੁੱਕੀ ਸੀ।

ਪੁਲਿਸ ਉਸਨੂੰ ਲਿਜਾ ਚੁੱਕੀ ਸੀ। ਮੀਂਹ ਕਦੋਂ ਦਾ ਰੁਕ ਚੁੱਕਿਆ ਸੀ। ਲੋਕ ਉਸਦੇ ਘਰ ਇਕੱਠੇ ਹੋਣੇ ਸ਼ੁਰੂ ਹੋਏ।

"ਵਿਚਾਰੇ ਦੀ ਦਿਮਾਗ਼ੀ ਹਾਲਤ ਖਰਾਬ ਸੀ।"

ਇਕੱਠੇ ਹੋਏ ਲੋਕਾਂ ਵਿਚ ਕਿਸੇ ਨੇ ਗੱਲ ਕੀਤੀ। ਅਫ਼ਸੋਸ ਜਤਾਇਆ। ...ਤੇ ਭੀੜ ਖਿੰਡ ਗਈ। 000

*(ਅਦਬ ਨਵਾਜ਼ ਹਾਊਸ, ਗਲੀ ਨੰਬਰ 8*
*ਨੇੜੇ ਸ਼ਹੀਦ ਭਗਤ ਸਿੰਘ ਸਕੂਲ, ਪੱਟੀ, ਤਰਨ ਤਾਰਨ-143 416*
*ਫੋਨ: +91-94632-15168)*

## *ਸਿਰਜਣਾ ਦੇ ਪੁਰਾਣੇ ਅੰਕ*

### *SIRJANA ARCHIVES ON INTERNET*

*ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:*

***https://sirjanaarchives.wordpress.com/***

*ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ*

# ਪਰਮਜੀਤ ਮਾਨ: ਕਹਾਣੀ: ਤੂੰ ਬਾਪੂ ਨਾਲ ਗੱਲ ਕਰੀਂ

"ਪੁੱਤ! ਬਾਰਾਂ-ਤੇਰਾਂ ਸਾਲ ਦਾ ਸਮਾਂ ਕੋਈ ਘੱਟ ਹੁੰਦੈ। ਐਥੇ ਹੁੰਦਾ ਅੱਖਾਂ ਸਾਹਮਣੇ ਤਾਂ ਹੁੰਦਾ। ਕੋਈ ਪੋਤਾ-ਪੋਤੀ ਵਿਹੜੇ 'ਚ ਭੱਜੇ ਫਿਰਦੇ ਦਿਸਦੇ। ਆਪ ਈ ਕੰਡੇ ਬੀਜ ਲੇ, ਬੈਠੀ ਚੁਗਦੀ ਆਂ ਹੁਣ।" ਚਾਚੀ ਨੇ ਮੇਰੇ ਨਾਲ ਆਪਣਾ ਢਿੱਡ ਹੌਲ਼ਾ ਕੀਤਾ ਸੀ।

ਢਿੱਡੋਂ ਜਾਏ ਰੂਪ ਨੂੰ ਮਿਲਣ ਲਈ ਚਾਚੀ ਅਖੀਰ ਤਕ ਤਰਸਦੀ ਰਹੀ। ਮਾਵਾਂ ਨੂੰ ਪੁੱਤ ਕਿੱਥੇ ਭੁੱਲਦੇ ਨੇ। ਕਿਸੇ ਪੋਤੇ-ਪੋਤੀ ਦਾ ਮੂੰਹ ਤਾਂ ਕੀ, ਚਾਚੀ ਨੂੰ ਤਾਂ ਪੁੱਤ ਦਾ ਮੂੰਹ ਦੇਖਣਾ ਵੀ ਨਸੀਬ ਨਾ ਹੋਇਆ। ਕਹਿੰਦੇ ਬਾਰਾਂ ਸਾਲ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਐ, ਪਰ ਚਾਚੇ ਹੁਰਾਂ ਦੀ-?

ਚਾਚੇ ਪਰਿਵਾਰ ਦੀਆਂ ਇਹ ਗੱਲਾਂ ਸੋਚ ਕੇ ਮੇਰਾ ਮਨ ਬਹੁਤ ਉਦਾਸ ਸੀ। ਜਹਾਜ਼ ਨੇ ਦੋ ਦਿਨ ਹੋਰ ਨਿਊਯਾਰਕ ਵਿਚ ਰੁਕਣਾ ਸੀ। ਮਨ ਪ੍ਰੇਸ਼ਾਨ ਕਿ ਰੂਪ ਬਾਰੇ ਪਤਾ ਕਰਾਂ ਕਿ ਟਾਲ਼ਾ ਵੱਟ ਲਵਾਂ। ਮਨ 'ਚ ਇਹ ਵੀ ਆਵੇ ਕਿ ਇਸ ਵਾਰ ਛੁੱਟੀ ਗਏ ਨੂੰ ਵੀ ਚਾਚਾ ਪੁੱਛੂ ਜ਼ਰੂਰ। ਸੋਚਦਿਆਂ-ਸੋਚਦਿਆਂ ਮਨ ਪਿਛਲੀਆਂ ਯਾਦਾਂ ਵਿਚ ਗੁਆਚ ਗਿਆ।

----

ਪਲੱਸ-ਟੂ ਤਕ ਅਸੀਂ ਇਕੋ ਸਕੂਲ ਵਿਚ ਇਕੱਠੇ ਪੜ੍ਹੇ। ਫਿਰ ਮੈਂ ਮੁੰਬਈ ਜਾ ਕੇ ਇਕ ਅਕੈਡਮੀ ਵਿਚ ਟਰੇਨਿੰਗ ਕੀਤੀ ਤੇ ਮਰਚੈਂਟ-ਨੇਵੀ ਦੇ ਜਹਾਜ਼ਾਂ ਵਿਚ ਨੌਕਰੀ ਕਰਨ ਲੱਗਾ। ਰੂਪ ਬਾਹਰ ਜਾਣ ਦੇ ਚੱਕਰ ਵਿਚ ਪੈ ਗਿਆ ਸੀ। ਦੋ ਕੁ ਸਾਲ ਬਾਅਦ ਪਤਾ ਲੱਗਾ ਸੀ ਕਿ ਉਹ ਕੋਈ ਦੋ ਨੰਬਰ ਦੇ ਜੁਗਾੜ ਰਾਹੀਂ ਅਮਰੀਕਾ ਪਹੁੰਚ ਗਿਆ।

ਉਸ ਸਾਲ ਛੁੱਟੀ ਦੌਰਾਨ ਜਦੋਂ ਮੈਂ ਦਿਲਬਾਗ ਚਾਚੇ ਨੂੰ ਮਿਲਣ ਗਿਆ ਤਾਂ ਉਸ ਨੇ ਵੀ ਦੱਸਿਆ, "ਪੁੱਤ! ਰੂਪ ਤਾਂ ਜਾ ਪਹੁੰਚਿਆ ਅਮਰੀਕਾ। ਆਹ ਮਹੀਨਾ ਕੁ ਪਹਿਲਾਂ ਹੀ ਉਸ ਦਾ ਫੋਨ ਆਇਆ ਸੀ। ਕਹਿੰਦਾ ਬਾਪੂ ਧੱਕੇ ਤਾਂ ਬਹੁਤ ਖਾਧੇ ਪਰ ਮੈਂ ਅਮਰੀਕਾ ਪਹੁੰਚ ਗਿਆ। ਅਜੇ ਮੈਨੂੰ ਕੁਝ ਚਿਰ ਲੁਕ-ਛਿਪ ਕੇ ਰਹਿਣਾ ਪਊ ਪਰ ਤੁਸੀਂ ਕੋਈ ਫਿਕਰ ਨਾ ਕਰਨਾ।"

"ਫਿਰ ਤਾਂ ਚਾਚਾ ਜੀ ਬਹੁਤ-ਬਹੁਤ ਵਧਾਈਆਂ।"

"ਮਹਾਰਾਜ ਸਭ ਨੂੰ ਵਧਾਵੇ ਪੁੱਤ, ਪਰ ਏਜੰਟ ਕਣਕ ਦੇ ਢੇਰ ਵਾਂਗੂੰ ਨੋਟਾਂ ਦਾ ਢੇਰ ਲੈ ਗੇ ਪਤੰਦਰ।"

"ਚੱਲ ਕੋਈ ਨੀ ਚਾਚਾ ਜੀ ਪਹੁੰਚ ਤਾਂ ਗਿਆ। ਸੁਣਿਐ ਆਪਣੇ ਬਹੁਤੇ ਮੁੰਡੇ ਤਾਂ ਮੈਕਸੀਕੋ ਤੇ ਹੋਰ ਮੁਲਕਾਂ 'ਚ ਬੈਠੇ ਈ ਧੱਕੇ ਖਾਈ ਜਾਂਦੇ ਨੇ।"

ਹਰ ਛੁੱਟੀ 'ਚ ਮੈਂ ਦਿਲਬਾਗ ਚਾਚੇ ਨੂੰ ਮਿਲ ਕੇ ਆਉਂਦਾ। ਪੰਜ ਛੇ ਸਾਲ ਤਾਂ ਚਾਚਾ ਪੂਰੇ ਹੌਸਲੇ ਵਿਚ ਰਿਹਾ ਪਰ ਬਾਅਦ ਵਿਚ ਉਸ ਦਾ ਹੌਸਲਾ ਤੇ ਉਤਸ਼ਾਹ ਮੱਠਾ ਪੈਣ ਲੱਗਾ ਸੀ। ਫਿਰ ਤਾਂ ਚਾਚਾ ਉਦਾਸ ਜਿਹਾ ਹੋ ਕੇ ਦੱਸਦਾ, "ਪੁੱਤ ਰੂਪ ਦੇ ਲਾਰਿਆਂ ਦੀ ਪੰਡ ਤਾਂ ਵੱਡੀ ਤੇ ਲੰਮੀ ਹੁੰਦੀ ਜਾਂਦੀ ਐ। ਅਜੇ ਆਹ ਨੀ ਹੋਇਆ, ਅਜੇ ਵਾਹ ਬਾਕੀ ਹੈ, ਉਹਦੀ ਗੱਲ ਸਾਡੇ ਤਾਂ ਕਿਸੇ ਗੇੜ 'ਚ ਨੀ ਆਉਂਦੀ। ਫੋਨ ਵੀ ਲੰਗੇ ਡੰਗ ਹੀ ਕਰਦੈ। ਉਹ ਅਮਰੀਕਾ ਦਾ ਬਣ ਕੇ ਬਹਿ ਗਿਆ, ਅਸੀਂ ਨਾ ਏਧਰ ਦੇ ਨਾ ਓਧਰ ਦੇ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਨੇ, ਸੁਣ ਕੇ ਮਨ ਹੋਰ ਦੁਖੀ ਹੁੰਦੈ।"

ਪਿੰਡ ਦੇ ਲੋਕ ਸੋਚਦੇ ਸੀ ਰੂਪ ਬਹੁਤ ਪੈਸੇ ਵਾਲਾ ਹੋ ਗਿਆ ਤੇ ਅਮਰੀਕਾ ਵਿਚ ਕੋਈ ਜ਼ਨਾਨੀ ਰੱਖੀ ਬੈਠਾ ਹੈ। ਚਾਚਾ ਇਹਨਾਂ ਗੱਲਾਂ ਨੂੰ ਨਹੀਂ ਸੀ ਮੰਨਦਾ।

ਮੈਂ ਹਰ ਵਾਰ ਚਾਚੇ ਦਾ ਧੀਰਜ ਬਣਾਉਣ ਦੀ ਕੋਸ਼ਿਸ਼ ਕਰਦਾ, "ਕੋਈ ਨੀ ਚਾਚਾ ਜੀ, ਲੋਕ

ਤਾਂ ਐਵੇਂ ਗੱਲਾਂ ਬਣਾ ਲੈਂਦੇ ਨੇ। ਰੂਪ ਨੂੰ ਸਾਰਾ ਹੀ ਪਤੈ ਕਿਵੇਂ ਤੁਸੀਂ ਜ਼ਮੀਨ ਵੇਚ ਕੇ ਉਸ ਦੇ ਬਾਹਰ ਜਾਣ ਦਾ ਪ੍ਰਬੰਧ ਕੀਤਾ ਸੀ। ਉਹ ਜ਼ਰੂਰ ਵਾਪਸ ਆ ਕੇ ਸਾਰੇ ਰੋਣੇ ਧੋਣੇ ਧੋ ਦੇਵੇਗਾ। ਦੇਖ ਲੈਣਾ, ਇਹੀ ਲੋਕ ਫਿਰ ਉਸ ਦੀਆਂ ਤਰੀਫਾਂ ਦੇ ਪੁਲ਼ ਬੰਨ੍ਹਣਗੇ।"

"ਤੇਰੀ ਜ਼ੁਬਾਨ ਸੁਲੱਖਣੀ ਹੋਵੇ ਪੁੱਤ। ਹੋਰ ਸੁਣਾ ਤੇਰੀ ਨੌਕਰੀ ਠੀਕ ਚੱਲਦੀ ਐ ?"

"ਹਾਂ ਚਾਚਾ ਜੀ, ਵਧੀਆ ਚੱਲੀ ਜਾਂਦੈ। ਹਰ ਸਾਲ ਦੋ ਤਿੰਨ ਮਹੀਨੇ ਘਰ ਲਾ ਜਾਈਦਾ।"

"ਮਾਪਿਆਂ ਦੀਆਂ ਆਂਦਰਾਂ ਠਰ ਜਾਂਦੀਆਂ ਨੇ ਪੁੱਤ, ਮਾਪਿਆਂ ਦੀਆਂ ਅਸੀਸਾਂ ਲੈਨੈਂ।"

ਮੈਂ ਦੇਖ ਰਿਹਾ ਹੁੰਦਾ ਕਿ ਦਿਲਬਾਗ ਚਾਚਾ ਜਿਵੇਂ ਅੰਦਰੋਂ ਟੁੱਟ ਰਿਹਾ ਹੋਵੇ। ਉਹ ਵੀ ਚਾਹੁੰਦੇ ਸੀ ਉਹਨਾਂ ਦਾ ਪੁੱਤ ਉਹਨਾਂ ਕੋਲ਼ ਆਵੇ, ਦੁੱਖ ਸੁੱਖ ਦੀਆਂ ਗੱਲਾਂ ਕਰੇ। ਪਿੰਡ ਵਿਚ ਮਾਣ ਨਾਲ ਉਹਨਾਂ ਦਾ ਸਿਰ ਉੱਚਾ ਹੋਵੇ। ਪਰ ਰੂਪ ਨੇ ਤਾਂ ਐਸੀ ਉਡਾਰੀ ਮਾਰੀ, ਮੁੜ ਪਿੰਡ ਦਾ ਜਿਵੇਂ ਰਾਹ ਹੀ ਭੁੱਲ ਗਿਆ ਹੋਵੇ। ਮੈਂ ਵੀ ਉਹਨਾਂ ਨੂੰ ਕਿੰਨਾ ਕੁ ਦਿਲਾਸਾ ਦੇ ਸਕਦਾ ਸੀ। ਆਪਣਾ ਖ਼ੂਨ ਆਪਣਾ ਹੁੰਦਾ ਹੈ।

ਦਿਲਬਾਗ ਸਿੰਘ ਮੇਰਾ ਸਕਾ ਨਹੀਂ, ਘਰਾਂ ਚੋਂ ਲੱਗਦਾ ਚਾਚਾ ਸੀ। ਮੈਂ ਤੇ ਰੂਪ ਇਕੱਠੇ ਪੜ੍ਹਦੇ ਹੋਣ ਕਰ ਕੇ ਉਹ ਮੇਰਾ ਬਹੁਤ ਮੋਹ ਕਰਦਾ। ਚਾਚੀ ਵੀ ਭਲੀ ਔਰਤ ਸੀ ਤੇ ਪੁੱਤਾਂ ਵਾਂਗ ਮੋਹ ਕਰਦੀ। ਦੋਵੇਂ ਜੀਅ ਮੈਨੂੰ ਰੂਪ ਵਾਂਗ ਹੀ ਪਿਆਰ ਕਰਦੇ।

ਮੈਨੂੰ ਇਹ ਵੀ ਪਤਾ ਲੱਗਾ ਸੀ ਜਦ ਰੂਪ ਨੇ ਬਾਹਰ ਜਾਣ ਦੀ ਜ਼ਿੱਦ ਫੜੀ ਤਾਂ ਚਾਚੀ ਨੇ ਹੀ ਜ਼ੋਰ ਪਾ ਕੇ ਚਾਚੇ ਨੂੰ ਜ਼ਮੀਨ ਵੇਚਣ ਲਈ ਮਨਾਇਆ ਸੀ। ਚਾਚੀ ਦਾ ਤਰਕ ਸੀ, "ਆਪਣੇ ਇਕ ਮੁੰਡੈ। ਇਹ ਜ਼ਮੀਨ ਵੀ ਇਸੇ ਦੀ ਐ। ਬਾਹਰ ਜਾਂਦੈ ਜਾਣ ਦੇ, ਆਪਾਂ ਵੀ ਉੱਥੇ ਹੀ ਜਾ ਰਹਾਂਗੇ। ਆਪਾਂ ਵੀ ਐਥੇ ਕੀ ਕਰਨੈ ਫਿਰ।"

ਚਾਚੇ ਨੇ ਦੁਖੀ ਹੋ ਕੇ ਕਿਹਾ ਸੀ, "ਬਸੰਤ ਕੁਰੇ, ਮੁੰਡਾ ਤਾਂ ਬਾਹਰ ਵਗ ਜੂ ਪਰ ਪਿੰਡ ਚੋਂ ਸੀਰ ਕੱਟਿਆ ਜਾਊ।" ਤੇ ਜ਼ਮੀਨ ਵੇਚਣ ਤੋਂ ਬਾਅਦ ਚਾਚੇ ਦਾ ਸੀਰ ਕੱਟਿਆ ਗਿਆ ਸੀ। ਰੂਪ-ਰੂਪ ਕਰਦੀ ਤੇ ਵੇਲ਼ੇ ਨੂੰ ਪਛਤਾਉਂਦੀ ਚਾਚੀ ਵੀ ਨਾਮ ਦੀ ਬਸੰਤ ਹੀ ਰਹਿ ਗਈ। ਜ਼ਿੰਦਗੀ ਵਿਚੋਂ ਤਾਂ ਹਰ ਬਸੰਤ ਗ਼ਾਇਬ ਹੀ ਹੋ ਗਈ ਸੀ ਤੇ ਅਖੀਰ ਚਾਚੀ ਤੁਰ ਗਈ।

ਪਿਛਲੀ ਵਾਰ ਜਦ ਮੈਂ ਛੁੱਟੀ ਗਿਆ, ਚਾਚਾ ਵਿਹੜੇ 'ਚ ਮੰਜੀ 'ਤੇ ਬੈਠਾ ਸੀ। ਵਿਹੜਾ, ਘਰ, ਡੇਕ ਤੇ ਘਰ ਦੀ ਹਰ ਸ਼ੈਅ ਬੜੀ ਉਦਾਸ ਲੱਗੀ। ਗੋਡੇ ਹੱਥ ਲਾ ਕੇ, ਮੈਂ ਚਾਚੇ ਨੂੰ ਸਤਿ ਸ੍ਰੀ ਅਕਾਲ ਕਹੀ।

"ਜਿਉਂਦਾ ਰਹਿ ਪੁੱਤ-ਤਕੜੈਂ?"

ਚਾਚੇ ਦੇ ਬੋਲ ਜਿਵੇਂ ਕਿਸੇ ਖੂਹ ਵਿਚੋਂ ਆਏ ਹੋਣ। ਮੈਨੂੰ ਦੇਖ ਉਹ ਭਾਵੁਕ ਹੋ ਗਿਆ ਸੀ। ਉਹ ਬਹੁਤ ਉਦਾਸ ਸੀ। ਮੈਨੂੰ ਲੱਗਿਆ ਜਿਵੇਂ ਉਹ ਆਪਣੇ ਆਪ ਨਾਲ ਕੋਈ ਘੋਲ਼ ਕਰ ਰਿਹਾ ਹੋਵੇ। ਹੰਝੂ ਅੱਖਾਂ 'ਚੋਂ ਬਾਹਰ ਆਉਣ ਲਈ ਜ਼ੋਰ ਪਾ ਰਹੇ ਹੋਣ ਤੇ ਉਹ ਉਹਨਾਂ ਨੂੰ ਅੰਦਰ ਹੀ ਡੱਕਣ ਲਈ ਜ਼ੋਰ ਲਾ ਰਿਹਾ ਹੋਵੇ। ਡਰ ਰਿਹਾ ਹੋਵੇ ਕਿ ਮੇਰਾ ਇਹ ਭਤੀਜ ਲੱਖੀ, ਕਿਤੇ ਮੇਰੀ ਅੱਖ ਵਿਚ ਹੰਝੂ ਨਾ ਦੇਖ ਲਵੇ। ਇਹੀ ਘੋਲ ਤਾਂ ਚੱਲ ਰਿਹਾ ਸੀ ਉਸ ਅੰਦਰ। ਕਾਫੀ ਦੇਰ ਤਕ ਨਾ ਮੇਰੇ ਤੋਂ ਕੋਈ ਗੱਲ ਹੋਈ ਤੇ ਨਾ ਹੀ ਚਾਚਾ ਬੋਲਿਆ। ਫਿਰ ਮੈਂ ਆਪਣੇ ਆਪ 'ਤੇ ਕਾਬੂ ਪਾਉਂਦਿਆਂ ਕਿਹਾ ਸੀ;

"ਚਾਚਾ ਜੀ, ਚਾਚੀ ਦੇ ਤੁਰ ਜਾਣ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ।" ਇਹ ਗੱਲ ਮੈਥੋਂ ਮਸਾਂ ਹੀ ਬੋਲ ਹੋਈ ਸੀ।

ਚਾਚੀ ਦਾ ਨਾਮ ਸੁਣ ਕੇ ਚਾਚੇ ਦਾ ਸਿਰ ਏਧਰ-ਓਧਰ ਹਿੱਲਣ ਲੱਗਾ। ਚਾਚਾ ਇਕ ਰੋਇਆ ਨਹੀਂ ਪਰ ਰੋਣ ਦੀ ਕਸਰ ਵੀ ਨਹੀਂ ਸੀ ਰਹਿ ਗਈ। ਚਿਹਰੇ 'ਤੇ ਬਦਲ ਰਹੇ ਹਾਵ ਭਾਵ ਦੇਖ ਮੈਨੂੰ ਤਰਸ ਵੀ ਆਵੇ ਤੇ ਡਰ ਵੀ। ਡਰ ਇਹ ਕਿ ਚਾਚਾ ਹੁਣ ਵੀ ਰੋਇਆ ਕਿ ਹੁਣ ਵੀ। ਮੈਂ ਲਗਾਤਾਰ

ਚਾਚੇ ਦੇ ਚਿਹਰੇ ਵੱਲ ਦੇਖ ਰਿਹਾ ਸੀ। ਦੇਖ ਰਿਹਾ ਸੀ ਚਾਚਾ ਜਿਵੇਂ ਹੰਝੂਆਂ ਦੇ ਹੜ੍ਹ ਅੱਗੇ ਦੀਵਾਰ ਬਣ ਕੇ ਤਣ ਗਿਆ ਹੋਵੇ। ਉਸ ਨੇ ਇਕ ਵੀ ਹੰਝੂ ਅੱਖਾਂ ਚੋਂ ਬਾਹਰ ਨਹੀਂ ਸੀ ਡਿੱਗਣ ਦਿੱਤਾ। ਮਨ ਹੀ ਮਨ ਮੈਂ ਚਾਚੇ ਦੀ ਹਿੰਮਤ ਨੂੰ ਸਲੂਟ ਕੀਤਾ।

ਬੈਠਾ ਸੋਚੀ ਜਾਵਾਂ, ਕੀ ਇਹ ਉਹੀ ਚਾਚਾ ਹੈ ਜਿਸ ਦੀ ਸੱਥ ਵਿਚ ਤੂਤੀ ਬੋਲਦੀ ਹੁੰਦੀ। ਤੇ ਜਦ ਤੋਂ ਜ਼ਮੀਨ ਵੇਚ ਕੇ ਰੂਪ ਨੂੰ ਬਾਹਰ ਭੇਜ ਦਿੱਤਾ, ਉਹੀ ਸੱਥ ਉਸ ਲਈ ਡਰਾਉਣੀ ਹੋ ਗਈ। ਉਹ ਕਦੀ ਸੱਥ ਵਿਚ ਨਹੀਂ ਸੀ ਗਿਆ। ਚੁੱਪ ਬੈਠੇ ਚਾਚੇ ਨੂੰ ਦੇਖ ਮੈਂ ਹੌਲ਼ੀ ਜਿਹੀ ਫਿਰ ਪੁੱਛਿਆ;

"ਚਾਚਾ ਜੀ ਤੁਸੀਂ ਤਕੜੇ ਰਹਿੰਨੇ ਓਂ ?"

—ਕੁਝ ਚਿਰ ਚੁੱਪ— ਚਾਚਾ ਸੰਭਲਿਆ, "ਪੁੱਤ ਕਾਹਦੇ ਤਕੜੇ ਤੇ ਕਾਹਦੇ ਹਾਲ, ਜ਼ਮੀਨ ਵੀ ਹੱਥੋਂ ਗੁਆ ਲੀ, ਰੂਪ ਵੀ ਗੁਆ ਲਿਆ ਤੇ ਤੇਰੀ ਚਾਚੀ ਵੀ।"

ਹੌਲ਼ੀ-ਹੌਲ਼ੀ ਚਾਚੇ ਨੇ ਆਪਣੀਆਂ ਭਾਵਨਾਵਾਂ 'ਤੇ ਪੂਰਾ ਕਾਬੂ ਪਾ ਲਿਆ। ਉਹ ਰੂਪ ਤੇ ਚਾਚੀ ਦੀਆਂ ਗੱਲਾਂ ਕਰਨ ਲੱਗਾ। ਉਸ ਦੀਆਂ ਗੱਲਾਂ ਵਿਚ ਵੇਦਨਾ ਸੀ, ਦਰਦ ਸੀ, ਆਉਣ ਵਾਲੇ ਸਮੇਂ ਦੀਆਂ ਚਿੰਤਾਵਾਂ ਸੀ। ਮੈਂ ਬੱਸ ਹੂੰ-ਹਾਂ ਕਰੀ ਗਿਆ। ਮੈਥੋਂ ਕੋਈ ਬਹੁਤੀ ਗੱਲ ਨਹੀਂ ਸੀ ਹੋ ਰਹੀ।

"ਦੇਖ ਲੈ ਪੁੱਤ, ਰੂਪ ਮਾਂ ਦੇ ਮਰਨ 'ਤੇ ਵੀ ਨੀ ਆਇਆ। ਕਹਿੰਦਾ ਬਾਪੂ ਮੇਰੀ ਮਜਬੂਰੀ ਹੈ। ਅੱਗ ਲੱਗੇ ਸਾਲੀ ਇਹੋ ਜੀ ਮਜਬੂਰੀ ਨੂੰ।"

ਮੈਂ ਮਹਿਸੂਸ ਕੀਤਾ ਜਿਵੇਂ ਇਸ ਗੱਲ ਨੇ ਹੀ ਚਾਚੇ ਨੂੰ ਅੰਦਰੋਂ ਬੁਰੀ ਤਰ੍ਹਾਂ ਤੋੜ ਦਿੱਤਾ ਹੋਵੇ। ਗੱਲ ਵੀ ਵੱਡੀ ਸੀ। ਮਾਂ ਦੇ ਮਰਨ 'ਤੇ ਰੂਪ ਨੂੰ ਆਉਣਾ ਚਾਹੀਦਾ ਸੀ। ਕੱਲਾ ਚਾਚਾ ਹੀ ਨਹੀਂ ਜਿਵੇਂ ਪੂਰੇ ਘਰ ਨੂੰ ਹੀ ਤੋੜ ਦਿੱਤਾ ਹੋਵੇ। ਘਰ ਦੀਆਂ ਸਾਰੀਆਂ ਦੀਵਾਰਾਂ ਇੰਝ ਲੱਗੀਆਂ ਸੀ ਜਿਵੇਂ ਸਿਰ ਸੁੱਟੀ ਖੜ੍ਹੀਆਂ ਹੰਝੂ ਵਹਾ ਰਹੀਆਂ ਹੋਣ। ਵਿਹੜੇ ਦੀ ਧੁੱਪ ਵੀ ਉਦਾਸ ਸੀ। ਸਾਹਮਣੇ ਕੰਧ ਨਾਲ ਬਣੇ ਬਰਾਂਡੇ 'ਚ ਬੈਠੇ ਪਸ਼ੂ, ਰਸੋਈ ਵਿਚ ਬੇਤਰਤੀਬ ਪਿਆ ਸਮਾਨ ਤੇ ਇਕ ਪਾਸੇ ਧੂੜ ਨਾਲ ਭਰਿਆ ਖੜ੍ਹਾ ਮੋਟਰ-ਸਾਈਕਲ, ਸਭ ਇੰਝ ਲੱਗ ਰਹੇ ਸੀ ਜਿਵੇਂ ਘੋਰ ਉਦਾਸੀ ਦੀ ਬੁੱਕਲ਼ ਮਾਰੀ ਖੜ੍ਹੇ ਤੇ ਬੈਠੇ ਕਿਸੇ ਗਹਿਰੇ ਮਾਤਮ ਵਿਚ ਹੋਣ। ਚਾਚਾ ਹੁਣ ਚੁੱਪ ਸੀ। ਮੈਥੋਂ ਵੀ ਕੋਈ ਗੱਲ ਨਹੀਂ ਸੀ ਹੋ ਰਹੀ। ਮੈਂ ਇਹ ਕਹਿੰਦਿਆਂ ਚਾਚੇ ਤੋਂ ਵਿਦਾ ਲਈ, "ਚਾਚਾ ਜੀ ਅਜੇ ਮੈਂ ਮਹੀਨਾ ਭਰ ਇੱਥੇ ਹੀ ਹਾਂ, ਫਿਰ ਆਵਾਂਗਾ।" ਤੇ ਮੈਂ ਉੱਠ ਖਲੋਤਾ। ਮੈਂ ਦੁਬਾਰਾ ਚਾਚੇ ਕੋਲ਼ ਜਾਣ ਦੀ ਹਿੰਮਤ ਨਹੀਂ ਸੀ ਜੁਟਾ ਪਾਇਆ।

----

"ਚੀਫ ਸਾਹਿਬ ਕੀ ਸੋਚੀ ਜਾਨੇ ਓਂ ?" ਅਚਾਨਕ ਆਈ ਆਵਾਜ਼ ਨਾਲ ਮੈਂ ਸੋਚਾਂ ਦੇ ਘੇਰੇ 'ਚੋਂ ਬਾਹਰ ਆਇਆ। ਹੈਰਾਨ ਹੋਇਆ ਕਿ ਅੱਜ ਇਹ ਸਾਰੀਆਂ ਯਾਦਾਂ ਮੇਰੇ ਸਾਹਮਣੇ ਆ ਕੇ ਕਿਉਂ ਤਣ ਗਈਆਂ ਨੇ? ਇਹਨਾਂ ਦਾ ਕੀ ਕਰਾਂ?

ਆਵਾਜ਼ ਦੇਣ ਵਾਲਾ ਮੇਰਾ ਜੂਨੀਅਰ ਜਹਾਜ਼ੀ ਸਾਥੀ ਦੀਪ ਸੀ। ਉਸ ਨੂੰ ਦੇਖ ਮੈਂ ਥੋੜ੍ਹਾ ਪ੍ਰੇਸ਼ਾਨ ਵੀ ਹੋਇਆ। ਪਹਿਲਾਂ ਮਨ ਵਿਚ ਆਇਆ ਇਸ ਨੂੰ ਟਾਲ ਦੇਵਾਂ। ਪਰ ਮਨ ਦੀ ਪ੍ਰੇਸ਼ਾਨੀ ਬਾਹਰ ਆਉਣ ਲਈ ਕਾਹਲ਼ੀ ਸੀ। ਪਤਾ ਹੀ ਨਾ ਲੱਗਾ, ਮੈਂ ਕਿਵੇਂ ਮਨ ਦੀ ਸਾਰੀ ਦੁਬਿਧਾ ਦੀਪ ਨਾਲ ਸਾਂਝੀ ਕਰ ਦਿੱਤੀ।

"ਤੁਹਾਡੇ ਕੋਲ਼ ਉਸ ਦਾ ਕੋਈ ਪਤਾ ਠਿਕਾਣਾ ਹੈ?" ਕੁਝ ਸੋਚ ਕੇ ਦੀਪ ਨੇ ਪੁੱਛਿਆ।

"ਪਤਾ ਤਾਂ ਹੈਗਾ। ਕਈ ਸਾਲ ਪਹਿਲਾਂ ਚਾਚੇ ਨੇ ਧੱਕੇ ਨਾਲ ਹੀ ਨੋਟ ਕਰਵਾ ਦਿੱਤਾ ਸੀ ਕਿ ਪੁੱਤ ਤੇਰੇ ਜਹਾਜ਼ ਤਾਂ ਸਾਰੀ ਦੁਨੀਆਂ 'ਚ ਘੁੰਮਦੇ ਨੇ, ਕਦੇ ਅਮਰੀਕਾ ਗਿਆ ਰੂਪ ਦਾ ਪਤਾ ਤਾਂ ਕਰੀਂ।"

"ਫਿਰ ਤਾਂ ਚੀਫ ਸਾਹਿਬ ਤੁਹਾਨੂੰ ਜ਼ਰੂਰ ਪਤਾ ਕਰਨਾ ਚਾਹੀਦਾ। ਉਸ ਪਤੇ 'ਤੇ ਜਾ ਕੇ ਪੜਤਾਲ ਕਰੋ, ਹੋ ਸਕਦੈ ਰੂਪ ਅਜੇ ਉੱਥੇ ਹੀ ਰਹਿੰਦਾ ਹੋਵੇ।"

"ਕੀ ਤੂੰ ਮੇਰੇ ਨਾਲ ਚੱਲ ਸਕਦੈਂ?" ਇਹ ਗੱਲ ਅਚਾਨਕ ਹੀ ਮੇਰੇ ਮੂੰਹੋਂ ਨਿੱਕਲ ਗਈ।

ਉਸ ਨੇ ਕੁਝ ਸੋਚਿਆ ਤੇ ਫਿਰ ਕਿਹਾ, "ਠੀਕ ਹੈ ਚੀਫ ਸਾਹਿਬ, ਮੈਂ ਵੀ ਚੱਲਦਾਂ।"

ਮੇਰੇ ਕੋਲ਼ ਜੋ ਪਤਾ ਸੀ, ਅਸੀਂ ਆਪਣੇ ਏਜੰਟ ਤੋਂ ਉਸ ਪਤੇ ਬਾਰੇ ਪੁੱਛ ਪੜਤਾਲ ਕੀਤੀ। ਉਸ ਨੇ ਦੱਸਿਆ ਬਾਹਰ ਜਾ ਕੇ ਗਰੀਨ ਬੱਸ ਫੜ ਲੈਣਾ। ਉਹ ਤੁਹਾਨੂੰ ਕਿਊ-ਗਾਰਡਨ ਤਕ ਲੈ ਜਾਵੇਗੀ। ਕਿਊ-ਗਾਰਡਨ ਤੋਂ ਸਬਵੇਅ (ਮੈਟਰੋ ਟਰੇਨ) ਰਾਹੀਂ ਜੈਕਸਨ ਹਾਈਟਸ ਚਲੇ ਜਾਣਾ। ਅੱਗੇ ਕਿਸੇ ਨੂੰ ਪੁੱਛ ਲੈਣਾ। ਅਸੀਂ ਇਹੀ ਕੀਤਾ। ਨਿਊਯਾਰਕ ਸ਼ਹਿਰ ਦੀਆਂ ਬੱਸਾਂ, ਬਾਜ਼ਾਰਾਂ ਤੇ ਸਬਵੇਅ ਦਾ ਆਨੰਦ ਲੈਂਦੇ ਜਾ ਰਹੇ ਸਾਂ।

ਸਾਰੇ ਰਸਤੇ ਮੈਂ ਇਹੋ ਸੋਚਦਾ ਰਿਹਾ ਕਿ ਰੂਪ ਨੂੰ ਮਿਲਣ ਜਾ ਰਹੇ ਹਾਂ, ਅੱਜ ਖੁੱਲ੍ਹ ਕੇ ਗੱਲਾਂ ਹੋਣਗੀਆਂ। ਕਿੰਨੇ ਸਾਲ ਹੋ ਗਏ ਅਮਰੀਕਾ ਆਏ ਨੂੰ, ਹੁਣ ਤਾਂ ਉਹ ਐਸ਼ ਭਰੀ ਜ਼ਿੰਦਗੀ ਬਤੀਤ ਕਰਦਾ ਹੋਵੇਗਾ। ਵੱਡਾ ਸਾਰਾ ਘਰ ਹੋਵੇਗਾ। ਖੁੱਲ੍ਹੇ ਹਵਾਦਾਰ ਕਮਰੇ ਤੇ ਬਾਹਰ ਵਧੀਆਂ ਲਾਅਨ ਹੋਣਗੇ। ਵੱਡਾ ਸਾਰਾ ਡਰਾਇੰਗ ਰੂਮ।

ਦੁਪਹਿਰ ਦਾ ਵਕਤ, ਭੁੱਖ ਵੀ ਲੱਗੀ ਹੋਈ। ਟੇਬਲ 'ਤੇ ਲੱਗਾ ਪੰਜਾਬੀ ਖਾਣਾ, ਮੁਰਗਾ ਤੇ ਵਿਸਕੀ ਦੀ ਬੋਤਲ ਬਾਰੇ ਵੀ ਖਿਆਲ ਆਈ ਜਾਣ। ਜਹਾਜ਼ ਦੀਆਂ ਤੰਗ ਕੈਬਿਨਾਂ ਵਿਚੋਂ ਨਿਕਲ ਕੇ ਆਏ ਸੀ, ਰੂਪ ਦੇ ਘਰ ਜਾਣ ਬਾਰੇ ਬੜਾ ਚੰਗਾ-ਚੰਗਾ ਲੱਗ ਰਿਹਾ ਸੀ।

ਅਸੀਂ ਜੈਕਸਨ ਹਾਈਟਸ ਪਹੁੰਚ ਗਏ ਤੇ ਉਸ ਇਲਾਕੇ ਵਿਚ ਤੁਰੇ ਜਾ ਰਹੇ ਸਾਂ। ਆਲ਼ਾ-ਦੁਆਲ਼ਾ ਦੇਖ ਹੈਰਾਨੀ ਹੋਈ ਜਾਵੇ ਤੇ ਨਿਰਾਸ਼ਾ ਵੀ। ਜਿਸ ਤਰ੍ਹਾਂ ਮਨ ਵਿਚ ਚਿਤਵ ਕੇ ਆਇਆ ਸੀ, ਉਸ ਤਰ੍ਹਾਂ ਦਾ ਤਾਂ ਕੁਝ ਵੀ ਨਹੀਂ ਸੀ। ਮੈਂ ਤਾਂ ਸੋਚਦਾ ਸੀ ਚੰਡੀਗੜ੍ਹ ਦੀਆਂ ਕਨਾਲ-ਕਨਾਲ ਦੀਆਂ ਕੋਠੀਆਂ ਵਾਲੇ ਸੈਕਟਰ ਵਰਗਾ ਇਲਾਕਾ ਹੋਵੇਗਾ। ਸੱਚ ਪੁੱਛੋ, ਮੈਂ ਤਾਂ ਉਸ ਤੋਂ ਵੀ ਵੱਧ ਸੋਚਦਾ ਸੀ। ਪਰ ਇਹ ਤਾਂ ਬਹੁਤ ਹੀ ਆਮ ਜਿਹਾ ਇਲਾਕਾ ਸੀ, ਜਿਵੇਂ ਸਾਡਾ ਭਦੌੜ ਹੋਵੇ। ਆਲ਼ੇ-ਦੁਆਲ਼ੇ ਵੀ ਦੇਖੀ ਜਾਈਏ ਤੇ ਇਕ ਦੂਜੇ ਵੱਲ ਵੀ – ਦੋਵੇਂ ਚੁੱਪ।

ਅਖੀਰ ਅਸੀਂ ਉਸ ਲੇਨ ਦੇ ਮੋੜ ਤੇ ਸਾਂ ਜੋ ਲੇਨ ਪਤੇ ਵਿਚ ਲਿਖੀ ਹੋਈ ਸੀ। ਉਹ ਸਾਰੀ ਲੇਨ ਤੇ ਉਸ ਅੰਦਰਲੇ ਘਰ ਬੜੇ ਆਮ ਜਿਹੇ ਸਨ। ਤੁਰਦੇ-ਤੁਰਦੇ ਅਸੀਂ ਉਸ ਨੰਬਰ ਵਾਲੇ ਘਰ ਦੇ ਅੱਗੇ ਪਹੁੰਚ ਗਏ। ਮੈਂ ਘਰ ਦਾ ਦਰਵਾਜ਼ਾ ਖੜਕਾਇਆ। ਇਕ ਫਿਲੀਪੀਨੋ ਔਰਤ ਬਾਹਰ ਆਈ ਤੇ ਸਵਾਲੀਆ ਨਜ਼ਰਾਂ ਨਾਲ ਸਾਡੇ ਵੱਲ ਵੇਖਣ ਲੱਗੀ।

ਮੈਨੂੰ ਝਟਕਾ ਲੱਗਿਆ, 'ਇਹ ਕੀ ?'

"ਦੀਪ ਸ਼ਾਇਦ ਆਪਾਂ ਗ਼ਲਤ ਦਰਵਾਜ਼ਾ ਖੜਕਾ ਦਿੱਤਾ।" ਦੀਪ ਵੱਲ ਵੇਖਦਿਆਂ ਅਚਾਨਕ ਮੇਰੇ ਮੂੰਹੋਂ ਨਿੱਕਲਿਆ।

ਉਹ ਔਰਤ ਲਗਾਤਾਰ ਸਾਡੇ ਵੱਲ ਵੇਖੀ ਜਾ ਰਹੀ ਸੀ। ਮੇਰੀ ਕਹੀ ਗੱਲ ਵੀ ਸੁਣੀ ਪਰ ਚੁੱਪ ਸੀ। ਅਸੀਂ ਅਜੇ ਖੜ੍ਹੇ ਹੀ ਸੀ ਕਿ ਇਕ ਪੰਜ ਛੇ ਸਾਲ ਦਾ ਮੁੰਡਾ ਮਾਂ ਕੋਲ਼ ਆ ਖੜ੍ਹਾ। ਚਿਹਰਾ ਮਾਂ ਵਰਗਾ, ਨੱਕ ਵੀ ਫੀਨਾ ਪਰ ਸਿਰ 'ਤੇ ਜੂੜਾ। ਜੂੜੇ ਉੱਪਰ ਚਿੱਟਾ ਰੁਮਾਲ।

'ਹੈਂਅ! ਸਿੱਖ ਬੱਚਾ?' ਉਸ ਨੂੰ ਦੇਖ ਮੈਂ ਹੈਰਾਨ ਹੋ ਗਿਆ।

ਜੱਕਦੇ ਜਿਹੇ ਮੈਂ ਉਸ ਔਰਤ ਨੂੰ ਕਿਹਾ, "ਅਸੀਂ ਤਾਂ ਰੂਪ ਨੂੰ ਮਿਲਣਾ ਸੀ, ਸ਼ਾਇਦ ਗ਼ਲਤ ਪਤੇ 'ਤੇ ਆ ਗਏ।"

"ਇਹ ਰੂਪ ਦਾ ਹੀ ਘਰ ਹੈ (ਫਿਰ ਥੋੜ੍ਹਾ ਚੁੱਪ ਤੇ ਕੁਝ ਸੋਚ ਕੇ) ਆਓ, ਅੰਦਰ ਆ ਜਾਓ।"

ਸਾਡੇ ਦੋਵਾਂ ਦੇ ਸਿਰਾਂ 'ਤੇ ਪੱਗ ਨਹੀਂ ਸੀ, ਗੱਲ ਵੀ ਅੰਗਰੇਜ਼ੀ ਵਿਚ ਹੋਈ ਸੀ। ਪਰ ਫਿਰ ਵੀ ਉਸ ਨੇ ਅੰਦਾਜ਼ਾ ਲਾ ਲਿਆ ਕਿ ਇਹ ਪੰਜਾਬੀ ਨੇ ਤੇ ਰੂਪ ਦੇ ਮਿਲਣ ਵਾਲੇ। ਜੱਕਦੇ ਜਿਹੇ ਅਸੀਂ ਅੰਦਰ ਜਾ ਰਹੇ ਸੀ ਤੇ ਮੈਂ ਇਹ ਵੀ ਦੱਸ ਦਿੱਤਾ ਕਿ ਮੈਂ ਰੂਪ ਦੇ ਪਿੰਡ ਤੋਂ ਹਾਂ।

ਛੋਟਾ ਜਿਹਾ ਘਰ। ਇਕ ਪਾਸੇ ਭਾਂਡਿਆਂ ਦਾ ਖਿਲਾਰਾ ਪਿਆ ਹੋਇਆ। ਸ਼ਾਇਦ ਉਹ

ਰਸੋਈ ਸਾਂਭਣ 'ਤੇ ਲੱਗੀ ਹੋਈ ਸੀ। ਜੂੜੇ ਵਾਲਾ ਮੁੰਡਾ ਚਲਾ ਗਿਆ ਤੇ ਉਹ ਪਰੇ ਬੈਠੀ ਬੱਚੀ ਨਾਲ ਖੇਡਣ ਜਾ ਲੱਗਾ। ਦੋਵਾਂ ਬੱਚਿਆਂ ਦੇ ਚਿਹਰੇ ਗੋਰੇ ਪਰ ਨੱਕ ਫੀਨੇ, ਫਿਲੀਪੀਨੋ ਮਾਂ ਵਰਗੇ। ਫਿਲੀਪੀਨੋ ਔਰਤਾਂ ਰੰਗ ਦੀਆਂ ਗੋਰੀਆਂ ਹੁੰਦੀਆਂ ਹਨ। ਉਹ ਔਰਤ ਵੀ ਸੋਹਣੀ ਤਾਂ ਸੀ ਪਰ ਚਿਹਰਾ ਉਦਾਸ।

ਆਲ਼ੇ ਦੁਆਲ਼ੇ ਦੇਖਣ ਨੂੰ ਸਾਰਾ ਘਰ ਹੀ ਉਦਾਸ ਲੱਗ ਰਿਹਾ ਸੀ, ਜਿਵੇਂ ਇਸ ਘਰ ਦੇ ਸੁਪਨੇ, ਚਾਅ ਤੇ ਰੀਝਾਂ ਕਿਧਰੇ ਗੁਆਚ ਗਏ ਹੋਣ। ਜਿਸ ਛੋਟੇ ਜਿਹੇ ਕਮਰੇ ਵਿਚ ਅਸੀਂ ਬੈਠੇ ਸੀ, ਉਸ ਦੀ ਹਰ ਸ਼ੈਅ ਇਸ ਘਰ ਦੀ ਆਰਥਿਕ ਹਾਲਤ ਬਿਆਨ ਕਰਦੀ ਲੱਗੀ। ਦੋਵੇਂ ਬੱਚੇ ਆਪਸ ਵਿਚ ਖੇਡਦੇ ਰਹੇ ਤੇ ਲੜਦੇ ਵੀ। ਰੂਪ ਕਿਧਰੇ ਦਿਖਾਈ ਨਾ ਦਿੱਤਾ। ਮੁੰਡੇ ਦੇ ਜੂੜੇ 'ਤੇ ਚਿੱਟਾ ਰੁਮਾਲ ਇਕ ਨਿਸ਼ਾਨੀ ਸੀ, ਵਰਨਾ ਦੇਖਣ ਨੂੰ ਇਹ ਘਰ ਪੰਜਾਬੀ ਨਹੀਂ ਸੀ ਲੱਗਦਾ। ਸਾਰੇ ਰਸਤੇ ਜੋ ਦ੍ਰਿਸ਼ ਸੋਚਦਾ ਆਇਆ ਸੀ, ਉਹ ਸਭ ਅਚਾਨਕ ਢਹਿ ਢੇਰੀ ਹੋ ਗਿਆ। ਪਤਾ ਲੱਗਾ ਰੂਪ ਕੁਝ ਚਿਰ ਪਹਿਲਾਂ ਹੀ ਟੈਕਸੀ ਲੈ ਕੇ ਨਿੱਕਲ ਗਿਆ ਹੈ।

ਇਸ ਔਰਤ ਨਾਲ ਕੀ ਗੱਲ ਕਰਾਂ, ਸਮਝ ਤੋਂ ਪਰੇ ਸੀ। ਕੋਈ ਪੰਜਾਬਣ ਹੁੰਦੀ ਤਾਂ ਪਿੰਡਾਂ ਤੇ ਇਲਾਕੇ ਦੀਆਂ ਗੱਲਾਂ ਹੀ ਨਹੀ ਸੀ ਮੱਕਣੀਆਂ। ਅਸੀਂ ਬੈਠੇ ਤਾਂ ਸੀ ਪਰ ਘੁਟਣ ਜਿਹੀ ਮਹਿਸੂਸ ਹੋਣ ਲੱਗੀ। ਰੂਪ ਦੇ ਅਮਰੀਕਾ ਵਿਚ ਹੋਣ ਦੀ ਮਨ ਵਿਚ ਜੋ ਮੂਰਤ ਬਣੀ ਹੋਈ ਸੀ, ਪਲ ਵਿਚ ਟੁਕੜੇ ਟੁਕੜੇ ਹੋ ਗਈ। ਦੀਪ ਦਾ ਚਿਹਰਾ ਵੀ ਦੱਸ ਰਿਹਾ ਸੀ ਉਹ ਇੱਥੇ ਆ ਕੇ ਖ਼ੁਸ਼ ਨਹੀਂ। ਉਹ ਆਪਣੇ ਫੋਨ 'ਤੇ ਰੁੱਝੇ ਹੋਣ ਦਾ ਦਿਖਾਵਾ ਕਰਨ ਲੱਗਾ। ਮੇਰਾ ਮਨ ਕੀਤਾ ਛੇਤੀ ਏਥੋਂ ਚੱਲੀਏ।

ਉਸ ਔਰਤ ਨੇ ਪਹਿਲਾਂ ਸਾਨੂੰ ਪਾਣੀ ਪਿਲਾਇਆ ਤੇ ਫੇਰ ਚਾਹ ਬਣਾ ਲਿਆਈ। ਅਸੀਂ ਰੂਪ ਬਾਰੇ ਕੁਝ ਗੱਲਾਂ ਕੀਤੀਆਂ। ਉਹ ਪੰਜਾਬੀ ਸਮਝਦੀ ਤਾਂ ਸੀ ਬੋਲਦੀ ਟੁੱਟੀ-ਫੁੱਟੀ ਸੀ। ਅੰਗਰੇਜ਼ੀ ਪੂਰੀ ਵਧੀਆ ਬੋਲਦੀ ਸੀ। ਉਸ ਨੇ ਰੂਪ ਨਾਲ ਫੋਨ ਮਿਲਾ ਕੇ ਮੇਰੇ ਬਾਰੇ ਦੱਸਿਆ। ਫਿਰ ਕਹਿਣ ਲੱਗੀ, "ਰੂਪ ਸਵਾਰੀ ਲੈ ਕੇ ਕਿਧਰੇ ਦੂਰ ਨਿੱਕਲ ਚੁੱਕਾ ਹੈ, ਲਵੋ ਗੱਲ ਕਰੋ।"

"ਓਏ ਲੱਖੀ, ਮੈਂ ਤਾਂ ਹੈਰਾਨ ਹਾਂ ਤੂੰ ਇੱਥੇ ਤਕ ਪਹੁੰਚ ਕਿਵੇਂ ਗਿਆ। ਧੰਨਭਾਗ ਵੀਰੇ ਤੂੰ ਆਇਆ, ਬਹੁਤ ਖ਼ੁਸ਼ੀ ਹੋਈ। ਮੇਰਾ ਤਾਂ ਪਾਈਆ ਖ਼ੂਨ ਵਧ ਗਿਆ ਯਾਰ। ਹੁਣ ਤੂੰ ਅੱਜ ਰੁਕ, ਮੈਂ ਤੇਰੇ ਨਾਲ ਬਹੁਤ ਗੱਲਾਂ ਕਰਨੀਆਂ ਨੇ। ਮੈਂ ਹੁਣ ਗੱਡੀ ਚਲਾ ਰਿਹਾਂ, ਸ਼ਾਮ ਤਕ ਵਾਪਸ ਆਉਂਨਾ, ਤੂੰ ਜਾਣਾ ਨਹੀਂ।"

"ਰੂਪ ਮੈਂ ਵਾਪਸ ਮੁੜਨਾ-- " ਮਜਬੂਰੀ ਦੱਸਣ ਹੀ ਲੱਗਾ ਸੀ ਪਰ ਰੂਪ ਨੇ ਫੋਨ ਕੱਟ ਵੀ ਕਰ ਦਿੱਤਾ।

ਹੁਣ ਕੀ ਕਰਾਂ, ਦੀਪ ਵੀ ਵਾਪਸ ਜਾਣ ਲਈ ਕਾਹਲ਼ਾ ਦਿਖ ਰਿਹਾ ਸੀ। ਮੈਨੂੰ ਖ਼ੁਦ ਬੜਾ ਓਪਰਾ ਮਹਿਸੂਸ ਹੋ ਰਿਹਾ ਸੀ। ਇਕ ਮਨ ਕਹੇ ਐਨੀ ਦੂਰ ਆਇਆ ਹਾਂ, ਮਿਲ ਕੇ ਜਾਵਾਂ। ਦੂਸਰਾ ਕਹੇ ਕੀ ਪਤਾ ਜਹਾਜ਼ ਅਗਲੇ ਦਿਨ ਸਵੇਰੇ ਹੀ ਬੰਦਰਗਾਹ ਵਿਚੋਂ ਨਿੱਕਲ ਜਾਵੇ ਤੇ ਮੈਂ ਏਥੇ? —ਮਨ ਬੜਾ ਪ੍ਰੇਸ਼ਾਨ, ਸਮਝ ਨਹੀਂ ਸੀ ਆ ਰਿਹਾ ਕੀ ਕਰਾਂ?

ਮੈਨੂੰ ਪ੍ਰੇਸ਼ਾਨ ਦੇਖ ਦੀਪ ਖ਼ੁਦ ਹੀ ਬੋਲ ਪਿਆ, "ਚੀਫ ਸਾਹਿਬ ਰੂਪ ਦੇ ਆਉਣ ਤਕ ਤੁਸੀਂ ਇੱਥੇ ਰੁਕੋ, ਮਿਲ ਕੇ ਹੀ ਆਇਓ। ਮੈਂ ਜਹਾਜ਼ ਵਿਚ ਵਾਪਸ ਚਲਦਾ ਹਾਂ। ਅਗਰ ਜਹਾਜ਼ ਨੇ ਸਵੇਰੇ ਜਲਦੀ ਨਿੱਕਲਣਾ ਹੋਇਆ ਤਾਂ ਮੈਂ ਜਾਣ ਸਾਰ ਤੁਹਾਨੂੰ ਫੋਨ ਕਰ ਦੇਵਾਂਗਾ, ਤੁਸੀਂ ਰਾਤ ਨੂੰ ਵਾਪਸ ਆ ਜਾਣਾ। ਨਹੀਂ ਤਾਂ ਤੁਸੀਂ ਸਵੇਰੇ ਆ ਜਾਣਾ। ਮੈਂ ਕੈਪਟਨ ਸਾਹਿਬ ਨੂੰ ਤੁਹਾਡੀ ਮਜਬੂਰੀ ਦੱਸ ਦੇਵਾਂਗਾ ਤੇ ਤੁਹਾਡੀ ਗੱਲ ਵੀ ਕਰਵਾ ਦਿਆਂਗਾ।"

"ਨਹੀਂ ਦੀਪ ਆਪਾਂ ਦੋਵੇਂ ਹੀ ਚੱਲਦੇ ਹਾਂ।" ਮੈਂ ਨਹੀਂ ਸੀ ਚਾਹੁੰਦਾ ਦੀਪ ਇਕੱਲਾ ਵਾਪਸ ਮੁੜੇ।

"ਚੀਫ ਸਾਹਿਬ ਮੁਸ਼ਕਲ ਨਾਲ ਮੌਕਾ ਮਿਲਿਆਂ ਹੈ। ਹੋ ਸਕਦੈ ਰੂਪ ਤੁਹਾਡੇ ਨਾਲ ਕੋਈ ਖਾਸ

ਗੱਲ ਕਰਨਾ ਚਾਹੁੰਦਾ ਹੋਵੇ। ਦੁਬਾਰਾ ਕਦੇ ਮੌਕਾ ਨਾ ਮਿਲੇ ਤੇ ਤੁਸੀਂ ਹਮੇਸ਼ਾਂ ਲਈ ਪਛਤਾਉਂਦੇ ਰਹੋਂ। ਮੇਰਾ ਫਿਕਰ ਨਾ ਕਰੋ। " ਤੇ ਦੀਪ ਉੱਠ ਖੜ੍ਹਾ ਹੋਇਆ।

ਦੀਪ ਨੂੰ ਬਹੁਤ ਕਿਹਾ, ਰੋਟੀ ਖਾ ਕੇ ਜਾਵੇ ਪਰ ਉਹ ਬਾਹਰ ਨਿੱਕਲ ਚੁੱਕਾ ਸੀ। ਮੈਂ ਬਾਥਰੂਮ ਜਾਣ ਲਈ ਪੁੱਛਿਆ। ਉਹ ਬਾਥਰੂਮ ਵਿਖਾ ਕੇ ਖਾਣਾ ਬਣਾਉਣ ਲਈ ਚਲੀ ਗਈ। ਮੈਂ ਕਿਹਾ ਵੀ ਕਿ ਰੂਪ ਨੂੰ ਆ ਜਾਣ ਦਿਉ ਪਰ ਉਹ ਕਹਿਣ ਲੱਗੀ ਉਹਨਾਂ ਨੂੰ ਟਾਇਮ ਲੱਗਣਾ ਹੈ।

ਲੰਚ ਤੋਂ ਬਾਅਦ ਉਹ ਬੱਚਿਆਂ ਨੂੰ ਲੈ ਕੇ ਦੂਸਰੇ ਕਮਰੇ ਵਿਚ ਚਲੀ ਗਈ। ਮੈਂ ਉਸੇ ਕਮਰੇ ਵਿਚ ਆਰਾਮ ਕਰਨ ਲੱਗਾ। ਮਨ ਬੜਾ ਬੇਚੈਨ, ਕਦੇ ਰੂਪ ਬਾਰੇ ਸੋਚਣ ਲੱਗ ਜਾਵਾਂ ਤੇ ਕਦੇ ਚਾਚੇ ਹੁਰਾਂ ਬਾਰੇ। ਔਰਤ ਦਾ ਖਿਆਲ ਆਉਣ 'ਤੇ ਮਨ ਵਿਚ ਆਇਆ, 'ਬੱਚਿਆਂ ਕੋਲ਼ ਬੈਠੀ ਪਤਾ ਨਹੀਂ ਉਹ ਵੀ ਕੀ ਕੀ ਸੋਚ ਰਹੀ ਹੋਵੇਗੀ। ਹੋ ਸਕਦੈ ਉਸ ਨੇ ਅੱਜ ਪਹਿਲੀ ਵਾਰ ਸਹੁਰਿਆਂ ਦੇ ਪਿੰਡ ਦਾ ਆਦਮੀ ਵੇਖਿਆ ਹੋਵੇ ਤੇ ਪਿੰਡ ਬਾਰੇ ਸੋਚ ਰਹੀ ਹੋਵੇ। ਸਹੁਰੇ ਪਰਿਵਾਰ ਬਾਰੇ ਸੋਚ ਰਹੀ ਹੋਵੇ। ਉਸ ਅੰਦਰ ਬੜਾ ਕੁਝ ਟੁੱਟ ਭੱਜ ਰਿਹਾ ਹੋਵੇਗਾ। ਉਹ ਖੁੱਲ੍ਹ ਕੇ ਮੇਰੇ ਨਾਲ ਗੱਲ ਵੀ ਤਾਂ ਨਹੀਂ ਕਰ ਸਕਦੀ।'

"ਮੰਮੀ – ਡੈਡੀ ਨੋ ਲੋਂਗ ਹੇਅਰ, ਅੰਕਲ ਨੋ ਲੋਂਗ ਹੇਅਰ, ਵ੍ਹਾਈ ਮੀ ?" ਚਿੱਟੇ ਰੁਮਾਲ ਵਾਲੇ ਮੁੰਡੇ ਦੀ ਇਹ ਆਵਾਜ਼ ਉਹਨਾਂ ਦੇ ਕਮਰੇ ਤੋਂ ਬਾਹਰ ਵੀ ਸੁਣਾਈ ਦਿੱਤੀ। ਸੁਣ ਕੇ ਮੈਂ ਹੈਰਾਨ। ਮਨ ਵਿਚ ਆਇਆ, 'ਰੂਪ ਨੇ ਇਸ ਦੇ ਵਾਲ਼ ਕਿਸ ਲਈ ਰੱਖੇ ਹੋਏ?'

ਦੋ ਕੁ ਘੰਟਿਆਂ ਬਾਅਦ ਦੀਪ ਦਾ ਫੋਨ ਆ ਗਿਆ ਕਿ ਜਹਾਜ਼ ਕੱਲ੍ਹ ਤਕ ਬੰਦਰਗਾਹ ਵਿਚ ਹੈ। ਕੈਪਟਨ ਸਾਹਿਬ ਨਾਲ ਗੱਲ ਹੋ ਗਈ, ਤੁਸੀਂ ਸਵੇਰੇ 9 ਵਜੇ ਤਕ ਵਾਪਸ ਆ ਜਾਣਾ। ਮੈਂ ਨਿਸ਼ਚਿੰਤ ਹੋ ਬੇਸਬਰੀ ਨਾਲ ਰੂਪ ਦਾ ਇੰਤਜ਼ਾਰ ਕਰਨ ਲੱਗਾ। ਕੁਝ ਦੇਰ ਬਾਅਦ ਹੀ ਰੂਪ ਵੀ ਆ ਗਿਆ।

ਦਰਵਾਜ਼ੇ ਵੜਦੇ ਹੀ ਉਸ ਨੇ ਬਾਹਾਂ ਫੈਲਾ ਲਈਆਂ, "ਸ਼ੁਕਰ ਐ ਮਾਲਕਾ, ਐਨੇ ਸਾਲਾਂ ਬਾਅਦ ਪਿੰਡ ਦਾ ਕੋਈ ਬੰਦਾ ਮਿਲਾਇਆ, ਬੰਦਾ ਵੀ ਬਚਪਨ ਦਾ ਯਾਰ ਲੱਖੀ। " ਤੇ ਪੂਰੇ ਚਾਅ ਨਾਲ ਰੂਪ ਨੇ ਮੈਨੂੰ ਜੱਫੀ ਵਿਚ ਘੁੱਟ ਲਿਆ। ਬਹੁਤ ਚਿਰ ਉਸ ਨੇ ਮੈਨੂੰ ਘੁੱਟੀ ਰੱਖਿਆ। ਉਸ ਦਾ ਸਿਰ ਮੇਰੇ ਮੋਢੇ 'ਤੇ ਸੀ। ਮੇਰਾ ਮੋਢਾ ਗਿੱਲਾ ਹੋ ਰਿਹਾ ਸੀ। ਮੈਂ ਮਹਿਸੂਸ ਕੀਤਾ ਉਹ ਰੋ ਰਿਹਾ ਹੈ।

ਅੱਖਾਂ ਮੇਰੀਆਂ ਵੀ ਭਰ ਆਈਆਂ ਸਨ ਪਰ ਬਾਹਵਾਂ ਢਿੱਲੀਆਂ ਕਰ ਮੈਂ ਕਿਹਾ, "ਰੂਪ ਆਹ ਕੀ, ਬੈਠ ਆਪਾਂ ਗੱਲਾਂ ਕਰਦੇ ਹਾਂ। " ਉਸ ਨੇ ਕੁਝ ਚਿਰ ਹੋਰ ਮੈਨੂੰ ਬਾਹਵਾਂ ਵਿਚ ਘੁੱਟੀ ਰੱਖਿਆ ਤੇ ਹੰਝੂ ਵਹਾਉਂਦਾ ਰਿਹਾ।

"ਲੱਖੀ, ਕਿਵੇਂ ਦੱਸਾਂ ਕਿ ਮੇਰਾ ਅੰਦਰ ਤਾਂ ਹੰਝੂਆਂ ਦਾ ਖੂਹ ਬਣਿਆ ਪਿਆ ਹੈ, ਉਹ ਵੀ ਨੱਕੋ ਨੱਕ ਭਰਿਆ ਹੋਇਆ। ਇਹ ਹੰਝੂ ਨਾ ਬਾਪੂ ਦੇ ਗਲ਼ ਲੱਗ ਕੇ ਵਹਾਉਣੇ ਨਸੀਬ ਹੋਏ ਨਾ ਮਾਂ ਦੇ। ਹਾਏ ਮਾਂ – ਨਾ ਮੇਰੇ ਤੋਂ ਮਨ ਦੀ ਗੰਢ ਖੋਲ੍ਹ ਹੋਈ ਨਾ ਤੈਥੋਂ ਹੋਰ ਉਡੀਕ ਹੋ ਸਕੀ। ਮੈਨੂੰ ਮਾਫ ਕਰਦੇ ਮਾਂ — ਉਹ ਗੰਢ ਅੱਜ ਵੀ ਉਵੇਂ ਹੀ ਅੰਦਰ ਲਈ ਫਿਰਦਾ ਹਾਂ, ਮਾਂ। ਮੈਨੂੰ ਮਾਫ ਕਰ ਦੇਣਾ ਮਾਂ। " ਉਹ ਉੱਚੀ ਉੱਚੀ ਰੋਣ ਲੱਗਾ ਸੀ।

ਮੈਂ ਬੜੀ ਮੁਸ਼ਕਲ ਨਾਲ ਉਸ ਨੂੰ ਅਲੱਗ ਕੀਤਾ ਤੇ ਹੌਸਲਾ ਕਰਨ ਲਈ ਕਿਹਾ। ਫਿਲੀਪੀਨੋ ਭਰਜਾਈ ਵੀ ਅੱਖਾਂ ਭਰੀ ਖੜ੍ਹੀ ਰਹੀ। ਚਿੱਟੇ ਰੁਮਾਲ ਵਾਲਾ ਮੁੰਡਾ ਹੈਰਾਨੀ ਭਰੀਆਂ ਨਜ਼ਰਾਂ ਨਾਲ ਸਾਨੂੰ ਵੇਖ ਰਿਹਾ ਸੀ।

ਮੈਂ ਮੋਢਿਆਂ ਤੋਂ ਫੜ ਰੂਪ ਨੂੰ ਸੋਫੇ ਤਕ ਲੈ ਕੇ ਗਿਆ। ਅਸੀਂ ਦੋਵੇਂ ਬੈਠ ਗਏ। ਰੂਪ ਸੰਭਲਿਆ ਤੇ ਅੱਖਾਂ ਪੂੰਝੀਆਂ। ਮੁੰਡੇ ਨੂੰ ਕੋਲ਼ ਬੁਲਾਇਆ, "ਇਹ ਤੇਰੇ ਅੰਕਲ ਨੇ, ਚਾਚਾ ਜੀ। ਸਤਿ ਸ੍ਰੀ ਅਕਾਲ ਬੁਲਾਈ ਸੀ ?" ਮੁੰਡੇ ਨੇ ਨਾਂਹ ਵਿਚ ਸਿਰ ਫੇਰਿਆ।

"ਚਲ ਪੁੱਤ ਹੁਣ ਬੁਲਾ, ਨਾਲੇ ਪੈਰੀਂ ਹੱਥ ਲਾ। " ਮੁੰਡੇ ਨੇ ਡੈਡੀ ਦੀ ਗੱਲ ਮੰਨਦਿਆਂ ਉਵੇਂ ਹੀ

ਕੀਤਾ। ਮੈਂ ਹੈਰਾਨ, ਪਹਿਲੀ ਵਾਰ ਮੈਨੂੰ ਉਸ ਦਾ ਮੋਹ ਆਇਆ ਤੇ ਮੈਂ ਉਸ ਦੀ ਪਿੱਠ ਥਾਪੜੀ।

"ਲੱਖੀ ਤੂੰ ਤਾਂ ਕਮਾਲ ਕਰਤੀ ਯਾਰ, ਇਹ ਘਰ ਕਿਵੇਂ ਲੱਭਿਆ?" ਰੂਪ ਨਾਰਮਲ ਹੋ ਚੁੱਕਾ ਸੀ।

ਮੈਂ ਉਸ ਨੂੰ ਚਾਚੇ ਵੱਲੋਂ ਦਿੱਤੇ ਐਡਰੈੱਸ ਬਾਰੇ, ਜਹਾਜ਼ ਦਾ ਨਿਊਯਾਰਕ ਆਉਣਾ, ਦੀਪ ਦਾ ਸਾਥ ਬਣਨਾ ਤੇ ਹੋਰ ਸਾਰੀ ਕਹਾਣੀ ਦੱਸੀ। ਉਹ ਸੁਣ ਕੇ ਹੈਰਾਨ ਹੋਈ ਜਾਵੇ ਨਾਲੇ ਖੁਸ਼ ਵੀ। ਮੁਰਗਾ ਤੇ ਸਕਾਚ ਦੀ ਬੋਤਲ ਉਹ ਲੈ ਕੇ ਆਇਆ ਸੀ। ਮੁਰਗਾ ਉਸ ਨੇ ਘਰਵਾਲੀ ਦੇ ਹਵਾਲੇ ਕਰ ਬੋਤਲ ਮੇਜ਼ 'ਤੇ ਰੱਖ ਲਈ। ਦੋ ਤਿੰਨ ਹੋਰ ਲਿਫਾਫੇ ਉਸ ਮੇਜ਼ 'ਤੇ ਟਿਕਾ ਲਏ। ਫਿਰ ਮੁੰਡੇ ਨੂੰ ਪਲੇਟਾਂ ਤੇ ਗਲਾਸ ਲਿਆਉਣ ਲਈ ਕਿਹਾ। ਹੁਣ ਅਸੀਂ ਦੋਵੇਂ ਸਾਂ।

"ਪਿੰਡ ਦੀ ਸੁਣਾ ਲੱਖੀ, ਅੱਜ ਤਾਂ ਜਿਵੇਂ ਪਿੰਡ ਹੀ ਮਿਲ ਗਿਆ।"

ਮੈਂ ਆਪਣੇ ਬਾਰੇ, ਪਿੰਡ ਬਾਰੇ ਤੇ ਚਾਚਾ-ਚਾਚੀ ਬਾਰੇ ਵਿਸਥਾਰ ਵਿਚ ਦੱਸਣ ਲੱਗਾ। ਪੈੱਗ ਵੀ ਚਲਦਾ ਰਿਹਾ ਤੇ ਗੱਲਾਂ ਵੀ। ਮਾਂ ਨੂੰ ਯਾਦ ਕਰ ਕਈ ਵਾਰ ਉਸ ਨੇ ਅੱਖਾਂ ਭਰੀਆਂ ਪਰ ਛੇਤੀ ਸੰਭਲ ਜਾਂਦਾ ਰਿਹਾ।

"ਲੱਖੀ ਕਈ ਵਾਰ ਮੈਂ ਸੋਚਦਾਂ ਕਿ ਹੋਰ ਸਭ ਕੁਝ ਤਾਂ ਹੌਲ਼ੀ-ਹੌਲ਼ੀ ਠੀਕ ਹੋ ਜੂ, ਪਰ ਬਾਪੂ-ਬੀਬੀ ਦਾ ਸਰਾਪ ਮੈਨੂੰ ਲੈ ਬੈਠੂ।" ਐਨੀ ਗੱਲ ਕਹਿੰਦਿਆਂ ਉਹ ਫਿਰ ਅੱਖਾਂ ਭਰ ਆਇਆ।

"ਮਾਪੇ ਆਪ ਦੁਖੀ ਹੋ ਲੈਂਦੇ ਨੇ ਪਰ ਔਲਾਦ ਨੂੰ ਕਦੇ ਸਰਾਪ ਨੀ ਦਿੰਦੇ," ਮੈਂ ਕਿਹਾ।

"ਉਹ ਤਾਂ ਤੇਰੀ ਗੱਲ ਠੀਕ ਐ ਪਰ ਮੈਨੂੰ ਉਹਨਾਂ ਦੇ ਹਉਕੇ ਸੁਣਦੇ ਰਹੇ ਤੇ ਮੇਰੇ ਐਥੇ ਵੱਜਦੇ ਰਹੇ।" ਉਹਨੇ ਆਪਣੇ ਕਾਲਜੇ 'ਤੇ ਹੱਥ ਰੱਖਿਆ।

"ਤੂੰ ਪਿੰਡ ਕਿਉਂ ਨੀ ਜਾਂਦਾ ?"

"ਪਹਿਲੀ ਗੱਲ, ਅਮਰੀਕਾ ਵਿਚ ਦਾਖਲ ਹੋਣਾ ਕਿਤੇ ਸੌਖਾ ਸੀ। ਕਿੰਨੇ ਸਾਲ ਲੁਕ ਛਿਪ ਕੇ ਰਹਿਣਾ, ਗਰੀਨ ਕਾਰਡ ਖਾਤਰ ਤੇਰੀ ਇਸ ਫਿਲੀਪੀਨੋ ਭਰਜਾਈ ਨਾਲ ਸ਼ਾਦੀ ਦਾ ਅੱਕ ਚੱਬਣਾ। ਫਿਰ ਬੱਚੇ ਹੋ ਗੇ, ਆਹ ਘਰ ਲੈਣਾ, ਟੈਕਸੀ ਲੈਣਾ - ਕੀ ਕੀ ਦੱਸਾਂ ਯਾਰ। ਪਤਾ ਹੀ ਨਈਂ ਲੱਗਿਆ ਕਿ ਮੈਂ ਇਸ ਮੁਲਕ ਵਿਚ ਆਪਣੇ ਪੈਰ ਜਮਾਉਣ ਖਾਤਰ ਕਿੱਥੇ-ਕਿੱਥੇ ਤੇ ਕਿਵੇਂ ਦੌੜਦਾ ਚਲਾ ਗਿਆ। ਮੈਥੋਂ ਵੱਧ ਤੇਜ਼ੀ ਨਾਲ ਸਾਲ ਦੌੜਦੇ ਗਏ।"

"ਚਾਚੀ ਦੇ ਮਰਨ 'ਤੇ ਤਾਂ ਪਿੰਡ ਜਾਂਦਾ।"

"ਉਸ ਵੇਲ਼ੇ ਇਸ ਦੇ ਬੱਚਾ ਹੋਣ ਵਾਲਾ ਸੀ, ਆਹ ਛੋਟੀ ਕੁੜੀ। ਕਿਸ ਦੇ ਆਸਰੇ ਤੇ ਭਰੋਸੇ ਛੱਡ ਕੇ ਜਾਂਦਾ। ਇਸ ਦੇ ਮਾਂ-ਬਾਪ ਵੀ ਫਿਲੀਪੀਨਜ਼ ਵਿਚ ਰਹਿੰਦੇ ਨੇ।"

"ਸਾਰਾ ਕੁਝ ਘਰੇ ਦੱਸਿਆ ਕਿਉਂ ਨਹੀਂ? ਉਹਨਾਂ ਦਾ ਮਨ ਕੁਝ ਤਾਂ ਸ਼ਾਂਤ ਹੁੰਦਾ।"

"ਦੱਸ ਹੀ ਤਾਂ ਨੀ ਸੀ ਸਕਦਾ, ਤਾਹੀਂ ਤਾਂ ਮੈਂ ਸਰਾਪ ਦੀ ਗੱਲ ਕੀਤੀ।" ਫਿਰ ਅੱਖਾਂ ਭਰ ਆਇਆ।

"ਸੱਚੋ-ਸੱਚ ਦੱਸ ਦਿੰਦਾ ਕਿ ਮੈਂ ਵਿਆਹ ਕਰਾ ਲਿਆ। ਘਰਵਾਲੀ ਕੋਲ਼ ਬੱਚਾ ਹੋਣ ਵਾਲਾ ਹੈ, ਇਸ ਲਈ ਅਜੇ ਨਹੀਂ ਆ ਸਕਦਾ। ਚਾਚੇ ਦੇ ਮਨ ਨੂੰ ਕੁਝ ਤਾਂ ਸ਼ਾਂਤੀ ਹੁੰਦੀ।"

"ਇਹ ਗੱਲ ਐਨੀ ਸਿੱਧੀ ਨੀ ਲੱਖੀ, ਜਿੰਨੀ ਤੂੰ ਸੋਚਦਾ ਹੈਂ। ਇਹ ਗੰਢ ਜੋ ਮੇਰੇ ਅੰਦਰ ਬਣੀ ਪਈ ਐ ਨਾ, ਇਹ ਖੋਲ੍ਹ ਕੇ ਬਾਹਰ ਕੱਢਣੀ ਬਹੁਤ ਔਖੀ ਹੈ।"

"ਸ਼ਾਦੀ ਕਰਨ ਵੇਲੇ ਇਸ ਨਾਲ ਗੱਲ ਕਰ ਲੈਂਦਾ ਕਿ ਗਰੀਨ ਕਾਰਡ ਮਿਲਣ ਬਾਅਦ ਮੈਂ ਤਲਾਕ ਲਊਂ।"

"ਉਹ ਸਾਰੀ ਗੱਲ ਪਹਿਲਾਂ ਹੀ ਤਹਿ ਸੀ। ਫੈਸਲੇ ਮੁਤਾਬਕ ਅੱਧੇ ਪੈਸੇ ਮੈਂ ਇਸ ਨੂੰ ਪਹਿਲਾਂ ਦਿੱਤੇ। ਬਾਕੀ ਦੇ ਪੈਸੇ ਗਰੀਨ ਕਾਰਡ ਮਿਲ ਜਾਣ ਬਾਅਦ ਦੇਣੇ ਸੀ। ਪੂਰੇ ਪੈਸੇ ਮਿਲਣ 'ਤੇ ਇਸ ਨੇ ਮੈਨੂੰ ਤਲਾਕ ਦੇ ਦੇਣਾ ਸੀ।"

"ਫੇਰ ਕੀ ਗੱਲ ਹੋਗੀ ?"

ਕੀ ਦੱਸਾਂ ਯਾਰ, ਸ਼ਾਦੀ ਤੋਂ ਕੁਝ ਚਿਰ ਬਾਅਦ ਹੀ ਅਸੀਂ ਇਕੱਠੇ ਸੌਣ ਲੱਗ ਪਏ। ਇਹਦੀ ਵੀ ਤੇ ਮੇਰੀ ਵੀ ਉਮਰ ਹੀ ਐਸੀ ਸੀ। ਇਹਨੇ ਕੋਈ ਬਹੁਤਾ ਇਤਰਾਜ਼ ਨਾ ਕੀਤਾ। ਸਰੀਰਾਂ ਦੀ ਅੱਗ ਬੁਝਾਉਣ ਦੇ ਚੱਕਰ ਵਿਚ ਬਚਾਅ ਕਰਨ ਦਾ ਖਿਆਲ ਵੀ ਨਾ ਰਹਿੰਦਾ। ਇਹ ਪ੍ਰੈਗਨੈਂਟ ਹੋ ਗਈ। ਮੈਨੂੰ ਬਹੁਤ ਪਛਤਾਵਾ ਹੋਇਆ। ਮੈਂ ਅਬਾਰਸ਼ਨ ਲਈ ਮਨਾਉਣ ਲੱਗਾ। ਇਹ ਕਹਿਣ ਲੱਗੀ, 'ਰੂਪ ਇਸ ਬੱਚੇ ਨੂੰ ਮੈਂ ਤੇਰੀ ਨਿਸ਼ਾਨੀ ਵਜੋਂ ਰੱਖਣਾ ਚਾਹੁੰਦੀ ਹਾਂ, ਮੈਂ ਅਬਾਰਸ਼ਨ ਨਹੀਂ ਕਰਾਉਣਾ ਚਾਹੁੰਦੀ। ਵਾਅਦਾ ਰਿਹਾ, ਮੈਂ ਤੈਨੂੰ ਤਲਾਕ ਦੇ ਦੇਵਾਂਗੀ ਪਰ ਅਬਾਰਸ਼ਨ ਲਈ ਨਾ ਕਹਿ।' ਮੈਂ ਇਹਦੀ ਗੱਲ ਸੁਣ ਕੇ ਸੁੰਨ ਜਾ ਹੋ ਗਿਆ। ਥੋੜ੍ਹਾ ਡਰ ਤਾਂ ਲੱਗਦਾ ਰਿਹਾ ਪਰ ਮੈਂ ਬਹੁਤਾ ਜ਼ੋਰ ਨਾ ਪਾਇਆ। ਇਸ ਨੇ ਆਹ ਮੁੰਡੇ ਨੂੰ ਜਨਮ ਦਿੱਤਾ। ਅਸੀਂ ਦੋਵੇਂ ਬਹੁਤ ਖੁਸ਼। ਮੁੰਡੇ ਦੇ ਜਨਮ ਤੋਂ ਕੁਝ ਮਹੀਨੇ ਬਾਅਦ ਹੀ ਮੈਨੂੰ ਗਰੀਨ ਕਾਰਡ ਮਿਲ ਗਿਆ, ਜਿਵੇਂ ਇਹ ਹੀ ਕੋਈ ਕਰਮਾਂ ਵਾਲਾ ਹੋਵੇ। ਗਰੀਨ ਕਾਰਡ ਮਿਲਣ 'ਤੇ ਇਹ ਮੈਨੂੰ ਕਹਿਣ ਲੱਗੀ, "ਚਲੋ ਤਲਾਕ ਦਾ ਕੇਸ ਪਾ ਦੇਈਏ। ਮੈਂ ਤੇਰੀ ਇਹ ਨਿਸ਼ਾਨੀ ਲੈ ਕੇ ਆਪਣੇ ਦੇਸ਼ ਜਾਣਾ ਚਾਹੁੰਦੀ ਹਾਂ।"

"ਬੜੀ ਜ਼ੁਬਾਨ ਦੀ ਪੱਕੀ ਰਹੀ ਫਿਰ ਤਾਂ !" ਮੈਂ ਹੈਰਾਨ ਹੋਇਆ।

"ਹੋਰ ਕੀ, ਮੈਂ ਕਦੇ ਇਹਦੇ ਮੂੰਹ ਵੱਲ ਦੇਖਾਂ ਕਦੇ ਮੁੰਡੇ ਦੇ। ਗੋਰਾ-ਗੋਰਾ ਗਲੋਟ ਜਿਹਾ। ਲੱਤਾਂ ਪੈਰ ਮਾਰਿਆ ਕਰੇ ਤੇ ਮੈਨੂੰ ਦੇਖ ਬਾਹਵਾਂ ਉੱਪਰ ਨੂੰ ਕਰਿਆ ਕਰੇ। ਬੱਸ ਲੱਖੀ - ਇਹ ਮਾਂ ਦੀ ਧੀ ਕਹਿੰਦੀ ਰਹੀ ਤੂੰ ਤਲਾਕ ਲੈ-ਲੈ ਤੇ ਇੰਡੀਆ ਜਾ ਕੇ ਸ਼ਾਦੀ ਕਰ ਲੈ ਪਰ ਮੇਰਾ ਦਿਲ ਨੀ ਮੰਨਿਆ। ਇਕ ਦਿਨ ਮੈਂ ਇਹਨੂੰ ਘੁੱਟ ਕੇ ਜੱਫੀ ਵਿਚ ਲਿਆ ਤੇ ਕਿਹਾ, 'ਅੱਜ ਤੋਂ ਬਾਅਦ ਤਲਾਕ ਦੀ ਗੱਲ ਨਈਂ ਕਰਨੀ'।"

"ਇਹ ਮੰਨ ਗੀ ?" ਮੈਂ ਫਿਰ ਹੈਰਾਨ ਸੀ।

"ਹਾਂ - ਭਾਵੇਂ ਸਾਡੀ ਸ਼ਾਦੀ ਇਕ ਸੌਦਾ ਸੀ, ਪਰ ਬਾਅਦ ਵਿਚ ਅਸੀਂ ਇਕ ਦੂਜੇ ਨੂੰ ਪਿਆਰ ਕਰਨ ਲੱਗ ਪਏ ਸਾਂ।"

"ਇਕ ਗੱਲ ਦੱਸ ਰੂਪ, ਮੁੰਡੇ ਦੇ ਵਾਲ ਕੀ ਸੋਚ ਕੇ ਰੱਖੇ ਨੇ?"

"ਤੈਨੂੰ ਕੀ ਲੱਗਦੈ?"

"ਸੱਚ ਕਹਾਂ - ਅੱਜ ਮੈਂ ਤੇਰੇ ਘਰ ਦੇ ਬਾਹਰੋਂ ਹੀ ਮੁੜਨ ਲੱਗਿਆ ਸੀ। ਅਚਾਨਕ ਮੁੰਡਾ ਕੋਲ਼ ਆ ਖੜ੍ਹਾ। ਮੈਂ ਹੈਰਾਨ - ਜੂੜੈ ਵਾਲਾ ਮੁੰਡਾ ਦੇਖ ਲੱਗਿਆ ਘਰ ਤਾਂ ਕਿਸੇ ਪੰਜਾਬੀ ਸਿੱਖ ਦਾ ਹੀ ਲੱਗਦੈ।"

"ਬੱਸ ਆਹੀ ਗੱਲ ਐ। ਭਾਵੇਂ ਇਹ ਮੇਰੀ ਔਲਾਦ ਨੇ ਪਰ ਦੋਵਾਂ ਦੇ ਚਿਹਰੇ ਮਾਂ 'ਤੇ ਗਏ। ਆਮ ਦੇਖਣ ਵਾਲੇ ਨੂੰ ਪੰਜਾਬੀ ਲੱਗਦੇ ਨੀ। ਪਰ ਆਹ ਜੂੜਾ ਤੇ ਕੁੜੀ ਦੀ ਗੁੱਤ, ਇਹਨਾਂ ਨੂੰ ਪੰਜਾਬੀ ਪਹਿਚਾਣ ਨਾਲ ਜੋੜਦੇ ਨੇ। ਜੇ ਕਦੇ ਬਾਪੂ ਸਾਹਮਣੇ ਇਹ ਪੰਜਾਬ ਜਾਣ ਤਾਂ ਉਹਨੂੰ ਲੱਗੇ ਮੇਰੇ ਪੋਤਾ-ਪੋਤੀ ਆਏ ਨੇ।"

"ਤੂੰ ਇਹਨਾਂ ਨੂੰ ਪੰਜਾਬ ਲੈ ਕੇ ਜਾਹ। ਮੈਨੂੰ ਯਕੀਨ ਹੈ ਚਾਚਾ ਕੁਝ ਨਈਂ ਕਹਿਣ ਲੱਗਿਆ।"

— ਚੁ'ਪ —। ਮੈਂ ਜਵਾਬ ਉਡੀਕਦਾ ਰਿਹਾ ਪਰ ਉਹ ਚੁੱਪ ਰਿਹਾ।

"ਤੁਹਾਡੇ ਮਨਾਂ ਅੰਦਰ ਉਦਾਸੀ ਜਾਂ ਕੋਈ ਪਛਤਾਵਾ ਡੇਰਾ ਲਾਈ ਬੈਠਾ ਲੱਗਦੈ। ਭਰਜਾਈ ਦੇ ਚਿਹਰੇ 'ਤੇ ਵੀ ਸਾਫ ਦਿਸਦੈ।"

"ਅਸੀਂ ਦੋਵੇਂ ਵੇਲ ਨਾਲੋਂ ਟੁੱਟੇ ਚੂੰਏਂ ਆਂ। ਪੱਕ ਕੇ ਤਾਂ ਚੀਜ਼ ਆਪਣੇ ਆਪ ਅੱਡ ਹੋ ਜਾਂਦੀ ਐ ਪਰ ਕੱਚੇ ਚੂੰਏ 'ਚੋਂ ਪਾਣੀ ਸਿੰਮ ਪੈਂਦੈ, ਜਿਵੇਂ ਇਨਸਾਨ ਦੀ ਅੱਖ 'ਚੋਂ। ਇਹ ਮੈਥੋਂ ਵੱਧ ਪੜ੍ਹੀ ਲਿਖੀ ਐ। ਇਸੇ ਲਈ ਇਹਨੂੰ ਜਲਦੀ ਗਰੀਨ ਕਾਰਡ ਮਿਲ ਗਿਆ ਸੀ। ਇਹ ਪੈਸੇ ਕਮਾਉਣ ਆਈ ਸੀ ਕਿ ਕਮਾ ਕੇ ਮਾਂ-ਬਾਪ ਕੋਲ਼ ਵਾਪਸ ਜਾਊਂਗੀ। ਗਰੀਨ ਕਾਰਡ ਨਾਲ ਜਦ ਮਰਜ਼ੀ ਫਿਰ

ਅਮਰੀਕਾ ਆ ਜਾਵਾਂ। ਵਿਆਹ ਦਾ ਸੌਦਾ ਵੀ ਪੈਸੇ ਦੇ ਲਾਲਚ ਵਿਚ ਕੀਤਾ ਸੀ। ਰੱਬ ਨੂੰ ਕੁਝ ਹੋਰ ਮਨਜ਼ੂਰ ਸੀ। ਹੁਣ ਅਸੀਂ ਦੋਵੇਂ ਇੱਥੇ ਹੀ ਬੱਝ ਕੇ ਰਹਿ ਗਏ। ਬੱਚਿਆਂ ਦੀ ਮਮਤਾ ਕਰ ਕੇ ਇਹ ਵੀ ਮਾਂ-ਬਾਪ ਕੋਲ਼ ਜਾ ਨਈਂ ਸਕੀ। ਬਹੁਤ ਯਾਦ ਕਰਦੀ ਐ ਉਹਨਾਂ ਨੂੰ। ਘਰਾਂ ਨਾਲੋਂ ਟੁੱਟਣ ਦਾ ਝੋਰਾ ਸਾਨੂੰ ਦੋਵਾਂ ਨੂੰ ਉਦਾਸ ਕਰਦੈ।"

ਮੈਂ ਸੋਚਣ ਲੱਗ ਪਿਆ, ਦੋਵੇਂ ਪਾਸੇ ਮਾਂ-ਬਾਪ, ਪਰਿਵਾਰ, ਰਿਸ਼ਤੇਦਾਰ ਤੇ ਹੋਰ ਪਤਾ ਨਹੀਂ ਕਿਸ-ਕਿਸ ਦੇ ਸੁਪਨੇ ਟੁੱਟ ਕੇ ਚਕਨਾਚੂਰ ਹੋਏ। ਪਤਾ ਨਹੀਂ ਕਿੰਨੀਆਂ ਰੀਝਾਂ ਦਾ ਦਮ ਘੁੱਟਿਆ ਗਿਆ। ਟੁੱਟਿਆ ਤਾਂ ਇਹਨਾਂ ਅੰਦਰ ਵੀ ਬਥੇਰਾ ਕੁਝ ਹੈ ਪਰ ਇਹ ਹਾਲਾਤ ਸੰਗ ਜਿਉਣਾ ਸਿੱਖ ਗਏ ਨੇ। ਪਰ ਇਹ ਹਾਲਾਤ ਵੀ ਕਿਸ ਕੰਮ, ਇਸ ਜ਼ਨਾਨੀ ਨੇ ਸਾਰੀ ਜ਼ਿੰਦਗੀ ਸਹੁਰਾ ਪਿੰਡ ਨਈਂ ਦੇਖ ਸਕਣਾ ਤੇ ਬੱਚਿਆ ਨੇ ਦਾਦਕਾ ਨਾਨਕਾ ਪਿੰਡ। ਇਹ ਫਿਲੀਪੀਨਜ਼ ਵੀ ਨਹੀਂ ਜਾ ਸਕਦੇ। ਬੱਚਿਆ ਲਈ ਨਾ ਦਾਦਕੇ ਨਾ ਨਾਨਕੇ - ਵੱਡੇ ਹੋ ਕੇ ਇਹ ਕਿਹੋ ਜਿਹੇ ਇਨਸਾਨ ਬਣਨਗੇ?

"ਕੀ ਸੋਚਣ ਲੱਗ ਪਿਆ।" ਰੂਪ ਨੇ ਪੁੱਛਿਆ।

"ਕੁਝ ਨੀ।" ਮੈਂ ਝੂਠ ਬੋਲਿਆ।

ਟਾਇਮ ਦਾ ਪਤਾ ਹੀ ਨਹੀਂ ਲੱਗਾ, ਰਾਤ ਦਾ ਇਕ ਵੱਜ ਗਿਆ। ਫਿਲੀਪੀਨੋ ਭਰਜਾਈ ਦੋ ਤਿੰਨ ਵਾਰ ਗੇੜਾ ਮਾਰ ਕੇ ਮੁੜ ਜਾਂਦੀ ਰਹੀ। ਸੋਚਿਆ ਬੜੀ ਸਿਆਣੀ ਐ। ਸੋਚਦੀ ਹੋਣੀ ਐ ਮੁੱਦਤ ਬਾਅਦ ਕੱਠੇ ਹੋਏ ਨੇ ਕਰਨ ਦੇ ਗੱਲਾਂ। ਕੋਈ ਅਬੈੜ ਹੁੰਦੀ ਤਾਂ ਕਹਿਣਾ ਸੀ ਰੋਟੀ ਨਬੇੜੋ ਮੈਨੂੰ ਨੀਂਦ ਆ ਰਹੀ ਹੈ। ਜਾਂ ਫੇਰ ਜਵਾਕਾਂ ਦਾ ਕੋਈ ਬਹਾਨਾ ਬਣਾ ਮੂੰਹ ਮੋਟਾ ਕਰ ਲੈਂਦੀ।

ਰੂਪ ਨੇ ਅਵਾਜ਼ ਦਿੱਤੀ ਤੇ ਭਰਜਾਈ ਨੇ ਬੜੇ ਪਿਆਰ ਨਾਲ ਸਾਨੂੰ ਰੋਟੀ ਪਰੋਸ ਦਿੱਤੀ। ਗੱਲਾਂ ਭਾਵੇਂ ਬਹੁਤ ਹੋ ਚੁੱਕੀਆਂ ਸਨ ਫਿਰ ਵੀ ਰੋਟੀ ਖਾਂਦਿਆਂ ਮੈਂ ਰੂਪ ਨੂੰ ਦੁਬਾਰਾ ਸਵਾਲ ਕੀਤਾ, "ਰੂਪ ਪਿੰਡ ਜਾਣ ਬਾਰੇ ਤੂੰ ਗੱਲ ਦਾ ਜਵਾਬ ਨੀ ਦਿੱਤਾ।"

"ਪਿੰਡੋਂ ਤੁਰਨ ਵੇਲੇ ਬਾਪੂ ਨੇ ਇਕ ਗੱਲ ਪੱਕੀ ਕੀਤੀ ਸੀ, 'ਪੁੱਤ ਸਾਨੂੰ ਛੱਡ ਕੇ ਜਾ ਤਾਂ ਰਿਹੈਂ, ਪਰ ਹੁਣ ਵਿਆਹ ਨਾ ਸਾਥੋਂ ਬਿਨਾਂ ਕਰਲੀਂ। ਵਿਆਹ ਆਪਾਂ ਪਿੰਡ ਹੀ ਗੱਜ ਵੱਜ ਕੇ ਕਰਾਂਗੇ।' ਦੱਸ ਹੁਣ ਕਿਹੜਾ ਮੂੰਹ ਲੈ ਕੇ ਜਾਵਾਂ।"

ਕਮਰੇ ਵਿਚ ਚੁਪ ਛਾ ਗਈ। ਮੈਨੂੰ ਵੀ ਕੋਈ ਗੱਲ ਨਾ ਸੁੱਝੇ। ਮੈਂ ਪਿੱਛੇ ਨੂੰ ਢੂਹ ਲਾ ਕੇ ਉੱਪਰ ਚੱਲ ਰਹੇ ਪੱਖੇ ਵੱਲ ਦੇਖਣ ਲੱਗਾ। 'ਬਾਪੂ ਦਾ ਸੁਪਨਾ ਤਾ ਇਹ ਹੋਣੈ ਰੂਪ ਅਮਰੀਕਨ ਸਿਟੀਜ਼ਨ ਬਣ ਕੇ ਪਿੰਡ ਆਵੇ ਤੇ ਮੈਂ ਤਕੜੇ ਜੱਟ ਜ਼ਿਮੀਂਦਾਰ ਦੀ ਧੀ ਦਾ ਰਿਸ਼ਤਾ ਲੈ ਕੇ, ਗੱਜ ਵੱਜ ਕੇ ਵਿਆਹ ਕਰਾਂ। ਇਲਾਕੇ ਵਿਚ ਗੱਲਾਂ ਹੋਣ। ਆਖਰ ਜੱਟ ਦੀ ਟੌਹਰ ਦਾ ਸਵਾਲ ਐ, ਪਰ ਹੁਣ !'
--ਮੇਰੇ ਖਿਆਲ ਵੀ ਪੱਖੇ ਦੇ ਫਰਾਂ ਦੇ ਨਾਲ ਹੀ ਘੁੰਮਣ ਲੱਗੇ।

"ਤੂੰ ਪਿੰਡ ਕਦੋਂ ਜਾਣੈਂ ?" ਰੂਪ ਨੇ ਮੈਨੂੰ ਸਵਾਲ ਕੀਤਾ।

"ਦੋ ਮਹੀਨਿਆਂ ਬਾਅਦ," ਮੈਂ ਕਿਹਾ।

"ਹੁਣ ਤੈਨੂੰ ਸੱਚੀ ਗੱਲ ਦੱਸਾਂ।"

"ਜ਼ਰੂਰ ਦੱਸ। ਨਾਲੇ ਉਹ ਗੰਢ ਵਾਲੀ ਗੱਲ ਵੀ ਦੱਸ, ਜਿਹੜੀ ਤੈਥੋਂ ਖੋਲ੍ਹ ਨੀ ਹੋਈ।"

"ਲੈ ਸੁਣ - ਆਹ ਜਵਾਕ ਤੂੰ ਦੇਖ ਹੀ ਲਏ, ਆਪਣੀ ਪੇਂਡੂ ਬੋਲੀ 'ਚ ਇਹ ਦੋਗਲੀ ਨਸਲ ਦੇ ਜਵਾਕ ਨੇ।"

"ਦੋਗਲੀ ਨਸਲ — !"

"ਹਾਂ ਲੱਖੀ, ਦੋਗਲੀ ਨਸਲ। ਦੋ ਅਲੱਗ-ਅਲੱਗ ਨਸਲਾਂ 'ਚੋਂ ਪੈਦਾ ਹੋਈ ਨਸਲ। ਮੈਨੂੰ ਪਤੈ ਤੇਰੇ ਲਈ ਇਹ ਕੋਈ ਖਾਸ ਗੱਲ ਨੀ। ਮੇਰੇ ਲਈ ਵੀ ਕੋਈ ਖਾਸ ਗੱਲ ਨੀ ਪਰ ਗੱਲ ਤਾਂ ਪਿੰਡ ਦੀ ਐ, ਪਿੰਡ ਦੇ ਘਰ ਦੀ ਐ। ਘਰ ਵਿਚ ਬਾਪੂ ਹੈ, ਪੁਰਾਣੇ ਖਿਆਲਾਂ ਦਾ ਬਾਪੂ।

ਆਪਣੇ ਪਿੰਡ ਵਾਲੇ ਕੈਲੇ ਡਰਾਈਵਰ ਨੂੰ ਜਾਣਦੈਂ? ਉਸ ਦੇ ਘਰ ਵਾਲੀ ਬੰਗਾਲਣ ਐ, ਕੈਲਾ

ਉਹਨੂੰ ਕਲਕੱਤੇ ਤੋਂ ਲੈ ਕੇ ਆਇਆ ਸੀ। ਉਹਦਾ ਮੁੰਡਾ ਜੈਲੀ ਪੂਰਾ ਇੱਲਤੀ ਐ ਤੇ ਇਹ ਗੱਲ ਸਾਰਾ ਪਿੰਡ ਵੀ ਜਾਣਦੈ। ਬਾਪੂ ਨੇ ਜਦ ਵੀ ਜੈਲੀ ਨੂੰ ਦੇਖਣਾ, ਦੋ ਚਾਰ ਗਾਹਲ਼ਾਂ ਐਵੇਂ ਈ ਕੱਢ ਦੇਣੀਆਂ, 'ਸਾਲ਼ੀ ਦੋਗਲੀ ਨਸਲ, ਕਿਵੇਂ ਆਕੜ ਕੇ ਤੁਰਦੈ। ਛਿੱਤਰਾਂ ਦੀ ਘਾਟ ਐ, ਛਿੱਤਰਾਂ ਬਿਨਾਂ ਕਿੱਥੇ ਸਿੱਧੇ ਹੁੰਦੇ ਨੇ ਇਹ।' ਕਦੇ ਕੁਛ ਕਦੇ ਕੁਛ, ਬਾਪੂ ਉਹਨੂੰ ਦੇਖ ਵਾਧੂ ਈ ਦੁਖੀ ਹੋਈ ਜਾਇਆ ਕਰੇ।

ਬੰਦਾ ਤਾਂ ਛੱਡੋ, ਬਾਪੂ ਨੂੰ ਤਾਂ ਦੋਗਲੀ ਨਸਲ ਦਾ ਵੱਛਾ/ਵੱਛੀ ਵੀ ਪਸੰਦ ਨੀ। ਸਾਡੇ ਗੁਆਂਢੀ ਬਚਨ ਸਿੰਘ ਕੋਲ਼ੇ ਇਕ ਵਧੀਆਂ ਦੇਸੀ ਨਸਲ ਦੀ ਗਾਂ ਸੀ। ਇਕ ਵਾਰ ਉਹ ਬਾਪੂ ਦੀ ਰਾਇ ਲੈਣ ਆਇਆ। ਕਹਿਣ ਲੱਗਾ ਦਿਲਬਾਗ ਸਿੰਆਂ ਮੈਂ ਸੋਚਦਾਂ ਇਸ ਵਾਰ ਗਾਂ ਨੂੰ ਟੀਕੇ ਨਾਲ ਭਰਵਾ ਲਵਾਂ। ਇਹ ਤਾਂ ਹੁਣ ਬੁੱਢੀ ਹੋ ਗੀ ਜੇ ਵਲੈਤੀ ਨਸਲ ਦੀ ਦੋਗਲੀ ਵੱਛੀ ਹੋਗੀ, ਆਪਣੀ ਮਾਂ ਨਾਲੋਂ ਵੱਧ ਦੁੱਧ ਦਿਆ ਕਰੂ।

'ਨਾ - ਨਾ - ਨਾ, ਇਹ ਕੰਮ ਨਾ ਕਰੀਂ ਬਚਨ ਸਿੰਆਂ। ਦੋਗਲੀ ਨਸਲ ਕਾਹਦੀ ਨਸਲ ਹੋਈ। ਐਨਾ ਵਧੀਆਂ ਸਾਨ੍ਹ ਹੈਗਾ ਆਪਣੇ ਪਿੰਡ, ਗਾਂ ਨੂੰ ਸਾਨ੍ਹ ਕੋਲ਼ ਲੈ ਕੇ ਜਾਹ।' ਬਚਨ ਸਿੰਘ ਵਿਚਾਰਾ ਮਸੋਸਿਆ ਜਿਹਾ ਮੂੰਹ ਬਣਾ ਕੇ ਵਾਪਸ ਚਲਾ ਗਿਆ। ਆਹ ਤਾਂ ਹਾਲ ਐ ਬਾਪੂ ਦਾ।"

ਮੈਂ ਸੁਣ ਕੇ ਹੋਰ ਹੈਰਾਨ। ਸੋਚਿਆ, ਫਿਰ ਤਾਂ ਚਾਚਾ ਦੂਹਰਾ ਡੰਗਿਆ ਗਿਆ। ਜੱਟ ਹੋਣ ਦਾ ਮਾਣ ਵੀ ਟੁੱਟ ਗਿਆ ਤੇ ਘਰ 'ਚ ਦੋਗਲੀ ਨਸਲ ਵੀ।

"ਇਹਦਾ ਮਤਲਬ ਦੋਗਲੀ ਨਸਲ ਮਾੜੀ ਹੁੰਦੀ ਐ ?" ਮੈਂ ਸੁਆਲੀਆਂ ਨਜ਼ਰਾਂ ਨਾਲ ਰੂਪ ਵੱਲ ਦੇਖਿਆ।

"ਮਾੜੀ ਚੰਗੀ ਦਾ ਤਾਂ ਪਤਾ ਨੀ - ਬਾਪੂ ਨੂੰ ਦੋਗਲੀ ਨਸਲ ਨਾਲ ਪਹਿਲਾਂ ਤੋਂ ਹੀ ਬੜੀ ਖਿਝ ਐ। ਲੱਖੀ, ਏਸੇ ਡਰ ਕਰਕੇ ਨਾ ਘਰੇ ਗੱਲ ਕਰਨ ਦੀ ਹਿੰਮਤ ਪੈਂਦੀ ਐ, ਨਾ ਜਾ ਹੁੰਦੈ। ਇਹੀ ਗੰਢ ਅੱਜ ਤਕ ਖੋਲ੍ਹ ਨੀ ਹੋਈ।"

"ਰੂਪ, ਚਾਚੀ ਤੇਰਾ ਮੂੰਹ ਦੇਖਣ ਨੂੰ ਤਰਸਦੀ ਤੁਰ ਗਈ, ਚਾਚੇ ਦਾ ਵੀ ਪਿੱਛੇ ਕੋਈ ਹਾਲ ਨਈਂ। ਦੱਸ ਇਹ ਗੰਢ ਕਿੰਨਾ ਕੁ ਚਿਰ ਲਈ ਬੈਠਾ ਰਹੇਂਗਾ, ਆਖਰ ਤਾਂ ਖੋਲ੍ਹਣੀ ਪਊ।"

"ਜਿੱਥੇ ਅੱਗੇ ਐਨੇ ਸਾਲ ਨਿੱਕਲ ਗੇ, ਦੋ ਮਹੀਨੇ ਹੋਰ ਸਹੀ। ਆਹ ਦੋਗਲੀ ਨਸਲ ਆਲੀ ਸਾਰੀ ਗੱਲ ਤੂੰ ਜਾਣ ਹੀ ਲਈ। ਇਸ ਵਾਰ ਛੁੱਟੀ ਗਿਆ ਪਿੰਡ ਜਾ ਕੇ ਬਾਪੂ ਨੂੰ ਸਾਰੀ ਗੱਲ ਦੱਸ। ਤੂੰ ਬਾਪੂ ਨਾਲ ਖੁੱਲ੍ਹ ਕੇ ਗੱਲ ਕਰ ਸਕਦੈਂ।"

"ਫੋਨ 'ਤੇ ਹੀ ਗੱਲ ਕਰ ਲੈਨੇ ਆਂ।"

"ਇਹ ਫੋਨ 'ਤੇ ਕਰਨ ਵਾਲੀ ਗੱਲ ਹੁੰਦੀ, ਫੇਰ ਤਾਂ ਮੈਂ ਅੱਜ ਤਕ ਕਰ ਨਾ ਲੈਂਦਾ ?"

ਦੋ ਮਹੀਨੇ ਬਾਅਦ — ਮੈਂ ਪਿੰਡ ਪਹੁੰਚ ਚੁੱਕਾ ਸੀ। ਇਕ ਦਿਨ ਮਨ ਕਰੜਾ ਕਰ ਕੇ ਚਾਚੇ ਨੂੰ ਮਿਲਣ ਚੱਲ ਪਿਆ। ਰਾਹ ਵਿਚ ਸੋਚੀ ਵੀ ਜਾਵਾਂ ਗੱਲ ਕਿੱਥੋਂ ਸ਼ੁਰੂ ਕਰਾਂ। ਦੂਹਰੇ ਡੰਗ ਵਾਲੀ ਗੱਲ ਦਾ ਪਤਾ ਲੱਗਦੇ ਹੀ ਚਾਚੇ ਨੇ ਭੜਕ ਜਾਣੈ।

ਸਤਿ ਸ੍ਰੀ ਅਕਾਲ ਬੁਲਾ ਕੇ ਗੋਡੇ ਹੱਥ ਲਾਉਣ ਤੋਂ ਬਾਅਦ ਮੈਂ ਤੇ ਚਾਚਾ ਆਮ੍ਹਣੇ-ਸਾਮ੍ਹਣੇ ਬੈਠੇ ਸੀ। ਪਿਛਲੀ ਵਾਰ ਨਾਲੋਂ ਚਾਚਾ ਕੁਝ ਠੀਕ ਲੱਗਿਆ। ਸ਼ਾਇਦ ਸਮੇਂ ਦੇ ਨਾਲ ਚਾਚੀ ਦਾ ਗ਼ਮ ਕੁਝ ਘਟ ਗਿਆ ਹੋਣੈ।

"ਚਾਚਾ ਜੀ ਇਸ ਵਾਰ ਰੂਪ ਮਿਲਿਆ ਸੀ, ਅਮਰੀਕਾ ਵਿਚ।"

"ਅੱਛਾ — ਅ —! ਫੋਨ 'ਤੇ ਉਹਨੇ ਤੇਰੇ ਬਾਰੇ ਗੱਲ ਈ ਨੀ ਕੀਤੀ।" ਚਾਚੇ ਦੇ ਚਿਹਰੇ 'ਤੇ ਰੂਪ ਬਾਰੇ ਹੋਰ ਗੱਲਾਂ ਸੁਣਨ ਦੀ ਉਤਸਕਤਾ ਝਲਕਣ ਲੱਗ ਪਈ।

"ਚਾਚਾ ਜੀ ਉਹ ਪਰਿਵਾਰ 'ਚ ਬਹੁਤ ਉਲਝਿਆ ਰਹਿੰਦੈ, ਤਾਂਹੀਂ ਮੇਰੀ ਗੱਲ ਛੇੜਨੀ ਭੁੱਲ ਗਿਆ ਹੋਣੈਂ।"

"ਪਰਿਵਾਰ ! ਇਹਦਾ ਮਤਲਬ ਪਿੰਡ ਆਲੇ ਸੱਚ ਕਹਿੰਦੇ ਨੇ ?" ਚਾਚੇ ਦਾ ਚਿਹਰਾ ਬੱਗਾ ਫੂਸ ਹੋ ਗਿਆ। ਦੇਖ ਕੇ ਮੈਂ ਵੀ ਥੋੜ੍ਹਾ ਘਬਰਾ ਗਿਆ।

"ਚਾਚਾ ਜੀ ਉਹ ਦੱਸਦਾ ਸੀ ਕਿ ਜੀਅ ਤਾਂ ਨਹੀਂ ਸੀ ਕਰਦਾ ਪਰ ਗਰੀਨ ਕਾਰਡ ਲੈਣ ਲਈ ਵਿਆਹ ਵਾਲਾ ਅੱਕ ਚੱਬਣਾ ਪਿਆ।" ਐਨਾ ਕਹਿ ਮੈਂ ਫਿਰ ਚਾਚੇ ਦੇ ਚਿਹਰੇ ਵੱਲ ਦੇਖਣ ਲੱਗਿਆ।

"ਫੇਰ ਤਾਂ ਅੱਕ ਵੀ ਕਿਸੇ ਕੁਦੇਸਣ ਨਾਲ ਹੀ ਚੱਬਿਆ ਹੋਊ, ਆਪਣੀਆਂ ਤਾਂ ਏਧਰੋਂ ਮੁੰਡਾ ਵਿਆਹ ਕੇ ਲਿਜਾਂਦੀਆ ਨੇ।" ਚਾਚੇ ਦਾ ਚਿਹਰਾ ਇਕਦਮ ਸਖਤ ਤੇ ਗੰਭੀਰ ਹੋ ਗਿਆ। ਮੈਥੋਂ ਉਸ ਦੇ ਚਿਹਰੇ ਵੱਲ ਦੇਖ ਨਹੀਂ ਸੀ ਹੋ ਰਿਹਾ, ਮੈਂ ਨਜ਼ਰਾਂ ਨੀਵੀਆਂ ਕਰ ਕੇ ਥੱਲੇ ਵੱਲ ਦੇਖਣ ਲੱਗਾ। ਪਰ ਮੇਰੇ ਵਾਸਤੇ ਅੱਗੇ ਗੱਲ ਸੌਖੀ ਹੋ ਗਈ। ਜੋ ਗੱਲ ਮੈਂ ਕਹਿਣ ਤੋਂ ਡਰ ਰਿਹਾ ਸੀ ਉਹ ਗੱਲ ਚਾਚੇ ਨੇ ਆਪ ਹੀ ਮੂੰਹੋਂ ਕਹਿ ਦਿੱਤੀ। ਮੈਂ ਚੁੱਪ ਹੀ ਰਿਹਾ।

"ਕਿੱਥੋਂ ਦੀ ਨਾਲ ਚੱਬਿਐ ਅੱਕ ?" ਚਾਚੇ ਦੇ ਚਿਹਰੇ ਤੇ ਗ਼ੁੱਸਾ ਤੇ ਨਫਰਤ ਸੀ। ਉਹ ਛੇਤੀ ਤੋਂ ਛੇਤੀ ਸਾਰੀ ਗੱਲ ਜਾਨਣਾ ਚਾਹੁੰਦਾ ਸੀ।

"ਭਰਜਾਈ ਤਾਂ ਬਹੁਤ ਸੋਹਣੀ ਐ ਚਾਚਾ ਜੀ। ਮੁੰਡਾ ਵੀ ਗੋਰਾ ਤੇ ਸਿਰ 'ਤੇ ਜੂੜਾ ਨਾਲੇ ਚਿੱਟਾ ਰੁਮਾਲ, ਕੁੜੀ ਦੇ ਗੁੱਤ ਕੀਤੀ ਹੋਈ। ਮੈਨੂੰ ਤਾਂ ਦੋਵੇਂ ਜਵਾਕਾਂ ਦਾ ਬਹੁਤ ਮੋਹ ਆਇਆ।" ਉਸ ਔਰਤ ਬਾਰੇ ਮੈਂ ਸਿੱਧੀ ਗੱਲ ਨੂੰ ਟਾਲ਼ ਗਿਆ।

ਪੋਤੇ-ਪੋਤੀ ਬਾਰੇ ਗੱਲ ਸੁਣ ਕੇ ਚਾਚੇ ਦਾ ਚਿਹਰਾ ਕੁਝ ਬਦਲਿਆ। ਹੁਣ ਅੱਖਾਂ ਵਿਚ ਹੈਰਾਨੀ ਸੀ। ਮੈਨੂੰ ਲੱਗਿਆ ਜਿਵੇਂ ਉਹ ਪੋਤੇ-ਪੋਤੀ ਦੀ ਕੋਈ ਹੋਰ ਗੱਲ ਸੁਣਨਾ ਚਾਹੁੰਦਾ ਹੋਵੇ।

"ਚਾਚਾ ਜੀ, ਭਰਜਾਈ ਦੋਵੇਂ ਜੁਆਕਾਂ ਨੂੰ ਬਹੁਤ ਸਾਂਭ ਕੇ ਰੱਖਦੀ ਹੈ। ਕਹਿੰਦੀ ਸੀ ਮੈਂ ਰੋਜ਼ ਇਹਨਾਂ ਦੇ ਵਾਲ ਧੋ ਕੇ ਮੁੰਡੇ ਦਾ ਜੂੜਾ ਕਰਦੀ ਹਾਂ ਤੇ ਕੁੜੀ ਦੀ ਗੁੱਤ। ਜਦੋਂ ਇਹ ਆਪਣੇ ਦਾਦੇ ਸਾਹਮਣੇ ਜਾਣ, ਬੱਚਿਆਂ ਦੇ ਜੂੜਾ ਤੇ ਗੁੱਤ ਦੇਖ ਕੇ ਉਹ ਖੁਸ਼ ਹੋਣ। ਉਹਨਾਂ ਨੂੰ ਚਾਅ ਹੋਵੇ ਕਿ ਮੇਰੇ ਪੋਤਾ-ਪੋਤੀ ਆਏ ਨੇ।" ਇਹ ਗੱਲ ਮੈਂ ਆਪਣੇ ਕੋਲੋਂ ਗੋਲ ਮੋਲ ਲਈ ਸੀ।

ਹੁਣ ਤਾਂ ਚਾਚਾ ਜਿਵੇਂ ਬਰਫ ਦੀ ਡਲੀ ਵਾਂਗ ਪਿਘਲਣ ਲੱਗ ਪਿਆ। ਚਿਹਰਾ ਇਕਦਮ ਨਰਮ ਪੈ ਗਿਆ ਤੇ ਥੋੜ੍ਹੀ ਚਮਕ ਵੀ ਝਲਕਾਰੇ ਮਾਰਨ ਲੱਗ ਪਈ।

"ਫੇਰ ਉਹ ਉਹਨਾਂ ਨੂੰ ਪਿੰਡ ਲੈ ਕੇ ਕਿਉਂ ਨੀ ਆਉਂਦੇ? ਮੈਂ ਵੀ ਤਾਂ ਪੋਤੇ-ਪੋਤੀ ਦਾ ਮੂੰਹ ਦੇਖਾਂ।"

"ਚਾਚਾ ਜੀ, ਭਰਜਾਈ ਆਪਣੀ ਏਧਰਲੀ ਨੀ ਨਾ ਹੈ। ਏਸੇ ਡਰ ਦਾ ਮਾਰਾ ਰੂਪ ਸੋਡੇ ਨਾਲ ਗੱਲ ਨੀ ਕਰਦਾ। ਡਰਦਾ ਪਿੰਡ ਵੀ ਨੀ ਆਉਂਦਾ।"

"ਉਏ ਜਿੱਥੋਂ ਦੀ ਮਰਜ਼ੀ ਆ ਪਰ ਹੁਣ ਜੁਆਕ ਤਾਂ ਆਪਣੇ ਨੇ, ਖੂਨ ਤਾਂ ਆਪਣਾ ਹੈ। ਉਹਨੂੰ ਕਹਿ ਪਿੰਡ ਲੈ ਕੇ ਆਵੇ।" ਚਾਚਾ ਤਾਂ ਜਿਵੇਂ ਪੋਤੇ-ਪੋਤੀ ਨੂੰ ਬੁੱਕਲ ਵਿਚ ਲੈਣ ਲਈ ਤੜਫਣ ਲੱਗ ਪਿਆ ਹੋਵੇ।

ਮੈਂ ਦੇਖ ਰਿਹਾ ਸਾਂ ਆਪਣਿਆਂ ਦੀ ਗੱਲ ਆਉਣ 'ਤੇ ਸਾਮ੍ਹਣੇ ਬੈਠਾ ਚਾਚਾ ਹੋਰ ਦਾ ਹੋਰ ਈ ਹੋ ਗਿਆ ਸੀ। ਚਿਹਰੇ 'ਤੇ ਬਦਲ ਰਹੇ ਹਾਵ-ਭਾਵ ਦਰਸਾ ਰਹੇ ਸਨ, ਕਿ ਉਸ ਅੰਦਰਲਾ ਦੋਗਲੀ ਨਸਲ ਦੀ ਨਫਰਤ ਵਾਲਾ ਮਹਿਲ ਢਹਿ ਢੇਰੀ ਹੋ ਗਿਆ ਹੈ। ਮੈਂ ਉਸੇ ਵਕਤ ਰੂਪ ਨੂੰ ਫੋਨ ਲਾ ਲਿਆ। 000

***(ਫੋਨ: +91-79738-00262)***

# ਬਲਜੀਤ ਬਾਸੀ: ਸ਼ਬਦ ਝਰੋਖਾ: ਪਤੰਦਰ

ਕਈ ਵਾਕਿਫ਼ਕਾਰ ਮੈਨੂੰ ਪੁੱਛਦੇ ਰਹਿੰਦੇ ਹਨ ਕਿ ਲੋਕ ਗੱਲਬਾਤ ਵਿਚ ਕਿਸੇ ਬੰਦੇ ਲਈ ਜੋ ਗਾਲ ਜਿਹਾ ਅਪਸ਼ਬਦ 'ਪਤੰਦਰ' ਉਚਾਰਦੇ ਹਨ, ਉਸ ਦੇ ਅਸਲ ਮਾਅਨੇ ਕੀ ਹਨ? ਕੁਝ ਮਿਸਾਲਾਂ ਲੈਂਦੇ ਹਾਂ; 'ਇਹ ਨਹੀਂ ਹਟਦੇ ਪਤੰਦਰ ਪੰਗਾ ਲੈਣ ਤੋਂ', 'ਪਤੰਦਰ ਨੇ ਲਾਇਆ ਸ਼ਾਤਿਰ ਦਿਮਾਗ, ਆਹ ਦੇਖੋ ਕਿੱਥੇ ਲੁਕੋ ਕੇ ਲਿਆ ਰਿਹਾ ਸੀ ਐਨਾ ਸੋਨਾ', 'ਵੇ ਪਤੰਦਰਾ ਜੇ ਸ਼ਕਲ ਨੀ ਚੰਗੀ ਤਾਂ ਗੱਲ ਤਾਂ ਚੰਗੀ ਕਰ'। ਸਵਾਲ ਹੈ, ਕੀ ਪਤੰਦਰ ਕਹਿਣਾ ਕੋਈ ਗਾਲ ਹੈ? ਗਾਲ ਇਕ ਜਾਂ ਇਕ ਤੋਂ ਵੱਧ ਸ਼ਬਦਾਂ ਵਾਲੇ ਅਜਿਹੇ ਚੁੱਭਵੇਂ ਸਬੰਧਕੀ ਬੋਲ ਹੁੰਦੇ ਹਨ ਜੋ ਕਿਸੇ ਦੀ ਇਜ਼ਤ ਨੂੰ ਠੇਸ ਪਹੁੰਚਾਉਣ ਜਾਂ ਹੈਸੀਅਤ ਨੂੰ ਨੀਚਾ ਦਿਖਾਉਣ ਦੀ ਨੀਅਤ ਨਾਲ ਬੋਲੇ ਜਾਂਦੇ ਹਨ। ਸਾਡੀਆਂ ਬਹੁਤੀਆਂ ਗਾਲਾਂ ਸਾਡੇ ਖ਼ੂਨ ਦੀਆਂ ਰਿਸ਼ਤੇਦਾਰਨਾਂ ਵੱਲ ਸੇਧਿਤ ਹੁੰਦੀਆਂ ਹਨ ਜੋ ਉਨ੍ਹਾਂ ਦੀ ਲੈਂਗਿਕਤਾ 'ਤੇ ਵਾਰ ਕਰਦੀਆਂ ਹਨ। ਇਸ ਪ੍ਰਸੰਗ ਵਿੱਚ ਸ਼ਿੱਦਤ ਦੇ ਪੱਖੋਂ ਦੋ ਤਰ੍ਹਾਂ ਦੀਆਂ ਗਾਲਾਂ ਹੋ ਸਕਦੀਆਂ ਹਨ: ਅਤਿ ਸਿੱਦਤ ਵਾਲੀਆਂ ਗਾਲਾਂ ਉਹ ਹਨ ਜਿਨ੍ਹਾਂ ਨੂੰ ਅਸੀਂ ਗੰਦੀਆਂ ਗਾਲਾਂ ਕਹਿੰਦੇ ਹਾਂ, ਇਨ੍ਹਾਂ ਵਿਚ ਧੀ ਭੈਣ ਇਕ ਕੀਤੀ ਜਾਂਦੀ ਹੈ ਤੇ ਜਿਨ੍ਹਾਂ ਦੀ ਮੇਰੇ ਖਿਆਲ ਵਿੱਚ ਮਿਸਾਲ ਦੇਣ ਦੀ ਲੋੜ ਨਹੀਂ। ਦੂਜੀਆਂ ਨੂੰ ਘੱਟ ਸ਼ਿੱਦਤ ਵਾਲੀਆਂ ਕਹਿ ਸਕਦੇ ਹਾਂ। ਹੁੰਦੀਆਂ ਤਾਂ ਉਹ ਵੀ ਗਾਲ ਦੇ ਸ਼ਿਕਾਰ ਦੀਆਂ ਨਜ਼ਦੀਕੀ ਇਸਤਰੀਆਂ ਵੱਲ ਹੀ ਸੇਧਿਤ ਹਨ ਪਰ ਉਨ੍ਹਾਂ ਵਿੱਚ ਸਿੱਧੇ ਤੌਰ 'ਤੇ ਕਾਮੁਕਤਾ ਦਾ ਉਜੱਡ ਇਜ਼ਹਾਰ ਨਹੀਂ ਹੁੰਦਾ। ਮਿਸਾਲ ਵਜੋਂ ਹਰਾਮਜ਼ਾਦਾ, ਸਾਲਾ, ਮਾਮਾ, ਸਹੁਰਾ, ਸੌਂਕਣ, ਕੁਲਗਦਾ, ਲੁੱਚਾ, ਕੰਜਰ ਆਦਿ। ਕੁਝ ਗਾਲਾਂ ਮਲ ਵੱਲ ਸੰਕੇਤਕ ਹੁੰਦੀਆਂ ਹਨ ਜਿਵੇਂ, ਗੂੰਹ-ਖਾਹ। ਕੁੱਤਾ, ਬਾਂਦਰ, ਗਧਾ, ਉੱਲੂ ਆਦਿ ਜਾਨਵਰ ਜਾ ਲੂਲਾ, ਲੰਗੜਾ, ਅੰਨ੍ਹਾ ਆਦਿ ਸਰੀਰਕ ਕੱਜ ਵੱਲ ਇਸ਼ਾਰਾ ਕਰਨ ਵਾਲੇ ਬੋਲ ਵੀ ਘੱਟ ਮਾਰੂ ਨਹੀਂ ਹੁੰਦੇ। ਕਿਸੇ ਕਥਿਤ ਨਿਮਨ ਜਾਤੀ ਦੇ ਵਿਅਕਤੀ ਨੂੰ ਉਸ ਦੀ ਜਾਤ ਦਾ ਨਾਂ ਲੈ ਕੇ ਬੁਲਾਉਣਾ ਵੀ ਬਹੁਤ ਵੱਡੀ ਗਾਲ ਸਮਝੀ ਜਾਂਦੀ ਹੈ।

ਸਭ ਤਰ੍ਹਾਂ ਦੀਆਂ ਗਾਲਾਂ ਦਾ ਪ੍ਰਹਾਰ ਘੱਟ ਜਾਂ ਵੱਧ ਹੋ ਸਕਦਾ ਹੈ, ਸਵਾਲ ਇਹ ਹੈ ਕਿ ਉਹ ਕਿਸ ਲਹਿਜੇ, ਪ੍ਰਸੰਗ ਜਾਂ ਅੰਦਾਜ਼ ਵਿੱਚ ਕੱਢੀਆਂ ਗਈਆਂ ਹਨ। ਪਿਆਰ ਨਾਲ ਕੱਢੀ ਗੰਦੀ ਤੋਂ ਗੰਦੀ ਗਾਲ ਦਾ ਵੀ ਕੋਈ ਗੁੱਸਾ ਨਹੀਂ ਕਰਦਾ। ਕਈ ਵਿਅਕਤੀਆਂ ਦਾ ਤਾਂ ਤਕੀਆ ਕਲਾਮ ਹੀ ਗਾਲ ਬਣ ਜਾਂਦਾ ਹੈ। ਕੋਈ ਮਾਨਸਿਕ ਸੰਤਾਪ ਭੋਗਦੇ ਕਈ ਲੋਕ ਆਪਣੇ ਆਪ ਨੂੰ ਵੀ ਗਾਲ ਕੱਢ ਕੇ ਹੀ ਗੱਲ ਕਰਦੇ ਹਨ। ਸੱਚ ਤਾਂ ਇਹ ਹੈ ਕਿ ਸਮਾਜਕ ਜਾਂ ਵਿਅਕਤੀਗਤ ਆਦਤ ਬਣ ਚੁੱਕੀਆਂ ਗਾਲਾਂ ਨੂੰ ਸ਼ਾਇਦ ਗਾਲਾਂ ਦੀ ਕੋਟੀ ਵਿੱਚ ਰੱਖਣਾ ਵੀ ਉਚਿਤ ਨਹੀਂ ਹੋਵੇਗਾ ਕਿਉਂਕਿ ਕਿਸੇ ਵੀ ਬੋਲ-ਕੁਬੋਲ ਪਿੱਛੇ ਮਨਸ਼ਾ ਵੀ ਦੇਖਿਆ ਜਾਣਾ ਚਾਹੀਦਾ ਹੈ। ਮੈਂ ਤਾਂ ਕਈ ਵੱਡੇ ਲੀਡਰਾਂ ਨੂੰ ਵੀ ਅਜਿਹੇ ਤਕੀਏ ਕਲਾਮ ਵਰਤਦਿਆਂ ਦੇਖਿਆ ਸੁਣਿਆ ਹੈ। ਇਕ ਹੋਰ ਤਰਾਂ ਦੇ ਸ਼ਬਦ ਹਨ ਜੋ ਕਿਸੇ ਵੇਲੇ ਹਰਾਮੀ, ਸਾਲਾ, ਦਾਦੇ ਮਹੱਗਿਆ ਵਾਂਗ ਗਾਲ ਵਾਂਗ ਵਰਤੇ ਜਾਂਦੇ ਰਹੇ ਸਨ ਪਰ ਹੌਲੀ ਹੌਲੀ ਲੋਕ ਉਨ੍ਹਾਂ ਦੇ ਅਸਲ ਅਰਥ ਭੁੱਲ ਗਏ ਤੇ ਇਹ ਸ਼ਬਦ ਗਾਲ ਨਾ ਹੋ ਕੇ ਕਿਸੇ ਪ੍ਰਤੀ ਇੱਕ ਤਰ੍ਹਾਂ ਦਾ ਨਿੰਦਾਵਾਚਕ ਇਜ਼ਹਾਰ ਹੀ ਬਣ ਕੇ ਰਹਿ ਗਏ। ਸਮੇਂ ਦੇ ਗੇੜ ਨਾਲ ਕਈ ਸ਼ਬਦ ਆਪਣੇ ਮੁੱਢਲੇ ਅਰਥਾਂ ਤੋਂ ਸੱਖਣੇ ਹੋ ਜਾਂਦੇ ਹਨ। ਇਸ ਪ੍ਰਕਿਰਿਆ ਨੂੰ ਅਸੀਂ ਅਰਥ-ਅਲੋਪਣ ਕਹਿ ਸਕਦੇ ਹਾਂ। ਬਹੁਤ ਥੋੜ੍ਹੇ ਲੋਕ ਜਾਣਦੇ ਹਨ ਕਿ 'ਤੇਰੇ ਦਾਦੇ ਮਹੱਗਿਆ' ਦਾ ਸੰਪੂਰਨ ਰੂਪ 'ਤੇਰੇ ਦਾਦੇ ਦੇ ਮੂੰਹ ਵਿੱਚ ਹੱਗਿਆ' ਹੈ। ਫੁੱਦੂ ਸ਼ਬਦ ਇਸੇ ਕੋਟੀ ਵਿੱਚ ਆ ਰਿਹਾ ਹੈ। ਪਤੰਦਰ ਵੀ ਕੁਝ ਅਜਿਹਾ ਹੀ ਸ਼ਬਦ ਹੈ ਜੋ ਕਿਸੇ ਵੇਲੇ ਗਾਲ ਵਜੋਂ ਵਰਤਿਆ ਜਾਂਦਾ ਰਿਹਾ ਹੈ ਪਰ ਹੌਲੀ ਹੌਲੀ ਆਪਣੀ ਟੀਸ

ਖੁੰਢੀ ਕਰਵਾ ਬੈਠਾ। ਮੈਂ ਦੇਖਿਆ ਕਿ ਕਈ ਕੋਸ਼ਾਂ ਅਤੇ ਹੋਰ ਸ੍ਰੋਤਾਂ ਵਿਚ ਇਸ ਦੇ ਅਰਥਾਂ ਬਾਰੇ ਚੋਖਾ ਭੰਬਲਭੂਸਾ ਹੈ। ਅੱਜ ਕਲ੍ਹ ਇਹ ਸ਼ਬਦ ਮੁੱਖ ਤੌਰ 'ਤੇ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਆਪਣੇ ਆਪ ਦਾ ਵਿਖਾਵਾ ਤਾਂ ਬਹੁਤ ਸਿਆਣਾ, ਚਤੁਰ, ਹੁਸ਼ਿਆਰ, ਚਲਾਕ, ਅਸਾਧਾਰਨ ਜਾਂ ਪੰਗੇਬਾਜ਼ ਹੋਣ ਦਾ ਕਰਦਾ ਹੈ ਪਰ ਵਿਵਿਹਾਰਕ ਰੂਪ ਵਿੱਚ ਕਈ ਵਾਰੀ ਇਸ ਤੋਂ ਪੁੱਠਾ ਸਾਬਤ ਹੁੰਦਾ ਹੈ। ਇਸ ਦਾ ਇਕ ਹੋਰ ਅਰਥ ਬਜ਼ੁਰਗ ਜਾਂ ਵਡੇਰਾ ਵੀ ਲਿਆ ਜਾਂਦਾ ਹੈ, ਬਲਕਿ ਕਈ ਕੋਸ਼ਾਂ ਵਿੱਚ ਏਹੀ ਮੁੱਖ ਅਰਥ ਹੈ। ਸਪੱਸ਼ਟ ਹੈ ਕਿ ਏਥੇ ਵੀ ਇੱਕ ਵਿਅੰਗ ਜਿਹੇ ਭਾਵ ਵਿਚ ਹੀ ਕਿਸੇ ਨੂੰ ਬਜ਼ੁਰਗੀ ਦਾ ਰੁਤਬਾ ਦਿੱਤਾ ਹੈ। ਸ਼ਾਇਦ ਵੱਡਾ ਤੋਂ ਵਡੇਰਾ, ਲੰਬਾ ਤੋਂ ਲੰਬੇਰਾ, ਮਤ ਤੋਂ ਮਤਾਂਤਰ ਦੀ ਤਰ੍ਹਾਂ ਪਤੰਦਰ ਨੂੰ ਪਿਤਾ ਦਾ ਦੂਜੀ ਡਿਗਰੀ ਦਾ ਸ਼ਬਦ ਸਮਝਿਆਂ ਗਿਆ ਹੈ ਪਰ ਅਜਿਹਾ ਨਹੀਂ ਹੈ। ਜਦੋਂ ਕਿਹਾ ਜਾਂਦਾ ਹੈ ਕਿ 'ਪਤੰਦਰਾ ਆਹ ਕੰਮ ਕਰ ਲਾ' ਤਾਂ ਇਸ ਤੋਂ ਭਾਵ ਹੈ ਕਿ ਆਪਣੇ ਨੂੰ ਵੱਡਾ ਸਮਝਣ ਵਾਲਿਆ ਇਹ ਕਰਨ-ਗੋਚਰਾ ਕੰਮ ਕਰ ਲੈ। ਆਮ ਤੌਰ 'ਤੇ ਉਮਰ ਵਿੱਚ ਤਜਰਬੇ ਕਾਰਨ ਵੱਡਾ ਵਿਅਕਤੀ ਹੀ ਸਿਆਣਾ, ਅਕਲਮੰਦ ਤੇ ਫਿਰ ਚੁਸਤ ਚਲਾਕ ਹੁੰਦਾ ਹੈ।

ਸਾਡੇ ਸਮਾਜ ਵਿੱਚ ਵਿਧਵਾ ਔਰਤਾਂ ਦੇ ਪੁਨਰ-ਵਿਆਹ ਦਾ ਬਹੁਤਾ ਰਿਵਾਜ ਨਹੀਂ ਸੀ ਪਰ ਜਦ ਹੁੰਦਾ ਵੀ ਸੀ ਤਾਂ ਅਕਸਰ ਘਰ ਵਿੱਚ ਹੀ ਦਿਉਰ, ਜੇਠ ਜਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ ਨਾਲ ਚਾਦਰ ਪਾ ਦਿੱਤੀ ਜਾਂਦੀ ਸੀ। ਇਹ ਰਸਮ ਕਰੇਵਾ ਕਹਾਉਂਦੀ ਸੀ। ਸਮਾਜ ਤੋਂ ਹਟਵੀਂ ਪਰਿਪਾਟੀ ਵਿਚ ਕੀਤੇ ਹੋਣ ਕਾਰਨ ਅਜਿਹੇ ਵਿਆਹ ਸੰਬੰਧ ਨੂੰ ਕੈਰੀ ਨਿਗਾਹ ਨਾਲ ਦੇਖਿਆ ਜਾਂਦਾ ਸੀ। ਇਹ ਨਵਾਂ ਪਤੀ ਹੀ ਪਤੰਦਰ ਕਹਾਉਂਦਾ ਸੀ। ਇਸ ਸ਼ਬਦ ਵਿਚ ਕੁਝ ਹਿਕਾਰਤ ਦੇ ਭਾਵ ਵੀ ਆ ਗਏ ਹਨ। ਪਤੰਦਰ-ਰਿਸ਼ਤੇ ਬਾਰੇ ਆਮ ਸਮਝ ਵਿਚ ਇਸ ਗੱਲੋਂ ਸ਼ੰਕਾ ਹੈ ਕਿ ਇਹ ਨਵਾਂ ਵਰਿਆ ਸ਼ਖ਼ਸ ਪਤਨੀ ਦੇ ਪਹਿਲੇ ਵਿਆਹ ਵਿਚੋਂ ਹੋਈ ਸੰਤਾਨ ਦਾ ਪਤੰਦਰ ਲਗਦਾ ਹੈ ਜਾਂ ਪਤਨੀ ਦਾ। 'ਮਹਾਨ ਕੋਸ਼' ਅਨੁਸਾਰ ਪਤੰਦਰ ਹੈ ਔਰਤ ਦਾ ਦੂਜਾ ਪਤੀ, '1. ਪਤਿ-ਅੰਤਰ, ਹੋਰ ਪਤਿ, ਮੱਲੋ ਮੱਲੀ ਬਣਿਆ ਪਤਿ, 2. ਜਾਰ, ਵਿਭਚਾਰੀ'। ਸੁਭਾਵਕ ਹੈ ਕਿ ਪਤੀ ਦੇ ਮਰ ਜਾਣ ਪਿੱਛੋਂ ਵਿਧਵਾ ਲਈ ਰੰਡੇਪਾ ਕੱਟਣਾ ਮੁਸ਼ਕਿਲ ਹੋ ਜਾਂਦਾ ਹੈ ਇਸ ਲਈ ਜੀਵਨ ਨਿਰਬਾਹ ਅਤੇ ਕਾਮ ਪੂਰਤੀ ਲਈ ਉਹ ਕਿਸੇ ਹੋਰ ਨਾਲ ਸੰਬੰਧ ਬਣਾ ਲੈਂਦੀ ਹੈ ਤੇ ਬਾਅਦ ਵਿਚ ਭਾਵੇਂ ਉਸੇ ਨਾਲ ਸਮਾਜਕ ਵਿਆਹ ਵੀ ਰਚਾ ਲੈਂਦੀ ਹੈ ਪਰ ਲੋਕਾਚਾਰ ਦੋਵਾਂ ਨੂੰ ਬਰਾਬਰ ਇੱਜ਼ਤ ਦੀਆਂ ਨਜ਼ਰਾਂ ਨਾਲ ਨਹੀਂ ਦੇਖਦਾ। ਪਤੰਦਰ ਵਿੱਚ ਵਿਭਚਾਰੀ ਜਿਹਾ ਭਾਵ ਵੀ ਅਜਿਹੇ ਸੰਬੰਧ ਕਾਰਨ ਹੀ ਆਇਆ ਕਿਉਂਕਿ ਸਮਾਜ ਇਸ ਰਿਸ਼ਤੇ ਪ੍ਰਤੀ ਸਹਿਜ ਭਾਵ ਨਹੀਂ ਰੱਖਦਾ।

ਕੁਝ ਵੀ ਹੋਵੇ, ਸ਼ਾਬਦਿਕ ਤੌਰ 'ਤੇ ਪਤੰਦਰ-ਰਿਸ਼ਤਾ ਵਾਸਤਵ ਵਿੱਚ ਪਤਨੀ ਦੇ ਪਹਿਲੇ ਪਤੀ ਦੀ ਸੰਤਾਨ ਦੇ ਨਜ਼ਰੀਏ ਤੋਂ ਹੈ ਨਾ ਕਿ ਪਤਨੀ ਦੇ ਨਜ਼ਰੀਏ ਤੋਂ। ਦੂਜੇ ਸ਼ਬਦਾਂ ਵਿੱਚ ਨਵਾਂ ਪਤੀ ਮਾਂ ਲਈ ਨਹੀਂ ਬਲਕਿ ਉਸ ਦੀ ਸੰਤਾਨ ਲਈ ਪਤੰਦਰ ਹੈ। ਸੋ ਪਤੰਦਰ ਦਾ ਸਹੀ ਸਮਾਨਅਰਥਕ ਸ਼ਬਦ ਮਤਰੇਆ ਪਿਉ ਹੈ। ਇੱਕ ਲੋਕ ਗੀਤ ਦੇ ਬੋਲ ਸ਼ਾਅਦੀ ਭਰਦੇ ਹਨ, 'ਮਾਂ ਮਤਰੇਈ ਤੇ ਪਿਉ ਪਤੰਦਰ'। 'ਪਤੰਦਰ' ਸਮਾਸ ਦਾ ਨਿਖੇੜਾ ਪਿਦਰ+ਅੰਦਰ ਵਜੋਂ ਦਰੁਸਤ ਹੈ ਜਿਸ ਵਿੱਚ ਪਿਦਰ ਅਤੇ ਅੰਦਰ ਫਾਰਸੀ ਦੇ ਸ਼ਬਦ ਹਨ: ਪਿਦਰ = ਪਿਤਾ ਅਤੇ ਅੰਦਰ = ਦੂਜਾ, ਹੋਰ - ਸੋ ਪੂਰਾ ਅਰਥ ਬਣਿਆ 'ਦੂਜਾ ਪਿਉ'। ਇਹ ਵਿਉਤਪਤੀ ਇਸ ਤੱਥ ਤੋਂ ਵੀ ਪ੍ਰਮਾਣਤ ਹੋ ਜਾਂਦੀ ਹੈ ਕਿ ਸੰਸਕ੍ਰਿਤ ਵਿਚ ਵੀ ਮਤਰੇਅ ਪਿਤਾ ਲਈ 'ਪਿਤ੍ਰਅੰਤਰ' ਸ਼ਬਦ ਮੌਜੂਦ ਹੈ ਜਿਸ ਵਿਚ ਪਿਤ੍ਰ ਦਾ ਅਰਥ ਪਿਤਾ ਹੈ ਅਤੇ ਅੰਤਰ ਦਾ ਅੰਦਰ, ਹੋਰ, ਦੂਜਾ। ਪਿਦਰ/ਪਿਤਰ ਤੇ ਪਤੀ ਸ਼ਬਦਾਂ ਵਿਚ ਧੁਨੀ ਦੀ ਸਮਾਨਤਾ ਹੋਣ ਕਰਕੇ ਇਹ ਘਚੋਲਾ ਪਿਆ ਲਗਦਾ ਹੈ। ਏਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਪਤੰਦਰ ਦਰਅਸਲ ਸਾਲਾ, ਜਵਾਈ, ਸਹੁਰਾ ਵਾਂਗ ਇਕ ਰਿਸ਼ਤਾ ਹੈ, ਪਿਤਾ ਦੀ ਤਰ੍ਹਾਂ ਸੰਬੋਧਨੀ ਸ਼ਬਦ ਨਹੀਂ। ਮਤਰੇਅ ਬੱਚੇ ਆਪਣੇ ਨਵੇਂ ਪਿਤਾ ਨੂੰ ਪਤੰਦਰ ਨਹੀਂ ਬਲਕਿ

ਪਿਤਾ, ਭਾਪਾ, ਭਾਈਆ, ਬਾਪੂ ਆਦਿ ਹੀ ਕਹਿੰਦੇ ਹੋਣਗੇ, ਭਾਵੇਂ ਝਿਜਕ ਨਾਲ ਹੀ। ਇਸ ਵਿਉਤਪਤੀ ਨੂੰ ਇਸ ਗੱਲੋਂ ਹੋਰ ਬਲ ਮਿਲਦਾ ਹੈ ਕਿ ਫਾਰਸੀ ਵਿੱਚ ਮਤਰੇਆ ਰਿਸ਼ਤਾ ਦਰਸਾਉਣ ਲਈ ਪਿਛੇਤਰ ਵਜੋਂ ਅੰਦਰ ਸ਼ਬਦ ਸਿਰਫ਼ ਪਿਦਰ ਨਾਲ ਹੀ ਨਹੀਂ ਲਗਦਾ ਬਲਕਿ ਮਾਦਰ, ਬਿਰਾਦਰ, ਖ਼ਵਾਹਰ ਦੇ ਨਾਲ ਵੀ ਲਗਦਾ ਹੈ। ਇਸ ਪ੍ਰਕਾਰ 'ਬਰਾਦਰ ਅੰਦਰ' = ਮਤਰੇਆ ਭਰਾ, 'ਖ਼ਵਾਰ ਅੰਦਰ' = ਮਤਰੇਈ ਭੈਣ, 'ਮਾਦਰ ਅੰਦਰ' = ਮਤਰੇਈ ਮਾਂ। ਇਹ ਤਾਂ ਦੱਸਣ ਦੀ ਲੋੜ ਨਹੀਂ ਕਿ ਮਤਰੇਆ ਪਤੀ ਜਾਂ ਪਤਨੀ ਨਹੀਂ ਹੋ ਸਕਦੇ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਮਤਰੇਅ ਪਿਉ ਦਾ ਆਪਣੀ ਮਤਰੇਈ ਸੰਤਾਨ ਨਾਲ ਖ਼ੂਨੀ ਰਿਸ਼ਤਾ ਨਾ ਹੋਣ ਕਰਕੇ ਉਹ ਉਨ੍ਹਾਂ ਦੀ ਪਾਲਣ-ਪੋਸ਼ਣ ਵਿੱਚ ਲਾਪਰਵਾਹੀ ਵਰਤਦਾ ਹੋਵੇਗਾ। ਖ਼ੁਦ ਮਾਂ ਵੀ ਆਪਣੇ ਨਵੇਂ ਪਤੀ ਤੋਂ ਆਪਣੇ ਬੱਚਿਆਂ ਪ੍ਰਤੀ ਘਣੇ ਪਿਆਰ ਭਾਵਾਂ ਦੀ ਆਸ ਨਹੀਂ ਰਖਦੀ ਹੋਵੇਗੀ। ਇਸ ਲਈ ਪਤੰਦਰ ਸ਼ਬਦ ਕੋਈ ਸਤਿਕਾਰ ਨਾਲ ਨਹੀਂ ਬੋਲਿਆ ਜਾਂਦਾ, ਇਸ ਵਿਚ ਕੁਝ ਕਟਾਖਸ਼ ਦੀ ਮਿਸ ਹੈ। ਇਹ ਵੀ ਸੱਚ ਹੈ ਕਿ ਦੂਜੇ ਵਿਆਹ ਪਿਛੋਂ ਪਹਿਲੀ ਸੰਤਾਨ ਦੋਵਾਂ ਵੱਲੋਂ ਰੁਲ ਜਾਂਦੀ ਹੈ।

ਪਤੰਦਰ ਦੇ ਸ਼ਾਬਦਿਕ ਅਰਥਾਂ ਬਾਰੇ ਕੁਝ ਸ੍ਰੋਤਾਂ ਵਿੱਚ ਹੋਰ ਤਰ੍ਹਾਂ ਦੇ ਭੰਬਲਭੂਸੇ ਵੀ ਹਨ। ਇਕ ਹਿੰਦੀ ਸ੍ਰੋਤ ਅਨੁਸਾਰ ਇਸ ਦਾ ਮੁਢਲਾ ਫਾਰਸੀ ਰੂਪ ਪਦੰਦਰ ਹੈ ਜਿਸ ਵਿੱਚ ਪਦ ਸ਼ਬਦ ਦਾ ਅਰਥ ਸਥਿਤੀ ਹੈ, ਸੋ ਪਦੰਦਰ ਦਾ ਅਰਥ ਬਣਿਆ 'ਸਥਿਤੀ ਅੰਦਰ ਰਹਿੰਦਿਆਂ, ਕਿਸੇ ਦੇ ਪ੍ਰਭਾਵ ਅਧੀਨ ਰਹਿੰਦਿਆਂ, ਅਨੁਯਾਈ'। ਕਿਆ ਹਾਸੋਹੀਣੀ ਵਿਆਖਿਆ ਹੈ। ਇਕ ਕੋਸ਼ ਵਿੱਚ ਇਹ ਤਾਂ ਠੀਕ ਦੱਸਿਆ ਹੈ ਕਿ ਪਤੰਦਰ ਮਤਰੇਆ ਪਿਉ ਹੈ ਪਰ ਲੇਖਕ ਇਸ ਗੱਲੋਂ ਜਾਣੂ ਨਹੀਂ ਕਿ ਇਸ ਸ਼ਬਦ ਵਿੱਚ ਕਿਹੜਾ ਸ਼ਬਦ ਪਿਤਾ ਦਾ ਅਰਥਾਵਾਂ ਹੈ। ਉਸ ਅਨੁਸਾਰ ਵਿਧਵਾ ਔਰਤ ਘਰ ਦੀ ਪਤ ਘਰ ਅੰਦਰ ਹੀ ਰੱਖਣ ਲਈ ਨੇੜਲੇ ਰਿਸ਼ਤੇ ਵਿੱਚ ਵਿਆਹ ਕਰ ਲੈਂਦੀ ਸੀ। ਸਪੱਸ਼ਟ ਹੈ ਕਿ ਏਥੇ ਪਤੰਦਰ ਵਿਚਲੇ ਅੰਸ਼ 'ਪਤ' ਨੂੰ ਪਿਤਾ ਨਹੀਂ ਬਲਕਿ ਗਲਤ ਤੌਰ 'ਤੇ ਇਜ਼ਤ ਦੇ ਅਰਥਾਂ ਨਾਲ ਜੋੜਿਆ ਗਿਆ ਹੈ। ਇਹ ਵੀ ਸੱਚ ਹੈ ਕਿ ਬਹੁਤ ਸਾਰੇ ਵਿਦਵਾਨ ਪਤੀ ਸ਼ਬਦ ਨੂੰ ਵੀ ਇਜ਼ਤ ਦੇ ਅਰਥਾਂ ਵਾਲੇ ਪਤ ਨਾਲ ਜੋੜਦੇ ਹਨ ਮਤਲਬ ਪਤੀ ਉਹ ਹੈ ਜੋ ਘਰ ਦੀ ਪਤ ਰੱਖਦਾ ਹੋਵੇ। ਦੰਪਤੀ ਵਾਲੇ ਲੇਖ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ। ਕੁਝ ਲੋਕ ਇਸ ਸ਼ਬਦ ਵਿਚ ਦੂਜੇ ਪਤੀ ਜਾਂ ਪਿਤਾ ਦੇ ਭਾਵ ਹੋਣ ਕਾਰਨ ਇਸ ਨੂੰ ਵਰਤਣ ਤੋਂ ਗੁਰੇਜ਼ ਕਰਨ ਲਈ ਆਖਦੇ ਹਨ। ਅਨੇਕਾਂ ਸ਼ਬਦਾਂ ਦੇ ਧੁਰ ਪਿਛੋਕੜ ਵਿੱਚ ਅਜਿਹੇ ਭਾਵ ਮਿਲਦੇ ਹਨ ਜੋ ਅੱਜ ਕਲ੍ਹ ਦੇ ਜੀਵਨ ਮੁੱਲਾਂ ਨਾਲ ਮੇਲ ਨਹੀਂ ਖਾਂਦੇ। ਪਰ ਜੇ ਉਹ ਭਾਵ ਹੁਣ ਭੁੱਲ-ਵਿਸਰ ਗਏ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਇਹ ਸ਼ਬਦ ਵਰਤਣੋਂ ਗੁਰੇਜ਼ ਕਰੀਏ। ਔਰਤ ਸ਼ਬਦ ਵਿੱਚ ਮੁਢਲੇ ਤੌਰ ਤੇ ਨੰਗੇਜ ਦਾ ਭਾਵ ਹੁੰਦਾ ਹੈ ਜੋ ਹੁਣ ਨਹੀਂ ਰਿਹਾ ਪਰ ਇਸ ਕਾਰਨ ਇਸ ਸ਼ਬਦ ਦੀ ਵਰਤੋਂ ਛੱਡ ਨਹੀਂ ਦੇਣੀ ਚਾਹੀਦੀ। ਪਤਨੀ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ ਵਾਇਫ਼ ਦੇ ਵੀ ਪਰਾਚੀਨ ਅਰਥ ਤਵਾਇਫ਼ ਵਾਲੇ ਸਨ।

'ਪਿਦਰ' ਤੇ' ਅੰਦਰ' ਸ਼ਬਦਾਂ ਬਾਰੇ ਸੰਖੇਪ ਚਰਚਾ ਵੀ ਥਾਂ ਸਿਰ ਹੈ। ਦੋਵੇਂ ਸ਼ਬਦ ਭਾਰੋਪੀ ਖਾਸੇ ਵਾਲੇ ਹਨ। ਮਿਸਾਲ ਵਜੋਂ ਪਿਤਾ ਦੇ ਅਰਥਾਂ ਵਾਲੇ ਅੰਗਰੇਜ਼ੀ ਫ਼ਾਦਰ, ਡੱਚ ਵਾਡਰ, ਜਰਮਨ ਫਾਟਰ, ਫਾਰਸੀ ਪਿਦਰ ਸ਼ਬਦ ਸੰਸਕ੍ਰਿਤ ਪਿਤਰ/ਪਿਤਾ ਅਤੇ ਪੰਜਾਬੀ ਪਿਉ ਦੇ ਸਕੇ ਸੋਹਦਰੇ ਹਨ। ਅੰਦਰ ਸ਼ਬਦ, ਜਿਸ ਦਾ ਸੰਸਕ੍ਰਿਤ ਵਲੋਂ ਰੂਪ ਅੰਤਰ ਹੈ ਦੇ ਦੋ ਅਰਥ ਹਨ। 1.ਵਿੱਚ, ਭੀਤਰ, 2. ਹੋਰ, ਦੂਜਾ। ਪਤੰਦਰ/ਪਿਤ੍ਰਅੰਤਰ ਵਿੱਚ ਦੂਜਾ ਅਰਥ ਲਾਗੂ ਹੁੰਦਾ ਹੈ। ਇਹ ਦੋਵੇਂ ਅਰਥ ਕੁਝ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿੱਚ ਵੀ ਹਨ। ਅੰਗਰੇਜ਼ੀ enter, inter, intra, interior ਆਦਿ ਇਸਦੇ ਸਜਾਤੀ ਸ਼ਬਦ ਹਨ। ਇਸ ਬਾਰੇ ਵਿਸ਼ੇਸ਼ ਤੌਰ ਤੇ ਫਿਰ ਲਿਖਿਆ ਜਾਵੇਗਾ। 000

***(ਫੋਨ: +1-734-259-9353 ਈਮੇਲ: baljit_basi@yahoo.com)***

# ਪੰਜਾਬੀ ਬੋਲੀ– ਸੰਕਟ ਤੇ ਸੰਭਾਵਨਾਵਾਂ: ਤੇਜਵੰਤ ਸਿੰਘ ਗਿੱਲ

ਪੰਜਾਬੀ ਸੂਬਾ ਭਾਰਤ ਦੇ ਆਜ਼ਾਦ ਹੋਣ ਤੋਂ ਦੋ ਦਹਾਕੇ ਉਪਰੰਤ ਘੜਿਆ ਗਿਆ ਸੀ। ਇਸ ਵਿਚ ਵੀ ਜੇ ਪੰਜਾਬੀ ਦੇ ਅੱਜ ਅਤੇ ਭਲਕ ਬਾਰੇ ਕਿੰਤੂ-ਪਰੰਤੂ ਉਠਣ ਤਾਂ ਬੜੀ ਅਜੀਬ ਗੱਲ ਲੱਗਦੀ ਹੈ। ਇਕ ਤਾਂ ਕਾਰਨ ਇਹ ਹੋ ਸਕਦਾ ਹੈ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਪੂਰੇ ਦੋ ਦਹਾਕੇ ਮਗਰੋਂ ਪੰਜਾਬੀ ਨੂੰ ਇਹ ਮਾਣ ਮਿਲ ਸਕਿਆ ਜਦ ਕਿ ਦੇਸ਼ ਦੇ ਜਿਨ੍ਹਾਂ ਭਾਗਾਂ ਵਿਚ ਉੱਥੋਂ ਦੀਆਂ ਬੋਲੀਆਂ ਨੂੰ ਇਹ ਮਾਣ ਮਿਲਿਆ, ਉਸ ਵਿਚ ਖਾਸ ਦੇਰੀ ਨਹੀਂ ਹੋਈ ਸੀ। ਏਥੇ ਤਾਂ ਦੇਰੀ ਹੀ ਨਹੀਂ ਸੀ ਹੋਈ ਸਗੋਂ ਜਿਸ ਅਨਿਆਈ ਢੰਗ ਨਾਲ ਸਭ ਕੁੱਝ ਵਾਪਰਿਆ, ਉਹ ਕਿਸੇ ਯੁੱਧ ਤੋਂ ਘੱਟ ਨਹੀਂ ਸੀ। ਉਪਰੋਂ ਤਾਂ ਭਾਵੇਂ ਜੋ ਕੁੱਝ ਵਾਪਰਿਆ, ਉਸ ਨੂੰ ਪੰਜਾਬੀ ਸੂਬੇ ਦੀ ਸਿਰਜਣਾ ਦਾ ਨਾਂ ਦਿੱਤਾ ਗਿਆ। ਅਸਲ ਵਿਚ ਸਿਰਜਣਾ ਹਰਿਆਣਾ ਸੂਬੇ ਦੀ ਹੋਈ ਜਿਸ ਵਿਚ ਉਹ ਸਾਰੇ ਖੇਤਰ ਸ਼ਾਮਲ ਕਰ ਦਿੱਤੇ ਗਏ ਜਿਨ੍ਹਾਂ ਵਿਚ ਪੰਜਾਬੀ ਰੰਗ ਵਿਚ ਰੰਗੀ ਬਾਗੜੀ ਬੋਲੀ ਜਾਂਦੀ ਸੀ। ਹਿੰਦੀ-ਨੁਮਾ ਬਾਗੜੀ ਨੂੰ ਹਰਿਆਣੇ ਦੀ ਸਿਰਜਣਾ ਦਾ ਆਧਾਰ ਮਿਥਣਾ ਯੋਗ ਸੀ। ਪਰ ਪੰਜਾਬੀ ਬੋਲੀ ਦੇ ਰੰਗ ਵਿਚ ਰੰਗੀ ਬਾਗੜੀ ਨੂੰ ਮਤਰੇਈ ਗਰਦਾਨ ਕੇ ਹਿੰਦੀ ਨਾਲ ਜੋੜ ਦੇਣਾ ਅਨਿਆਂ ਸੀ।

ਇਸ ਅਨਿਆਂ ਨੂੰ ਦੁੱਧ ਧੋਤਾ ਦਰਸਾਣ ਲਈ ਇਹ ਕਹਿਣ ਤੋਂ ਵੀ ਗੁਰੇਜ਼ ਨਾ ਕੀਤਾ ਗਿਆ ਕਿ ਪੰਜਾਬੀ ਤਾਂ ਆਪਣੇ ਆਪ ਵਿਚ ਉਪਬੋਲੀ ਸੀ। ਇਸ ਗੱਲ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਕਿ ਪੰਜਾਬੀ ਜਿਸ ਦਾ ਤੇਰ੍ਹਵੀਂ ਸਦੀ ਵਿਚ ਉੱਤਮ ਪ੍ਰਕਾਰ ਦਾ ਲਿਖਤੀ ਰੂਪ ਸਾਹਮਣੇ ਆ ਚੁੱਕਾ ਸੀ, ਕਿਸੇ ਪੱਖੋਂ ਵੀ ਊਣੀ ਨਹੀਂ ਸੀ। ਪਰ ਸਿਤਮ ਤਾਂ ਇਹ ਸੀ ਕਿ ਜਵਾਹਰ ਲਾਲ ਨਹਿਰੂ ਵਰਗਾ ਪ੍ਰਤਿਭਾਵਾਨ ਨੇਤਾ, ਜੋ ਦੇਸ਼ ਦੀਆਂ ਤਾਂ ਕੀ, ਪਰਦੇਸ਼ਾਂ ਦੀਆਂ ਗੁੰਝਲਾਂ ਨੂੰ ਸੁਲਝਾਣ ਦੇ ਯੋਗ ਮੰਨਿਆ ਜਾਂਦਾ ਸੀ, ਉਹ ਵੀ ਉਲਾਰ ਬਿਰਤੀ ਦਾ ਸ਼ਿਕਾਰ ਹੋ ਕੇ ਰਹਿ ਗਿਆ। ਉਸ ਦੇ ਕਹਿਣ ਅਨੁਸਾਰ ਮੂਲ ਰੂਪ ਵਿਚ ਪੰਜਾਬੀ ਉਪਬੋਲੀ ਹੀ ਸੀ ਭਾਵੇਂ ਗੁਰਬਾਣੀ ਇਸ ਦਾ ਅਨਿੱਖੜਵਾਂ ਅੰਗ ਸੀ। ਉਸ ਦੀ ਨਜ਼ਰ ਵਿਚ ਪੰਜਾਬੀ ਵਾਰਾਂ ਆਦਿ ਦੇ ਰੂਪ ਵਿਚ ਜਾਂ ਨਿਮਨ ਸਾਹਿਤ ਰਚਿਆ ਗਿਆ ਜਾਂ ਗੁਰਬਾਣੀ ਦੇ ਰੂਪ ਵਿਚ ਪ੍ਰਾ-ਸਾਹਿਤ ਜਿਸ ਦਾ ਲੋਕਾਂ ਦੇ ਸੁੱਖਾਂ ਦੁੱਖਾਂ ਨਾਲ ਕੋਈ ਨਿਕਟ ਸੰਬੰਧ ਨਹੀਂ ਸੀ। ਨਿਰਸੰਦੇਹ ਉਸ ਦਾ ਇਹ ਵਿਚਾਰ, ਪੰਜਾਬੀ ਦੀ ਤਾਂ ਗੱਲ ਛੱਡੋ, ਦੇਸ਼ ਦੀਆਂ ਹੋਰਾਂ ਬੋਲੀਆਂ ਦੇ ਅਹਿਸਾਸ ਤੋਂ ਕੋਰਾ ਸੀ। ਹੈਰਾਨੀ ਦੀ ਗੱਲ ਨਹੀਂ ਕਿ ਜਿੱਥੇ 'ਭਾਰਤ ਦੀ ਖੋਜ' ਨਾਮੀ ਆਪਣੀ ਵਡਮੁੱਲੀ ਪੁਸਤਕ ਵਿਚ ਉਹ ਪੁਰਾਤਨ ਸਾਹਿਤ ਬਾਰੇ ਪਤੇ ਦੀਆਂ ਗੱਲਾਂ ਕਰਦਾ ਸੀ, ਉੱਥੇ ਮਧਕਾਲੀ ਸਾਹਿਤ ਬਾਰੇ ਉਹ ਚੁੱਪ ਧਾਰੀ ਰੱਖਦਾ ਹੈ। ਗੁਰੂ ਨਾਨਕ ਤੋਂ ਅਣਜਾਣ ਹੋਣਾ ਤਾਂ ਉਸ ਦਾ ਸਮਝਿਆ ਜਾ ਸਕਦਾ ਹੈ ਪਰ ਭਗਤ ਕਬੀਰ ਤੋਂ ਅਣਜਾਣ ਹੋਣਾ ਉਸ ਦਾ ਹੈਰਾਨੀਜਨਕ ਲੱਗਦਾ ਹੈ।

ਇਸ ਦਾ ਭੇਤ ਪਾਉਣ ਖਾਤਰ, ਪੰਜਾਹਵਿਆਂ ਵਿਚ ਜੋ ਉਸ ਦੀ ਅਲੌਕਿਕ ਪ੍ਰਾਪਤੀ ਸੀ, ਉਸ ਦਾ ਸੱਠਵਿਆਂ ਵਿਚ ਜੋ ਉਸ ਨੂੰ ਔਕੜਾਂ ਪੇਸ਼ ਆਈਆਂ, ਉਨ੍ਹਾਂ ਦਾ ਪਰਸਪਰ ਟਾਕਰਾ ਕਰਨਾ ਜ਼ਰੂਰੀ ਬਣ ਜਾਂਦਾ ਹੈ। ਭਾਵੇਂ ਆਰਥਿਕ ਨੀਤੀਆਂ ਸਨ ਜਾਂ ਸਮਾਜਕ ਪਹਿਲਕਦਮੀਆਂ, ਸਭ ਉਸ ਦੀ ਅਗਾਂਹ ਵਧੂ ਸੋਚ ਦਾ ਪ੍ਰਮਾਣ ਸਨ। ਸਭ ਔਕੜਾਂ ਨੂੰ ਪਾਰ ਕਰ ਕੇ ਉਨ੍ਹਾਂ ਤੋਂ ਜਨਤਾ ਨੂੰ ਪੁੱਜਣ ਵਾਲੇ ਲਾਭ ਕਿਸੇ ਤਰ੍ਹਾਂ ਦੇ ਧੁੰਦਲਕੇ ਵਿਚ ਲਿਪਟ ਕੇ ਅਜਾਈਂ ਨਹੀਂ ਹੋ ਨਿਬੜਦੇ ਸਨ। ਸੱਠਵਿਆਂ ਤੋਂ ਅਗਲੇ ਤਿੰਨ ਸਾਢੇ ਤਿੰਨ ਸਾਲ ਪ੍ਰਤੱਖ ਤੌਰ 'ਤੇ ਚੀਨ ਨਾਲ ਬਣੇ ਵੈਰ-ਵਿਰੋਧ ਅਤੇ ਅਪ੍ਰਤੱਖ ਤੌਰ 'ਤੇ ਕਾਂਗਰਸ ਵਿਚੋਂ ਸ਼ਕਤੀਸ਼ਾਲੀ ਵਿਰੋਧ ਕਾਰਨ, ਉਸ ਦਾ ਪਹਿਲਾਂ ਵਾਲਾ ਤਲਿਸਮ ਜੇ ਲੋਪ ਨਾ ਹੋਇਆ ਤਾਂ ਧੁੰਦਲਾ ਜ਼ਰੂਰ ਪੈ ਗਿਆ ਸੀ। ਉਸ ਦੇ ਦਿਹਾਂਤ 'ਤੇ ਸੰਤ ਸਿੰਘ ਸੇਖੋਂ ਨੇ ਅੰਗਰੇਜ਼ੀ

ਵਿਚ ਇਕ ਕਵਿਤਾ ਵੀ ਲਿਖੀ ਸੀ। ਕਵਿਤਾ ਵਿਚ ਜਵਾਹਰ ਲਾਲ ਨਹਿਰੂ ਦੀ ਤੁਲਨਾ ਅਜਿਹੇ ਮਲਾਹ ਨਾਲ ਕੀਤੀ ਗਈ ਸੀ ਜੋ ਦੇਸ਼ ਦੀ ਕਿਸ਼ਤੀ ਨੂੰ ਉਮਡੇ ਤੂਫ਼ਾਨ ਤੋਂ ਬਚਾ ਕੇ ਅਗਾਂਹ ਤੋਰ ਰਿਹਾ ਸੀ। ਉਸ ਦੇ ਦਿਹਾਂਤ ਨਾਲ ਉਸ ਵਰਗਾ ਮਲਾਹ ਲੋਪ ਹੋ ਗਿਆ ਸੀ। ਦੇਸ਼ ਦੀ ਕਿਸ਼ਤੀ ਨਾਲ ਭਵਿਖ ਵਿਚ ਕੀ ਵਾਪਰਨਾ ਸੀ, ਇਸ ਦੀ ਕਲਪਨਾ ਕਰਨੀ ਔਖੀ ਸੀ।

ਸੇਖੋਂ ਹੋਰਾਂ ਦੇ ਉਪਰੋਕਤ ਵਿਚਾਰ ਅਤੇ ਪ੍ਰਭਾਵ ਵਧੇਰੇ ਹੀ ਵਿਯੋਗਮਈ ਸਨ। ਮੂਲ ਕਾਰਨ ਜਵਾਹਰ ਲਾਲ ਨਹਿਰੂ ਦਾ ਸਦਾ ਲਈ ਵਿਦਾ ਹੋ ਜਾਣਾ ਸੀ। ਵਾਸਤਵ ਵਿਚ ਸੇਖੋਂ ਹੋਰੀਂ ਉਸ ਦੀ ਆਲੋਚਨਾ ਕਰਨ ਤੋਂ ਥਿੜਕਦੇ ਨਹੀਂ ਸਨ। ਪੰਜਾਬ ਦੇ ਬੋਲੀ ਦੇ ਆਧਾਰ 'ਤੇ ਪੁਨਰ ਗਠਨ ਵਿਰੁੱਧ ਜੋ ਉਸ ਨੇ ਕਰੜੀ ਤਰ੍ਹਾਂ ਦਾ ਨਿਰਣਾ ਮਨ ਵਿਚ ਧਾਰਿਆ ਹੋਇਆ ਸੀ, ਉਸ ਨੂੰ ਤਾਂ ਸੇਖੋਂ ਹੋਰੀਂ ਬਹੁਤ ਅਯੋਗ ਮੰਨਦੇ ਸਨ। ਉਸੇ ਦੌਰ ਵਿਚ ਤਿੰਨ ਵਾਰ ਉਹ ਪਾਰਲੀਮੈਂਟ ਦੀ ਚੋਣ ਵਿਚ ਉਮੀਦਵਾਰ ਵਜੋਂ ਖੜ੍ਹੇ ਹੋਏ ਸਨ ਅਤੇ ਬੁਰੀ ਤਰ੍ਹਾਂ ਹਾਰੇ ਸਨ। ਜਦੋਂ ਉਨ੍ਹਾਂ ਨੂੰ ਪੁੱਛਿਆ ਜਾਂਦਾ ਕਿ ਜਾਣਦੇ ਹੋਏ ਕਿ ਉਨ੍ਹਾਂ ਬੁਰੀ ਤਰ੍ਹਾਂ ਹਾਰ ਜਾਣਾ ਤਾਂ ਚੋਣਾਂ ਵਿਚ ਉਹ ਕਿਉਂ ਭਾਗ ਲੈਂਦੇ ਸਨ, ਹਰ ਵਾਰ ਉਨ੍ਹਾਂ ਦਾ ਜਵਾਬ ਹੁੰਦਾ ਕਿ ਕੋਈ ਵੀ ਨਹਿਰੂ ਨੂੰ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਲੋੜ ਨੂੰ ਸਮਝਾ ਨਹੀਂ ਸਕਿਆ। ਉਸ ਦੇ ਸਨਮੁੱਖ ਲੋਕ ਸਭਾ ਵਿਚ ਭਾਸ਼ਣ ਦੇ ਕੇ ਉਸ ਨੂੰ ਸਮਝਾਉਣ ਦੀ ਤੀਬਰ ਲੋੜ ਸੀ। ਉਹ ਇਹ ਲੋੜ ਪੂਰੀ ਕਰਨਾ ਚਾਹੁੰਦੇ ਸਨ।

ਅੰਗਰੇਜ਼ੀ ਵਿਚ ਲਿਖੀ ਹੋਈ ਆਪਣੀ ਕਵਿਤਾ ਨੂੰ ਪੰਜਾਬੀ ਵਿਚ ਢਾਲਣ ਦੀ ਸੇਖੋਂ ਹੋਰਾਂ ਲੋੜ ਹੀ ਨਹੀਂ ਸੀ ਸਮਝੀ। ਪੰਜਾਬੀ ਵਿਚ ਢਾਲਣ ਨਾਲ ਇਸ ਦਾ ਇਹ ਲਹਿਜਾ ਬਣਦਾ ਸੀ:

*ਸੂਰਜ ਵਾਂਗ ਸੀ ਉਹ ਜਿਸ ਦੀ ਉਦਾਰਤਾ ਲਈ*
*ਦੋਸਤ ਦੇ ਦੁਸ਼ਮਣ ਵਿਚਕਾਰ ਕੋਈ ਫ਼ਰਕ ਨਹੀਂ ਸੀ*
*ਸਭ ਉਮਡ ਪੈਂਦੇ ਸਨ ਉਸ ਦਾ ਨਿੱਘ ਮਾਣਨ,*
*ਜੋ ਤਿਉਹ ਉਸ ਦੀ ਨਿਗਾਹ ਤੋਂ ਡਲਕਦਾ ਸੀ*
*ਸਭ ਦਿਸ਼ਾਵਾਂ ਵਿਚ ਛੁੱਟਦੇ ਤੀਰਾਂ ਵਾਂਗ*
*ਕਦੇ ਨਹੀਂ ਹੁੰਦੇ ਸਨ ਬੇਤੁਕੇ ਜਾਂ ਬੇਜੋੜ,*
*ਹਰੇਕ ਦਿਲ 'ਤੇ ਸੇਧਿਤ ਹੋਇਆ ਰਹਿੰਦਾ ਸੀ*
*ਉਸ ਦਾ ਨਾਜ਼ੁਕ ਖ਼ਿਆਲ, ਮੋਹਕ ਭਾਵ,*
*ਸਭ ਘੁੱਗ ਵਸਦੇ ਸੀ ਜਹਾਜ਼ ਦੇ ਲੰਗਰ ਵਾਂਗ।*
*ਹੁਣ ਜਦ ਉਹ ਸੂਰਜ ਵਾਂਗ ਛਿਪ ਗਿਆ ਹੈ*
*ਤੇ ਧਰਤੀ 'ਤੇ ਪੱਸਰ ਗਈ ਹੈ ਕਾਲੀ ਰਾਤ,*
*ਅਸੀਂ ਨੇਤਰਹੀਣ ਬੰਦਿਆਂ ਵਾਂਗ*
*ਚਾਨਣ ਦੀ ਭਾਲ ਵਿਚ ਭਟਕ ਰਹੇ ਹਾਂ।*

ਜਵਾਹਰ ਲਾਲ ਨਹਿਰੂ ਦੇ ਦਿਹਾਂਤ ਨੇ ਹਰੇਕ ਪੰਜਾਬ ਵਾਸੀ ਨੂੰ ਸੋਗਵਾਰ ਕੀਤਾ ਕਿਉਂਕਿ ਜਿਸ ਨੇਕ ਦਿਲੀ ਨੇ ਵੰਡ ਕਾਰਨ ਉਜੜੇ ਪੰਜਾਬ ਨੂੰ ਵਸਣਯੋਗ ਬਣਾਇਆ ਗਿਆ ਸੀ, ਉਹ ਉਸ ਦੀ ਰਹਿਮਦਿਲੀ ਦੇ ਨਾਲ ਡਾ. ਮਹਿੰਦਰ ਸਿਘ ਰੰਧਾਵਾ ਵਰਗੇ ਅੰਤਾਂ ਦੇ ਸੁਯੋਗ ਬੰਦਿਆਂ ਦੀ ਘਾਲ ਦਾ ਨਤੀਜਾ ਸੀ। ਇਹ ਵੱਖਰੀ ਗੱਲ ਸੀ ਕਿ ਪੂਰਬੀ ਪੰਜਾਬ ਦੀ ਬੋਲੀ ਦੇ ਆਧਾਰ 'ਤੇ ਜੋ ਨਵ-ਸਿਰਜਣਾ ਜ਼ਰੂਰੀ ਸੀ, ਉਸ ਵਿਚ ਪੰਜਾਬ ਵਾਸੀਆਂ ਦੀਆਂ ਉਮੀਦਾਂ 'ਤੇ ਪੂਰਾ ਉਤਰਨ ਤੋਂ ਉਹ ਖੁੰਝ ਗਿਆ ਸੀ। ਧਰਵਾਸ ਵਾਲੀ ਗੱਲ ਇਹ ਹੋਈ ਕਿ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਦਾ ਗੁਣਾ ਉਸ ਦੇ ਦਿਹਾਂਤ ਉਪਰੰਤ ਲਾਲ ਬਹਾਦਰ ਸ਼ਾਸਤਰੀ ਵਰਗੇ ਨੇਕ ਦਿਲ ਅਤੇ ਨਿਰਛੱਲ ਬੰਦੇ ਦੇ ਹੱਕ ਵਿਚ ਪੈ ਗਿਆ। ਬਿਨਾਂ ਕਿਸੇ ਸੰਕੋਚ ਦੇ ਉਸ ਨੇ ਪੂਰਬੀ ਪੰਜਾਬ ਦੀ ਭਾਸ਼ਾ ਦੇ ਆਧਾਰ 'ਤੇ ਚੱਲ ਰਹੀ, ਪੰਜਾਬੀ ਵਸੋਂ ਵਿਚ ਦੁਫਾੜ ਪਾ ਰਹੀ ਅਤੇ ਹਿੰਦੂ ਭਾਈਚਾਰੇ ਨੂੰ ਪੰਜਾਬੀ ਬੋਲੀ ਅਤੇ ਰਹਿਤਲ ਤੋਂ ਦੂਰ ਕਰ ਰਹੀ ਦੁਰਭਾਵਨਾ ਦੇ ਵਹਾਉ ਅੱਗੇ ਇਕ ਵਾਰ ਤਾਂ ਮੋਂਦਾ ਲਗਾ ਦਿੱਤਾ। ਬੋਲੀ ਦੇ

ਆਧਾਰ ‘ਤੇ ਪੂਰਬੀ ਪੰਜਾਬ ਦੀ ਨਵ-ਸਿਰਜਣਾ ਦੀ ਮੰਗ ਨੇ ਜੋ ਕਲੇਸ਼ ਪੈਦਾ ਕੀਤਾ ਗਿਆ ਸੀ, ਉਸ ਨੂੰ ਖ਼ਤਮ ਕਰਨ ਲਈ ਉਸ ਨੇ ਡੇਢ ਦਹਾਕੇ ਤੋਂ ਨਵ-ਸਿਰਜਣਾ ਦੀ ਜੋ ਮੰਗ ਬੜੇ ਕਲੇਸ਼ ਦਾ ਕਾਰਨ ਬਣ ਗਈ ਸੀ, ਉਸ ਦਾ ਅੰਤ ਦਿਖਾ ਦਿਤਾ। ਜੇ ਉਹ ਜੀਵਤ ਰਹਿੰਦੇ, ਇਸ ਨਿਰਣੇ ਨੂੰ ਅਮਲੀ ਰੂਪ ਦੇਣ ਵਿਚ ਜੋ ਮੰਦ-ਭਾਵਨਾ ਦਾ ਖੇਡ ਖੇਡਿਆ ਗਿਆ, ਉਸ ਤੋਂ ਸ਼ਾਇਦ ਬਚਾਅ ਹੋ ਜਾਂਦਾ।

ਵਾਸਤਵ ਵਿਚ ਸਿਰਜੇ ਜਾਣ ਦੀ ਥਾਂ ਕੱਟ ਵੱਢ ਕੇ ਬਣਾਏ ਗਏ ਪੰਜਾਬੀ ਸੂਬੇ ਲਈ ਉਦਾਰਤਾ ਤਾਂ ਕੀ, ਨਿਆਂ ਦੀ ਆਸ ਰੱਖਣਾ ਵੀ ਸੰਭਵ ਨਾ ਰਿਹਾ। ਜੋ ਭਾਸ਼ਾ ਕਮਿਸ਼ਨ ਬਣੇ, ਉਨ੍ਹਾਂ ਸੁਚੇਤ ਜਾਂ ਅਚੇਤ ਹਰਿਆਣਾ ਵਜੋਂ ਹੋਂਦ ਵਿਚ ਆਏ ਪ੍ਰਾਂਤ ਦੇ ਹਿੱਤਾਂ ਨੂੰ ਸੁਰੱਖਿਅਤ ਹੀ ਨਹੀਂ ਸਗੋਂ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਜ਼ਿੰਮੇਵਾਰੀ ਲੈ ਲਈ। ਉਦੇਸ਼ ਪੰਜਾਬੀ ਸੂਬੇ ਦੇ ਹਿੱਤਾਂ ਦੀ ਨਿਸ਼ਾਨਦੇਹੀ ਕਰਨ ਦੀ ਥਾਂ, ਹਰਿਆਣਾ ਦੇ ਖੇਤਰਫਲ ਵਿਚ ਵਾਧਾ ਕਰਨਾ ਹੋ ਨਿਬੜਿਆ। ਹੈਰਾਨੀ ਦੀ ਗੱਲ ਨਹੀਂ, ਉਹ ਖੇਤਰ ਜਿਨ੍ਹਾਂ ਵਿਚ ਪੰਜਾਬੀ ਦੀ ਉਪਬੋਲੀ ਜਿਸ ਵਿਚ ਹਿੰਦੀ ਦੀ ਮਾੜੀ ਮੋਟੀ ਤਰੰਗ ਵੀ ਉੱਠਦੀ ਸੀ, ਉਸ ਨੂੰ ਗ਼ੈਰ ਮੰਨ ਕੇ ਅਣ-ਪੰਜਾਬੀ ਘੋਸ਼ਿਤ ਕਰਨ ਵਿਚ ਕੋਈ ਢਿੱਲ ਨਾ ਦਿਖਾਈ ਗਈ। ਫਾਜ਼ਿਲਕਾ ਤੋਂ ਚੱਲ ਕੇ ਰਾਜਪੁਰਾ ਅਤੇ ਚੰਡੀਗੜ੍ਹ ਤੱਕ ਜੋ ਮੁੱਖ ਰੂਪ ਵਿਚ ਪੰਜਾਬੀ ਬੋਲਣ ਵਾਲੇ ਵਾਸੀਆਂ ਦਾ ਰਹਿਣ ਸਹਿਣ ਦਰਸਾਂਦਾ ਸੀ, ਉਸ ਨੂੰ ਹਿੰਦੀ ਭਾਸ਼ੀ ਦਰਸਾ ਕੇ ਹਰਿਆਣੇ ਵਿਚ ਸ਼ਾਮਲ ਕਰਨ ਦਾ ਦਾਅਵਾ ਪੇਸ਼ ਕੀਤਾ ਗਿਆ। ਇਹ ਤਾਂ ਪਤਾ ਨਹੀਂ ਕਿਵੇਂ ਨਵੀਂ-ਨਵੀਂ ਪ੍ਰਧਾਨ ਮੰਤਰੀ ਬਣੀ ਮਿਸਜ਼ ਇੰਦਰਾ ਗਾਂਧੀ ਨੂੰ ਵੀ ਅਯੋਗ ਲੱਗਿਆ ਕਿ ਉਸ ਨੇ ਅੱਧ-ਪਚੱਧ ਰੂਪ ਵਿਚ ਹੀ ਇਸ ਦਾਅਵੇ ਨੂੰ ਮੰਨਣ ਤੋਂ ਸੰਕੋਚ ਕਰ ਲਿਆ। ਨਾਲ ਹੀ ਪਰ ਚੰਡੀਗੜ੍ਹ ਜੋ ਪੰਜਾਬੀ ਸੂਬੇ ਦੀ ਹਰੇਕ ਪੱਖੋਂ ਯੋਗ ਰਾਜਧਾਨੀ ਬਣਨਾ ਸੀ, ਉਸ ਨੂੰ ਸਾਂਝਾ ਸ਼ਹਿਰ ਦਰਸਾ ਕੇ ਵਾਦ-ਵਿਵਾਦ ਦਾ ਕਦੇ ਵੀ ਨਾ ਸੁਲਝੇ ਜਾਣ ਜਾਂ ਸੁਲਝਾਏ ਜਾਣ ਦਾ ਕੇਂਦਰ ਬਣਾ ਦਿੱਤਾ।

ਹਰਿਆਣੇ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਪੰਜਾਬੀ ਸੂਬੇ ਨਾਲ ਉਲਝਾ ਕੇ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਜੋ ਇਲਾਕਾਈ ਤੁਅੱਸਬ ਅਤੇ ਮਜ਼ਹਬੀ ਕੱਟੜਤਾ ਦਾ ਵਾਤਾਵਰਨ ਪ੍ਰੋਢ ਹੋ ਚੁੱਕਾ ਸੀ, ਉਸ ਨੂੰ ਇਹ ਪੈਂਤੜਾ ਲਾਹੇਵੰਦ ਬੈਠਦਾ ਸੀ। ਪੰਜਾਬ ਵਿਚੋਂ ਕੱਢ ਕੇ ਜੋ ਹਰਿਆਣਾ ਹੋਂਦ ਵਿਚ ਆਇਆ ਸੀ, ਉਸ ਦਾ ਰੌਸ਼ਨ ਭਵਿੱਖ ਤਾਂ ਉਨ੍ਹਾਂ ਇਲਾਕਿਆਂ ਨੂੰ ਆਪਣੇ ਵਿਚ ਸ਼ਾਮਲ ਕਰਨ ਨਾਲ ਬਣਦਾ ਸੀ ਜਿਹੜੇ ਹਰੇਕ ਪੱਖੋਂ, ਭੂਗੋਲਕ ਤੌਰ ’ਤੇ ਹੀ ਨਹੀਂ, ਸਭਿਆਚਾਰਕ ਤੌਰ ’ਤੇ ਹਰਿਆਣਵੀ ਵਸੋਂ ਲਈ ਓਪਰੇ ਨਹੀਂ ਸੀ। ਮਹਾਂ-ਹਰਿਆਣਾ ਦਾ ਖੁਆਬ ਜੋ ਪੰਜਾਬ ਵਿਚੋਂ ਕੱਢ ਕੇ ਯੋਗ ਅਯੋਗ ਰੂਪ ਵਿਚ ਹੋਂਦ ਵਿਚ ਆ ਗਿਆ ਸੀ, ਪੰਜਾਬੀ ਸੂਬੇ ਨਾਲ ਟਕਰਾਅ ਵਿਚ ਆ ਕੇ ਆਪਣੇ ਅੱਜ ਤੇ ਭਲਕ ਨੂੰ ਖ਼ੁਸ਼ਹਾਲ ਨਹੀਂ ਬਣਾ ਸਕਦਾ ਸੀ। ਇਸ ਲਈ ਖ਼ੁਸ਼ਹਾਲੀ ਦਾ ਰਾਹ ਤਾਂ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਤੋਂ ਆਪਣੇ ਇਲਾਕੇ ਲੈਣ ਵਿਚ ਨਿਹਿਤ ਸੀ ਜਿਸ ਤੋਂ ਵਰਗਲਾਣ ਲਈ ਇਨ੍ਹਾਂ ਪ੍ਰਾਂਤਾਂ ਦੀਆਂ ਸਰਕਾਰਾਂ ਹੀ ਨਹੀਂ, ਕੇਂਦਰ ਦੀ ਸਰਕਾਰ ਵੀ ਤਤਪਰ ਰਹਿੰਦੀ ਸੀ। ਪੰਜਾਬੀ ਸੂਬੇ ਨਾਲ ਉਲਝਾ ਦੇਣਾ ਉਹ ਪੈਂਤੜਾ ਸੀ ਜੋ ਕੇਂਦਰ ਦੀ ਸਰਕਾਰ ਲਈ ਹੀ ਨਹੀਂ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਸਰਕਾਰਾਂ ਨੂੰ ਬਹੁਤ ਹੀ ਮੁਆਫਕ ਬੈਠਦਾ ਸੀ।

ਪੰਜਾਬੀ ਬੋਲੀ ਦੇ ਨਾਂ ’ਤੇ ਪੰਜਾਬ ਦੀ ਪੰਜਾਬੀ ਸੂਬੇ ਵਜੋਂ ਨਵ-ਸਿਰਜਣਾ ਪ੍ਰਾਂਤ ਦੇ ਵਾਸੀਆਂ ਨੂੰ ਬਹੁਤ ਆਸਾਂ ਅਤੇ ਉਮੀਦਾਂ ਦੇ ਸੁਪਨੇ ਜਗਾਂਦਾ ਸੀ। ਇਹ ਸੁਪਨੇ ਇਤਿਹਾਸ ਦੇ ਕੁੱਲ ਦੌਰ ਵਿਚ ਪੰਜਾਬ ਵਾਸੀਆਂ ਦੇ ਹਿੱਸੇ ਨਹੀਂ ਆਏ ਸਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਇਸ ਪ੍ਰਾਪਤੀ ਤੋਂ ਖੁੰਝ ਗਿਆ ਸੀ। ਸ਼ਾਹ ਮੁਹੰਮਦ ਦੇ ਕਹਿਣ ਅਨੁਸਾਰ, ਉਸ ਦੇ ਰਾਜ ਵਿਚ ਸਿੱਖ, ਹਿੰਦੂ ਅਤੇ ਮੁਸਲਮਾਨ, ਆਪੋ-ਆਪਣੀ ਮਜ਼ਹਬੀ ਪਛਾਣ ਤੋਂ ਪਾਰ ਜਾ ਕੇ ਆਪਣੀ ਸਾਂਝੀ ਵਿਰਾਸਤ ਦਾ ਅਹਿਸਾਸ ਜ਼ਰੂਰ ਮਾਣਨ ਲੱਗ ਪਏ ਸਨ। ਇਹ ਅਹਿਸਾਸ ਉਨ੍ਹਾਂ ਨੂੰ ਪੰਜਾਬੀਅਤ ਅਤੇ ਖਾਸ ਕਰਕੇ ਇਸ ਦੇ ਮਨਮੋਹਕ ਆਕਾਰ ਜੋ ਪੰਜਾਬੀ ਬੋਲੀ, ਸਾਹਿਤ ਅਤੇ ਕਾਵਿ ਨਾਲ ਜੋੜ

ਸਕਦਾ ਸੀ, ਉਸ ਤੋਂ ਉਹ ਵਿਹੂਣੇ ਰਹਿ ਗਏ ਸਨ। ਕੁਝ ਭਾਈਚਾਰਕ, ਕੁਝ ਮਜ਼ਹਬੀ ਅਤੇ ਕੁਝ ਧਾਰਮਿਕ ਅਹਿਸਾਸ ਹੀ ਸੀ ਜੋ ਜੋੜਦਾ ਵੀ ਤੇ ਨਿਖੇੜਦਾ ਵੀ ਸੀ। ਫਾਰਸੀ ਦੇ ਸਰਕਾਰੀ ਕਾਰ ਵਿਹਾਰ ਦਾ ਵਾਹਣ ਹੋਣ ਕਰਕੇ ਉਨ੍ਹਾਂ ਦਾ ਆਪਣੀ ਮਾਤ ਬੋਲੀ ਦੇ ਮਿਠਾਸ ਨੂੰ ਮਾਨਣਾ, ਇਸ ਦੀ ਸ਼ਬਦਾਵਲੀ ਅਤੇ ਵਿਆਕਰਣ ਨੂੰ ਚਿੰਤਨ ਅਤੇ ਆਤਮ-ਚਿੰਤਨ ਦਾ ਮਾਧਿਅਮ ਬਣਾਉਣਾ ਉਨ੍ਹਾਂ ਨੂੰ ਨਸੀਬ ਹੀ ਨਹੀਂ ਹੁੰਦਾ ਸੀ।

ਇਹ ਸਿਖਰ ਸੀ ਜਿੱਥੇ ਪੰਜਾਬ ਵਾਸੀਆਂ ਦੀ ਚੇਤਨਾ ਪਹੁੰਚ ਸਕੀ। ਇਸ ਤੋਂ ਅਗਲੇ ਪੜਾਅ ਦਾ ਸੁਪਨਾ ਹੀ ਲਿਆ ਜਾ ਸਕਦਾ ਸੀ। ਦੁੱਖ ਦੀ ਗੱਲ ਇਹ ਸੀ ਕਿ ਇਹ ਸੁਪਨਾ ਵੀ ਪੰਜਾਬ ਵਾਸੀਆਂ ਦੇ ਭਾਗਾਂ ਵਿਚ ਨਹੀਂ ਸੀ। ਜੋ ਲਿਆ ਗਿਆ, ਉਹ ਬੁਰਾ ਸੁਪਨਾ ਤਾਂ ਨਹੀਂ ਸੀ ਪਰ ਓਪਰਾ ਜ਼ਰੂਰ ਸੀ ਜਿਸ ਨੇ ਜੋ ਪੰਜਾਬੀ ਹੋਣ ਦਾ ਅਹਿਸਾਸ ਉਗਮਣ ਲੱਗਿਆ ਸੀ, ਉਸ ਨੂੰ ਜੇ ਮਲੀਆਮੇਟ ਨਾ ਵੀ ਕੀਤਾ ਹੋਵੇ, ਉਸ ਨੂੰ ਮਧੋਲ ਕੇ ਰੱਖ ਦਿੱਤਾ। ਇਹ ਸੀ ਸਕੂਲੀ ਸਿੱਖਿਆ ਦਾ ਆਗਮਣ ਜਿਸ ਨਾਲ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਲਈ ਭਿੰਨ-ਭਿੰਨ ਮਾਧਿਅਮ ਨਿਸ਼ਚਿਤ ਹੋ ਗਏ। ਹਿੰਦੂਆਂ ਲਈ ਦੇਵਨਾਗਰੀ ਅੱਖਰਾਂ ਵਿਚ ਹਿੰਦੀ, ਮੁਸਲਮਾਨਾਂ ਲਈ ਸ਼ਾਹਮੁਖੀ ਅੱਖਰਾਂ ਵਿਚ ਉਰਦੂ ਅਤੇ ਸਿੱਖਾਂ ਲਈ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਪੜ੍ਹਨਾ ਰਵਾਇਤ ਹੋ ਨਿਬੜਿਆ। ਇਸ ਰਵਾਇਤ ਨੂੰ ਉਲੰਘਣਾ ਅਸੰਭਵ ਨਹੀਂ ਤਾਂ ਦੁਸ਼ਵਾਰ ਜ਼ਰੂਰ ਸੀ।

ਮੰਨਿਆ ਗਿਆ ਕਿ ਉਹ ਏਕਤਾ ਜੋ ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਪਲਮਦੀ ਦੇਖੀ ਸੀ, ਉਸ ਨੂੰ ਖਤਮ ਕਰਨ ਦਾ ਇਹ ਅਨੋਖਾ ਢੰਗ ਸੀ। ਦੇਖਣ ਨੂੰ ਤਾਂ ਇਸ ਦਾ ਮੰਤਵ ਵਿਦਿਅਕ ਸੀ ਪਰ ਰਾਜਸੀ ਮੰਤਵ ਜੇ ਪ੍ਰਤੱਖ ਨਹੀਂ ਤਾਂ ਭਾਵਹੀਣ ਵੀ ਨਹੀਂ ਸੀ। ਵੀਹਵੀਂ ਸਦੀ ਵਿਚ ਆ ਕੇ ਇਹ ਪ੍ਰਤੱਖ ਹੀ ਨਹੀਂ, ਭਾਵ-ਵਾਚਕ ਵੀ ਸਿੱਧ ਹੋ ਗਿਆ, ਜੋ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਵੱਖ-ਵੱਖ ਸਕੂਲ ਅਤੇ ਕਾਲਿਜ ਸਥਾਪਤ ਹੋ ਗਏ। ਇਨ੍ਹਾਂ ਵਿਚ ਸੰਬੰਧਤ ਭਾਈਚਾਰੇ ਦੇ ਵਿਦਿਆਰਥੀ ਹੀ ਬਹੁਤ ਕਰ ਕੇ ਦਾਖਲ ਹੁੰਦੇ ਸਨ। ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਸਕੂਲ ਜਾਂ ਕਾਲਿਜ ਵਿਚ ਦਾਖਲਾ ਲੈਣ ਦੀ ਮਨਾਹੀ ਨਹੀਂ ਸੀ। ਪਰ ਇਸ ਖੁੱਲ੍ਹ ਨੂੰ ਮਾਨਣ ਤੋਂ ਇਨਕਾਰੀ ਕਦੇ ਨਹੀਂ ਸੀ ਪਰੰਤੂ ਸੰਕੋਚਵਾਨ ਜ਼ਰੂਰ ਸੀ। ਇਹ ਸੰਕੋਚ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਖਾਸ ਤੌਰ ’ਤੇ ਕਲਾਵੇ ਵਿਚ ਲੈਂਦਾ ਸੀ। ਹਿੰਦੂ ਅਤੇ ਮੁਸਲਿਮ ਭਾਈਚਾਰਿਆਂ ਵੱਲੋਂ ਚਲਾਏ ਜਾਂਦੇ ਸਕੂਲਾਂ ਅਤੇ ਕਾਲਿਜਾਂ ਵਿਚ ਪੰਜਾਬੀ ਬੋਲੀ ਅਤੇ ਸਾਹਿਤ ਦੀ ਪੜ੍ਹਾਈ ਦੀ ਕੋਈ ਪ੍ਰਥਾ ਨਹੀਂ ਸੀ। ਉਹਨਾਂ ਵਿਚ ਪੜ੍ਹਾਉਣ ਵਾਲੇ ਕੁਝ ਪ੍ਰੋਫੈਸਰ ਸਾਹਿਤਕ ਮੇਲਜੋਲ ਦੇ ਹਾਮੀ ਜ਼ਰੂਰ ਸਨ। ਸੰਤ ਸਿੰਘ ਸੇਖੋਂ ਅਤੇ ਫ਼ੈਜ਼ ਅਹਿਮਦ ਫ਼ੈਜ਼ ਨਿੱਘੇ ਮਿੱਤਰ ਸਨ। ਸੇਖੋਂ ਦੀਆਂ ਇਕਾਂਗੀਆਂ ਦੇ ਸੰਗ੍ਰਹਿ ‘ਛੇ ਘਰ’ ਦਾ ਦੀਬਾਚਾ (ਮੁੱਖ ਬੰਦ) ਮੁਹੰਮਦ ਤਾਸੀਰ ਨੇ ਲਿਖਿਆ ਸੀ ਜੋ ਇਸਲਾਮੀਆ ਕਾਲਿਜ ਅੰਮ੍ਰਿਤਸਰ ਦਾ ਪ੍ਰਿੰਸੀਪਲ ਸੀ। ਲਾਹੌਰ ਵਸੇਬਾ ਕਰ ਕੇ ਜਦ ਸੇਖੋਂ ਨੇ Northern Review ਨਾਂ ਦਾ ਪਰਚਾ ਕੱਢਿਆ ਤਾਂ ਕ੍ਰਿਸ਼ਨ ਚੰਦਰ ਉਸ ਦਾ ਸਹਿ-ਸੰਪਾਦਕ ਹੁੰਦਾ ਸੀ। ਇਸ ਮੇਲ-ਮਿਲਾਪ ਦੀ ਸੀਮਾ ਪ੍ਰਤੱਖ ਸੀ। ਸੇਖੋਂ ਦੇ ਇਨ੍ਹਾਂ ਸਹਿਯੋਗੀਆਂ ਅਤੇ ਮਿੱਤਰਾਂ ਵਿਚੋਂ ਕੋਈ ਵੀ ਪੰਜਾਬੀ ਨੂੰ ਮਾਤ ਭਾਸ਼ਾ ਮੰਨਣ ਲਈ ਤਿਆਰ ਨਹੀਂ ਸੀ। ਇਹ ਵੱਖਰੀ ਗੱਲ ਸੀ ਕਿ ਕੋਈ ਧਾਰਮਿਕ ਜਾਂ ਸੰਪਰਦਾਇਕ ਪ੍ਰਤੀਭਾਵ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਹੋੜਦਾ ਵੀ ਨਹੀਂ ਸੀ। ਜਿਵੇਂ ਉਰਦੂ ਉੱਤਰ ਪ੍ਰਦੇਸ਼ ਦੇ ਸ਼ਹਿਰੀ ਵਾਤਾਵਰਣ ਵਿਚ ਮਹਿਫਲਾਂ ਅਤੇ ਗਵੱਈਆਂ ਰਾਹੀਂ ਫੌਜੀ ਛਾਉਣੀਆਂ ਆਦਿ ਵਿਚ ਮਨਭਾਉਂਦਾ ਮਾਧਿਅਮ ਬਣ ਕੇ ਪਾਕਿਸਤਾਨ ਵਿਚ ਸਰਕਾਰੀ ਬੋਲੀ ਬਣਨ ਵਿਚ ਸਫਲ ਹੋ ਗਿਆ, ਇਸ ਤੋਂ ਉਨ੍ਹਾਂ ਨੂੰ ਨਾ ਕੋਈ ਹੈਰਾਨੀ ਤੇ ਨਾ ਹੀ ਕੋਈ ਗਿਲਾਨੀ ਹੁੰਦੀ ਸੀ। ਆਪਣੇ ਆਪ ਹੀ ਇਹ ਵਰਤਾਰਾ ਵਰਤ ਗਿਆ ਸੀ। ਭਾਵੇਂ ਪੰਜਾਬੀ ਨੂੰ ਇਸ ਸਥਾਨ ਤੇ ਸਵੈਮਾਨ ਤੋਂ ਵਿਰਵਾ ਰੱਖਣ ਲਈ ਕੂੜ ਪ੍ਰਚਾਰ ਦਾ ਸਹਾਰਾ ਲਿਆ ਗਿਆ।

ਇਸ ਕੂੜ ਪ੍ਰਚਾਰ ਦੀ ਜੋ ਹੱਦ ਪੂਰਬੀ ਪੰਜਾਬ ਵਿਚ ਵਰਤੀ, ਉਸ ਦੀ ਤਾਂ ਕਲਪਨਾ ਅਸੰਭਵ

ਨਹੀਂ ਤਾਂ ਕਠਨ ਜ਼ਰੂਰ ਸੀ। ਅਜਿਹੇ ਦੋਖੀ ਵਾਤਾਵਰਣ ਵਿਚ, ਜਲੂਸਾਂ ਅਤੇ ਮੁਜ਼ਾਹਰਿਆਂ ਤੋਂ ਹਟ ਕੇ ਜੋ ਕਰਤੱਵ ਬੁੱਧੀਵਰਗ ਨੇ ਨਿਭਾਇਆ, ਉਸ ਦੀ ਕਦਰ ਕਰਨੀ ਜ਼ਰੂਰ ਬਣਦੀ ਸੀ। ਇਸ ਬੁੱਧੀਵਰਗ ਵਿਚ ਜੇ ਪ੍ਰੋਫੈਸਰ ਅਤਰ ਸਿੰਘ ਸਭ ਤੋਂ ਨੈਤਿਕ ਵਿਚਾਰਧਾਰਾ ਦੇ ਹਾਮੀ ਸਨ ਤਾਂ ਡਾ. ਵਿਸ਼ਵਾ ਨਾਥ ਤਿਵਾੜੀ ਆਦਿ ਇਸ ਨੂੰ ਲੋਕ ਬੋਧ ਦਾ ਅਹਿਮ ਭਾਗ ਸਿੱਧ ਕਰਨ ਵਾਲੇ ਵੀ ਸਨ। ਸਭ ਦੀ ਘਾਲਣਾ ਸਦਕਾ ਹੀ ਸੀ ਕਿ ਪੰਜਾਬੀ ਸੂਬੇ ਦਾ ਨਿਰਮਾਣ ਹੋ ਸਕਿਆ ਸੀ।

ਕੀ ਇਸ ਉਪਰੰਤ ਕੁੱਲ ਕਲੇਸ਼ ਖ਼ਤਮ ਹੋ ਗਿਆ, ਇਹ ਸਵੀਕਾਰ ਕਰਨਾ ਘੋਰ ਭੁਲਾਵੇ ਦੇ ਵਸ ਪੈਣ ਵਾਲੀ ਗੱਲ ਸੀ। ਜੇ ਬਾਹਰੋਂ ਵਿਰੋਧ ਪੰਜਾਬੀ ਬੋਲੀ ਦੇ ਆਧਾਰ 'ਤੇ ਪ੍ਰਾਂਤ ਦੇ ਨਿਰਮਾਣ ਦੀ ਗੱਲ ਸੀ ਤਾਂ ਇਸ ਦੇ ਐਲਾਨ ਉਪਰੰਤ ਹੋਰ ਔਕੜਾਂ ਸਿਰ ਉਠਾਣ ਲੱਗ ਪਈਆਂ ਸਨ ਜਿਨ੍ਹਾਂ ਦਾ ਮੰਤਵ ਇਸ ਦੇ ਨਿਰਮਾਣ ਨੂੰ ਖੋਖਲਾ ਸਿੱਧ ਕਰਨਾ ਸੀ। ਸਭ ਤੋਂ ਦੁਰਗਮ ਔਕੜ ਤਾਂ ਸਰਕਾਰੀ ਅਫਸਰਾਂ ਵੱਲੋਂ ਵਿਅਕਤ ਕੀਤੀ ਜਾ ਰਹੀ ਸੀ। ਉਨ੍ਹਾਂ ਦਾ ਮੂਕ ਜਿਹਾ ਦਾਅਵਾ ਸੀ ਕਿ ਜਿਸ ਸ਼ਬਦਾਵਲੀ ਵਿਚ ਸਰਕਾਰੀ ਆਦੇਸ਼ ਪੇਸ਼ ਕੀਤੇ ਜਾਂਦੇ ਸਨ, ਉਨ੍ਹਾਂ ਲਈ ਯੋਗ ਸ਼ੈਲੀ ਅਤੇ ਸ਼ਬਦਾਵਲੀ ਅੰਗਰੇਜ਼ੀ ਦੀ ਹੋ ਸਕਦੀ ਸੀ। ਪੰਜਾਬੀ ਵਿਚ ਉਨ੍ਹਾਂ ਨੂੰ ਪੇਸ਼ ਕਰਨਾ ਯੋਗ ਨਹੀਂ ਸੀ। ਉਹ ਵਿੱਥ ਜੋ ਅੰਗਰੇਜ਼ੀ ਸ਼ਬਦਾਵਲੀ ਉੱਚੇ ਅਤੇ ਨੀਵੇਂ ਵਿਚਕਾਰ ਬਣਾ ਸਕਦੀ ਸੀ, ਉਹ ਪੰਜਾਬੀ ਵਿਚ ਬਣਾਉਣੀ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਸੀ। ਸੁਝਾਅ ਦੇ ਰੂਪ ਵਿਚ ਉਨ੍ਹਾਂ ਦਾ ਆਦੇਸ਼ ਸੀ ਕਿ ਸਰਕਾਰੀ ਕੰਮਕਾਜ ਅੰਗਰੇਜ਼ੀ ਬੋਲੀ ਵਿਚ ਹੀ ਚਲਦੇ ਰਹਿਣਾ ਚਾਹੀਦਾ ਸੀ।

ਇਸ ਦੇ ਸਮਵਿੱਥ ਹੀ ਸਿੱਖਿਆ ਸ਼ਾਸਤਰੀਆਂ, ਖਾਸ ਕਰ ਕੇ ਵਿਗਿਆਨ ਦੇ ਵਿਸ਼ਿਆਂ ਨਾਲ ਵਾਸਤਾ ਰੱਖਣ ਵਾਲਿਆਂ ਦਾ ਦਾਅਵਾ ਸੀ ਕਿ ਸਿੱਖਿਆ, ਖਾਸ ਤੌਰ 'ਤੇ ਵਿਗਿਆਨ ਦੇ ਵਿਸ਼ਿਆਂ ਨੂੰ ਸਿਖਿਆਰਥੀਆਂ ਦੇ ਦਿਮਾਗਾਂ ਵਿਚ ਬਿਠਾਉਣ ਲਈ ਅੰਗਰੇਜ਼ੀ ਵਿਚ ਹੀ ਸਮਰੱਥ ਅਤੇ ਯੋਗ ਹੰਭਲਾ ਕਾਰਗਰ ਹੋ ਸਕਦਾ ਸੀ। ਵਾਸਤਵਿਕ ਸਥਿਤੀ ਵਿਚ ਉਨ੍ਹਾਂ ਦੇ ਦਾਅਵੇ ਦੇ ਅਸਲ ਨੂੰ ਅੱਖੋਂ ਪਰੋਖੇ ਨਹੀਂ ਸੀ ਕੀਤਾ ਜਾ ਸਕਦਾ। ਇਸ ਦਾ ਇਹ ਕਦਾਚਿਤ ਭਾਵ ਨਹੀਂ ਸੀ ਬਣਦਾ ਕਿ ਇਸ ਮਜਬੂਰੀ ਨੂੰ ਸਦੀਵੀ ਅਵਸਰ ਮੰਨ ਲਿਆ ਜਾਵੇ। ਵਿਗਿਆਨਕ ਸੰਕਲਪਾਂ ਦਾ ਪੰਜਾਬੀ ਵਿਚ ਬਦਲ ਨਹੀਂ ਸੀ ਤਾਂ ਅਨੁਵਾਦ ਲੋੜੀਂਦਾ ਸੀ ਜਿਸ ਲਈ ਅਨੁਵਾਦ ਤੋਂ ਪਾਰ ਉਨ੍ਹਾਂ ਦਾ ਘੜਿਆ ਜਾਣਾ ਅਨਿਵਾਰੀ ਸੀ। ਨਿਸਚੇ ਹੀ ਇਹ ਜੋਖ਼ਮ ਵਾਲਾ ਹੀ ਨਹੀਂ ਸਗੋਂ ਗਿਆਨ ਵਾਲਾ ਕੰਮ ਸੀ ਜਿਸ ਤੋਂ ਕਤਰਾਉਣ ਨੂੰ ਇਤਰਾਜ਼ਯੋਗ ਨਹੀਂ ਸੀ ਸਮਝਿਆ ਜਾਂਦਾ। ਇਸ ਸੰਦਰਭ ਵਿਚ ਲਕੀਰ ਦੇ ਫ਼ਕੀਰ ਹੋਣ ਨੂੰ ਐਨਾ ਯੋਗ ਮੰਨਿਆ ਜਾਂਦਾ ਸੀ ਕਿ ਬਦਲਾਵ ਦੀ ਭੋਰਾ ਭਰ ਖੇਚਲ ਨੂੰ ਵੀ ਕੁਫਰ ਮੰਨਿਆ ਜਾਂਦਾ ਸੀ। ਆਪਣੀ ਰਚਨਾ 'ਮੇਰਾ ਨਾਟਕੀ ਅਨੁਭਵ' ਵਿਚ ਸੇਖੋਂ ਨੇ ਇਸ ਦੀ ਜੋ ਉਦਾਹਰਣ ਦਿੱਤੀ ਹੈ, ਉਹ ਪੂਰੀ ਤਰ੍ਹਾਂ ਨਿਰਾਸ਼ਾਮਈ ਹੈ। ਵਿਦਿਆਥੀਆਂ ਤੋਂ ਚੱਲ ਕੇ ਪ੍ਰੌਢ ਬੰਦੇ ਜਦ ਛੁੱਟੀ ਲਈ ਪੰਜਾਬੀ ਵਿਚ ਅਰਜ਼ੀ ਲਿਖਦੇ ਹਨ ਤਾਂ ਅੰਤ ਵਿਚ 'ਆਪ ਜੀ ਦਾ ਆਗਿਆਕਾਰ' ਪਾ ਕੇ ਦਸਤਖ਼ਤ ਕਰ ਦਿੰਦੇ ਹਨ। ਵਾਸਤਵ ਇਹ ਲਫਜ਼ ਉਨ੍ਹਾਂ ਨੂੰ ਆਗਿਆ ਲੈਣ ਵਾਲਿਆਂ ਦੀ ਥਾਂ ਦੇਣ ਵਾਲੇ ਸਿੱਧ ਕਰ ਦਿੰਦਾ ਹੈ, ਕਲਾਕਾਰ, ਸਾਹਿਤਕਾਰ ਆਦਿ ਵਾਂਗ ਜੋ ਕਲਾ ਅਤੇ ਸਾਹਿਤ ਦੇ ਕਰਤਾਵਾਚਕ ਸਿੱਧ ਹੋ ਜਾਂਦੇ ਹਨ। ਕਰਮਵਾਚਕ ਸਿੱਧ ਕਰਨ ਲਈ ਯੋਗ ਸ਼ਬਦ 'ਆਗਿਆ ਪਾਲਕ' ਹੈ ਜਿਸ ਦੀ ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਕਈ ਵਾਰ ਵਰਤੋਂ ਕੀਤੀ ਹੈ।

ਇਸ ਪਰਿਸਥਿਤੀ ਵਿਚ ਜਦ ਨਵੀਂ ਸ਼ਬਦਾਵਲੀ ਘੜਨ ਦੀ ਘੋਰ ਲੋੜ ਸੀ ਤਾਂ ਕੁੱਝ ਵਿਦਵਾਨਾਂ ਜਿਨ੍ਹਾਂ ਵਿਚ ਪ੍ਰੋਫੈਸਰ ਗੁਲਵੰਤ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ, ਵਿਦਿਆ ਭਾਸਕਰ ਅਰੁਣ ਅਤੇ ਅਤਰ ਸਿੰਘ ਨੇ ਸੰਤ ਸਿੰਘ ਸੇਖੋਂ ਦੀ ਦੇਖ ਰੇਖ ਹੇਠ ਕਮੇਟੀ ਬਣਾਈ। ਇਸ ਨੇ ਬਦਲ ਚੁੱਕੀ ਬੌਧਿਕ ਅਤੇ ਵਿਦਿਅਕ ਪਰਿਸਥਿਤੀ ਦੀਆਂ ਲੋੜਾਂ ਨੂੰ ਭਲੀਭਾਂਤ ਭਾਂਪਦਿਆਂ ਨਵੀਂ ਸ਼ਬਦਾਵਲੀ ਘੜਨ ਦਾ ਬੀੜਾ ਚੁੱਕਿਆ। ਇਸ ਦੇ ਸਨਮੁੱਖ ਸੀ ਗੁਰੂ ਨਾਨਕ ਵਲੋਂ ਆਪਣਾਈ ਵਿਧੀ ਜਿਸ ਅਨੁਸਾਰ ਸ਼ਬਦਾਂ ਦੇ ਅਰਥ, ਜੋੜ, ਸੁਰ ਆਦਿ ਨੂੰ ਪਰਿਸਥਿਤੀਆਂ ਦੇ ਸਨਮੁੱਖ ਹੋਣ ਖਾਤਰ ਬਦਲਿਆ ਜਾ ਸਕਦਾ ਸੀ। ਨਤੀਜੇ ਵਜੋਂ ਹਜ਼ਾਰਾਂ ਸ਼ਬਦ ਪਾਲੀ, ਸੰਸਕ੍ਰਿਤ, ਅਰਬੀ, ਫਾਰਸੀ

ਆਦਿ ਤੋਂ ਬਦਲਵੀਆਂ ਸੁਰਾਂ, ਸ਼ਬਦ ਜੋੜਾਂ ਅਤੇ ਭਾਵ ਅਰਥਾਂ ਆਦਿ ਨੂੰ ਕਲਾਵੇ ਵਿਚ ਲੈ ਕੇ ਪੰਜਾਬੀ ਭੰਡਾਰ ਦਾ ਰਚਵਾਂ ਅੰਗ ਬਣ ਗਏ ਸਨ। ਉਪਰੋਕਤ ਕਮੇਟੀ ਨੇ ਇਹੋ ਟੀਚਾ ਅਪਣਾਉਣ ਦਾ ਬੀੜਾ ਚੁੱਕਿਆ ਸੀ। ਪਰ ਰਾਜਸੀ ਹਾਲਾਤ ਐਨੇ ਪ੍ਰਤੀਕੂਲ ਹੋ ਨਿਬੜੇ ਸਨ ਕਿ ਅਜਿਹੇ ਸੰਜੀਦਾ ਅਤੇ ਗੰਭੀਰ ਕਾਰਜ ਨੂੰ ਤੋੜ ਤਾਂ ਕੀ ਲਿਜਾਣਾ ਸੀ, ਚੱਲਦੇ ਰੱਖਣਾ ਵੀ ਨਾਮੁਮਕਿਨ ਹੋ ਗਿਆ ਸੀ। ਨਤੀਜੇ ਵਜੋਂ ਉਪਰੋਕਤ ਵਿਦਵਾਨਾਂ ਲਈ ਮਿਲ ਜੁੜ ਕੇ ਇਸ ਸੰਜੀਦਾ ਕਾਰਜ ਨੂੰ ਜਾਰੀ ਰੱਖਣਾ ਸੰਭਵ ਨਾ ਰਿਹਾ। ਉਂਝ ਜਾਤੀ ਸਮਰੱਥਾ ਅਨੁਸਾਰ ਉਹ ਇਸ ਕਾਰਜ ਵਿਚ ਲੱਗੇ ਰਹੇ ਜੋ ਉਨ੍ਹਾਂ ਦੀਆਂ ਸਿਰਜਣਾਤਮਕ ਅਤੇ ਬੌਧਿਕ ਰਚਨਾਵਾਂ ਵਿਚ ਨਮੂਦਾਰ ਹੁੰਦਾ ਰਿਹਾ। ਮਿਸ਼ਨ ਵਜੋਂ ਜਿਵੇਂ ਇਸ ਨੇ ਨੇਪਰੇ ਚੜ੍ਹਨਾ ਸੀ, ਉਸ ਨੂੰ ਪ੍ਰਤੱਖ ਕਰਨ ਤੋਂ ਉਨ੍ਹਾਂ ਦੀ ਘਾਲਣਾ ਖੁੰਝ ਗਈ।

ਗੱਲ ਕੀ ਪਰਿਸਥਿਤੀ ਦੇ ਸੁਧਰਨ ਨਾਲੋਂ ਵਿਗੜਨ ਦੀ ਸੰਭਾਵਨਾ ਵਧੇਰੇ ਜ਼ੋਰ ਪਕੜ ਗਈ। ਸਰਕਾਰੀ ਸਕੂਲ, ਜਿਨ੍ਹਾਂ ਵਿਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ ਗਈ ਸੀ, ਫੰਡਾਂ ਦੀ ਘਾਟ ਦਾ ਸ਼ਿਕਾਰ ਹੋ ਕੇ ਰਹਿ ਗਏ। ਪ੍ਰਾਈਵੇਟ ਸਕੂਲ ਜੋ ਸਰਮਾਏਦਾਰਾਂ ਵੱਲੋਂ ਦਿੱਤੀ ਮਾਇਆ ਸਹਾਰੇ ਚੱਲਦੇ ਸਨ, ਉਨ੍ਹਾਂ ਵਿਚ ਅੰਗਰੇਜ਼ੀ ਲਾਜ਼ਮੀ ਵਿਸ਼ਾ ਬਣੀ ਰਹੀ। ਕਈ ਸਕੂਲਾਂ ਵਿਚ ਤਾਂ ਪੰਜਾਬੀ ਵਿਚ ਗੱਲਬਾਤ ਦੀ ਮਨਾਹੀ ਹੋ ਗਈ। ਨਤੀਜੇ ਵਜੋਂ ਸਰਦੇ ਪੁੱਜਦੇ ਪਰਿਵਾਰਾਂ ਦੇ ਬੱਚੇ ਪਿੰਡਾਂ ਤੋਂ ਸ਼ਹਿਰਾਂ ਵਿਚ ਅੰਗਰੇਜ਼ੀ ਸਕੂਲਾਂ ਵਿਚ ਦਾਖ਼ਲ ਹੋਣ ਨੂੰ ਸੁਭਾਗ ਸਮਝਣ ਲੱਗੇ। ਜਿਵੇਂ ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਤੋਂ ਭਲੀਭਾਂਤ ਪ੍ਰਤੱਖ ਹੋ ਜਾਂਦਾ ਹੈ, ਪ੍ਰਵਾਸੀ ਪਰਿਵਾਰਾਂ ਦੇ ਬੱਚੇ ਜੋ ਮਿਹਨਤ ਮਜ਼ਦੂਰੀ ਕਰਨ ਗ਼ਰੀਬ ਮਾਂ ਪਿਉ ਨਾਲ ਉੜੀਸਾ ਅਤੇ ਬਿਹਾਰ ਤੋਂ ਨਾਲ ਆਏ ਸਨ, ਉਹੀ ਪੰਜਾਬੀ ਦੀ ਪੜ੍ਹਾਈ ਕਰਨ ਵਾਲੇ ਸਕੂਲਾਂ ਵਿਚ ਪੜ੍ਹਨ ਲਈ ਰਹਿ ਗਏ। ਕੁੱਝ ਦੇਰ ਅਫ਼ਵਾਹਾਂ ਵਜੋਂ ਪ੍ਰਚੱਲਤ ਹੋਏ ਪਰ ਅੰਤ ਨੂੰ ਸੱਚ ਸਿੱਧ ਤੱਥਾਂ ਮੁਤਾਬਕ ਉਨ੍ਹਾਂ ਪਰਿਵਾਰਾਂ ਦੇ ਬੱਚੇ ਜਿਨ੍ਹਾਂ ਪੰਜਾਬੀ ਨੂੰ ਸਨਮਾਨਯੋਗ ਸਥਾਨ ਥਾਂ ਦਿਵਾਉਣ ਵਿਚ ਘਾਲਣਾ ਘਾਲੀ ਸੀ, ਕਈ ਤਰ੍ਹਾਂ ਦੇ ਦੁੱਖ ਵੀ ਸਹੇੜੇ ਸਨ, ਉਹ ਵੀ ਆਪਣਿਆਂ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਭੇਜਣ ਲੱਗ ਪਏ। ਆਪਣੇ ਕਾਰਜਾਂ ਨੂੰ ਦੋਸ਼ ਮੁਕਤ ਸਿੱਧ ਕਰਨ ਲਈ ਉਹ ਖੁੱਲਮ ਖੁੱਲ੍ਹਾ ਇਹ ਕਹਿਣ ਲੱਗ ਪਏ ਕਿ ਸਰਕਾਰੀ ਸਕੂਲਾਂ ਵਿਚ ਨਾ ਅਧਿਆਪਕ ਸਕੂਲ ਵੜਦੇ ਹਨ ਅਤੇ ਨਾ ਬੱਚਿਆਂ ਨੂੰ ਪੜ੍ਹਾਈ ਕਰਵਾਉਂਦੇ ਹਨ। ਸੱਚੀ ਗੱਲ ਤਾਂ ਉਨ੍ਹਾਂ ਅਨੁਸਾਰ ਇਹ ਸੀ ਕਿ ਨਾ ਤਾਂ ਉਹ ਖ਼ੁਦ ਪੜ੍ਹੇ ਹੋਏ ਹੁੰਦੇ ਹਨ ਅਤੇ ਨਾ ਕਿਸੇ ਨੂੰ ਪੜ੍ਹਾ ਸਕਦੇ ਹਨ। ਇਸ ਪਰਿਸਥਿਤੀ ਵਿਚ ਪੰਜਾਬ ਸਰਕਾਰ ਨੂੰ ਕੀ ਮਿਹਣਾ ਦਿੱਤਾ ਜਾਂ ਸਕਦਾ ਸੀ, ਜੇ ਉਹ ਅੰਗਰੇਜ਼ੀ ਪੜ੍ਹਾਉਣ ਵਾਲੇ ਸਕੂਲਾਂ ਨੂੰ ਤਰਜੀਹ ਦੇਣ ਲੱਗ ਪਈ। ਨਤੀਜੇ ਵਜੋਂ ਪੰਜਾਬੀ ਪੜ੍ਹਾਉਣ ਵਾਲੇ ਸਕੂਲਾਂ ਦਾ ਹਾਲ ਬਦ ਤੋਂ ਬਦਤਰ ਹੁੰਦਾ ਚਲਿਆ ਗਿਆ। ਕਰਾਮਾਤ ਹੀ ਸਮਝੋ ਕਿ ਉਨ੍ਹਾਂ ਨੂੰ ਤਾਲੇ ਨਾ ਲੱਗੇ, ਜੇ ਲੱਗ ਵੀ ਜਾਣ ਤਾਂ ਕੋਈ ਅਨੋਖੀ ਗੱਲ ਨਹੀਂ ਹੋਵੇਗੀ।

ਜੇ ਇਸ ਤਰ੍ਹਾਂ ਹੋ ਜਾਂਦਾ ਹੈ ਤਾਂ ਸਭ ਲਈ ਬੜੀ ਪ੍ਰਤੀਕੂਲ ਸਥਿਤੀ ਬਣ ਜਾਵੇਗੀ। ਇਸ ਤੋਂ ਬਚਾਅ ਦਾ ਜੋ ਰਾਹ ਆਪਣੇ ਆਪ ਨਿਕਲ ਆਇਆ ਹੈ, ਉਹ ਪੰਜਾਬੀ ਬੋਲੀ ਨੂੰ ਲੋਪ ਕਰਨ ਵੱਲ ਉਲਰੀ ਹੋਈ ਤਾਂ ਨਹੀਂ ਲੱਗਦੀ। ਜੋ ਪਰਿਸਥਿਤੀ ਬਣ ਗਈ ਹੈ, ਉਹ ਨਾ ਪੰਜਾਬੀ ਬੋਲੀ ਲਈ ਸੁਖਾਵੀਂ ਹੈ ਅਤੇ ਨਾ ਕੇਂਦਰੀ ਭਾਰਤ ਤੋਂ ਆ ਕੇ ਵਸੇਵਾ ਕਰ ਰਹੇ ਗ਼ੈਰ-ਪੰਜਾਬੀਆਂ ਲਈ, ਜੋ ਪੰਜਾਬ ਵਿਚ ਖੇਤੀਬਾੜੀ ਚੱਲਦੀ ਰੱਖਣ ਲਈ ਏਥੋਂ ਦੇ ਮੂਲ ਵਾਸੀਆਂ ਲਈ ਵਧੇਰੇ ਕਾਰਗਰ ਸਿੱਧ ਹੋ ਰਹੇ ਹਨ। ਉੱਤਰ ਪ੍ਰਦੇਸ਼, ਬਿਹਾਰ ਅਤੇ ਉੜੀਸਾ ਆਦਿ ਤੋਂ ਆ ਕੇ ਉਨ੍ਹਾਂ ਪੰਜਾਬ ਵਿਚ ਖੇਤੀਬਾੜੀ ਨੂੰ ਖਾਸ ਕਰ ਕੇ ਅਤੇ ਹੋਰ ਕਿੱਤਿਆਂ ਨੂੰ ਆਮ ਕਰ ਕੇ ਢੋਈ ਬਖ਼ਸ਼ੀ ਹੈ। ਉਹ ਆਪਣੀਆਂ ਪ੍ਰਾਂਤਕ ਬੋਲੀਆਂ, ਟੁੱਟੇ ਫੁੱਟੇ ਰੂਪ ਵਿਚ ਹੀ ਭਾਵੇਂ ਨਾਲ ਲੈ ਕੇ ਆਏ ਹਨ, ਜਦੋਂ ਪੰਜਾਬ ਦੇ ਮੂਲ ਵਾਸੀਆਂ ਨਾਲ ਉਨ੍ਹਾਂ ਦੀ ਗੱਲਬਾਤ ਹੁੰਦੀ ਹੈ ਤਾਂ ਉਨ੍ਹਾਂ ਨੂੰ ਮਜਬੂਰੀ ਵਸ ਆਪਣੀ ਬੋਲੀ ਵਿਚ ਪੰਜਾਬੀ ਸ਼ਬਦ ਘਸੋੜ ਕੇ ਗੱਲ ਕਰਨੀ ਪੈਂਦੀ ਹੈ। ਪੰਜਾਬੀ ਬੋਲਣ ਵਾਲੇ, ਕਈ ਵਾਰੀ ਮਜਬੂਰੀ ਵਸ ਪਰ ਬਹੁਤ ਵਾਰ ਦਿਖਾਵੇ ਵਜੋਂ ਉਨ੍ਹਾਂ ਨਾਲ ਜੋ ਗੱਲਬਾਤ ਕਰਦੇ ਹਨ, ਉਸ ਵਿਚ

ਉਨ੍ਹਾਂ ਦੀ ਬੋਲੀ ਦੇ ਲਫਜ਼ ਘੁਸੇੜ ਦਿੰਦੇ ਹਨ। ਗੱਲ ਕੀ, ਬੇਰੜੀ ਜਿਹੀ ਗੱਲਬਾਤ ਚੱਲ ਪੈਂਦੀ ਹੈ ਜਿਸ ਨਾਲ ਮੰਤਵ ਤਾਂ ਹੱਲ ਹੋ ਜਾਂਦਾ ਹੈ ਪਰੰਤੂ ਪੰਜਾਬੀ ਬੋਲੀ ਦਾ ਜੋ ਜਲੂਸ ਨਿਕਲਦਾ, ਉਹ ਉਪਰੋਂ ਉਪਰੋਂ ਤਾਂ ਠੱਠੇ ਦਾ ਕਾਰਜ ਹੁੰਦਾ ਹੈ। ਪੰਜਾਬੀ ਸ਼ਬਦਾਂ ਦੇ ਉਚਾਰ ਵਿਹਾਰ, ਸੁਰ ਅਤੇ ਲੈਅ ਨਾਲ ਜੋ ਅਨਿਆਂ ਵਰਤਦਾ ਹੈ, ਉਹ ਬਾਹਰੋਂ ਹਾਸੇ ਪਰ ਅੰਦਰੋਂ ਤਰਸ ਦਾ ਕਾਰਨ ਹੋ ਨਿਬੜਦਾ ਹੈ। ਜੇ ਨੀਝ ਨਾਲ ਦੇਖਿਆ ਜਾਵੇ ਤਾਂ ਜੋ ਸੁਰਾਂ ਉਤਪੰਨ ਹੁੰਦੀਆਂ ਹਨ, ਉਹ ਗੂੰਗਿਆਂ, ਬੋਲ਼ਿਆਂ, ਭਮੱਤਰੇ ਹੋਏ ਬੰਦਿਆਂ ਦੀਆਂ ਮਿੰਨਤਾਂ, ਚੀਖਾਂ ਅਤੇ ਘੁਸਰ-ਮੁਸਰ ਨੂੰ ਅਰਪਿਤ ਆਵਾਜ਼ਾਂ ਲੱਗਣ ਲੱਗ ਪੈਂਦੀਆਂ ਹਨ।

ਇਹ ਭਾਣਾ ਵਰਤਿਆ ਤਾਂ ਨਹੀਂ ਪਰ ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ, ਇਸ ਦੇ ਨੇੜੇ ਦੇ ਨਹੀਂ ਤਾਂ ਦੂਰ ਦੇ ਭਵਿੱਖ ਵਿਚ ਵਰਤ ਜਾਣ ਨੂੰ ਰੋਕਿਆ ਨਹੀਂ ਜਾ ਸਕੇਗਾ। ਉਂਝ ਤਾਂ ਅਨੇਕ ਬੋਲੀਆਂ ਨਾਲ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿਚ ਇਹ ਭਾਣਾ ਵਰਤਦਾ ਰਿਹਾ ਹੈ। ਜਿਸ ਨੂੰ ਸਭ ਤੋਂ ਹੌਲਨਾਕ ਮੰਨਿਆ ਜਾਂਦਾ ਹੈ, ਉਹ ਸੀ ਜੋ ਹੈਬਰੀਊ ਭਾਸ਼ਾ ਨਾਲ ਵਰਤਿਆ ਜਿਸ ਨੂੰ ਬੋਲਣ ਵਾਲੇ ਢਾਈ ਕੁ ਹਜ਼ਾਰ ਸਾਲ ਪਹਿਲਾਂ ਮੱਧ ਯੂਰਪ ਤੋਂ ਮੱਧ ਏਸ਼ੀਆ ਵੱਲ ਵਧ ਰਹੀ ਸ਼ਾਹੀ ਧਿੰਗੋਜ਼ੋਰੀ ਅੱਗੇ ਬੇਬਸ ਮਹਿਸੂਸ ਕਰ ਕੇ ਉਤਰੀ ਯੂਰਪ ਦੇ ਦੇਸ਼ਾਂ ਵੱਲ ਨਿਕਲਣ ਲੱਗ ਪਏ ਸਨ। ਸੁਖੀ ਵਸਦੇ ਉਨ੍ਹਾਂ ਦੇਸ਼ਾਂ ਦੇ ਵਸਨੀਕਾਂ ਵਿਚ ਦੁਖਿਆਰੇ ਜਿਨ੍ਹਾਂ ਨੇ ਬਚਾਉ ਖ਼ਾਤਰ ਅਨੇਕ ਯੋਗ ਆਯੋਗ ਪੈਂਤੜੇ ਅਪਣਾਏ ਸਨ, ਮਿਲ ਜੁਲ ਕੇ ਰਹਿਣ ਨੂੰ ਤਿਆਰ ਨਾ ਹੋ ਸਕੇ। ਜਿਨ੍ਹਾਂ ਦੁੱਖਾਂ ਵਿਚੋਂ ਉਹ ਲੰਘ ਕੇ ਆਏ ਸਨ, ਉਨ੍ਹਾਂ ਦੇ ਅਨੁਭਵ ਅਤੇ ਅਹਿਸਾਸ ਨੇ ਉਨ੍ਹਾਂ ਨੂੰ ਵੱਖਵਾਦੀ ਅਹਿਸਾਸ ਭੋਗਣ ਵਿਚ ਨਿਪੁੰਨ ਬਣਾ ਦਿਤਾ। ਇਹ ਵੱਖਵਾਦੀ ਨਿਪੁੰਨਤਾ ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀਆਂ ਨੂੰ ਬਹੁਤ ਚੁਭਦੀ ਸੀ। ਦੂਰੀ ਇੱਥੋਂ ਤਕ ਵਧ ਗਈ ਕਿ ਹੈਬਰੀਊ ਵਿਚ ਕਾਰ ਵਿਹਾਰ ਕਰਨਾ ਖ਼ੁਦ ਉਨ੍ਹਾਂ ਨੂੰ ਅਣ-ਉਚਿਤ ਲੱਗਣ ਲੱਗ ਪਿਆ। ਵਿੰਗੀ ਟੇਢੀ ਸ਼ਬਦਾਵਲੀ ਵਾਲੀ ਬੋਲੀ ਨੂੰ ਵਰਤੋਂ ਵਿਹਾਰ ਵਿਚ ਲਿਆਉਣਾ ਉਨ੍ਹਾਂ ਨੂੰ ਸੁਭਾਵਕ ਲੱਗਣ ਲੱਗ ਪਿਆ। ਮੂਲ ਰੂਪ ਵਿਚ ਇਹ ਬੋਲਚਾਲ ਦੀ ਬੋਲੀ ਸੀ ਅਤੇ ਉਹ ਸਾਰੇ ਵਿੰਗ ਵਲੇਵੇਂ ਇਸ ਵਿਚ ਰਚ ਮਿਚ ਗਏ। ਇਸ ਦੀ ਵਰਤੋਂ ਐਨੀ ਆਮ ਹੋ ਗਈ ਕਿ ਉਹ ਸਦੀਆਂ ਪੁਰਾਣੀ ਮੂਲ ਬੋਲੀ ਹੈਬਰੀਊ ਭੁੱਲਣ ਲੱਗ ਪਏ। ਕਾਰਨ ਇਹ ਸੀ ਜੋ ਕਾਰ ਵਿਹਾਰ ਵਾਲੀ ਬੋਲੀ ਸੀ, ਉਹੀ ਉਨ੍ਹਾਂ ਨੂੰ ਰਾਸ ਆਉਣ ਲੱਗ ਪਈ। ਜੇ ਵਾਲਟਰ ਬੈਂਜਾਮਿਨ ਵਰਗੇ ਅਲੌਕਿਕ ਪ੍ਰਤਿਭਾ ਵਾਲੇ ਯਹੂਦੀ ਨੂੰ ਹੈਬਰੀਊ ਵਿਚੋਂ ਕਿਸੇ ਅੰਤਰਦ੍ਰਿਸ਼ਟੀ ਦੀ ਲੋੜ ਪੈਂਦੀ ਸੀ ਤਾਂ ਪਹਿਲਾਂ ਖ਼ਾਸ ਤਰੱਦਦ ਕਰ ਕੇ ਸਦੀਆਂ ਪੁਰਾਣੀ ਆਪਣੀ ਮੂਲ ਬੋਲੀ ਸਿਖਣੀ ਪੈਂਦੀ ਸੀ।

ਪੰਜਾਬੀ ਨਾਲ ਵੀ ਇਹ ਭਾਵੀ ਵਰਤੇਗੀ, ਇਹ ਖਦਸ਼ਾ ਨਿਰਮੂਲ ਨਹੀਂ ਜਾਪਦਾ। ਨਾਲ ਹੀ ਜਦੋਂ ਇਹ ਪਤਾ ਚਲਦਾ ਹੈ ਕਿ ਜਿਸ ਖੇਤਰ ਵਿਚ ਹੈਬਰੀਊ ਦਾ ਜਨਮ ਹੋਇਆ, ਉਸ ਵਿਚ ਨਿਵਾਸ ਕਰ ਕੇ, ਉਦਾਲੇ ਦੀਆਂ ਬੋਲੀਆਂ ਅਰਬੀ ਅਤੇ ਮੱਧ ਏਸ਼ੀਆ ਦੀਆਂ ਸਥਾਨਕ ਬੋਲੀਆਂ ਨਾਲ ਨਾਤਾ ਜੋੜ ਕੇ ਹੈਬਰੀਊ ਫੇਰ ਵਿਕਾਸ ਦੇ ਰਾਹ 'ਤੇ ਪੈ ਗਈ ਹੈ ਤਾਂ ਪੰਜਾਬੀ ਦੇ ਰੌਸ਼ਨ ਭਵਿੱਖ ਦੀ ਆਸ ਪ੍ਰਬਲ ਹੋਣ ਲੱਗ ਪੈਂਦੀ ਹੈ। ਕਮਾਲ ਦੀ ਗੱਲ ਇਹ ਹੈ, ਜਿਨ੍ਹਾਂ ਉਦਾਲੇ ਦੀਆਂ ਬੋਲੀਆਂ ਵਿਚ ਵਾਪਸੀ ਕਰ ਕੇ ਹੈਬਰੀਊ ਦੁਬਾਰਾ ਨੌਂ-ਬਰ-ਨੌਂ ਹੋਈ ਹੈ, ਇਸ ਦੇ ਦੇਸ਼ ਇਜ਼ਰਾਈਲ ਦੀ ਸਰਕਾਰ, ਉਨ੍ਹਾਂ ਦੇਸ਼ਾਂ ਦੀ ਵੈਰੀ ਹੈ ਅਤੇ ਹਰ ਹੀਲੇ ਉਨ੍ਹਾਂ ਦੇ ਵਾਸੀਆਂ ਨੂੰ ਬੇਹਾਲ ਕਰਨ 'ਤੇ ਤੁਲੀ ਹੋਈ ਹੈ। ਪੰਜਾਬੀ ਲੇਖਕਾਂ, ਜਿੱਥੇ ਵੀ ਉਹ ਵਸੇ ਹੋਏ ਹਨ, ਲਈ ਇਹ ਸਬਕ ਹੈ ਜਿਸ ਨੂੰ ਕਿਸੇ ਸੂਰਤ ਵਿਚ ਵੀ ਭੁੱਲਣਾ ਨਹੀਂ ਚਾਹੀਦਾ। 000

*(5200/3 ਮਾਡਰਨ ਹਾਊਸਿੰਗ ਕੰਪਲੈਕਸ, ਮਨੀ ਮਾਜਰਾ, ਚੰਡੀਗੜ੍ਹ*
*ਫੋਨ: +91-98150-86016)*

# ਪੇਸ਼ਕਾਰੀ ਦਾ ਹੁਨਰ ਅਤੇ ਅਦਬ: ਕੁਲਦੀਪ ਸਿੰਘ ਦੀਪ

ਕਿਸੇ ਭਾਸ਼ਾ ਦੇ ਬੁਨਿਆਦੀ ਤੌਰ ‘ਤੇ ਦੋ ਹੁਨਰ ਹੁੰਦੇ ਹਨ: ਬੋਲਣਾ ਤੇ ਸੁਣਨਾ। ਵਿਆਕਰਣਕ ਤੌਰ ‘ਤੇ ਇਸ ਨੂੰ ਫਸਟ ਪਰਸਨ ਅਤੇ ਸੈਕਿੰਡ ਪਰਸਨ ਦੇ ਤੌਰ ‘ਤੇ ਪਰਿਭਾਸ਼ਤ ਕੀਤਾ ਜਾਂਦਾ ਹੈ। ਜੋ ਬੋਲਦਾ ਹੈ, ਉਹ ਫਸਟ ਪਰਸਨ ਹੈ ਅਤੇ ਜੋ ਸੁਣਦਾ ਹੈ, ਉਹ ਸੈਕਿੰਡ ਪਰਸਨ ਹੈ। ਇਹਨਾਂ ਦੋਹਾਂ ਪਰਸਨਾਂ ਵਿਚ ਆਪਸੀ ਸੰਚਾਰ ਹੀ ਭਾਸ਼ਾ ਦਾ ਮਕਸਦ ਹੈ। ਭਾਸ਼ਾ ਕੁਦਰਤੀ ਵਰਤਾਰਾ ਨਹੀਂ, ਸਮਾਜਕ ਵਰਤਾਰਾ ਹੈ ਅਤੇ ਮਨੁੱਖ ਦੇ ਸਮਾਜਕ ਬਣਨ ਦੇ ਅਮਲ ਦੇ ਨਾਲ ਹੀ ਹੋਂਦ ਵਿਚ ਆਇਆ ਹੈ। ਜਦ ਤੋਂ ਮਨੁੱਖ ਨੇ ਮਨੁੱਖ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ, ਤਦ ਤੋਂ ਹੀ ਮਨੁੱਖ ਨੇ ਆਪਣੇ ਸਰੀਰਕ ਅੰਗਾਂ ਦੇ ਇਸ਼ਾਰਿਆਂ ਦੇ ਰੂਪ ਵਿਚ ਅਤੇ ਗਲ਼ੇ ਵਿਚੋਂ ਨਿਕਲਣ ਵਾਲੀਆਂ ਆਵਾਜ਼ਾਂ ਦੀ ਖਾਸ ਸੰਕੇਤਾਂ ਦੇ ਰੂਪ ਵਿਚ ਕੋਡਿੰਗ ਕਰਨ ਦੀ ਕੋਸ਼ਿਸ਼ ਕੀਤੀ। ਇਸ ਵਿਚੋਂ ਸੰਕੇਤ ਭਾਸ਼ਾ ਅਤੇ ਬੋਲ ਆਧਾਰਤ ਮੌਖਿਕ ਭਾਸ਼ਾ ਦਾ ਵਿਸ਼ਾਲ ਨੈੱਟਵਰਕ ਉੱਸਰਿਆ। ਸਦੀਆਂ ਤਕ ਮਨੁੱਖ ਇਹਨਾਂ ਦੋਹਾਂ ਹੁਨਰਾਂ (ਸੰਕੇਤ ਭਾਸ਼ਾ ਅਤੇ ਬੋਲ ਭਾਸ਼ਾ) ਦੇ ਹੁਨਰ ਰਾਹੀਂ ਆਪਸੀ ਸੰਵਾਦ ਰਚਾਉਂਦਾ ਰਿਹਾ। ਫੇਰ ਜਦ ਬੋਲ ਭਾਸ਼ਾ ਨੂੰ ਹਮੇਸ਼ਾ ਲਈ ਸਾਂਭਣ ਤੇ ਸੁਰੱਖਿਅਤ ਕਰਨ ਦਾ ਖਿਆਲ ਉਸ ਦੇ ਮਨ ਵਿਚ ਆਇਆ ਤਾਂ ਉਸ ਨੇ ਇਸ ਦਾ ‘ਰਿਕਾਰਡ ਕੋਡ’ ਬਣਾਉਣ ਦੀ ਕੋਸ਼ਿਸ਼ ਆਰੰਭੀ। ਇਹ ਸਾਂਭਣ ਦੇ ਖ਼ਿਆਲ ਦੇ ਕਈ ਆਧਾਰ ਸਨ:

1. ‘ਬੋਲ ਭਾਸ਼ਾ’ ਦੀ ਹਵਾ ਵਿਚ ਉੱਡ ਜਾਣ ਦੀ ਸੀਮਾ
2. ਮਨੁੱਖ ਦੀ ਯਾਦਾਸ਼ਤ ਦੀ ਸੀਮਾ
3. ਦੂਜੇ ਮਨੁੱਖ ਦੁਆਰਾ ਪ੍ਰਾਪਤ ਗਿਆਨ ਨੂੰ ਸਾਂਭ ਕੇ ਵਾਰ ਵਾਰ ਵਰਤਣ ਦੀ ਲਾਲਸਾ
4. ਖ਼ੂਬਸੂਰਤ, ਸਿਰਜਣਾਤਮਕ ਤੇ ਕਲਾਤਮਕ ਮੌਖਿਕ ਟੁਕੜੀਆਂ (ਗੀਤ, ਕਵਿਤਾਵਾਂ ਆਦਿ) ਨੂੰ ਸਦੀਆਂ ਤਕ ਸਾਂਭਣ ਦੀ ਲਾਲਸਾ
5. ਕਿਸੇ ਦੇ ਕਹੇ ਸ਼ਬਦਾਂ ਨੂੰ ਗਵਾਹੀ ਦੇ ਰੂਪ ਵਿਚ ਕਿਤੇ ਹੋਰ ਵਰਤਣ ਦੀ ਲੋੜ ਤਾਂ ਜੁ ਉਹ ਆਪਣੇ ਸ਼ਬਦਾਂ ਤੋਂ ਮੁੱਕਰ ਨਾ ਸਕੇ
6. ਬੋਲੇ ਹੋਏ ਔਖੇ ਅਤੇ ਜਟਿਲ ਸੰਕਲਪਾਂ ਨੂੰ ਬਾਅਦ ਵਿਚ ਆਰਾਮ ਨਾਲ ਮੁੜ-ਮੁੜ ਸਮਝਣ ਅਤੇ ਪਰਿਭਾਸ਼ਤ ਕਰਨ ਦੀ ਚੇਸ਼ਟਾ
7. ਸਿਰਜਣਾ ਦੀ ਪ੍ਰਕਿਰਿਆ ਵਿਚ ਟੁਕੜਿਆਂ ਜਾਂ ਭਾਗਾਂ ਦੇ ਰੂਪ ਵਿਚ ਲਿਖਣ ਲਈ ਪਿਛਲੇ ਟੁਕੜੇ ਜਾਂ ਭਾਗ ਨੂੰ ਸਾਂਭਣ ਦੀ ਲੋੜ ਵਿਚ, ਤਾਂ ਜੋ ਕੁਝ ਰਹਿ ਨਾ ਜਾਵੇ।

ਇਹਨਾਂ ਸਾਰੀਆਂ ਲਾਲਸਾਵਾਂ ਅਤੇ ਲੋੜਾਂ ਵਿਚੋਂ ਭਾਸ਼ਾ ਦੇ ਦੋ ਹੋਰ ਹੁਨਰ ਵਿਕਸਤ ਹੋਏ। ਬੋਲਣ ਦੇ ਨਾਲ ਲਿਖਣ ਅਤੇ ਸੁਣਨ ਦੇ ਨਾਲ ਪੜ੍ਹਨ ਦਾ ਹੁਨਰ ਸ਼ਾਮਿਲ ਹੋ ਗਿਆ ਅਤੇ ਬੁਨਿਆਦੀ ਰੂਪ ਵਿਚ ਭਾਸ਼ਾ ਦੇ ਚਾਰ ਹੁਨਰ ਬਣ ਗਏ:

ਬੋਲਣਾ, ਸੁਣਨਾ, ਪੜ੍ਹਨਾ ਤੇ ਲਿਖਣਾ

ਬੇਸ਼ੱਕ ਭਾਸ਼ਾ ਦੇ ਇਹਨਾਂ ਚਾਰ ਹੁਨਰਾਂ ਨੂੰ ਹੀ ਬੁਨਿਆਦੀ ਹੁਨਰਾਂ ਦੇ ਰੂਪ ਵਿਚ ਸਵੀਕਾਰ ਕਰ ਲਿਆ ਗਿਆ। ਪਰ ਅੱਜ ਵੀ ਇਹਨਾਂ ਵਿਚ ਦੋ ਹੁਨਰ (ਬੋਲਣਾ ਅਤੇ ਸੁਣਨਾ) ਹੀ ਮੂਲ ਹਨ। ਜਦੋਂ ਅਸੀਂ ਕਿਸੇ ਬੰਦੇ ਨੂੰ ਅਨਪੜ੍ਹ ਆਖਦੇ ਹਾਂ ਤਾਂ ਅਸੀਂ ਦੋ ਹੁਨਰਾਂ (ਲਿਖਣ ਅਤੇ ਪੜ੍ਹਨ) ਦੀ ਸਮਰੱਥਾ ਨਾ ਹੋਣ ਕਰਕੇ ਆਖਦੇ ਹਾਂ। ਜੋ ਮਨੁੱਖ ਇਸ ਸਮਾਜ ਵਿਚ ਆਇਆ ਹੈ ਅਤੇ ਦਿਮਾਗ਼ੀ ਅਤੇ ਸਰੀਰਕ ਤੌਰ ‘ਤੇ ਉਹ ਨਾਰਮਲ ਹੈ, ਉਹ ਦੋ ਹੁਨਰਾਂ (ਬੋਲਣ ਅਤੇ ਸੁਣਨ) ਵਿਚ ਅਨਪੜ੍ਹ

ਨਹੀਂ ਹੋ ਸਕਦਾ। ਇਸ ਲਈ ਭਾਸ਼ਾ ਹਰ ਆਮ ਮਨੁੱਖ ਨੂੰ ਆਉਂਦੀ ਹੈ। ਉਹ ਬੋਲਦਾ ਵੀ ਹੈ ਅਤੇ ਸੁਣਦਾ ਵੀ ਹੈ। ਇਸ ਨਜ਼ਰੀਏ ਤੋਂ ਕੋਈ ਵੀ ਬੰਦਾ ਅਨਪੜ੍ਹ ਨਹੀਂ ਹੈ। ਅਨਪੜ੍ਹ ਹੋਣ ਦਾ ਮਤਲਬ ਉਸ ਅੰਦਰ ਸਿਰਫ਼ ਲਿਖਣ ਅਤੇ ਪੜ੍ਹਨ ਦੇ ਹੁਨਰ ਦੀ ਅਣਹੋਂਦ ਹੀ ਹੁੰਦਾ ਹੈ। ਦੁਨੀਆਂ ਦਾ ਬਹੁਤ ਅਮੀਰ ਅਤੇ ਖ਼ੂਬਸੂਰਤ ਲੋਕ ਸਾਹਿਤ ਸਾਡੀ ਅਖੌਤੀ ਤੌਰ 'ਤੇ ਅਨਪੜ੍ਹ (ਲਿਖਣ-ਪੜ੍ਹਨ ਤੋਂ ਸੱਖਣੇ ਲੋਕ) ਸ਼੍ਰੇਣੀ ਨੇ ਹੀ ਸਿਰਜਿਆ ਹੈ। ਗੀਤ, ਬੋਲੀਆਂ, ਬਾਤਾਂ-ਬੁਝਾਰਤਾਂ, ਅਖਾਣ-ਮੁਹਾਵਰੇ, ਸਿਆਣਪਾਂ ਅਤੇ ਕਥਾਵਾਂ ਇਸੇ ਅਨਪੜ੍ਹ ਸਮਝੇ ਜਾਂਦੇ ਲੋਕ ਕਲਾਕਾਰਾਂ ਦੀ ਸਮੂਹਕ ਅਨੁਭਵ ਵਾਲੀ ਕਲਾ ਦਾ ਪ੍ਰਤਾਪ ਹੈ। ਇਸੇ ਆਧਾਰ 'ਤੇ ਸ਼ਬਦ ਕਲਾਵਾਂ ਦੀ ਪੇਸ਼ਕਾਰੀ ਦੇ ਬਹੁਤ ਸਾਰੇ ਰੂਪ ਹੋਂਦ ਵਿਚ ਆਏ:

- ਕਵਿਤਾ ਵਿਚ ਕਵੀ ਦਰਬਾਰਾਂ ਅਤੇ ਮੁਸ਼ਾਇਰਿਆਂ ਦਾ ਪ੍ਰਚਲਨ ਸ਼ੁਰੂ ਹੋਇਆ।
- ਗੀਤਾਂ (ਸਮੂਹਕ ਅਤੇ ਏਕਲ ਰੂਪ ਵਿਚ ਗਾਇਨ) ਦਾ ਰਿਵਾਜ ਚੱਲਿਆ ਅਤੇ ਬਾਅਦ ਵਿਚ ਇਸ ਵਿਚੋਂ ਅਖਾੜਿਆਂ ਦੀ ਸ਼ੁਰੂਆਤ ਹੋਈ।
- ਕਹਾਣੀ ਵਿਚ ਕਥਾ ਕਹਿਣ ਦੀ ਵਿਧਾ ਦਾ ਪ੍ਰਚਲਨ ਹੋਇਆ।
- ਨਾਟਕ ਵਿਚ ਪ੍ਰਦਰਸ਼ਨ ਦੇ ਰੂਪ ਵਿਚ ਮੰਚ-ਪੇਸ਼ਕਾਰੀ ਦਾ ਰੁਝਾਨ ਬਣਿਆ।
- ਗਿਆਨ ਸਾਹਿਤ ਵਿਚ ਸੈਮੀਨਾਰਾਂ, ਗੋਸ਼ਟੀਆਂ, ਕਾਨਫਰੰਸਾਂ, ਸਿੰਪੋਜ਼ੀਅਮਾਂ ਦਾ ਦੌਰ ਸ਼ੁਰੂ ਹੋਇਆ।
- ਨੈਰੇਸ਼ਨ ਵਿਚ ਭਾਸ਼ਣਕਾਰੀ ਅਤੇ ਡਿਬੇਟ ਦਾ ਪ੍ਰਚਲਨ ਹੋਇਆ।
- ਬੁਝਾਰਤਾਂ ਵਿਚ ਬੁਝਾਰਤ ਪਾਉਣ ਅਤੇ ਬੁਝਾਰਤ ਬੁੱਝਣ ਦਾ ਦੋ ਪਾਤਰੀ ਰੂਪ ਪ੍ਰਚਲਤ ਹੋਇਆ।
- ਧਾਰਮਿਕ ਮਹਿਫਲਾਂ ਵਿਚ ਕਥਾ-ਕੀਰਤਨ, ਭਜਨ ਅਤੇ ਅਰਦਾਸ ਆਦਿ ਵਿਧਾਵਾਂ ਪ੍ਰਚਲਤ ਹੋਈਆਂ।

ਇਹ ਸਾਰੇ ਮੌਖਿਕ ਸੰਚਾਰ ਦੇ ਰੂਪ ਸਨ ਅਤੇ ਮੌਖਿਕ ਰੂਪ ਵਿਚ ਹੀ ਪ੍ਰਚਲਤ ਹੋਏ। ਇਸ ਮੌਖਿਕ ਭਾਸ਼ਾ ਦਾ ਸਮੁੱਚਾ ਦਾਰੋਮਦਾਰ 'ਵਾਕ' ਸੀ। ਕਿਉਂਕਿ ਵਾਕ ਵਿਚ ਹੀ ਅਰਥ ਸੰਚਾਰ ਕਰਨ ਦੀ ਸਮਰੱਥਾ ਹੁੰਦੀ ਹੈ। ਭਾਵੇਂ ਵਾਕ ਦਾ ਨਿਰਮਾਣ ਸ਼ਬਦ ਰਾਹੀਂ ਹੀ ਹੁੰਦਾ ਹੈ ਅਤੇ ਸ਼ਬਦ ਦਾ ਵੀ ਆਪਣਾ ਇਕ ਅਰਥ ਹੁੰਦਾ ਹੈ, ਪਰ ਕੋਈ ਸ਼ਬਦ ਆਪਣੇ ਪੱਧਰ 'ਤੇ ਪੂਰਾ ਭਾਵ ਦੇਣ ਤੋਂ ਅਸਮਰੱਥ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਸ਼ਬਦ ਹੈ: 'ਰੋਟੀ'। ਇਸ ਦਾ ਅਰਥ ਤਾਂ ਸਾਨੂੰ ਪਤਾ ਹੈ ਕਿ ਕਿਸੇ ਅਨਾਜ ਨੂੰ ਪੀਸ ਕੇ, ਗੁੰਨ੍ਹ ਕੇ, ਉਸ ਦੇ ਛੋਟੇ ਟੁਕੜਿਆਂ ਨੂੰ ਇਕ ਖਾਸ ਆਕਾਰ ਦੇ ਕੇ, ਪਕਾ ਕੇ ਖਾਧੀ ਜਾਣ ਵਾਲੀ ਚੀਜ਼ ਰੋਟੀ ਹੁੰਦੀ ਹੈ। ਇਸ ਦੇ ਬਹੁਤ ਸਾਰੇ ਰੂਪ ਹਨ:

1. ਕਣਕ ਦੀ ਰੋਟੀ, ਬਾਜਰੇ ਦੀ ਰੋਟੀ, ਮੱਕੀ, ਜੌਂ, ਸੋਆਬੀਨ, ਕੋਧਰੇ, ਰਾਗੀ, ਬੇਸਣ ਆਦਿ ਕਿਸੇ ਵੀ ਪ੍ਰਕਾਰ ਦੀ ਰੋਟੀ।
2. ਤਵਾ, ਤਵੀ ਜਾਂ ਚੁੱਲ੍ਹੇ ਦੇ ਸੇਕ 'ਤੇ ਪਕਾਈ ਰੋਟੀ
3. ਪਰੌਂਠਾ, ਤੰਦੂਰੀ, ਮਿੱਸੀ, ਬੇਸਣੀ, ਗੋਲ, ਚੌਰਸ ਆਦਿ ਵੱਖ ਵੱਖ ਆਕਾਰਾਂ ਦੀ ਰੋਟੀ

ਪਰ ਏਨਾ ਕੁਝ ਹੋਣ ਦੇ ਬਾਵਜੂਦ ਸ਼ਬਦ 'ਰੋਟੀ' ਦੇ ਉਚਾਰਨ ਤੋਂ ਬਾਅਦ ਵੀ ਸਾਨੂੰ ਕੋਈ ਜਾਣਕਾਰੀ ਨਹੀਂ ਮਿਲਦੀ। ਮਸਲਨ:

- ਰੋਟੀ ਦਿਓ।
- ਮੈਨੂੰ ਰੋਟੀ ਚਾਹੀਦੀ ਹੈ।
- ਅੱਜ ਰੋਟੀ ਨਹੀਂ ਮਿਲੇਗੀ।
- ਇਥੇ ਰੋਟੀ ਦਾ ਕੋਈ ਪ੍ਰਬੰਧ ਨਹੀਂ ਹੈ।

- ਪੇਟ ਨਾ ਪਈਆਂ ਰੋਟੀਆਂ, ਸੱਭੇ ਗੱਲਾਂ ਖੋਟੀਆਂ।
- ਰੋਟੀਆਂ ਕਾਰਨਿ ਪੂਰਹਿ ਤਾਲ
- ਤਿੰਨ ਚੀਜ਼ਾਂ ਮੰਗੇ ਇਨਸਾਨ, ਰੋਟੀ ਕੱਪੜਾ ਅਤੇ ਮਕਾਨ

ਇਹਨਾਂ ਸਾਰੀਆਂ ਭਾਸ਼ਾਈ ਇਕਾਈਆਂ ਵਿਚੋਂ ਕੋਈ ਸੂਚਨਾ/ਸੁਨੇਹਾ ਪ੍ਰਾਪਤ ਹੁੰਦਾ ਹੈ, ਜਿਸ ਨੂੰ ਬੋਲਣ ਵਾਲਾ ਬੋਲਦਾ ਹੈ ਅਤੇ ਸੁਣਨ ਵਾਲਾ ਸੁਣਦਾ ਹੈ। ਕਈ ਵਾਰ ਕਿਸੇ ਵਿਸ਼ੇਸ਼ ਸੰਦਰਭ ਵਿਚ ਆਪਾਂ ਸਿਰਫ਼ ਇਕ ਸ਼ਬਦ ਹੀ ਬੋਲਦੇ ਹਾਂ, ਪਰ ਇਹ ਇਕ ਸ਼ਬਦ ਬੋਲਣ ਰੂਪ ਵਿਚ ਭਾਵੇਂ ਇਕ ਸ਼ਬਦ ਹੋਵੇ, ਪਰ ਭਾਵ ਬੋਧ ਦੀ ਪੱਧਰ 'ਤੇ ਇਹ ਇਕ ਵਾਕ ਹੀ ਹੁੰਦਾ ਹੈ। ਜਿਵੇਂ ਜਦ ਕਿਸੇ ਬੰਦੇ ਦੇ ਅਚਾਨਕ ਚੋਟ ਲਗਦੀ ਹੈ, ਉਸ ਦਾ ਖੂਨ ਬਹਿ ਰਿਹਾ ਹੈ ਤਾਂ ਉਹ ਕਈ 'ਇਕ ਸ਼ਬਦੀ ਵਾਕ' ਬੋਲਦਾ ਹੈ:

ਪਾਣੀ (ਮੈਨੂੰ ਪਾਣੀ ਦਿਓ)

ਬਚਾਓ (ਰੱਬ ਦਾ ਵਾਸਤਾ ਈ, ਮੈਨੂੰ ਬਚਾਓ)

ਖੰਨਾ (ਮੇਰਾ ਪਿੰਡ ਖੰਨਾ ਹੈ)

ਕੇਵਲ (ਮੇਰਾ ਨਾਮ ਕੇਵਲ ਹੈ)

ਇਸ ਤਰ੍ਹਾਂ ਮੌਖਿਕ ਭਾਸ਼ਾ ਦਾ ਮਕਸਦ ਸਿਰਫ਼ ਤੇ ਸਿਰਫ਼ ਸੰਚਾਰ ਕਰਨਾ ਹੀ ਸੀ, ਇਸ ਲਈ ਇਸ ਦੀ ਬੁਨਿਆਦੀ ਇਕਾਈ ਵਾਕ ਹੀ ਸੀ, ਕਿਉਂਕਿ ਮੁਕੰਮਲ ਅਰਥ-ਸੰਚਾਰ ਕਰਨ ਦੀ ਸਮਰੱਥਾ ਸਿਰਫ਼ ਵਾਕ ਵਿਚ ਹੀ ਹੋ ਸਕਦੀ ਸੀ। ਧੁਨੀ ਬਾਰੇ ਕਿਸੇ ਨੂੰ ਨਾ ਕੋਈ ਬੁਨਿਆਦੀ ਸਮਝ ਸੀ ਅਤੇ ਨਾ ਹੀ ਇਸ ਦੀ ਕਿਸੇ ਨੂੰ ਜ਼ਰੂਰਤ ਸੀ। ਕਿਉਂਕਿ ਭਾਸ਼ਾਈ ਧੁਨੀਆਂ ਅਰਥਹੀਨ ਹੁੰਦੀਆਂ ਹਨ।

ਪਰ ਸਦੀਆਂ ਬਾਅਦ ਜਦ ਕਦੇ ਇਸ ਮੌਖਿਕ ਭਾਸ਼ਾ ਦਾ ਕੋਈ ਅਜਿਹਾ ਰੂਪ ਦੀ ਕੋਸ਼ਿਸ਼ ਸ਼ੁਰੂ ਹੋਈ, ਜਿਸ ਨਾਲ ਮੌਖਿਕ ਭਾਸ਼ਾ ਦਾ ਕੋਈ ਨਮੂਨਾ ਸਾਂਭਿਆ ਜਾ ਸਕੇ ਤਾਂ ਭਾਸ਼ਾ ਦੀਆਂ ਹੇਠਲੀਆਂ ਇਕਾਈਆਂ ਨੂੰ ਸਮਝਣ ਦੀ ਕੋਸ਼ਿਸ਼ ਹੋਈ। ਵਾਕ ਨੂੰ ਸ਼ਬਦਾਂ ਵਿਚ ਤੋੜ ਕੇ ਅਤੇ ਸ਼ਬਦਾਂ ਨੂੰ ਧੁਨੀਆਂ ਵਿਚ ਤੋੜ ਕੇ ਸਮਝਣ ਦੀ ਕਵਾਇਦ ਆਰੰਭੀ ਗਈ, ਜਿਸ ਰਾਹੀਂ ਇਹ ਸਮਝ ਆਇਆ ਕਿ ਵਾਕ ਸ਼ਬਦਾਂ ਤੋਂ ਬਣਦਾ ਹੈ ਅਤੇ ਸ਼ਬਦ ਧੁਨੀਆਂ (ਆਵਾਜ਼ਾਂ) ਤੋਂ ਬਣਦਾ ਹੈ। ਕਿਉਂਕਿ ਧੁਨੀਆਂ ਨੂੰ ਅੱਗੇ ਹੋਰ ਨਹੀਂ ਤੋੜਿਆਂ ਜਾ ਸਕਦਾ, ਇਸ ਲਈ ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਅਤੇ ਬੁਨਿਆਦੀ ਇਕਾਈ ਮੰਨ ਲਈ ਗਈ ਅਤੇ ਹਰ ਧੁਨੀ ਦਾ ਇਕ ਨਾਮ ਅਤੇ ਲਿਪਾਂਕ (ਕੋਡ ਜਾਂ ਨਿਸ਼ਾਨ) ਤੈਅ ਕੀਤਾ ਜਾਣ ਲੱਗ ਪਿਆ। ਇਸ ਤਰ੍ਹਾਂ ਹੌਲੀ ਹੌਲ਼ੀ ਜਿੰਨੀਆਂ ਧੁਨੀਆਂ ਦੀ ਪਛਾਣ ਹੁੰਦੀ ਗਈ, ਅਲੱਗ-ਅਲੱਗ ਖਿੱਤਿਆਂ ਵਿਚ ਉਹਨਾਂ ਦੇ ਨਾਮ ਅਤੇ ਲਿਪਾਂਕ (ਨਿਸ਼ਾਨ) ਤੈਅ ਕੀਤੇ ਜਾਣ ਲੱਗ ਪਏ ਅਤੇ ਇਸ ਤਰ੍ਹਾਂ ਇਕ ਲੰਮੇਂ ਕਾਲ ਖੰਡ ਵਿਚ ਭਾਸ਼ਾਵਾਂ ਦੀਆਂ ਲਿਪੀਆਂ ਹੋਂਦ ਵਿਚ ਆਈਆਂ ਅਤੇ ਇਹਨਾਂ ਲਿਪੀਆਂ ਦੇ ਲਿਪਾਂਕਾਂ ਰਾਹੀਂ ਭਾਸ਼ਾ ਨੂੰ ਲਿਖਣ ਦਾ ਅਮਲ ਆਰੰਭ ਹੋਇਆ।

ਮੰਨ ਲਉ.. ਇਕ ਮੌਖਿਕ ਧੁਨੀ ਹੈ: /ਕ/

ਇਸ ਦੇ ਲਿਪਾਂਕ (ਕੋਡ/ਨਿਸ਼ਾਨ) ਨਿਰਧਾਰਿਤ ਹੋਏ: ਕ K ਕਾਫ (ਸ਼ਾਹਮੁਖੀ) ਕਾ (ਦੇਵਨਾਗਰੀ)

ਇਸ ਦਾ ਨਾਮਕਰਣ ਹੋਇਆ: ਕੱਕਾ, ਕੇ, ਕਾਫ ਅਤੇ ਕਾ

ਇਸ ਤ੍ਰੈਪਰਤੀ ਅਮਲ ਰਾਹੀਂ ਧੁਨੀਆਂ ਲਿਪਾਂਕਾਂ ਵਿਚ ਬਦਲਕੇ ਅੱਖਰ ਬਣੀਆਂ ਅਤੇ ਅੱਖਰ ਤੋਂ ਸ਼ਬਦ ਅਤੇ ਫਿਰ ਵਾਕ ਬਣੇ। ਇਹ ਲਿਖਤ ਟੈਕਸਟ ਦਾ ਪੈਟਰਨ ਹੈ: ਧੁਨੀ/ਅੱਖਰ, ਸ਼ਬਦ, ਵਾਕ।

ਮਨੁੱਖ ਮੌਖਿਕ ਸੋਚਦਾ ਹੈ, ਪਰ ਉਸ ਨੂੰ ਲਿਖਤੀ ਤੌਰ 'ਤੇ ਸਾਂਭਦਾ ਹੈ। ਇਹ ਸਾਂਭੇ ਹੋਏ ਰੂਪ

ਵੱਖ-ਵੱਖ ਵੰਨਗੀਆਂ ਹੁੰਦੇ ਹਨ। ਸਾਹਿਤ ਆਪਣੇ ਆਪ ਵਿਚ ਮਨੁੱਖ ਦੀ ਸ਼ਾਬਦਿਕ ਕਲਾ ਦਾ ਸਭ ਤੋਂ ਸੁਹਜ ਭਰਪੂਰ ਰੂਪ ਹੈ ਜਿਸ ਵਿਚ ਮਨੁੱਖ ਆਪਣੇ ਆਪ ਨੂੰ ਕਿਸੇ ਵੰਨਗੀ ਰਾਹੀਂ ਪ੍ਰਗਟਾਉਂਦਾ ਹੈ ਅਤੇ ਫਿਰ ਉਸ ਦੀ ਟੈਕਸਟ ਨੂੰ ਲਿਖਤੀ ਰੂਪ ਵਿਚ ਸਾਂਭ ਲੈਂਦਾ ਹੈ। ਹੁਣ ਦੇ ਦੌਰ ਵਿਚ ਸਾਂਭਣ ਦਾ ਇਕ ਹੋਰ ਰੂਪ ਆਡੀਓ-ਵੀਡੀਓ ਟੈਕਸਟ ਵੀ ਹੈ। ਰੂਪ ਚਾਹੇ ਕੋਈ ਵੀ ਹੋਵੇ, ਪਰ ਲਿਖਦਾ ਬੰਦਾ ਮੌਖਿਕ ਹੀ ਹੈ। ਗੀਤ, ਕਵਿਤਾ, ਕਹਾਣੀ, ਨਾਵਲ, ਨਾਟਕ, ਮਿੰਨੀ ਕਹਾਣੀ, ਵਾਰਤਕ ਆਦਿ ਸਾਰੇ ਰੂਪ ਇੰਝ ਹੀ ਸਿਰਜੇ ਜਾਂਦੇ ਹਨ।

ਸਿਰਜਣ ਪ੍ਰਕਿਰਿਆ ਤੋਂ ਬਾਅਦ ਇਸ ਦਾ ਅਗਲਾ ਪਾਸਾਰ ਇਸ ਦੀ ਪੇਸ਼ਕਾਰੀ ਹੈ। ਇਸ ਦੇ ਵੀ ਦੋ ਪੈਟਰਨ ਹਨ।

1. ਮਨ ਅੰਦਰ ਖਿਆਲ ਦੀ ਪੱਧਰ 'ਤੇ....ਖਿਆਲਾਂ ਦੀ ਘਾੜਤ...ਮੌਖਿਕ ਰੂਪ...ਲਿਖਤੀ ਟੈਕਸਟ ਦੀ ਸਿਰਜਣਾ...ਲਿਖਤੀ ਟੈਕਸਟ ਨੂੰ ਹੂਬਹੂ ਪਾਠਕ ਤਕ ਭੇਜਣਾ...ਪਾਠਕ ਦੁਆਰਾ ਪੜ੍ਹਨਾ ਅਤੇ ਮਾਣਨਾ

2. ਲਿਖਤੀ ਟੈਕਸਟ ਨੂੰ ਪੜ੍ਹਨ ਤੋਂ ਬਿਨਾਂ ਹੋਰ ਕਿਸੇ ਰੂਪ (ਬੋਲਣ/ਗਾਉਣ/ਪ੍ਰਦਰਸ਼ਨ ਕਰਨ) ਰਾਹੀਂ ਸਰੋਤੇ/ਦਰਸ਼ਕ ਤਕ ਪਹੁੰਚਾਉਣਾ...ਸਰੋਤੇ ਜਾਂ ਦਰਸ਼ਕ ਦੁਆਰਾ ਸੁਣਨਾ ਜਾਂ ਦੇਖਣਾ ਅਤੇ ਮਾਣਨਾ

ਲਿਖਤੀ ਰੂਪ ਵਿਚ ਭੇਜੀ ਹੋਈ ਟੈਕਸਟ ਨੂੰ ਪੜ੍ਹਨਾ ਇਕਪਰਤੀ ਕਿਰਿਆ ਹੈ। ਇਸ ਵਿਚ ਲੇਖਕ/ਪ੍ਰਸਤੁਤਕਰਤਾ ਪ੍ਰਤੱਖ ਰੂਪ ਵਿਚ ਸ਼ਾਮਿਲ ਨਹੀਂ ਹੁੰਦਾ, ਬਲਕਿ ਪਰੋਖ ਰੂਪ ਵਿਚ ਸ਼ਾਮਿਲ ਹੁੰਦਾ ਹੈ। ਇਹ ਪਾਠਕ ਦੀ ਆਪਣੇ ਆਪ ਨਾਲ ਕੀਤੀ ਕਿਰਿਆ ਹੈ। ਇਸ ਵਿਚ:

- ਉਹ ਇਕੋ ਬੈਠਕ ਵਿਚ ਸਾਰੀ ਰਚਨਾ ਪੜ੍ਹ ਦਿੰਦਾ ਹੈ।
- ਉਸ ਨੂੰ ਕਿਸ਼ਤਾਂ ਵਿਚ ਪੜ੍ਹਦਾ ਹੈ।
- ਉਸ ਨੂੰ ਦਿਨ ਨੂੰ ਪੜ੍ਹਦਾ ਹੈ, ਜਾਂ ਰਾਤ ਨੂੰ ਪੜ੍ਹਦਾ ਹੈ, ਜਾਂ ਸਵੇਰ ਨੂੰ ਪੜ੍ਹਦਾ ਹੈ।
- ਉਸ ਨੂੰ ਅੱਗੋ ਪੜ੍ਹਨਾ ਸ਼ੁਰੂ ਕਰਦਾ ਹੈ, ਜਾਂ ਵਿਚਕਾਰੋਂ ਜਾਂ ਪਿੱਛੇ ਤੋਂ।
- ਇਕ ਲਾਈਨ/ਵਾਕ/ਪੈਰ੍ਹੇ ਜਾਂ ਅਧਿਆਏ ਨੂੰ ਮੋੜ ਕੇ ਪੜ੍ਹਦਾ ਹੈ, ਦੋ ਵਾਰ ਪੜ੍ਹਦਾ ਹੈ, ਪੰਨਾ ਪਲਟਕੇ ਪਿਛਾਂਹ ਨੂੰ ਪਰਤ ਜਾਂਦਾ ਹੈ ਜਾਂ ਪੰਨਾ ਮੋੜ ਕੇ ਕੁਝ ਦੇਰ ਲਈ ਆਤਮਸਾਤ ਕਰਦਾ ਹੈ, ਜਾਂ ਕਿਸੇ ਔਖੇ ਸ਼ਬਦ ਦਾ ਰੈਫਰੈਂਸ ਦੇਖਣ ਲਈ ਕਿਸੇ ਕੋਸ਼, ਮਹਾਨ ਕੋਸ਼ ਜਾਂ ਕਿਸੇ ਹਵਾਲਾ ਪੁਸਤਕ ਦਾ ਸਹਾਰਾ ਲੈਂਦਾ ਹੈ।
- ਪੜ੍ਹਦੇ ਪੜ੍ਹਦੇ ਨੋਟਿਸ ਲੈਂਦਾ ਹੈ, ਜਾਂ ਅੰਡਰਲਾਈਨ ਕਰਦਾ ਹੈ ਜਾਂ ਨਾਲੋ ਨਾਲ ਪੰਨਿਆਂ 'ਤੇ ਆਪਣੀਆਂ ਟਿੱਪਣੀਆਂ ਦਿੰਦਾ ਜਾਂਦਾ ਹੈ।
- ਸਾਰੀ ਕਿਤਾਬ ਪੜ੍ਹਨ ਤੋਂ ਬਾਅਦ ਮੁੜ ਪੜ੍ਹਦਾ ਹੈ। ਦੋ ਵਾਰ ਪੜ੍ਹਦਾ ਹੈ ਜਾਂ ਵਾਰ ਵਾਰ ਪੜ੍ਹਦਾ ਹੈ ਜਾਂ ਪੜ੍ਹਦਾ ਪੜ੍ਹਦਾ ਵਿਚਕਾਰ ਛੱਡਦਾ ਹੈ, ਫਿਰ ਕਿਸੇ ਵੇਲ਼ੇ ਪੜ੍ਹਦਾ ਹੈ ਜਾਂ ਫੇਰ ਕਦੇ ਪੜ੍ਹਦਾ ਹੀ ਨਹੀਂ ਹੈ।
- ਕਿਤਾਬ ਦੇ ਅੱਗੇ ਦਿੱਤੀ ਭੂਮਿਕਾ, ਪਿੱਛੇ ਦਿੱਤੀ ਅੰਤਿਕਾ ਜਾਂ ਕਿਤਾਬ ਵਿਚ ਸ਼ਾਮਿਲ ਕਿਸੇ ਲੇਖ ਨੂੰ ਪੜ੍ਹਦਾ ਹੈ, ਜਾਂ ਨਹੀਂ ਪੜ੍ਹਦਾ, ਬਾਅਦ ਵਿਚ ਪੜ੍ਹਦਾ ਹੈ ਜਾਂ ਪਹਿਲਾਂ ਪੜ੍ਹਦਾ ਹੈ।

ਇਹ ਸਾਰੀਆਂ ਸੰਭਾਵਨਾਵਾਂ ਇਕ ਲਿਖਤੀ ਟੈਕਸਟ ਨੂੰ ਪੜ੍ਹਨ ਸਮੇਂ ਅਲੱਗ ਅਲੱਗ ਪਾਠਕਾਂ ਦੇ ਸੰਬੰਧ ਵਿਚ ਅਲੱਗ-ਅੱਲਗ ਰੂਪਾਂ ਵਿਚ ਵਾਪਰਦੀਆਂ ਹਨ। ਇਹ ਸਾਰੀਆਂ ਪ੍ਰਤੀਕਿਰਿਆਵਾਂ ਹਰ ਪਾਠਕ ਦੀਆਂ ਨਿੱਜੀ ਹਨ, ਇਹਨਾਂ ਦਾ ਕਿਸੇ ਹੋਰ ਨਾਲ ਮਿਲਣਾ ਜ਼ਰੂਰੀ ਨਹੀਂ ਹੁੰਦਾ। ਇਹਨਾਂ ਤੋਂ ਬਿਨਾਂ ਕੁਝ ਹੋਰ ਸੰਭਾਵਨਾਵਾਂ ਵੀ ਹੋ ਸਕਦੀਆਂ ਹਨ। ਪੜ੍ਹਨ ਦੀ ਇਸ ਸਾਰੀ ਪ੍ਰਕਿਰਿਆ ਤੋਂ ਬਾਅਦ ਪਾਠਕ ਉਸ ਪੁਸਤਕ ਵਿਚੋਂ ਕੀ ਗ੍ਰਹਿਣ ਕਰਦਾ ਹੈ? ਉਸ ਪੁਸਤਕ ਜਾਂ

ਲੇਖਕ ਬਾਰੇ ਕਿਹੋ ਜਿਹੀ ਧਾਰਨਾ ਬਣਾਉਂਦਾ ਹੈ, ਇਹ ਉਸ ਦੇ ਆਪਣੇ 'ਤੇ ਮੁਨੱਸਰ ਕਰਦਾ ਹੈ।

ਸ਼ਾਬਦਿਕ ਟੈਕਸਟ ਨੂੰ ਗ੍ਰਹਿਣ ਕਰਨ ਦਾ ਦੂਜਾ ਪੈਟਰਨ ਮੌਖਿਕ ਹੈ। ਇਸ ਦੇ ਦੋ ਰੂਪ ਹਨ:

- ਪਹਿਲਾ ਫਿਜ਼ੀਕਲ ਰੂਪ ਵਿਚ ਕਿਸੇ ਇਕ ਸਥਾਨ 'ਤੇ ਬੈਠ ਕੇ ਲਾਈਵ ਸੁਣਨਾ।
- ਦੂਜਾ ਕਿਸੇ ਡੀਵਾਈਸ ਦੀ ਮਦਦ ਨਾਲ ਰਿਕਾਰਡਿਡ ਟੈਕਸਟ ਨੂੰ ਇੱਕਲਿਆਂ ਸੁਣਨਾ ਜਾਂ ਦੇਖਣਾ

ਦੂਜੇ ਰੂਪ ਵਿਚ ਲਿਖਤੀ ਟੈਕਸਟ ਨੂੰ ਪੜ੍ਹਨ ਵਾਲੇ ਪਾਠਕ ਦੀ ਤਰ੍ਹਾਂ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਜਦ ਮਰਜ਼ੀ ਸੁਣ ਸਕਦਾ ਹੈ, ਜਿੱਥੇ ਮਰਜ਼ੀ ਸੁਣ ਸਕਦਾ ਹੈ, ਵਾਰ ਵਾਰ ਸੁਣ ਸਕਦਾ ਹੈ, ਰੋਕ ਸਕਦਾ ਹੈ, ਮੁੜ ਸੁਣ ਸਕਦਾ ਹੈ, ਛੱਡ ਸਕਦਾ ਹੈ, ਫਾਰਵਰਡ ਜਾਂ ਰਿਵਰਸ ਕਰਕੇ ਸੁਣ ਸਕਦਾ ਹੈ। ਜੇਕਰ ਟੈਕਸਟ ਵੀਡੀਓ ਹੈ ਤਾਂ ਦੇਖਣ ਦੇ ਰੂਪ ਵਿਚ ਕੁਝ ਸੰਭਾਵਨਾਵਾਂ ਤੇ ਸੀਮਾਵਾਂ ਹੋਰ ਵੀ ਤੈਅ ਹੋ ਜਾਂਦੀਆਂ ਹਨ। ਆਡੀਓ ਟੈਕਸਟ ਨੂੰ ਤੁਸੀਂ ਡਰਾਈਵਿੰਗ ਕਰਦੇ, ਕੋਈ ਹੋਰ ਕੰਮ ਕਰਦੇ, ਅੱਖਾਂ ਬੰਦ ਕਰਦੇ ਲੇਟੇ ਲੇਟੇ ਵੀ ਸੁਣ ਸਕਦੇ ਹੋ, ਪਰ ਵੀਡੀਓ ਟੈਕਸਟ ਨੂੰ ਦੇਖਣ ਤੇ ਸੁਣਨ ਲੱਗਿਆਂ ਏਨੀਆਂ ਛੋਟਾਂ ਨਹੀਂ ਲਈਆਂ ਜਾ ਸਕਦੀਆਂ।

ਪਹਿਲਾ ਤੇ ਅਹਿਮ ਤਰੀਕਾ ਫਿਜ਼ੀਕਲ ਰੂਪ ਵਿਚ ਕਿਸੇ ਇਕ ਸਥਾਨ 'ਤੇ ਬੈਠ ਕੇ ਦੇਖਣ/ਸੁਣਨ ਦਾ ਹੈ। ਇਸ ਦੀ ਪਹਿਲੀ ਸ਼ਰਤ ਇਹ ਹੈ ਕਿ ਲੇਖਕ/ਪ੍ਰਸਤੁਤ ਕਰਤਾ ਅਤੇ ਸਰੋਤਾ/ਦਰਸ਼ਕ ਇਕੋ ਵੇਲੇ ਹਾਜ਼ਿਰ ਹੋਣ। ਨੈਰੇਟਰ ਜਾਂ ਲੇਖਕ ਨਾਲੋ ਨਾਲ ਪੇਸ਼ ਕਰੇ ਅਤੇ ਸਰੋਤਾ ਜਾਂ ਦਰਸ਼ਕ ਨਾਲੋ ਨਾਲ ਗ੍ਰਹਿਣ ਕਰੇ ਅਤੇ ਰੀਐਕਟ ਕਰੇ। ਦੁਨੀਆ ਵਿਚ ਸ਼ਾਬਦਿਕ ਕਲਾਵਾਂ ਦੀਆਂ ਬਹੁਤ ਸਾਰੀਆਂ ਵੰਨਗੀਆਂ ਨੂੰ ਮਾਣਨ/ਸੁਣਨ/ਦੇਖਣ ਦਾ ਇਹ ਸਭ ਤੋਂ ਪ੍ਰਸਿੱਧ ਤਰੀਕਾ ਹੈ। ਹਰ ਰੋਜ਼ ਕਿੰਨੇ ਹੀ ਅਖਾੜੇ, ਕਵੀ ਦਰਬਾਰ, ਮੁਸ਼ਾਇਰੇ, ਕਹਾਣੀ ਦਰਬਾਰ, ਸੈਮੀਨਾਰ, ਗੋਸ਼ਟੀਆਂ, ਕਾਨਫਰੰਸਾਂ, ਸੈਮੀਨਾਰ, ਡੀਬੇਟ, ਲੈਕਚਰ, ਜਲਸੇ, ਰੈਲੀਆਂ, ਕੀਰਤਨ, ਭਜਨ, ਜਗਰਾਤੇ ਆਦਿ ਹੁੰਦੇ ਹਨ ਅਤੇ ਹਜ਼ਾਰਾਂ-ਲੱਖਾਂ ਲੋਕ ਇਹਨਾਂ ਵਿਚ ਸ਼ਮੂਲੀਅਤ ਕਰਦੇ ਹਨ। ਇਹਨਾਂ ਸਾਰੇ ਥਾਵਾਂ 'ਤੇ ਬੋਲਣਾ ਤੇ ਸੁਣਨਾ ਭਾਵੇਂ ਵਿਅਕਤੀਗਤ ਹੋਵੇ ਜਾਂ ਸਮੂਹਕ, ਪਰ ਆਹਮੋ-ਸਾਮ੍ਹਣੇ ਹੁੰਦਾ ਹੈ, ਤੇ ਲਾਈਵ ਹੁੰਦਾ ਹੈ। ਇਸ ਦਾ ਅਨੰਦ ਵੀ ਵੱਖਰਾ ਹੈ ਅਤੇ ਇਸ ਦੀਆਂ ਚੁਣੌਤੀਆਂ ਵੀ ਵੱਖਰੀਆਂ ਹਨ। ਕਿਸੇ ਚੀਜ਼ ਨੂੰ ਅੱਖਾਂ ਦੇ ਸਾਮ੍ਹਣੇ ਸਾਮਰਤਖ ਵਾਪਰਦੇ ਦੇਖਣਾ ਆਪਣੇ ਆਪ ਵਿਚ ਵਿਲੱਖਣ ਗੱਲ ਹੁੰਦੀ ਹੈ। ਹੋਰ ਕੋਈ ਵੀ ਮਾਧਿਅਮ ਇਸ ਦਾ ਮੁਕੰਮਲ ਬਦਲ ਨਹੀਂ ਬਣਦਾ। ਕਿਉਂਕਿ ਇਹ ਕੁਦਰਤੀ ਤੌਰ 'ਤੇ ਮਨੁੱਖਾਂ ਵਿਚ ਕੀਤਾ ਸੰਚਾਰ ਹੈ। ਮਨੁੱਖ ਤੋਂ ਬਿਨਾਂ ਬ੍ਰਹਿਮੰਡ ਦੀਆਂ ਹੋਰ ਨਸਲਾਂ ਵੀ ਇਸੇ ਕੁਦਰਤੀ ਤਰੀਕੇ ਨਾਲ ਆਪਣੇ ਗ਼ਲੇ ਵਿਚੋਂ ਨਿਕਲਣ ਵਾਲੀਆਂ ਆਵਾਜ਼ਾਂ ਨਾਲ ਆਪਣਾ ਸੀਮਤ ਸੰਚਾਰ ਕਰਦੀਆਂ ਹਨ। ਇਸ ਲਈ ਇਸ ਪ੍ਰਤੀ ਖਿੱਚ ਸੁਭਾਵਕ ਹੈ। ਆਮ੍ਹਣੇ-ਸਾਮ੍ਹਣੇ ਹੋ ਕੇ ਬੈਠਣ ਵਿਚ ਸਿਰਫ਼ ਸੁਣਨਾ ਹੀ ਨਹੀਂ ਹੁੰਦਾ, ਬਲਕਿ ਇਕ ਮਨੁੱਖ ਦੁਆਰਾ ਦੂਜੇ ਮਨੁੱਖ ਨੂੰ ਫੀਲ ਕਰਨਾ ਹੁੰਦਾ ਹੈ। ਇਸ ਲਈ ਜਦੋਂ ਕਿਹਾ ਜਾਂਦਾ ਹੈ -'ਲਉ ਜੀ ਹੁਣ ਅਸੀਂ ਤੁਹਾਡੇ ਸਾਮ੍ਹਣੇ ਪੇਸ਼ ਕਰ ਰਹੇ ਹਾਂ...' ਤਾਂ ਸਰੋਤੇ/ਦਰਸ਼ਕਾਂ ਦੇ ਅੰਦਰ ਖਾਸ ਕਿਸਮ ਦੇ ਹਾਰਮੋਨਜ਼ ਡਿਸਚਾਰਜ ਹੁੰਦੇ ਹਨ, ਉਸ ਦੀ ਉਤਸੁਕਤਾ ਸਿਖਰ 'ਤੇ ਪਹੁੰਚਦੀ ਹੈ ਅਤੇ ਉਹ ਜ਼ੋਰਦਾਰ ਤਾੜੀਆਂ ਮਾਰ ਕੇ ਉਸ ਦੇ ਮੰਚ 'ਤੇ ਆਉਣ ਦਾ ਸੁਆਗਤ ਕਰਦਾ ਹੈ।

ਕਦੇ ਸੋਚਿਆ ਹੈ ? ਕਿਸੇ ਮੈਚ ਨੂੰ ਘਰ ਵਿਚ ਲੱਗੇ ਟੀਵੀ ਦੀ ਸਕਰੀਨ 'ਤੇ ਲਾਈਵ ਰੂਪ ਵਿਚ ਗਰਾਉਂਡ ਨਾਲੋਂ ਵੀ ਸਪਸ਼ਟ ਦੇਖਿਆ ਜਾ ਸਕਦਾ ਹੈ, ਪਰ ਫਿਰ ਵੀ ਸਾਰੀਆਂ ਟਿਕਟਾਂ ਕਿਉਂ ਵਿਕ ਜਾਂਦੀਆਂ ਹਨ? ਕਿਸੇ ਨਾਟਕ ਨੂੰ ਦੇਖਣ ਵੇਲੇ ਹਾਊਸ ਫੁੱਲ ਕਿਉਂ ਹੋ ਜਾਂਦਾ ਹੈ? ਕਿਸੇ ਫਿਲਮੀ ਕਲਾਕਾਰ ਜਾਂ ਗਾਇਕ ਜਾਂ ਨੇਤਾ ਨੂੰ ਸੁਣਨ/ਦੇਖਣ ਲਈ ਜਨਤਾ ਦਾ ਹਜੂਮ ਕਿਉਂ ਉਮੜ ਪੈਂਦਾ ਹੈ, ਕਿਸੇ ਕਥਾ/ਕੀਰਤਨ ਵਿਚ ਰੋਜ਼ ਹਜ਼ਾਰਾਂ ਲੋਕ ਕਿਉਂ ਸਮੂਲੀਅਤ ਕਰਦੇ ਹਨ? ਕਵੀ

ਦਰਬਾਰਾਂ, ਮੁਸ਼ਾਇਰਿਆਂ ਅਤੇ ਕਹਾਣੀ ਦਰਬਾਰ ਵਿਚ ਰੁਚੀ ਵਾਲੇ ਲੋਕ ਵਹੀਰਾਂ ਘੱਤ ਕੇ ਕਿਉਂ ਜਾਂਦੇ ਹਨ, ਜਦ ਕਿ ਇਹ ਸਾਰਾ ਕੁਝ ਅੱਜ ਕੱਲ੍ਹ ਸੋਸ਼ਲ ਮੀਡੀਆ ਰਾਹੀਂ ਜਾਂ ਟੀਵੀ ਰਾਹੀਂ ਘਰ ਬੈਠਿਆਂ ਨੂੰ ਪ੍ਰਾਪਤ ਹੋ ਜਾਂਦਾ ਹੈ। ਇੱਥੋਂ ਤਕ ਕਿ ਕਿਸੇ ਦੂਰ ਬੈਠੇ ਆਪਣੇ ਪਿਆਰੇ, ਰਿਸ਼ਤੇਦਾਰ, ਦੋਸਤ ਮਿੱਤਰ ਨਾਲ ਰੋਜ਼ ਫੋਨ, ਵਟਸਐਪ, ਮੈਸੰਜਰ ਜਾਂ ਕਿਸੇ ਹੋਰ ਡੀਵਾਈਸ ਰਾਹੀਂ ਘੰਟਿਆਂ ਬੱਧੀ ਗੱਲਾਂ ਕਰਨ ਦੇ ਬਾਵਜੂਦ ਬੰਦਾ ਉਸ ਨੂੰ ਮਿਲਣ ਲਈ ਕਿਉਂ ਉਤਾਵਲਾ ਹੁੰਦਾ ਹੈ ਤੇ ਭੱਜ ਕੇ ਜੱਫੀ ਪਾ ਕੇ ਕਿਉਂ ਮਿਲਦਾ ਹੈ? ਇਸ ਦਾ ਅਧਿਐਨ ਕਰਨਾ ਬਹੁਤ ਰੋਚਕ ਹੈ। ਇਹ ਵਿਅਕਤੀ ਦੁਆਰਾ ਬਿਨਾਂ ਕਿਸੇ ਰੁਕਾਵਟ ਦੇ ਸਿੱਧੇ ਤੌਰ 'ਤੇ ਕਿਸੇ ਮਨਪਸੰਦ ਦੇ ਦੂਜੇ ਵਿਅਕਤੀ ਨੂੰ ਮਿਲਣ ਦਾ ਜਜ਼ਬਾ ਹੈ। ਇਹ ਦੋ ਵਿਅਕਤੀਆਂ ਜਾਂ ਵਿਅਕਤੀਆਂ ਦੇ ਸਮੂਹ ਵਿਚਕਾਰ ਇਕ ਦੂਜੇ ਨੂੰ ਧਾਅ ਕੇ ਮਿਲਣ ਦੀ ਕੁਦਰਤੀ ਪ੍ਰਵਿਰਤੀ ਹੈ। ਮਨੁੱਖ ਦੀ ਇਸੇ ਪ੍ਰਵਿਰਤੀ ਵਿਚੋਂ ਮਨੁੱਖ ਨੇ ਆਹਮੋ-ਸਾਮ੍ਹਣੇ ਮਿਲਣ ਦੇ ਪੈਟਰਨ ਈਜਾਦ ਕੀਤੇ ਅਤੇ ਇਹ ਪੈਟਰਨ ਯੁੱਗ ਮੁਤਾਬਕ ਅੱਪਡੇਟ ਤਾਂ ਹੋ ਰਹੇ ਹਨ, ਪਰ ਇਹਨਾਂ ਪਿੱਛੇ ਭਾਵਨਾ ਉਹੀ ਆਦਿਮ ਹੈ ਜੋ ਕੁਦਰਤ ਵੱਲੋਂ ਮਨੁੱਖ ਦੇ ਅੰਦਰ ਸਿੰਜੀ ਗਈ ਹੈ। ਇਸ ਲਈ ਇਹਨਾਂ ਮਿਲਣੀਆਂ ਦੇ ਮਹੱਤਵ ਨੂੰ ਸਮਝਿਆ ਜਾਣਾ ਚਾਹੀਦਾ ਹੈ।

ਜੇਕਰ ਇਸ ਨੂੰ ਕਹਾਣੀ, ਬਾਤ ਜਾਂ ਨਾਟਕ ਵਰਗੀ ਹੋਰ ਕਿਸੇ ਵੀ ਵਿਧਾ ਦੇ ਪ੍ਰਸੰਗ ਵਿਚ ਦੇਖੀਏ ਤਾਂ ਆਹਮੋ-ਸਾਮ੍ਹਣੇ ਬੈਠੇ ਲੋਕਾਂ ਦਾ ਇਕ ਦੂਜੇ ਨਾਲ ਲਾਈਵ ਸੰਵਾਦ ਵਿਚ ਹੋਣਾ ਬਹੁਤ ਮਹੱਤਵਪੂਰਨ ਘਟਨਾ ਹੁੰਦੀ ਹੈ। ਪਤਾ ਨਹੀਂ ਕਿੱਥੋਂ ਕਿੱਥੋਂ ਕਿੰਨਾ ਕੁਝ ਛੱਡ-ਛੁਡਾ ਕੇ ਅਤੇ ਕਿੰਨੀ ਕੀਮਤ ਚੁਕਾ ਕੇ ਕੋਈ ਬੰਦਾ ਕਿਸੇ ਸਮਾਗਮ ਵਿਚ ਆਉਂਦਾ ਹੈ ਤੇ ਆਪਣੇ ਵਰਗੇ ਬਾਕੀ ਦੋਸਤਾਂ ਨਾਲ ਸੰਵਾਦ ਰਚਾਉਂਦਾ ਹੈ। ਇਸ ਲਈ ਕਿਸੇ ਬੰਦੇ ਦੁਆਰਾ ਆਪਣੀ ਗੱਲ/ਰਚਨਾ ਦੀ ਮੰਚ ਤੋਂ ਪੇਸ਼ਕਾਰੀ ਕਰਨਾ ਮਹਿਜ਼ ਦੋ-ਚਾਰ ਜਾਂ ਦਸ ਵੀਹ ਮਿੰਟ ਦੀ ਘਟਨਾ ਨਹੀਂ ਹੁੰਦੀ, ਉਸ ਦੇ ਪਿੱਛੇ ਉਸ ਦਾ ਮਹੀਨਿਆਂ, ਸਾਲਾਂ ਅਤੇ ਦਹਾਕਿਆਂ ਦਾ ਅਨੁਭਵ, ਗਿਆਨ ਅਤੇ ਮਿਹਨਤ ਸ਼ਾਮਿਲ ਹੁੰਦੀ ਹੈ। ਇਸ ਲਈ ਇਸ ਨੂੰ ਬੋਲਣ ਅਤੇ ਸੁਣਨ ਵਾਲੀਆਂ ਦੋਹਾਂ ਧਿਰਾਂ ਵੱਲੋਂ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੁੰਦੀ ਹੈ। ਇਸ ਸੰਬੰਧ ਵਿਚ ਕੁਝ ਨੁਕਤੇ ਬਹੁਤ ਮਹੱਤਵਪੂਰਨ ਹੋ ਸਕਦੇ ਹਨ।

1. ਮੰਚ ਉੱਪਰ ਜਾਣ ਤੋਂ ਪਹਿਲਾਂ

ਕਿਸੇ ਵੀ ਵੰਨਗੀ ਦੀ ਪੇਸ਼ਕਾਰੀ ਤੋਂ ਪਹਿਲਾਂ ਦੋਵੇਂ ਧਿਰਾਂ (ਪੇਸ਼ ਕਰਵਾਉਣ ਵਾਲੇ ਅਤੇ ਪੇਸ਼ ਕਰਨ ਵਾਲੇ) ਦੀ ਮੁੱਢਲੀ ਤਿਆਰੀ ਦੀ ਜ਼ਰੂਰਤ ਪੈਂਦੀ ਹੈ।

**ਪੇਸ਼ ਕਰਵਾਉਣ ਵਾਲੀ ਧਿਰ ਦੀ ਤਿਆਰੀ**

- ਪੇਸ਼ ਕਰਵਾਉਣ ਵਾਲੇ ਪ੍ਰਬੰਧਕ ਅਤੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਉਸ ਨੇ ਪੇਸ਼ ਕੀਤੇ ਜਾਣ ਵਾਲੀ ਆਈਟਮ ਅਤੇ ਵੰਨਗੀ ਦੀ ਪ੍ਰਕਿਰਤੀ ਦੇ ਮੁਤਾਬਕ ਉਸ ਦੀ ਪੇਸ਼ਕਾਰੀ ਦਾ ਸਮਾਂ ਤੈਅ ਕਰਨਾ ਹੁੰਦਾ ਹੈ ਤਾਂ ਜੁ ਉਸ ਨਾਲ ਨਿਆਂ ਹੋ ਸਕੇ। ਕਈ ਵਾਰ ਬਹੁਤ ਜ਼ਰੂਰੀ ਚੀਜ਼ਾਂ ਅਖੀਰਲੇ ਫੇਜ਼ ਵਿਚ ਆ ਕੇ ਸਮੇਂ ਦੀ ਤੰਗੀ ਜਾਂ ਦਰਸ਼ਕਾਂ ਦੇ ਜਾਣ ਦੀ ਕਾਹਲ਼ ਦੀ ਭੇਂਟ ਚੜ੍ਹ ਜਾਂਦੀਆਂ ਹਨ।
- ਪ੍ਰਬੰਧਕ ਅਤੇ ਮੰਚ ਸੰਚਾਲਕ ਦੇ ਨਜ਼ਰੀਏ ਤੋਂ ਇਹ ਗੱਲ ਵੀ ਬਹੁਤ ਮਹੱਤਵਪੂਰਨ ਹੁੰਦੀ ਹੈ ਕਿ ਉਹ ਉਸ ਆਈਟਮ/ਲੇਖਕ ਲਈ ਢੁੱਕਵਾਂ ਮਾਹੌਲ ਤਿਆਰ ਕਰੇ ਅਤੇ ਹੋਮਵਰਕ ਕਰਕੇ ਆਵੇ। ਕਈ ਵਾਰ ਕਿਸੇ ਇਕ ਬੰਦੇ ਦੇ ਸੋਹਿਲੇ ਤਾਂ ਅਸੀਂ ਬਹੁਤ ਪੜ੍ਹ ਦਿੰਦੇ ਹਾਂ ਤੇ ਕਿਸੇ ਹੋਰ ਨੂੰ ਮੇਲੇ 'ਚ ਚੱਕੀਰਾਹੇ ਜਿਉਂ ਇਗਨੋਰ ਕਰ ਦਿੰਦੇ ਹਾਂ ਤਾਂ ਫਿਰ ਉਸ ਦੀ ਆਵਾਜ਼ ਵੀ ਵਿਚਾਰੇ ਦੀ ਨਗਾਰਖਾਨੇ ਵਿਚ ਤੂਤੀ ਦੀ ਆਵਾਜ਼ ਜਿਉਂ ਗੁਆਚ ਜਾਂਦੀ ਹੈ। ਇਹ ਮੰਚ ਸੰਚਾਲਕ ਦੀ ਸੀਮਾ ਹੁੰਦੀ ਹੈ ਕਿ ਉਹ ਇਕ ਬੰਦੇ ਬਾਰੇ ਬਹੁਤ ਜਾਣਦਾ ਹੁੰਦਾ ਹੈ, ਜਾਂ ਉਹ ਕੋਈ ਉਸ ਦਾ ਬਹੁਤ ਨੇੜਲਾ

ਹੁੰਦਾ ਹੈ, ਤਾਂ ਕਮਾਲ ਦੇ ਵਿਸ਼ੇਸ਼ਣ ਲੱਗ ਜਾਂਦੇ ਹਨ, ਪਰ ਕਿਸੇ ਦੂਜੇ ਬਾਰੇ ਕੋਈ ਢੁੱਕਵੀਂ ਜਾਣਕਾਰੀ ਨਾ ਹੋਣ ਕਰਕੇ ਹਾਲਤ ਉਸ ਗੀਤ ਵਰਗੀ ਹੋ ਜਾਂਦੀ ਹੈ: *ਸੁੱਕਾ ਕੰਨੀ ਦੇ ਕਿਆਰੇ ਵਾਂਗੂ ਜੇਠ ਰਹਿ ਗਿਆ।* ਇਸ ਲਈ ਇਹਨਾਂ 'ਜੇਠਾਂ' ਨੂੰ 'ਦਿਉਰਾਂ' ਜਿੰਨੀ ਸਪੇਸ਼ ਦੇਣ ਲਈ ਮੰਚ ਸੰਚਾਲਕ ਦੀ ਢੁਕਵੀਂ ਤਿਆਰੀ, ਅਧਿਐਨ, ਸੁਹਿਰਦਤਾ, ਈਮਾਨਦਾਰੀ ਅਤੇ ਨਿਰਪੱਖਤਾ ਦੀ ਜ਼ਰੂਰਤ ਹੁੰਦੀ ਹੈ ਤਾਂ ਜੁ ਉਸ ਦੇ ਮੰਚ 'ਤੇ ਜਾਣ ਤੋਂ ਪਹਿਲਾਂ ਸਾਮ੍ਹਣੇ ਬੈਠਾ ਦਰਸ਼ਕ ਉਸ ਨੂੰ ਸੁਣਨ ਲਈ ਉਤਸੁਕ ਹੋਵੇ। ਬੇਸ਼ੱਕ ਕਦੇ ਕਦੇ ਇੰਝ ਵੀ ਹੁੰਦਾ ਹੈ ਕਿ ਜਿਸ ਨੂੰ ਤੁਸੀਂ ਕੋਈ ਬਹੁਤੀ ਤਵੱਜੋ ਨਾ ਵੀ ਦਿੱਤੀ ਹੋਵੇ, ਆਪਣੇ ਟੇਲੈਂਟ ਦੀ ਬਦੌਲਤ ਉਸ ਦਾ ਜਾਦੂ ਦਰਸ਼ਕਾਂ/ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਣ ਲੱਗ ਜਾਂਦਾ ਹੈ ਅਤੇ ਉਹ ਝੰਡੀ ਵਾਲੇ ਭਲਵਾਨ ਜਿਉਂ ਪੱਟਾਂ 'ਤੇ ਥਾਪੀਆਂ ਮਾਰਦਾ ਸਾਰੇ ਧੁਰੰਧਰਾਂ ਨੂੰ ਚਿੱਤ ਕਰ ਦਿੰਦਾ ਹੈ, ਪਰ ਇਹ ਕਦੇ ਕਦੇ ਹੀ ਵਾਪਰਦਾ ਹੈ। ਆਮ ਤੌਰ 'ਤੇ ਢੁਕਵੀਂ ਪ੍ਰੋਜੈਕਸ਼ਨ ਦੀ ਜ਼ਰੂਰਤ ਪੈਂਦੀ ਹੈ।

**ਪੇਸ਼ ਕਰਨ ਵਾਲੀ ਧਿਰ ਦੀ ਤਿਆਰੀ**

ਪੇਸ਼ ਕਰਨ ਵਾਲੀ ਧਿਰ ਦੀ ਮੁਢਲੀ ਤਿਆਰੀ ਦੇ ਸੰਬੰਧ ਵਿਚ ਕਈ ਮਹੱਤਵਪੂਰਨ ਨੁਕਤੇ ਹਨ।

- ਕੀ ਉਸ ਨੂੰ ਪ੍ਰੋਗਰਾਮ ਦੀ ਮੂਲ ਸੁਰ/ਕੇਂਦਰੀ ਨੁਕਤੇ/ਥੀਮ ਬਾਰੇ ਪਤਾ ਹੈ?
- ਕੀ ਉਸ ਦੀ ਰਚਨਾ ਉਸ ਦੇ ਹਾਣ ਦੀ ਹੈ?
- ਕੀ ਉਸ ਨੇ ਆਪਣੀ ਰਚਨਾ ਨੂੰ ਠੀਕ ਤਰੀਕੇ ਨਾਲ ਲਿਖ ਲਿਆ ਹੈ, ਜਾਂ ਟਾਈਪ ਕਰ ਲਿਆ ਹੈ? ਕਈ ਵਾਰ ਰਚਨਾ ਵਿਚ ਏਨਾ ਘਚੋਲਾ ਹੁੰਦਾ ਹੈ ਕਿ ਨਾ ਸ਼ਬਦ ਠੀਕ ਪੜ੍ਹੇ ਜਾ ਸਕਦੇ ਹਨ ਤੇ ਨਾ ਵਾਕ.. ਮੰਚ 'ਤੇ ਜਾਂਦੇ ਸਾਰ ਗਿਅਰ ਫਸਣ ਲੱਗ ਜਾਂਦਾ ਹੈ ਤੇ ਸਾਰਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ।
- ਕੀ ਉਸ ਦੀ ਕਿੱਟ ਵਿਚ ਜਾਂ ਅੱਜ ਕੱਲ੍ਹ ਮੋਬਾਈਲ ਵਿਚ ਹੋਰ ਕਾਗਜ਼ਾਂ/ਫਾਈਲਾਂ/ਫੋਲਡਰਾਂ ਦਾ ਢੇਰ ਤਾਂ ਨਹੀਂ ਹੈ, ਜਿਸ ਵਿਚ ਤੁਹਾਡੀ ਰਚਨਾ ਕਿਤੇ ਲੱਭੇ ਹੀ ਨਾ? ਅਕਸਰ ਅਜਿਹਾ ਹੁੰਦਾ ਹੈ। ਜਦ ਪੜ੍ਹਨ ਦੀ ਵਾਰੀ ਆਉਂਦੀ ਹੈ ਤਾਂ ਅਸੀਂ ਰਚਨਾ ਲੱਭ ਰਹੇ ਹੁੰਦੇ ਹਾਂ। ਕਿਟ ਵਿਚ ਜਾਂ ਮੋਬਾਈਲਾਂ ਵਿਚ ਰਚਨਾ ਨੂੰ ਵੱਖਰੇ ਤੌਰ 'ਤੇ ਸਾਂਭਿਆ ਜਾਣਾ ਚਾਹੀਦਾ ਹੈ ਤਾਂ ਜੋ ਤੁਰੰਤ ਰਚਨਾ ਤੁਹਾਡੇ ਸਾਮ੍ਹਣੇ ਆ ਸਕੇ। ਮੋਬਾਈਲਾਂ ਦੇ ਹੋਰ ਬਹੁਤ ਸਾਰੇ ਪੰਗੇ ਹਨ। ਅਕਸਰ ਇਸ ਤਰ੍ਹਾਂ ਵਾਪਰਦਾ ਹੈ ਕਿ ਵਾਰੀ ਆਉਣ ਤਕ ਬੈਟਰੀ ਪੰਜ ਜਾਂ ਦਸ % ਰਹਿ ਜਾਂਦੀ ਹੈ। ਮੈਂ ਕਈਆਂ ਨੂੰ ਇਸ ਤਰ੍ਹਾਂ ਬੁਸਬੁਸੇ ਜਿਹੇ ਮੂੰਹ ਨਾਲ ਬਾਹਰ ਜਾਂਦੇ ਦੇਖਿਆ ਹੈ। ਉਹਨਾਂ ਨੇ ਜਾਂ ਫੋਨ ਚਾਰਜ ਨਹੀਂ ਕੀਤਾ ਹੁੰਦਾ ਜਾਂ ਸਾਰਾ ਦਿਨ ਬੰਦ ਹੀ ਨਹੀਂ ਕਰਦੇ ਤੇ 'ਸ਼ਿਕਾਰ ਵੇਲੇ ਕੁੱਤੀ ਨੂੰ ਜ਼ੁਕਾਮ' ਹੋ ਜਾਂਦਾ ਹੈ। ਰਚਨਾ ਪਾਠ ਵੇਲੇ ਮੋਬਾਈਲ ਨੂੰ ਫਲਾਈਟ ਮੋਡ 'ਤੇ ਲਾਉਣਾ ਜ਼ਰੂਰੀ ਹੈ, ਨਹੀਂ ਤਾਂ ਵਿਚ ਕਾਲ ਵੀ ਆ ਸਕਦੀ ਹੈ ਤੇ ਟੂੰ ਟੂੰ ਤਾਂ ਸੁੱਖ ਨਾਲ ਹੁੰਦੀ ਹੀ ਰਹਿੰਦੀ ਹੈ। ਤੀਜਾ ਮੋਬਾਈਲ ਦੀ ਸਕਰੀਨ 'ਤੇ ਰਚਨਾ ਰੀਡੇਬਲ ਹੈ ਜਾਂ ਨਹੀਂ? ਉਸ ਦਾ ਫੌਂਟ ਤੁਹਾਡੀ ਨਜ਼ਰ ਦੇ ਹਾਣ ਦਾ ਹੈ ਜਾਂ ਨਹੀਂ..ਇਸ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਦੋ ਜਾਂ ਤਿੰਨ ਰਚਨਾਵਾਂ ਪੜ੍ਹਨੀਆਂ ਹੋਣ ਤਾਂ ਉਹਨਾਂ ਨੂੰ ਇੱਕੋ ਥਾਂ 'ਤੇ ਇਕ ਕ੍ਰਮ ਵਿਚ ਲਾਇਆ ਹੋਣਾ ਜ਼ਰੂਰੀ ਹੈ। ਯਾਦ ਰੱਖੋ! ਜੇਕਰ ਪੰਡਾਲ ਵਿਚ ਸੌ ਦਰਸ਼ਕ ਹਨ ਅਤੇ ਤੁਸੀਂ ਮੰਚ 'ਤੇ ਆ ਕੇ ਪੰਜ ਮਿੰਟ ਇਸ ਉਰਲਮ-ਪਰਲਮ 'ਤੇ ਹੀ ਲਗਾ ਦਿੰਦੇ ਹੋ ਤਾਂ ਤੁਸੀਂ ਪੰਡਾਲ ਦੇ ਪੰਜ ਸੌ ਮਿੰਟ ਜ਼ਾਇਆ ਕਰ ਰਹੇ ਹੋ, ਜਿਸ ਦਾ ਤੁਹਾਨੂੰ ਕੋਈ ਅਧਿਕਾਰ ਨਹੀਂ ਹੈ।
- ਪੇਸ਼ ਕਰਨ ਤੋਂ ਪਹਿਲਾਂ ਦਾ ਇਕ ਮਹੱਤਵਪੂਰਨ ਨੁਕਤਾ ਇਹ ਵੀ ਹੈ ਕਿ ਕੀ ਤੁਸੀਂ ਆਪਣੀ ਰਚਨਾ ਪੇਸ਼ਕਾਰੀ ਤੋਂ ਕੁਝ ਘੰਟੇ ਪਹਿਲਾਂ ਜਾਂ ਇਕ ਦੋ ਦਿਨ ਪਹਿਲਾਂ ਇਕ ਦੋ ਵਾਰ ਪੜ੍ਹਨ

ਅਤੇ ਬੋਲਣ ਦੀ ਰਿਹਰਸਲ ਕੀਤੀ ਹੈ? ਜੇ ਨਹੀਂ ਕੀਤੀ ਤਾਂ ਤੁਸੀਂ ਮਾਰ ਖਾਓਗੇ ਹੀ ਖਾਓਗੇ। ਮੰਚ 'ਤੇ ਰਚਨਾ ਪੜ੍ਹਨ ਤੋਂ ਪਹਿਲਾਂ ਰਚਨਾ ਤੁਹਾਡੇ ਜ਼ਿਹਨ ਵਿਚ ਹੋਣੀ ਚਾਹੀਦੀ ਹੈ। ਮੰਚ 'ਤੇ ਰਚਨਾ ਪਾਠ ਦਾ ਮਤਲਬ ਸਿਰਫ਼ ਧੌਣ ਸੁੱਟ ਕੇ ਪੜ੍ਹਨਾ ਨਹੀਂ ਹੁੰਦਾ। ਜੇਕਰ ਅਜਿਹਾ ਕਰੋਗੇ ਤਾਂ ਦਰਸ਼ਕ/ਸਰੋਤੇ ਤੋਂ ਸੰਪਰਕ ਟੁੱਟ ਜਾਏਗਾ ਅਤੇ ਤਸੀਂ ਅਲੱਗ-ਥਲੱਗ ਹੋ ਜਾਓਗੇ। ਰਚਨਾ ਯਾਦ ਭਾਵੇਂ ਨਾ ਹੋਵੇ, ਪਰ ਯਾਦ ਵਰਗੀ ਹੋਵੇ, ਤਾਂ ਹੀ ਉਸ ਰਚਨਾ ਦੇ ਮੁਤਾਬਕ ਤੁਹਾਡੇ ਹਾਵ-ਭਾਵ ਆ ਸਕਣਗੇ।

**ਮੰਚ 'ਤੇ ਜਾ ਕੇ ਪੇਸ਼ ਕਰਨ ਸਮੇਂ ਦੇ ਨੁਕਤੇ**

ਮਾਈਕ ਸੈਟਿੰਗ: ਹੁਣ ਤੁਸੀਂ ਮੰਚ 'ਤੇ ਪਹੁੰਚ ਚੁੱਕੇ ਹੋ। ਮੰਚ 'ਤੇ ਪਹੁੰਚ ਕੇ ਸਭ ਤੋਂ ਪਹਿਲੀ ਗੱਲ ਤੁਹਾਡੀ ਮਾਈਕ ਸੈਟਿੰਗ ਹੈ। ਅਕਸਰ ਅਸੀਂ ਇਸ ਗੱਲ ਨੂੰ ਇਗਨੋਰ ਕਰ ਦਿੰਦੇ ਹਾਂ। ਪੰਜਾਬੀ ਸਾਹਿਤਕਾਰਾਂ ਵਿਚੋਂ ਬਹੁਤਾ ਕਾਡਰ 'ਟੈਕਨੋ-ਸੈਂਸੇਟਿਵ' ਨਹੀਂ ਹੈ। ਮਾਈਕ ਤੁਹਾਡੇ ਮੂੰਹ ਤੋਂ ਕਿੰਨੀ ਦੂਰੀ 'ਤੇ ਹੈ? ਐਂਪਲੀਫਾਈਰ ਦੀ ਆਵਾਜ਼ ਕਿੰਨੀ ਕੁ ਹੈ? ਮਾਈਕ ਨੂੰ ਕਿੰਝ ਫੜਨਾ ਹੈ? ਮਾਈਕ ਸਟੈਂਡ ਦੀ ਸੈਟਿੰਗ ਕਿਵੇਂ ਕਰਨੀ ਹੈ? ਇਹ ਮਸਲੇ ਮਾਈਨਰ ਨਹੀਂ ਹੁੰਦੇ। ਇਸੇ ਰਾਹੀਂ ਤੁਸੀਂ ਆਪਣੇ ਆਪ ਨੂੰ ਸੰਚਾਰਤ ਕਰਨਾ ਹੁੰਦਾ ਹੈ, ਜੇਕਰ ਇੱਥੇ ਹੀ ਸਮੱਸਿਆ ਰਹਿ ਗਈ ਤਾਂ ਤੁਹਾਡੀ ਪਰਫਾਰਮੈਂਸ ਦਾ ਪੱਧਰ ਨੀਵਾਂ ਰਹੇਗਾ ਹੀ ਰਹੇਗਾ।

ਐਂਗਲ: ਲੈਕਚਰ ਸਟੈਂਡ 'ਤੇ ਖਲੋ ਕੇ ਤੁਹਾਡਾ ਐਂਗਲ ਕੀ ਹੋਵੇ? ਇਹ ਬਹੁਤ ਮਹੱਤਵਪੂਰਨ ਹੈ। ਐਂਗਲ ਇਹ ਹੋਣਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਸਰੋਤੇ ਤੁਹਾਡੇ ਸਾਮ੍ਹਣੇ ਹੋਣ। ਲੈਕਚਰ ਸਟੈਂਡ ਆਮ ਤੌਰ 'ਤੇ ਮੰਚ ਦੇ ਇਕ ਪਾਸੇ ਹੁੰਦਾ ਹੈ। ਇਸ ਲਈ ਤੁਹਾਡਾ ਮੂੰਹ ਉਸ ਸਾਈਡ ਤੋਂ ਉਲਟ ਦਿਸ਼ਾ ਵਿਚ ਹੋਣਾ ਚਾਹੀਦਾ ਹੈ ਅਤੇ ਮਾਈਕ ਸਟੈਂਡ ਨੂੰ ਵੀ ਆਪਣੇ ਮੂੰਹ ਦੀ ਦਿਸ਼ਾ ਵਿਚ ਹੀ ਸੈਟ ਕਰੋ, ਤਾਂ ਜੋ ਤੁਸੀਂ ਵੱਧ ਤੋਂ ਵੱਧ ਸਰੋਤਿਆਂ ਨੂੰ ਐਡਰੈੱਸ ਕਰ ਸਕੋਂ।

ਆਈ ਕੋਂਟੈਕਟ (ਨਿਗ੍ਹਾ ਰਾਹੀਂ ਸੰਪਰਕ): ਇਹ ਮੰਚ ਦਾ ਸਭ ਤੋਂ ਅਹਿਮ ਹੁਨਰ ਹੈ ਅਤੇ ਇਸ ਦਾ ਸੰਬੰਧ ਤੁਹਾਡੀ ਸਿਖਲਾਈ ਅਤੇ ਆਤਮ ਵਿਸ਼ਵਾਸ ਨਾਲ ਵੀ ਹੈ। ਵਧੀਆ ਬੁਲਾਰਾ ਉਹੀ ਹੁੰਦਾ ਹੈ ਜੋ ਵੱਧ ਤੋਂ ਵੱਧ ਦਰਸ਼ਕਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਸਕਦਾ ਹੈ। ਜਿਨ੍ਹਾਂ ਲੋਕਾਂ ਕੋਲ਼ ਇਸ ਗੱਲ ਦੀ ਸਮਝ ਨਹੀਂ ਹੁੰਦੀ ਜਾਂ ਉਹਨਾਂ ਵਿਚ ਅਜਿਹਾ ਕਰਨ ਦਾ ਵਿਸ਼ਵਾਸ ਨਹੀਂ ਹੁੰਦਾ, ਉਹ ਜਾਂ ਉੱਪਰ ਜਾਂ ਨੀਚੇ ਜਾਂ ਕਿਸੇ ਇਕ ਪਾਸੇ ਦੇਖ ਕੇ ਬੋਲ ਦਿੰਦੇ ਹਨ ਜਾਂ ਸਾਰੀ ਸਕ੍ਰਿਪਟ ਪੜ੍ਹ ਦਿੰਦੇ ਹਨ ਅਤੇ ਤੁਹਾਡੇ ਪ੍ਰਭਾਵ ਦਾ ਗ੍ਰਾਫ ਨੀਚੇ ਸਰਕ ਜਾਂਦਾ ਹੈ।

ਉਚਾਰਨ ਦੀ ਸਪਸ਼ਟਤਾ: ਕਿਸੇ ਲਿਖੀ ਟੈਕਸਟ ਦਾ ਉਚਾਰਨ ਕਰਨਾ ਏਨਾ ਸੌਖਾ ਕਾਰਜ ਨਹੀਂ ਹੁੰਦਾ। ਬਹੁਤੀ ਵਾਰ ਸਾਡੇ ਸ਼ਬਦਾਂ ਵਿਚ ਸਪਸ਼ਟਤਾ ਨਹੀਂ ਹੁੰਦੀ, ਜਿਸ ਨਾਲ ਜੋ ਤੁਸੀਂ ਕਹਿਣਾ ਚਾਹੁੰਦੇ ਹੋ, ਉਹ ਕਹਿ ਜਾਂ ਸਮਝਾ ਨਹੀਂ ਪਾਉਂਦੇ। ਕਈ ਵਾਰ ਤੁਸੀਂ ਕਾਹਲ਼ੀ ਬੋਲਦੇ ਹੋ, ਕਈ ਵਾਰ ਬਹੁਤ ਸਲੋਅ ਬੋਲਦੇ ਹੋ, ਕਈ ਵਾਰ ਕੁਝ ਸ਼ਬਦ ਖਾ ਜਾਂਦੇ ਹੋ। ਤੁਹਾਡੇ ਦੁਆਰਾ ਸਕਿੱਪ ਕੀਤਾ ਜਾਂ ਅਸਪਸ਼ਟ ਬੋਲਿਆ ਇਕ ਵੀ ਸ਼ਬਦ ਕਈ ਵਾਰ ਪੂਰੀ ਟੈਕਸਟ ਨੂੰ ਅਸਪਸ਼ਟ ਕਰ ਦਿੰਦਾ ਹੈ ਤੇ ਸਰੋਤਾ ਸਾਰੀ ਟੈਕਸਟ ਤੋਂ ਟੁੱਟ ਜਾਂਦਾ ਹੈ। ਮੰਨ ਲਉ ਤੁਸੀਂ ਸ਼ਬਦ ਬੋਲਣਾ ਹੈ 'ਭੇਡ'..ਪਰ ਤੁਸੀਂ 'ਭੇਦ' ਬੋਲ ਦਿੰਦੇ ਹੋ ਤਾਂ ਜ਼ਮੀਨ ਅਸਮਾਨ ਦਾ ਫਰਕ ਪੈ ਜਾਂਦਾ ਹੈ।

ਵਿਆਕਰਣਕ ਗ਼ਲਤੀਆਂ: ਟੈਕਸਟ ਨੂੰ ਲਿਖਣ ਜਾਂ ਪੜ੍ਹਨ ਲੱਗਿਆਂ ਵਿਆਕਰਣਕ ਗ਼ਲਤੀਆਂ ਤੁਹਾਡੇ ਸੰਚਾਰ ਨੂੰ ਅਸਪਸ਼ਟ ਬਣਾਉਂਦੀਆਂ ਹਨ। ਵਿਆਕਰਣਕ ਗ਼ਲਤੀਆਂ ਵਿਚ ਲਿੰਗ, ਵਚਨ, ਸੰਬੰਧਕ, ਯੋਜਕ, ਕਾਰਕ ਆਦਿ ਦੀਆਂ ਗ਼ਲਤੀਆਂ ਹੁੰਦੀਆਂ ਹਨ ਜਾਂ ਵਾਕ ਤਰਤੀਬ ਦੀਆਂ ਗ਼ਲਤੀਆਂ ਹੁੰਦੀਆਂ ਹਨ। ਰਾਮ ਨੇ ਰਾਵਣ ਨੂੰ ਮਾਰਿਆ ਵਿਚ /ਨੇ/ ਅਤੇ /ਨੂੰ/ ਦੀ ਸਥਾਨ ਬਦਲੀ ਨਾਲ ਅਰਥ ਅਨਰਥ ਹੋ ਜਾਂਦੇ ਹਨ। ਇਸੇ ਤਰ੍ਹਾਂ 'ਬੱਚੇ ਨੂੰ ਉਬਾਲ ਕੇ ਪਾਣੀ ਪਿਲਾਓ' ਜਾਂ 'ਅੱਗੇ ਪੁਲ ਤੰਗ ਹੈ' ਵਰਗੇ ਵਾਕਾਂ 'ਤੇ ਵੀ ਧਿਆਨ ਦਿਓ ਕਿ ਕੀ ਇਹ ਤਰਤੀਬ ਪੱਖੋਂ ਠੀਕ ਹਨ?

ਠਹਿਰਾਅ ਅਤੇ ਉਤਰਾਅ ਚੜ੍ਹਾਅ: ਟੈਕਸਟ ਦਾ ਪਾਠ ਕੋਈ ਨਾਨ ਸਟਾਪ ਰੇਲਗੱਡੀ ਨਹੀਂ ਹੁੰਦੀ। ਟੈਕਸਟ ਰਾਹੀਂ ਤੁਸੀਂ ਆਪਣੇ ਭਾਵਾਂ ਨੂੰ ਅਭਿਵਿਅਕਤ ਕਰਨਾ ਹੁੰਦਾ ਹੈ, ਇਸ ਲਈ ਇਸ ਵਿਚ ਖਾਮੋਸ਼ੀ ਅਤੇ ਵਿਰਾਮ ਦੀ ਅਹਿਮ ਭੂਮਿਕਾ ਹੁੰਦੀ ਹੈ। ਭਾਵਾਂ ਦੇ ਮੁਤਾਬਕ ਰਸ ਅਤੇ ਰਸ ਦੇ ਮੁਤਾਬਕ ਤੁਹਾਡਾ ਪਾਠ ਹੋਣਾ ਜ਼ਰੂਰੀ ਹੈ। ਖੁਸ਼ੀ, ਉਤੇਜਨਾ, ਦੁੱਖ, ਪੀੜਾ, ਹੈਰਾਨੀ, ਨਫ਼ਰਤ, ਸੂਗ, ਡਰ ਆਦਿ ਸਾਰੇ ਭਾਵ ਹਨ। ਉਸ ਨੇ ਖੁਸ਼ੀ ਵਿਚ ਕਿਹਾ: 'ਵਾਹ'। ਇਹ ਕਿਵੇਂ ਕਹਿਣਾ ਹੈ? ਇਹ ਸਾਰੇ ਭਾਵ ਸਿਰਫ਼ ਸ਼ਬਦਾਂ ਵਿਚ ਨਹੀਂ ਆਉਣੇ ਚਾਹੀਦੇ, ਚਿਹਰੇ 'ਤੇ ਵੀ ਆਉਣੇ ਚਾਹੀਦੇ ਹਨ ਤੇ ਚਿਹਰੇ ਰਾਹੀਂ ਦਰਸ਼ਕਾਂ ਤਕ ਵੀ ਸੰਚਾਰਤ ਹੋਣੇ ਚਾਹੀਦੇ ਹਨ। ਬੋਲਦਿਆਂ ਕਿੱਥੇ ਰੁਕਣਾ ਹੈ, ਕਿੰਨਾ ਰੁਕਣਾ ਹੈ, ਟੈਕਸਟ ਵਿਚ ਤਾਂ ਅਸੀਂ ਕੋਮੇ, ਫੁੱਲ ਸਟਾਪ ਲਾ ਦਿੰਦੇ ਹਾਂ, ਪਰ ਬੋਲਣ ਵੇਲੇ ਉਥੇ ਵਕਫ਼ਾ ਨਹੀਂ ਦਿੰਦੇ ਜਾਂ ਗ਼ਲਤ ਥਾਂ 'ਤੇ ਮਨ ਮਰਜ਼ੀ ਨਾਲ ਰੁਕ ਜਾਂਦੇ ਹਾਂ।

ਸਟਰੈੱਸ: ਪੇਸ਼ਕਾਰੀ ਵਿਚ ਸਟਰੈੱਸ ਦੀ ਅਹਿਮ ਭੂਮਿਕਾ ਹੈ। ਵਾਕ ਵਿਚ ਇਕੱਲੇ ਸ਼ਬਦਾਂ ਦੇ ਹੀ ਅਰਥ ਨਹੀਂ ਹੁੰਦੇ, ਸਟਰੈੱਸ ਵੀ ਅਰਥ ਬਦਲ ਦਿੰਦੀ ਹੈ। ਸਟਰੈੱਸ ਦਾ ਸਿੱਧਾ ਜਿਹਾ ਅਰਥ ਇਹ ਹੈ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ ਤੇ ਕੀ ਕਹਿ ਰਹੇ ਹੋ। ਜੋ ਤੁਸੀਂ ਕਹਿਣਾ ਚਾਹੁੰਦੇ ਹੋ, ਉਹ ਕਿਹੜੇ ਸ਼ਬਦ 'ਤੇ ਸਟਰੈੱਸ ਦੇ ਕੇ ਕਿਹਾ ਜਾਏਗਾ? ਸਟਰੈੱਸ ਦੀ ਭੂਮਿਕਾ ਨੂੰ ਇਸ ਵਾਕ ਰਾਹੀ ਸਮਝਿਆ ਜਾ ਸਕਦਾ ਹੈ:

ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ।

ਇਸ ਛੇ ਸਬਦੀ ਵਾਕ ਦੇ ਛੇ ਹੀ ਅਰਥ ਹਨ। ਤੁਸੀਂ ਕਿਸੇ ਵੀ ਸ਼ਬਦ 'ਤੇ ਸਟਰੈੱਸ ਦਿਓ, ਵਾਕ ਦੇ ਅਰਥ ਬਦਲ ਜਾਣਗੇ।

- ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ। (ਮੈਂ ਜਾਵਾਂਗਾ..ਹੋਰ ਨਹੀਂ ਕੋਈ)
- ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ। (ਕੱਲ੍ਹ ਜਾਵਾਂਗਾ...ਪਰਸੋਂ ਜਾਂ ਚੌਥੇ ਨਹੀਂ)
- ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ। (ਅੰਮ੍ਰਿਤਸਰ ਜਾਵਾਂਗਾ...ਜਲੰਧਰ ਜਾਂ ਦਿੱਲੀ ਨਹੀਂ)
- ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ। (ਕਹਾਣੀ ਪੜ੍ਹਨ ਜਾਵਾਂਗਾ, ਕਵਿਤਾ ਜਾਂ ਨਾਵਲ ਨਹੀਂ)
- ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ। (ਪੜ੍ਹਨ ਲਈ ਜਾਵਾਂਗਾ..ਸੁਣਨ ਜਾਂ ਲਿਖਣ ਲਈ ਨਹੀਂ)
- ਮੈਂ ਕੱਲ੍ਹ ਅੰਮ੍ਰਿਤਸਰ ਕਹਾਣੀ ਪੜ੍ਹਨ ਲਈ ਜਾਵਾਂਗਾ। (ਹਰ ਹਾਲਤ ਵਿਚ ਜਾਵਾਂਗਾ, ਰੁਕਾਂਗਾ ਨਹੀਂ)

ਫੋਕਸ/ਪੰਚ: ਮੰਚ ਪੇਸ਼ਕਾਰੀ ਦਾ ਅਗਲਾ ਪਾਸਾਰ ਫੋਕਸ ਜਾਂ ਪੰਚ ਹੈ। ਕਹਾਣੀ/ਨਾਟਕ ਜਾਂ ਕਿਸੇ ਵੀ ਹੋਰ ਟੈਕਸਟ ਵਿਚ ਤੁਹਾਡੇ ਕੁਝ ਫੋਕਸ/ਪੰਚ ਪੁਆਇੰਟ ਹੁੰਦੇ ਹਨ, ਜਿਨ੍ਹਾਂ ਨੂੰ ਤੁਸੀਂ ਹਰ ਹਾਲਤ ਵਿਚ ਸੁਣਾਉਣਾ ਚਾਹੁੰਦੇ ਹੋ। ਇਹ ਸਿਰਫ਼ ਤੁਹਾਨੂੰ ਹੀ ਪਤਾ ਹੁੰਦਾ ਹੈ। ਕਈ ਵਾਰ ਤੁਹਾਡੇ ਉਹ ਫੋਕਸ/ਪੰਚ ਪੁਆਇੰਟ ਕਿਸੇ ਕਾਰਨ ਕਰਕੇ ਰੁਲ ਜਾਂਦੇ ਹਨ, ਜਿਵੇਂ ਕਈ ਵਾਰ ਸਰੋਤੇ ਜਾਂ ਦਰਸ਼ਕ ਵਿੱਚੋਂ ਤਾੜੀਆਂ ਮਾਰਨ ਲੱਗ ਪੈਣ...ਪ੍ਰਧਾਨਗੀ ਮੰਡਲ ਵਿਚ ਕੋਈ ਹਿਲਜੁਲ ਹੋਵੇ, ਉਸ ਵੇਲੇ ਕੋਈ ਨਵਾਂ ਬੰਦਾ ਅੰਦਰ ਪ੍ਰਵੇਸ਼ ਕਰ ਰਿਹਾ ਹੋਵੇ, ਅਚਾਨਕ ਮਾਈਕ ਬੰਦ ਹੋ ਜਾਵੇ, ਤੁਸੀਂ ਆਪ ਹੀ ਉਸ ਥਾਂ 'ਤੇ ਫੋਕਸ ਨਾ ਕਰ ਸਕੇ ਹੋਵੋ। ਇਹਨਾਂ ਸਾਰੀਆਂ ਚੀਜ਼ਾਂ ਨਾਲ ਤੁਹਾਡੀ ਪੇਸ਼ਕਾਰੀ ਅਤੇ ਪ੍ਰਭਾਵ ਘਟੇਗਾ। ਇਹ ਮੌਕੇ ਮੁਤਾਬਕ ਤੁਸੀਂ ਆਪ ਦੇਖਣਾ ਹੈ ਕਿ ਸਥਿਤੀ ਨੂੰ ਰਿਕਵਰ ਕਿਵੇਂ ਕਰਨਾ ਹੈ। ਅਜਿਹੇ ਰੁਕਾਵਟ ਵਾਲੀ ਥਾਂ 'ਤੇ ਰੁਕਣਾ ਹੈ, ਜਾਂ ਟੈਕਸਟ ਦੁਬਾਰਾ

ਰੀਪੀਟ ਕਰਨੀ ਹੈ, ਜਾਂ ਕੋਈ ਹੋਰ ਵਿਉਂਤਬੰਦੀ, ਪਰ ਫੋਕਸ ਜਾਂ ਪੰਚ ਪੁਆਇੰਟ ਇਗਨੋਰ ਨਹੀਂ ਹੋਣੇ ਚਾਹੀਦੇ।

ਟਾਈਟਲ: ਕਹਾਣੀ ਜਾਂ ਕਿਸੇ ਵੀ ਰਚਨਾ ਦੀ ਟੈਕਸਟ ਦਾ ਸਿਰਲੇਖ ਬਹੁਤ ਮਹੱਤਵਪੂਰਨ ਹੁੰਦਾ ਹੈ। ਕਈ ਵਾਰ ਮਾਈਕ ਦੀ ਜਾਂ ਤੁਹਾਡੀ ਆਵਾਜ਼ ਠੀਕ ਨਾ ਹੋਣ ਕਾਰਨ, ਜਾਂ ਹਾਲ ਗੂੰਜਦਾ ਹੋਣ ਕਾਰਨ ਜਾਂ ਕੋਲ਼ ਕੋਈ ਡਿਸਟਰਬੈਂਸ ਹੋਣ ਕਾਰਨ ਤੁਹਾਡਾ ਸਿਰਲੇਖ ਸੰਚਾਰਤ ਨਹੀਂ ਹੁੰਦਾ ਤਾਂ ਸਮਝੋ ਤੁਹਾਡੀ ਰਚਨਾ 50% ਖ਼ਤਮ ਹੋ ਗਈ। ਇਸ ਲਈ ਆਰਾਮ ਨਾਲ ਸ਼ਬਦਾਂ ਨੂੰ ਸਪਸ਼ਟ ਕਰਕੇ ਹੋਏ ਸਿਰਲੇਖ ਦੀ ਘੋਸ਼ਣਾ ਕਰੋ। ਸਿਰਲੇਖ ਬੋਲਣ ਤੋਂ ਬਾਅਦ ਥੋੜ੍ਹਾ ਵਿਰਾਮ ਦਿਓ..ਇਕ ਟਕ ਰੁਕ ਕੇ ਦਰਸ਼ਕਾਂ ਦਾ ਰਿਸਪਾਂਸ ਦੇਖੋ..ਜੇ ਜ਼ਰੂਰਤ ਲਗਦੀ ਹੈ ਤਾਂ ਰੀਪੀਟ ਕਰੋ, ਨਹੀਂ ਟੈਕਸਟ ਪੜ੍ਹਨੀ ਸ਼ੁਰੂ ਕਰੋ। ਮੰਨ ਲਉ ਤੁਹਾਡਾ ਟਾਈਟਲ ਹੈ 'ਸੁੱਕੀ ਕੁੱਖ' ਤੇ ਦਰਸ਼ਕ ਸਮਝ ਲੈਂਦਾ ਹੈ: 'ਸੁੱਤੀ ਕੁੱਖ' ਤਾਂ ਉਹ ਰਚਨਾ ਨੂੰ ਗ੍ਰਹਿਣ ਨਹੀਂ ਕਰ ਪਾਏਗਾ।

ਡਾਇਲਾਗ: ਸੰਵਾਦ ਕਿਸੇ ਵੀ ਰਚਨਾ ਦਾ ਬਹੁਤ ਜ਼ਰੂਰੀ ਹਿੱਸਾ ਹੁੰਦੇ ਹਨ। ਸੰਵਾਦਾਂ ਦੇ ਸੰਬੰਧ ਵਿਚ ਜ਼ਰੂਰੀ ਗੱਲ ਇਹ ਹੈ ਕਿ ਸੰਵਾਦ ਇਕ ਨਾਟਕੀ ਸ਼ਿਲਪ ਹੈ, ਜਿਸ ਵਿਚ ਕਹਾਣੀਕਾਰ ਜਾਂ ਨੈਰੇਟਰ ਨਹੀਂ ਬੋਲਦਾ, ਪਾਤਰ ਬੋਲਦੇ ਹਨ ਤੇ ਪਾਤਰ ਦਾ ਆਪਣਾ ਖਾਸਾ ਹੁੰਦਾ ਹੈ। ਉਮਰ ਮੁਤਾਬਕ, ਸਟੇਟਸ ਮੁਤਾਬਕ, ਵਿਦਿਆ ਮੁਤਾਬਕ, ਮੂਡ ਮੁਤਾਬਕ, ਦੇਸ਼-ਕੌਮ ਮੁਤਾਬਕ ਉਸ ਦੇ ਸੰਵਾਦ ਦੀ ਇਕ ਨੇਚਰ ਹੁੰਦੀ ਹੈ। ਜਿਹੜਾ ਨੈਰੇਟਰ ਸੰਵਾਦ ਦੀ ਨੇਚਰ ਸਮਝ ਕੇ ਉਸ ਦੇ ਠੀਕ ਸੰਦਰਭ ਵਿਚ ਹਾਵਾਂ-ਭਾਵਾਂ ਨਾਲ ਬੋਲ ਲੈਂਦਾ ਹੈ, ਉਸ ਦਾ ਪ੍ਰਭਾਵ ਵਧ ਜਾਏਗਾ, ਦੂਜੇ ਦਾ ਊਣਾ ਰਹਿ ਜਾਏਗਾ। ਇਕ ਤੋਂ ਵੱਧ ਪਾਤਰਾਂ ਦੇ ਕਿਰਦਾਰਾਂ ਵਿਚ ਕਈ ਵਾਰ ਸੰਵਾਦ ਰਲਗਡ ਹੋ ਜਾਂਦੇ ਹਨ, ਜਿਸ ਦਾ ਖਾਸ ਖਿਆਲ ਰੱਖਣ ਦੀ ਜ਼ਰੂਰਤ ਹੁੰਦੀ ਹੈ।

ਉੱਪਭਾਸ਼ਾਈ ਜਾਂ ਬੋਲ ਦੀ ਭਾਸ਼ਾ ਦੀ ਵੀ ਇਕ ਆਪਣੀ ਟੈਕਸਚਰ ਹੁੰਦੀ ਹੈ ਜਿਸ ਨੂੰ ਆਂਚਲਿਕਤਾ ਕਿਹਾ ਜਾਂਦਾ ਹੈ। ਇਸ ਵਿਚ ਉਸ ਖੇਤਰ ਦੀ ਵੀ ਛੂਹ ਹੁੰਦੀ ਹੈ ਅਤੇ ਭਾਸ਼ਾ ਨੂੰ ਗੱਲਬਾਤੀ ਸ਼ੈਲੀ ਵਿਚ ਢਾਲ ਵੀ ਲਿਆ ਜਾਂਦਾ ਹੈ, ਜਿਸ ਦੌਰਾਨ ਸਹਾਇਕ ਕਿਰਿਆਵਾਂ ਨੂੰ ਬੋਲਚਾਲੀ ਅੰਦਾਜ਼ ਦੇ ਦਿੱਤਾ ਜਾਂਦਾ ਹੈ। ਜਿਵੇਂ: 'ਪਾਪਾ! ਪਾਪਾ ! ਮੇਰੀ ਮੰਮੀ ਨੇ ਥੋਨੂੰ ਰਸੋਈ ਵਿਚ ਬੁਲਾਇਆ ਹੈ। ਇਸ ਵਿਚ 'ਬੁਲਾਇਆ ਹੈ' ਦੀ ਜਗ੍ਹਾ 'ਬੁਲਾਇਐ' ਵੀ ਹੋ ਸਕਦੈ।

ਗ੍ਰਹਿਣ ਕਰਨ ਲਈ ਵਕਫ਼ਾ: ਸਭ ਤੋਂ ਅਹਿਮ ਗੱਲ ਹੈ ਕਿ ਤੁਸੀਂ ਦੋ ਤਿੰਨ ਜਾਂ ਚਾਰ ਪੰਜ ਮਿੰਟਾਂ ਵਿਚ ਕਿਸੇ ਕਥਾ ਨੂੰ ਸਰੋਤੇ ਸਾਮ੍ਹਣੇ ਪੇਸ਼ ਕਰਨਾ ਹੁੰਦਾ ਹੈ। ਉਸ ਦੌਰਾਨ ਤਿੰਨ ਚਾਰ ਪਾਤਰ, ਉਹਨਾਂ ਦਾ ਉਮਰ ਵਰਗ, ਉਹਨਾਂ ਦਾ ਰੁਤਬਾ, ਉਹਨਾਂ ਦੇ ਕਿੱਤੇ, ਉਹਨਾਂ ਨਾਲ ਵਾਪਰੀ ਘਟਨਾ, ਕਿੰਨਾ ਕੁਝ ਤੁਸੀਂ ਨਾਲੋ ਨਾਲ ਦਰਸ਼ਕ ਨੂੰ ਸੂਚਨਾ ਦੇਣੀ ਹੁੰਦੀ ਹੈ। ਇਸ ਲਈ ਬਹੁਤ ਸਹਿਜ ਦੀ ਜ਼ਰੂਰਤ ਪੈਂਦੀ ਹੈ। ਇਕ ਵਾਕ ਤੋਂ ਬਾਅਦ ਅਤੇ ਦੂਜੇ ਵਾਕ ਤੋਂ ਪਹਿਲਾਂ ਏਨੀ ਕੁ ਸਪੇਸ ਹੋਣੀ ਚਾਹੀਦੀ ਹੈ, ਕਿ ਦਰਸ਼ਕ/ਸਰੋਤਾ ਦਿੱਤੀ ਹੋਈ ਸੂਚਨਾ ਨੂੰ ਹਜ਼ਮ ਕਰ ਲਏ ਅਤੇ ਆਪਣੀ ਯਾਦਾਸ਼ਤ ਵਿਚ ਫੀਡ ਕਰ ਲਏ। ਇਸ ਤਰ੍ਹਾਂ ਉਹ ਹਰ ਵਾਕ ਤੋਂ ਬਾਅਦ ਆਪਣੇ ਅੰਦਰ ਸੂਚਨਾਵਾਂ ਜੋੜਦਾ ਜਾਂਦਾ ਹੈ ਅਤੇ ਅਖੀਰ ਤਕ ਜੋ ਕਹਾਣੀ ਟੈਸਕਟ ਵਿਚ ਹੁੰਦੀ ਹੈ, ਉਹ ਦਰਸ਼ਕ ਦੇ ਮਨ ਅੰਦਰ ਵੀ ਸਾਕਾਰ ਹੋ ਜਾਂਦੀ ਹੈ। ਜੇਕਰ ਤਾਂ ਨੈਰੇਟਰ ਅਜਿਹਾ ਕਰ ਸਕਦਾ ਹੈ ਤਾਂ ਉਹ ਕਾਮਯਾਬ ਹੈ, ਨਹੀਂ ਫੇਲ੍ਹ ਹੈ।

ਪ੍ਰਸੰਗ-ਅਰਥ: ਪੇਸ਼ਕਾਰੀ ਦੇ ਮਾਮਲੇ ਵਿਚ ਬਹੁਤ ਹੀ ਅਹਿਮ ਨੁਕਤਾ ਪ੍ਰਸੰਗ ਅਰਥ ਦਾ ਹੈ। ਭਾਸ਼ਾ ਕਿਉਂ ਬੁਨਿਆਦੀ ਤੌਰ 'ਤੇ ਮੌਖਿਕ ਹੁੰਦੀ ਹੈ। ਲਿਖਤੀ ਟੈਕਸਟ ਕਿਸੇ ਵੀ ਭਾਸ਼ਾ ਦੀ ਕੁੱਲ ਟੈਕਸਟ ਦਾ 0.1% ਹਿੱਸਾ ਹੁੰਦੀ ਹੈ। 99.9% ਮਨੁੱਖ ਦਾ ਸੰਚਾਰ ਮੌਖਿਕ ਹੈ। ਇੱਥੋਂ ਤਕ ਕਿ ਭਾਸ਼ਾ ਦੇ ਲਿਖਤੀ ਕੋਡ ਰਾਹੀਂ ਵੀ ਮਨੁੱਖ ਪੜ੍ਹਨ ਸਮੇਂ ਉਸ ਦਾ ਮੌਖਿਕ ਉਚਾਰ ਹੀ ਗ੍ਰਹਿਣ ਕਰਦਾ ਹੈ। ਇਹ ਵੀ ਇਕ ਤੱਥ ਹੈ ਕਿ ਕੋਈ ਵੀ ਲਿਖਤੀ ਟੈਕਸਟ ਕਿਸੇ ਮੌਖਿਕ ਉਚਾਰ ਨੂੰ 100%

ਇੰਨ-ਬਿੰਨ ਨਹੀਂ ਪ੍ਰਗਟਾ ਸਕਦੀ। ਉਸ ਦਾ ਬਹੁਤ ਸਾਰਾ ਸੰਚਾਰ ਪ੍ਰਸੰਗ ਅਨੁਸਾਰੀ ਹੁੰਦਾ ਹੈ। ਭਾਵ ਕਿਸੇ ਭਾਸ਼ਾਈ ਟੈਕਸਟ ਦਾ ਸੰਚਾਰ ਕਰਤਾ ਜਦ ਕਿਸੇ ਲਿਖਤੀ ਟੈਕਸਟ ਨੂੰ ਪੇਸ਼ ਕਰ ਰਿਹਾ ਹੁੰਦਾ ਹੈ ਤਾਂ ਉਸ ਵਿਚ ਬਹੁਤ ਕੁਝ ਪ੍ਰਸੰਗ ਅਨੁਸਾਰ ਸਮਝਾ ਰਿਹਾ ਹੁੰਦਾ ਹੈ ਅਤੇ ਸਰੋਤਾ ਵੀ ਉਸ ਨੂੰ ਪ੍ਰਸੰਗ ਅਨੁਸਾਰ ਡੀਕੋਡ ਕਰ ਰਿਹਾ ਹੁੰਦਾ ਹੈ। ਜਿਵੇਂ ਇਕ ਸ਼ਬਦ ਹੈ: ਫੁੱਟ। ਇਹ ਲਿਖਣ ਦੇ ਵਿਚ 'ਫੁੱਟ' ਹੀ ਰਹੇਗਾ ਪਰ ਕਿਸੇ ਰਚਨਾ ਦੇ ਪ੍ਰਸੰਗ ਵਿਚ ਇਸ ਦੇ ਅਨੇਕ ਅਰਥ ਹੋ ਸਕਦੇ ਹਨ:

ਫੁੱਟ: ਕਲੇਸ਼: ਉਸ ਦੇ ਘਰ ਵਿਚ ਫੁੱਟ ਹੈ।

ਫੁੱਟ: ਲੰਬਾਈ ਨਾਪਣ ਦਾ ਪੈਮਾਨਾ: ਇਹ ਜਗ੍ਹਾ 20 ਫੁੱਟ ਹੈ।

ਫੁੱਟ: ਟੁੱਟਣਾ: ਘੜਾ ਫੁੱਟ ਗਿਆ।

ਫੁੱਟ: ਫ਼ਲ: ਫੁੱਟ ਗਰਮੀਆਂ ਦਾ ਫ਼ਲ ਹੈ।

ਫੁੱਟ: ਫੁੱਟ-ਫੁੱਟ ਕੇ ਰੋਣਾ: ਉਹ ਭਰਾ ਦੀ ਮੌਤ ਦੀ ਖ਼ਬਰ ਸੁਣ ਕੇ ਫੁੱਟ ਫੁੱਟ ਕੇ ਰੋ ਪਿਆ।

ਇਸ ਤੋਂ ਇਲਾਵਾ ਪ੍ਰਸੰਗ ਅਰਥ ਦੀ ਸ਼ਬਦ ਦੀ ਪੱਧਰ 'ਤੇ, ਵਾਕ ਦੀ ਪੱਧਰ 'ਤੇ, ਦਬਾਅ ਦੀ ਪੱਧਰ 'ਤੇ, ਠਹਿਰਾਅ ਦੀ ਪੱਧਰ 'ਤੇ ਬਹੁਤ ਸਾਰੀਆਂ ਪਰਤਾਂ ਹਨ। ਕਿਸੇ ਵੱਡੇ ਸ਼ਬਦ ਦਾ ਉਚਾਰਨ ਕਿਵੇਂ ਕਰਨਾ ਹੈ, ਇਹ ਵੀ ਪੇਸ਼ਕਾਰ ਦੀ ਸੂਝ 'ਤੇ ਨਿਰਭਰ ਕਰਦਾ ਹੈ। ਜਿਵੇਂ ਇਕ ਸ਼ਬਦ ਹੈ: ਕੁਲਵਕਤੀ। ਜਿਸ ਪੇਸ਼ਕਾਰ ਨੂੰ ਇਸ ਦੇ ਅਰਥ ਬਾਰੇ ਨਹੀਂ ਪਤਾ ਉਹ ਇਸ ਦਾ ਅਨਰਥ ਕਰ ਦੇਵੇਗਾ।

ਕੁਲਵਕਤੀ: ਕੁਲ + ਵਕਤੀ

ਕੁਲਵਕਤੀ: ਕੁ +ਲਵਕਤੀ

ਕੁਲਵਕਤੀ: ਕੁਲਵ +ਕਤੀ

ਸਹੀ ਸ਼ਬਦ 'ਆਤੰਕਵਾਦੀ' ਹੈ ਜਾਂ 'ਆਂਤਕਵਾਦੀ'? ਇਸ ਉੱਪਰ ਬਹੁਤ ਸਾਰੇ ਬੁਲਾਰੇ ਉਲਝ ਜਾਂਦੇ ਹਨ। ਪੈਰ ਬਿੰਦੀਆਂ ਦਾ ਉਚਾਰਨ ਕਰਨ ਸਮੇਂ ਬਹੁਤ ਸਾਰੇ ਪੇਸ਼ਕਾਰ ਸੰਚਾਰ ਦਾ ਸੱਤਿਆਨਾਸ ਕਰ ਦਿੰਦੇ ਹਨ। ਇਕ ਲੰਮੇ ਵਾਕ ਨੂੰ ਬੋਲਣ ਵੇਲੇ ਤੁਸੀਂ ਕਿੱਥੋਂ ਤੋੜਨਾ ਹੈ ਅਤੇ ਕਿੰਨੇ ਵਾਰੀ ਤੋੜਨਾ ਹੈ, ਕਿੱਥੇ ਵਿਸ਼ਰਾਮ ਦੇਣਾ ਹੈ, ਇਹ ਪ੍ਰਸੰਗ ਦੀ ਪੇਸ਼ਕਾਰੀ 'ਤੇ ਹੀ ਨਿਰਭਰ ਕਰਦਾ ਹੈ।

ਅਖੀਰਲੀ ਗੱਲ .. ਇਹ ਸਭ ਨੁਕਤੇ ਹਨ, ਜੋ ਕਿਸੇ ਲਈ ਸਾਰਥਕ ਹੋ ਸਕਦੇ ਹਨ, ਕਿਸੇ ਲਈ ਨਹੀਂ। ਇਹਨਾਂ ਨੁਕਤਿਆਂ ਤੋਂ ਪਰੇ ਹਰ ਬੁਲਾਰੇ ਦਾ ਇਕ ਸਟਾਈਲ ਵੀ ਹੁੰਦਾ ਹੈ। ਉਸ ਸਟਾਈਲ ਦੀ ਵੀ ਆਪਣੀ ਇਕ ਵਿੱਲਖਣਤਾ ਹੁੰਦੀ ਹੈ ਅਤੇ ਪ੍ਰਭਾਵ ਹੁੰਦਾ ਹੈ। ਕਈ ਵਾਰ ਅਜਿਹਾ ਸਟਾਈਲ ਲੇਖਕ ਦੀ ਪਛਾਣ ਬਣ ਜਾਂਦਾ ਹੈ। ਗੁਰਸ਼ਰਨ ਸਿੰਘ ਸਾਡੇ ਕੋਲ਼ ਸਟਾਈਲ ਦੀ ਬਹੁਤ ਸਟੀਕ ਉਦਾਹਰਨ ਹੈ। ਉਹਨਾਂ ਦੀ ਬੋਲਣ ਦੀ ਸ਼ੈਲੀ ਬਹੁਤ ਵਿਲੱਖਣ ਸੀ ਜਿਸ ਨੇ ਉਸ ਦੀ ਪਛਾਣ ਨੂੰ ਗੂੜ੍ਹਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਲਈ ਆਪਣਾ ਇਕ ਪਾਰਦਰਸ਼ੀ, ਸਪਸ਼ਟ, ਗ੍ਰਹਿਣ ਕਰਨ ਯੋਗ ਅਤੇ ਪ੍ਰਭਾਵਸ਼ਾਲੀ ਅੰਦਾਜ਼ ਬਣਾਓ..ਤੁਸੀਂ ਦਰਸ਼ਕਾਂ ਉੱਤੇ ਆਪਣੀ ਬਿਹਤਰੀਨ ਛਾਪ ਛੱਡ ਸਕਦੇ ਹੋ।

ਇਉਂ ਕਿਸੇ ਰਚਨਾ ਦੇ ਵਿਸ਼ਾ-ਵਸਤੂ ਦੇ ਨਾਲ ਉਸ ਦੀ ਪੇਸ਼ਕਾਰੀ ਦਾ ਹੁਨਰ ਵੀ ਉਸ ਦੇ ਵਿਸ਼ਾ ਵਸਤੂ ਜਿੰਨਾ ਹੀ ਮਹੱਤਵਪੂਰਨ ਹੁੰਦਾ ਹੈ। ਵਧੀਆ ਪੇਸ਼ਕਾਰ ਕਮਜ਼ੋਰ ਕੰਟੈਂਟ ਨਾਲ ਵੀ ਕਈ ਵਾਰ ਚੰਗਾ ਪ੍ਰਭਾਵ ਬਣਾ ਲੈਂਦੇ ਹਨ, ਜਦ ਕਿ ਇਸ ਦੇ ਵਿਪਰੀਤ ਕਮਜ਼ੋਰ ਪੇਸ਼ਕਾਰ ਵਧੀਆ ਕੰਟੈਂਟ ਹੁੰਦੇ ਹੋਏ ਵੀ ਮੰਚ 'ਤੇ ਜਾ ਕੇ ਪ੍ਰਭਾਵਹੀਣ ਹੋ ਜਾਂਦੇ ਹਨ। ਇਸ ਲਈ ਪੇਸ਼ਕਾਰੀ ਦਾ ਹੁਨਰ ਹੋਣਾ ਕਿਸੇ ਵੀ ਰਚਨਾ ਦੀ ਪੇਸ਼ਕਾਰੀ ਦਾ ਪਹਿਲਾ ਅਤੇ ਮਹਤੱਵਪੂਰਨ ਪੜਾਅ ਹੈ। 000

***(2891, ਫੇਜ਼ 2, ਅਰਬਨ ਐਸਟੇਟ, ਪਟਿਆਲਾ- 147 002***
***ਫੋਨ: +91-98768-20600)***

## 70% ਪ੍ਰੇਮ ਕਥਾ (ਨਾਵਲ) ਜਸਵੀਰ ਰਾਣਾ

ਜਸਵੀਰ ਰਾਣਾ ਪੰਜਾਬੀ ਗਲਪ ਖੇਤਰ ਦਾ ਗੰਭੀਰ ਕਥਾਕਾਰ ਹੈ। ਉਹ ਸਮਾਜਕ ਯਥਾਰਥ ਦੀ ਤਹਿ ਵਿਚ ਵਾਪਰਦੇ ਵਰਤਾਰਿਆਂ ਨੂੰ ਫੈਂਟਸੀਨੁਮਾ ਕਥਾ ਜੁਗਤਾਂ ਅਤੇ ਦਾਰਸ਼ਨਿਕ ਬੋਧ ਵਾਲੀ ਭਾਸ਼ਾਈ ਬਣਤਰ ਵਿਚ ਪੇਸ਼ ਕਰਨ ਵਾਲਾ ਲੇਖਕ ਹੈ। ਕਹਾਣੀ ਤੋਂ ਇਲਾਵਾ ਉਹ ਵਾਰਤਕ ਅਤੇ ਨਾਵਲ ਖੇਤਰ ਦਾ ਵੀ ਸੰਜੀਦਾ ਸਿਰਜਕ ਹੈ। ਆਪਣੇ ਪਹਿਲੇ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਵਿਚ ਲੇਖਕ ਪੰਜਾਬ ਦੀ ਆਬੋ-ਹਵਾ 'ਤੇ ਫੈਲਦੇ ਘਿਣਾਉਣੇ ਸੰਕਟਾਂ ਨੂੰ ਪੰਜ ਦਰਿਆਈ ਧਰਤੀ ਦੇ ਰੇਗਿਸਤਾਨ ਵਿਚ ਵਟ ਜਾਣ ਦੀ ਭਿਆਨਕ ਭਵਿੱਖੀ ਤਸਵੀਰ ਵਿਚ ਦੇਖਦਾ ਹੈ। ਉਸਦਾ ਨਵਾਂ ਨਾਵਲ '70% ਪ੍ਰੇਮ ਕਥਾ' (ਪੰਨੇ 334, ਮੁੱਲ 450 ਰੁਪਏ, ਦਿ ਬੁੱਕ ਹਾਈਵੇਅ, ਮਾਲੇਰਕੋਟਲਾ) ਸਵੈ-ਜੀਵਨੀਮੂਲਕ ਨਾਵਲੀ ਵਿਧਾ ਦਾ ਅਹਿਮ ਵਾਧਾ ਹੈ ਜਿਸ ਵਿਚ ਜੀਵਨ ਅਤੇ ਸਵੈ-ਜੀਵਨ ਦੇ ਅੰਤਰ ਵਿਰੋਧਾਂ, ਸੰਘਰਸ਼ਾਂ, ਮਨੋਭਾਵਾਂ ਸਮੇਤ ਸੁਪਨਿਆਂ ਅਤੇ ਹਕੀਕਤਾਂ ਵਿਚ ਉਪਜਦੀ ਬਿਨਸਦੀ ਮਨੁੱਖੀ ਹੋਂਦ ਦੀ ਅਲੌਕਿਕ ਆਭਾ ਨੂੰ ਪੇਸ਼ ਕੀਤਾ ਗਿਆ ਹੈ। ਰਾਣਾ ਦੇ ਉਕਤ ਨਾਵਲ ਵਿਚ ਜਾਦੂਈ ਯਥਾਰਥ ਅਤੇ ਫੈਂਟਸੀ ਦੇ ਸੁਮੇਲ ਨਾਲ ਬੁਣੀ ਬਿਰਤਾਂਤਕਾਰੀ ਵਿਚ ਮਾਂ, ਪਿਤਾ ਅਤੇ ਪੁੱਤਰ ਦੇ ਰਿਸ਼ਤਿਆਂ ਦੀ ਤਿਕੋਣ ਕੇਂਦਰ ਵਿਚ ਹੈ। ਇਕ ਪੁੱਤਰ ਬਿਰਤਾਂਤਕਾਰ ਇਸ ਤਿਕੋਣ ਦੀ ਅਵਸਥਾ ਵਿਚ ਤਾਉਮਰ ਰਹਿੰਦਾ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਹੀ ਅੱਗੇ ਤੋਰਦਾ ਹੈ। ਇਸ ਲਈ ਮਨੁੱਖ ਵਿਚੋਂ ਪੁਰਖੇ ਕਦੀ ਮਨਫੀ ਨਹੀਂ ਹੁੰਦੇ ਅਤੇ ਨਾਵਲ ਵਿਚ ਵੀ ਜਸਵੀਰ ਰਾਣਾ ਦਾ ਨਾਤ੍ਹਆ ਪੁਰਖਿਆਂ ਦੀ ਤੰਦ ਤਾਣੀ ਨਾਲ ਬੱਝਾ ਹੋਇਆ ਹੈ।

ਲੇਖਕ ਇਸ ਨਾਵਲ ਵਿਚ ਆਪਣੇ ਪਿਤਾ ਅਤੇ ਮਾਤਾ ਦੇ ਸ਼ਬਦ ਚਿੱਤਰਾਂ ਵਰਗੇ ਬਿਰਤਾਂਤ ਉਸਾਰ ਕੇ ਪੁਰਖਿਆਂ ਨਾਲ ਸੰਵਾਦ ਦੀ ਲੰਮੀ ਲੜੀ ਉਸਾਰਦਾ ਹੈ। ਇਕ ਫੌਜੀ ਪਿਤਾ ਦਾ ਸਮਾਜਕ ਅਤੇ ਰਿਸ਼ਤਾਗਤ ਪੱਧਰ 'ਤੇ ਬੇਗਾਨਗੀ ਅਤੇ ਉਪਰਾਮਤਾ ਭਰਿਆ ਜੀਵਨ ਰੂਪਮਾਨ ਕਰਦਿਆਂ ਲੇਖਕ ਨੇ ਰਿਸ਼ਤਾ ਨਾਤਾ ਪ੍ਰਣਾਲੀ ਦੀਆਂ ਵਿੱਥਾਂ ਵਿਚ ਸਹਿਕਦੀਆਂ ਤਰਲ ਮਾਨਵੀ ਭਾਵਨਾਵਾਂ ਨੂੰ ਦਾਰਸ਼ਨਿਕ ਬੋਧ ਵਾਲੀ ਤੇ ਕਾਵਿਕ ਭਾਸ਼ਾ ਨਾਲ ਪੇਸ਼ ਕੀਤਾ ਹੈ। ਮਾਂ ਨਾਲ ਜੈਵਿਕ ਰਿਸ਼ਤੇ ਦੇ ਸਮਾਨਅੰਤਰ ਇਕ ਸੰਸਥਾ ਵਾਲੀ ਸਾਂਝ ਪੇਸ਼ ਕਰਦਿਆਂ ਨਾਵਲ ਵਿਚ ਸਾਧਾਰਨ ਦਿਸਦੀਆਂ ਘਟਨਾਵਾਂ ਪਿਛਲੀ ਦਾਰਸ਼ਨਿਕ ਅਤੇ ਅਲੌਕਿਕ ਰੰਗਤ ਪਾਠਕਾਂ ਨੂੰ ਸੰਮੋਹਤ ਕਰਦੀ ਹੈ। ਇਸ ਰਚਨਾ ਵਿਚ ਮੌਤ ਚਿੰਤਨ ਦੇ ਅਨੇਕਾਂ ਪਾਸਾਰ ਹਨ। ਮੌਤ ਚਿੰਤਨ ਨਾਲ ਜੁੜੀ ਦਾਰਸ਼ਨਿਕਤਾ ਨੂੰ ਲੇਖਕ ਨੇ ਧਰਤੀ ਅੰਦਰ ਸੱਤਰ ਫੀਸਦੀ ਪਾਣੀ ਦੇ ਸਮਾਂਨਅੰਤਰ ਮਾਨਵੀ ਦੇਹ ਵਿਚ ਸੱਤਰ ਫੀਸਦੀ ਪਾਣੀ ਦੇ ਮੈਟਾਫਰ ਤੋਂ ਰਿਸ਼ਤਿਆਂ ਦੇ ਜਲਪ੍ਰਵਾਹ ਤਕ ਦੀ ਅੰਤਿਮ ਯਾਤਰਾ ਤਕ ਕਈ ਪ੍ਰਸੰਗਾਂ ਵਿਚ ਵਰਤਿਆ ਹੈ। ਲੇਖਕ ਗੁਰਮਤਿ ਦਰਸ਼ਨ ਵਿਚ 'ਪਵਨ ਗੁਰੂ ਪਾਣੀ ਪਿਤਾ...' ਦੇ ਅਰਥਾਂ ਦੇ ਪ੍ਰਸੰਗ ਵਿਚ ਮਾਨਵੀ ਹੋਂਦ ਵਿਚ ਉਸਦੇ ਪਿਤਾ ਪੁਰਖਿਆਂ ਦੀ ਜੈਨੇਟਿਕ ਹੋਂਦ ਦਾ ਸਵਾਲ ਉਠਾਉਂਦਾ ਹੈ। ਉਹ ਇਸ ਸਵਾਲ ਦੀ ਸਾਰਥਿਕਤਾ ਲਈ ਜਿੱਥੇ ਪਾਣੀ ਦੇ ਮੈਟਾਫਰ ਨੂੰ ਨਾਵਲ ਅੰਦਰ ਬਹੁਅਰਥੀ ਘੇਰਿਆਂ ਵਿਚ ਵਰਤਦਾ ਹੈ ਉੱਥੇ ਹੀ ਪੂਰੇ ਨਾਵਲ ਵਿਚ ਪੁਰਖਿਆਂ ਨਾਲ ਗੰਭੀਰ ਵਿਚਾਰ ਵਿਮਰਸ਼ ਦੀ ਮੁਦਰਾ ਵਿਚ ਹੀ ਰਹਿੰਦਾ ਹੈ। ਸੰਵਾਦ ਦੀ ਇਸ ਉਤਪਾਦਨ ਪ੍ਰਕਿਰਿਆ ਵਿਚ ਲੇਖਕ ਦੀ ਭਾਸ਼ਾ ਆਪਣੇ ਜਲੌਅ ਵਿਚ ਰਹਿੰਦੀ ਹੈ ਜਿੱਥੇ ਸ਼ਬਦ ਆਪਣੇ ਰਵਾਇਤੀ ਅਰਥਾਂ ਤੋਂ ਪਾਰ ਜਾ ਕੇ ਅਰਥਾਂ ਦੇ ਨਵੇਂ ਘੇਰਿਆਂ ਵਿਚ ਪ੍ਰਵੇਸ ਕਰਦੇ ਹਨ।

ਨਾਵਲ ਦੀ ਵਿਸ਼ੇਸ਼ਤਾ ਸਵੈ ਜੀਵਨੀ ਮੂਲਕ ਨਾਵਲਾਂ ਵਿਚਲੀ ਸਵੈ ਦੀ ਗਲੋਰੀਫਿਕੇਸ਼ਨ ਤੋਂ

ਪਰੇ ਰਹਿਣ ਅਤੇ ਚਲੰਤ ਘਟਨਾਵਾਂ ਪਿਛਲੇ ਰਹੱਸ ਨੂੰ ਸਿਰਜਣ ਵਿਚ ਹੈ। ਪਿਤਾ ਦੀ ਮੌਤ 'ਤੇ ਉਹ ਨਚੀਕੇਤਾ ਵਾਂਗ ਬਾਹਰੋਂ ਚੜ੍ਹਤ ਅਤੇ ਅੰਦਰੋਂ ਅਸਤ ਵਾਲੀ ਮਨੋ ਦਸ਼ਾ ਵਿਚੋਂ ਲੰਘਦਾ ਹੈ। ਮਾਂ ਨਾਲ ਆਪਣੀ ਸਾਂਝ ਨੂੰ ਉਸ ਮੇਮਣੇ ਦੀ ਖਿੱਚ ਨਾਲ ਜੋੜਦਾ ਹੈ ਜਿਹੜਾ ਆਪਣੀ ਮਾਂ ਦੀ ਖੱਲ ਨਾਲ ਬਣੀ ਮਿਰਦੰਗ ਦੀਆਂ ਧੁਨਾਂ ਪ੍ਰਤੀ ਖਿੱਚਿਆ ਜਾਂਦਾ ਤਾਉਮਰ ਰੁਦਨ, ਵਿਗੋਚੇ ਅਤੇ ਊਣੀ ਹੋਂਦ ਵਿਚ ਘਿਰਿਆ ਰਹਿੰਦਾ ਹੈ। ਜਸਵੀਰ ਰਾਣਾ ਨੇ ਪੰਜਾਬੀ ਬਿਰਤਾਂਤਕਾਰੀ ਵਿਚ ਮੌਤ, ਦਹਿਸ਼ਤ, ਸਦਮੇ ਅਤੇ ਮਨੁੱਖੀ ਹੋਂਦ ਦੇ ਵਿਸਥਾਪਨ ਦੇ ਪ੍ਰਗਟਾਵੇ ਲਈ ਲੋਕਧਾਰਾਈ ਚਿੰਤਨ ਨਾਲ ਭਰੀ ਵਿਸਫੋਟਕ ਭਾਸ਼ਾ ਈਜਾਦ ਕੀਤੀ ਹੈ। ਇਸ ਭਾਸ਼ਾ ਦਾ ਤਲਿਸਮੀ ਤੇ ਤੇਜੱਸਵੀ ਸੰਸਾਰ ਦਿਸਣਹਾਰ ਅਤੇ ਸਪਾਟ ਯਥਾਰਥ ਤੋਂ ਪਾਰ ਦੀ ਗੱਲ ਹੈ ਜੋ ਕਿ ਇਸ ਨਾਵਲ ਵਿਚ ਮੁੱਖ ਬਿਰਤਾਂਤਕਾਰ ਦੇ ਮਾਨਸਿਕ ਘੋਲਾਂ, ਦਵੰਦਾਂ ਅਤੇ ਦੁਬਿਧਾਵਾਂ ਵਿਚੋਂ ਝਲਕਦਾ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਵੱਖ ਵੱਖ ਸਿਰਲੇਖਨੁਮਾ ਕਾਂਡਾ ਵਿਚ ਪੇਸ਼ ਕੀਤਾ ਹੈ। 'ਅਸਥਘਾਟ ਤੋਂ ਕਿਰਦੀ ਰਾਖ਼' ਕਾਂਡ ਵਿਚ ਲੇਖਕ ਆਪਣੇ ਪਿਤਾ ਦੀ ਮੌਤ 'ਤੇ ਫੈਲੇ ਮਾਤਮ ਵਿਚ ਪਿਤਾ ਦੀ ਸੰਸਥਾ ਨਾਲ ਪੁੱਤਰ ਦੀ ਸਾਂਝ ਦੇ ਕਈ ਪਾਸਾਰ ਪੇਸ਼ ਕਰਦਾ ਹੈ। ਅੰਤਿਮ ਸੰਸਕਾਰ ਤੋਂ ਲੈ ਕੇ ਫੁੱਲ ਚੁਗਣ ਅਤੇ ਜਲ ਪ੍ਰਵਾਹ ਕਰਨ ਤਕ ਦੇ ਪਸਮੰਜ਼ਰ ਨੂੰ ਪੇਸ਼ ਕਰਦਿਆਂ ਲੇਖਕ ਸੰਸਕਾਰਾਂ ਦੇ ਪ੍ਰਤੀਕਮਈ ਸੰਸਾਰ ਪਿੱਛੇ ਖੜ੍ਹੇ ਭਾਵੁਕ ਸੰਸਾਰ ਤਕ ਸੰਵਾਦੀ ਪੁੱਜਤ ਕਰਦਾ ਹੈ। ਪਿਤਾ ਦੇ ਸੰਸਕਾਰ ਮੌਕੇ ਲਾਸ਼ ਦੇ ਪੂਰੀ ਤਰ੍ਹਾਂ ਅਗਨ ਭੇਟ ਨਾ ਹੋਣ 'ਤੇ ਸ਼ਰੀਕੇਦਾਰ ਬਾਰੂ ਵੱਲੋਂ ਲਾਸ਼ ਨੂੰ ਵੱਢ ਕੇ ਜਲਾਉਣ ਦੀ ਘਟਨਾ ਲੇਖਕ ਲਈ ਹਿਰਦੇਵੇਦਕ ਹੋ ਜਾਂਦੀ ਹੈ। ਬਾਰੂ ਨਾਲ ਜ਼ਮੀਨ ਦਾ ਰੌਲ਼ਾ ਰਿਹਾ ਹੋਣ ਕਰਕੇ ਲੇਖਕ ਇਸ ਵਰਤਾਰੇ ਨੂੰ ਮ੍ਰਿਤਕ ਪਿਤਾ ਦੇ 'ਕਤਲ' ਨਾਲ ਜੋੜ ਕੇ ਦੇਖਦਾ ਆਪਣੇ ਸੁਪਨ ਸੰਸਾਰ ਵਿਚ ਬਾਰੂ ਦਾ ਕਤਲ ਕਰਦਾ ਹੈ। ਦਿਹਾਤੀ ਸਮਾਜ ਵਿੱਚ ਸ਼ਰੀਕ ਨਾਲ ਸਾਂਝ ਅਤੇ ਤਣਾਅ ਦਾ ਦਵੰਦ ਇਸ ਘਟਨਾ ਦੇ ਆਰ ਪਾਰ ਹੈ। ਜਿਸਦਾ ਦੂਜਾ ਪਾਸਾਰ ਫੁੱਲ ਪਾਉਣ ਦੀ ਰਸਮ ਉਪਰੰਤ ਰਿਸ਼ਤੇਦਾਰਾਂ ਨੂੰ ਭਾਂਡੇ ਖਰੀਦ ਕੇ ਦੇਣ ਦੀ ਰੀਤ ਨਾਲ ਜੁੜਿਆ ਹੈ। ਲੇਖਕ ਇਸ ਰੀਤ ਵਿਚਲੀ ਨਿੱਜੀ ਪੀੜ ਨੂੰ 'ਮੌਤ ਦੀ ਲੁੱਟ' ਦੇ ਮੈਟਾਫਰ ਨਾਲ ਪੇਸ਼ ਕਰਦਾ ਰਿਸ਼ਤਿਆਂ ਵਿਚਲੀ ਖੁਦਗ਼ਰਜ਼ੀ ਤੇ ਫਰੇਬੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ।

ਨਾਵਲ ਦੇ ਕਾਂਡ 'ਜੇਬ 'ਚ ਫੁੱਲ ਪਾ ਕੇ ਲੜਦਾ ਫੌਜੀ' ਅਤੇ 'ਆਊਟ ਸਾਈਡਰ' ਵਿਚ ਲੇਖਕ ਫੌਜੀ ਪਿਤਾ ਦੇ ਸੰਘਰਸ਼ਸ਼ੀਲ ਜੀਵਨ ਉੱਤੇ ਝਾਤ ਮਾਰਦਾ ਹੈ ਜਿੱਥੇ ਇਕ ਫੌਜੀ ਕਈ ਮੁਹਾਜ਼ਾਂ 'ਤੇ ਯੁੱਧ ਲੜਦਾ ਹੈ। ਦੇਸ਼ ਦੀਆਂ ਸਰਹੱਦਾਂ ਉੱਪਰਲੇ ਯੁੱਧਾਂ ਵਿਚ ਜੇਤੂ ਰਹਿ ਕੇ ਵੀ ਉਹ ਘਰੇਲੂ ਤਣਾਅ, ਸ਼ਰੀਕੇ ਦੀਆਂ ਤੋਹਮਤਾਂ, ਘਾਟੇ ਦੀ ਕਿਸਾਨੀ ਵਾਲੇ ਯੁੱਧਾਂ ਵਿਚ ਹਾਰਦਾ ਸਮਾਜਕ ਬੇਗਾਨਗੀ ਤੇ ਅਜਨਬੀ ਬੋਧ ਦਾ ਸ਼ਿਕਾਰ ਰਹਿੰਦਾ ਹੈ। ਨਾਵਲ ਵਿਚ ਮਨੁੱਖ ਦੀ ਅਜਿਹੀ 'ਆਊਟਸਾਈਡਰ' ਵਾਲੀ ਹੋਂਦ ਨੂੰ ਪ੍ਰਗਟਾਉਣ ਲਈ ਲੇਖਕ ਕਿਸੇ ਤਰ੍ਹਾਂ ਦੇ ਲਕੀਰੀ ਸਿੱਟੇ ਕੱਢਣ ਵਾਲੀ ਭਾਸ਼ਾ ਦੀ ਥਾਂ ਸੰਜਮੀ, ਵਿਸਫੋਟਕ ਅਤੇ ਬਹੁਪਾਸਾਰੇ ਅਰਥ ਘੇਰਿਆਂ ਵਾਲੀ ਕਾਵਿਕ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਨਾਵਲ ਦੇ ਇਹ ਕਾਂਡ ਮਨੁੱਖੀ ਜੀਵਨ ਵਿਚ ਇਕੱਲਤਾ ਨਾਲ ਪਸਰੀ ਘੋਰ ਨਿਰਾਸ਼ਾ ਨੂੰ ਕਈ ਘਟਨਾਮੂਲਕ ਵੇਰਵਿਆਂ ਨਾਲ ਤਸਲੀਮ ਕਰਦੇ ਹਨ। ਇਨ੍ਹਾਂ ਘਟਨਾਵਾਂ ਵਿਚ ਲੇਖਕ-ਬਿਰਤਾਂਤਕਾਰ ਦੇ ਪਿਤਾ ਉੱਤੇ ਸੇਵਾਮੁਕਤੀ ਉਪਰੰਤ ਮਿੱਲ ਵਿਚ ਨੌਕਰੀ ਦੌਰਾਨ ਚੋਰੀ ਦੀ ਲੱਗੀ ਝੂਠੀ ਤੋਹਮਤ ਅਤੇ ਸੜਕ ਹਾਦਸੇ ਉਪਰੰਤ ਹਸਪਤਾਲ ਵਿਚ ਮੌਤ ਦਾ ਜਿਕਰ ਵਿਸ਼ੇਸ਼ ਹੈ। ਲੇਖਕ ਇਨ੍ਹਾਂ ਘਟਨਾਵਾਂ ਦੇ ਚਲੰਤ ਸੁਭਾਅ ਨੂੰ ਛੱਡ ਕੇ ਇਨ੍ਹਾਂ ਪ੍ਰਤੀ ਦਾਰਸ਼ਨਿਕ ਸੁਰ ਰੱਖਦਾ ਬੰਦੇ ਦੀ ਸਾਲਮ ਹੋਂਦ ਦਾ ਸਮਾਜ ਦੀ ਬੇਰਹਿਮੀ ਪਹੁੰਚ ਨਾਲ ਟਕਰਾਅ ਪੇਸ਼ ਕਰਦਾ ਹੈ। ਨਾਵਲ ਵਿਚ ਇਕ ਥਾਂ ਲੇਖਕ ਆਪਣੀ ਮਾਂ ਨਾਲ ਘੋਰ ਇਕੱਲਤਾ ਨੂੰ ਇਕਾਂਤ ਵਿਚ ਬਦਲਣ ਅਤੇ ਵਿਸ਼ ਨੂੰ ਅੰਮ੍ਰਿਤ ਵਿਚ ਢਾਲਣ ਦੀ ਕਲਾ ਸਿੱਖ ਲੈਣ ਬਾਰੇ ਸੰਵਾਦ ਰਚਾਉਂਦਾ ਹੈ। ਇਸ ਸੰਵਾਦ ਦੇ ਅਵਚੇਤਨ ਵਿਚ ਲੇਖਕ ਸਿਰਜਣਾ ਨੂੰ ਮਾਨਵੀ ਜੀਵਨ ਦਾ ਸਰਵੋਤਮ ਤੱਤ ਐਲਾਨਦਾ ਹੈ ਜਿਹੜੀ ਜੀਵਨ ਦੀ ਪੀੜਾ, ਦੁੱਖ ਅਤੇ ਸੰਤਾਪ ਦੀ ਜਹਿਰ ਨੂੰ ਚੂਸ ਲੈਂਦੀ ਹੈ। ਇੱਥੇ ਲੇਖਕ ਬਿਖਮ ਹਾਲਾਤ ਭਰੀ ਜ਼ਿੰਦਗੀ ਦੀ ਜ਼ਹਿਰ ਫੱਕ ਕੇ ਵੀ ਸਾਲਮ ਸਬੂਤਾ ਰਹਿਣ ਦੀ ਕਥਾ ਦ੍ਰਿਸ਼ਟੀ ਉਸਾਰਦਾ ਹੈ।

ਨਾਵਲ ਦੇ ਅਗਲੇ ਕਾਂਡ ਲੇਖਕ ਬਿਰਤਾਂਤਕਾਰ ਦੇ ਆਪਣੀ ਮਾਤਾ ਚਰਨ ਕੌਰ ਨਾਲ ਰਿਸ਼ਤਾਗਤ ਤੇ ਸੰਸਥਾਗਤ ਸਾਂਝ ਨੂੰ ਪੇਸ਼ ਕਰਦੇ ਹਨ। ਮਾਂ ਦੇ ਰੂਪ ਵਿਚ ਚਰਨ ਕੌਰ ਮਰਦ ਪ੍ਰਧਾਨ ਸਮਾਜਕ ਬਣਤਰਾਂ ਵਿਚ ਨਾਰੀ ਹੋਂਦ ਦੇ ਸੰਘਰਸ਼ਮਈ ਸਫਰ ਦੀ ਵੱਖਰੀ ਦਾਸਤਾਨ ਹੈ। ਮਰਦਾਵੀਂ ਪਿੱਤਰ ਸੱਤਾ ਆਪਣੇ ਵਿਸਤਾਰ ਲਈ ਦਿਸਦੀਆਂ ਅਤੇ ਅਣਦਿਸਦੀਆਂ ਤੰਦਾਂ ਨਾਲ ਔਰਤ ਦਾ ਦਮਨ ਕਰਦੀ ਹੈ। ਇਹ ਵਰਤਾਰੇ ਨਾਵਲ ਦੀ ਤਹਿ ਵਿਚ ਹਨ ਜਿੱਥੇ ਚਰਨ ਕੌਰ ਆਪਣੀ ਸੱਸ ਅੰਦਰਲੇ ਪੁੱਤਰ ਪੱਖੀ ਪਿਤਾ ਤੰਤਰ ਦਾ ਦਮਨ ਵੀ ਸਹਿੰਦੀ ਹੈ। ਲੇਖਕ ਮਾਂ ਦੀ ਮੌਤ ਤੋਂ ਬਾਅਦ ਵੀ ਉਸਦੀ ਭੌਤਿਕ ਮੌਤ ਨੂੰ ਸਵੀਕਾਰ ਨਹੀਂ ਕਰਦਾ ਅਤੇ ਅੰਦਰੂਨੀ ਟੁੱਟ ਭੱਜ ਤੇ ਬੇਗਾਨਗੀ ਵਿਚ ਜੀਵਨ ਜੀਉਂਦਾ ਹੈ। ਪਿਤਾ ਨੂੰ ਪਾਣੀ ਨਾਲ ਅਤੇ ਮਾਂ ਨੂੰ ਮਿੱਟੀ ਦੇ ਮੈਟਾਫਰ ਦੇ ਸਮਝਣ ਦੀ ਕਥਾ ਜੁਗਤ ਨਾਵਲ ਦਾ ਅਹਿਮ ਹਿੱਸਾ ਹੈ ਜਿਹੜਾ ਕਿ ਬਿਰਤਾਂਤ ਦੇ ਸੁਭਾਅ ਨੂੰ ਦਾਰਸ਼ਨਿਕ ਰੰਗਤ ਦਿੰਦਾ ਹੈ।

ਨਾਵਲ ਦੀ ਇਕ ਵਿਸ਼ੇਸ਼ਤਾ ਇਸ ਅੰਦਰ ਕਿਸੇ ਤਰ੍ਹਾਂ ਦੇ ਸੁਧਾਰਵਾਦੀ ਘੋਸ਼ਣਾ ਪੱਤਰ ਨੂੰ ਪ੍ਰਚਾਰਨ ਦੀ ਨਹੀਂ ਹੈ ਅਤੇ ਨਾ ਹੀ ਸਵੈ-ਜੀਵਨੀ ਲਿਖਤਾਂ ਦੇ ਚਲੰਤ ਸੁਭਾਅ ਵਾਂਗ ਸਵੈ ਦੇ ਗਲੋਰੀਫਿਕੇਸ਼ਨ ਦੀ ਹੈ। ਇਸਦੀ ਥਾਂ ਰਚਨਾ ਦੇ ਅਵਚੇਤਨ ਵਿਚ ਪੁਰਖਿਆਂ ਦੇ ਅਨੁਭਵ, ਸੰਘਰਸ਼ ਅਤੇ ਜੀਵਨ ਸਾਧਨਾ ਨਾਲ ਵਰ ਮੇਚਣ ਦੀ ਕੋਸ਼ਿਸ ਕੀਤੀ ਹੈ। ਇਸੇ ਲਈ ਲੇਖਕ ਪੁਰਖਿਆਂ ਦੀ ਭੌਤਿਕ ਮੌਤ ਤੋਂ ਬਾਅਦ ਵੀ ਉਨ੍ਹਾਂ ਦੀ ਹੋਂਦ ਨਾਲ ਵਿਚਾਰ ਵਿਮਰਸ਼ ਵਿਚ ਰਹਿੰਦਾ ਹੈ। ਸਮਕਾਲ ਦੇ ਪਦਾਰਥਵਾਦੀ ਦੌਰ ਵਿਚ ਬਜ਼ੁਰਗਾਂ ਦੀ ਅਣਦੇਖੀ, ਘਰਾਂ ਦੇ ਸਮਾਂਨਅੰਤਰ ਬਿਰਧ ਆਸ਼ਰਮਾਂ ਦੀ ਹੋਂਦ, ਮਾਨਵੀ ਇਕੱਲਤਾ, ਪੀੜ੍ਹੀ ਸੰਕਟ ਸਮੇਤ ਤਮਾਮ ਕਿਸਮ ਦੇ ਮੁੱਦੇ ਨਾਵਲ ਦੀ ਪੜ੍ਹਤ ਦੌਰਾਨ ਅਦਿੱਖ ਤੌਰ 'ਤੇ ਹਾਜ਼ਰ ਰਹਿੰਦੇ ਹਨ। ਲੇਖਕ ਕਿਸੇ ਤਰ੍ਹਾਂ ਦੇ ਐਲਾਨੀਆ ਆਦਰਸ਼ਵਾਦ ਦੀ ਥਾਂ ਟੈਕਸਟ ਵਿਚ ਇਨ੍ਹਾਂ ਮੁੱਦਿਆਂ ਨੂੰ ਜਾਗਰਿਤ ਕਰਦਾ ਅਸਿੱਧੇ ਰੂਪ ਵਿਚ ਪੁਰਖਿਆਂ ਦੀ ਸੰਭਾਲ, ਸਾਂਝ ਅਤੇ ਸੰਵਾਦ ਦਾ ਸੰਦੇਸ਼ ਦਿੰਦਾ ਹੈ। ਰਾਣਾ ਦੇ ਇਸ ਨਾਵਲ ਦਾ ਸਵਾਗਤ ਹੈ।

**-ਜੇ.ਬੀ. ਸੇਖੋਂ**

## ਚੰਨ ਦਾ ਉੱਚੜਿਆ ਚਿਹਰਾ (ਨਾਵਲ) ਕੇ.ਐੱਲ. ਗਰਗ

ਕੇ.ਐੱਲ. ਗਰਗ ਦੀ ਸਾਹਿਤਕ ਸਿਰਜਣਾ ਦੀ ਫਹਿਰਿਸਤ ਬਹੁਤ ਲੰਬੀ ਹੈ। ਉਸਨੇ ਪੰਜਾਬੀ ਗਲਪ ਵਿਚ ਵਿਅੰਗ ਦੀ ਖ਼ੂਬਸੂਰਤ ਵਰਤੋਂ ਰਾਹੀਂ ਆਪਣੀ ਗੱਲ ਪਾਠਕਾਂ ਦੇ ਸਨਮੁੱਖ ਸਫਲਤਾ ਨਾਲ ਰੱਖੀ ਹੈ। ਉਸਦੀਆਂ ਰਚਨਾਵਾਂ ਲੰਬੇ ਸਾਹਿਤਕ ਅਨੁਭਵ ਵਿਚੋਂ ਨਿਕਲੀਆਂ ਹੋਈਆਂ ਹਨ। ਹੱਥਲਾ ਨਵਾਂ ਨਾਵਲ 'ਚੰਨ ਦਾ ਉੱਚੜਿਆ ਚਿਹਰਾ' (ਨਵਯੁਗ ਪਬਲਿਸ਼ਰਜ਼, ਦਿੱਲੀ, ਪੰਨੇ 180, ਮੁੱਲ 350 ਰੁਪਏ) ਇਸ ਵਿਸ਼ਾਲ ਅਨੁਭਵ ਵਿਚੋਂ ਝਲਕਦੀ ਪਕਿਆਈ ਦੀ ਸ਼ਾਹਦੀ ਭਰਦਾ ਹੈ। ਨਾਵਲ ਦਾ ਕੈਨਵਸ ਵੱਡਾ ਹੋਣ ਕਾਰਨ ਉਸਦੇ ਬਿਰਤਾਂਤਕ ਗਰਭ ਵਿਚ ਕਾਰਜਸ਼ੀਲ ਦਰਸ਼ਨ, ਇਤਿਹਾਸ ਤੇ ਵਿਚਾਰਧਾਰਕ ਪੱਧਤੀਆਂ ਦੀ ਪਛਾਣ ਸਹਿਜੇ ਕੀਤੀ ਜਾ ਸਕਦੀ ਹੈ। ਨਾਵਲੀ ਬਿਰਤਾਂਤ ਵਿਚ ਇਹ ਪੱਧਤੀਆਂ ਦੋ ਢੰਗ ਨਾਲ ਪੇਸ਼ ਹੋਈਆਂ ਹੁੰਦੀਆਂ ਹਨ। ਇਕ ਤਾਂ ਨਾਵਲੀ ਬਿਰਤਾਂਤ ਦੇ ਵਿਚ ਗੜੁੱਚ ਹੋ ਕੇ ਅਤੇ ਦੂਜਾ ਨਾਵਲਕਾਰ ਦੀ ਦ੍ਰਿਸ਼ਟੀ ਅਨੁਸਾਰ ਕਹਾਣੀ ਤੋਂ ਵੱਖਰੇ ਬਿਰਤਾਂਤ ਵਜੋਂ ਦਰਜ ਘਟਨਾਵਾਂ ਰਾਹੀਂ। ਦੋਨੋ ਰੂਪਾਂ ਵਿਚ ਉਸਦਾ ਸੰਬੰਧ ਨਾਵਲੀ ਵਿਸ਼ੇ ਤੇ ਘਟਨਾਵਾਂ ਨਾਲ ਹੀ ਹੁੰਦਾ ਹੈ। ਕੇ. ਐੱਲ. ਗਰਗ ਨੇ ਇਸ ਨਾਵਲ ਵਿਚ ਅਜਿਹਾ ਹੀ ਤਜਰਬਾ ਕੀਤਾ ਹੈ। ਉਸਨੇ 1947 ਦੀ ਦੇਸ਼-ਵੰਡ ਅਤੇ 1984 ਦੇ ਕਤਲੇਆਮ ਨੂੰ ਇਤਿਹਾਸਕ ਪਿੱਠਭੂਮੀ ਵਜੋਂ ਵਰਤਦੇ ਹੋਏ ਨਾਵਲੀ ਬਿਰਤਾਂਤ ਦੀ ਉਸਾਰੀ ਕੀਤੀ ਹੈ। ਉਸਨੇ ਬਿਰਤਾਂਤ ਦੇ ਪਹਿਲੇ ਹਿੱਸੇ ਵਿਚ ਕਹਾਣੀ ਦਾ ਉਸਾਰ ਕੀਤਾ ਹੈ ਅਤੇ ਚੱਲਦੀ ਕਹਾਣੀ ਨੂੰ ਰੋਕ ਕੇ 'ਕੱਟੇ ਵੱਢੇ ਪੰਜਾਬ ਦੀ ਗਾਥਾ' ਸਿਰਲੇਖ ਰਾਹੀਂ ਲਹੂ-ਲੁਹਾਣ ਪੰਜਾਬ ਦੀ ਇਤਿਹਾਸਕ ਪਿੱਠਭੂਮੀ ਨੂੰ ਨਾਵਲਕਾਰ ਦੀ ਟਿੱਪਣੀ ਵਜੋਂ ਦਰਜ ਕੀਤਾ ਹੈ। ਇਹ ਹਿੱਸਾ ਜੇਕਰ ਨਾਵਲੀ ਬਿਰਤਾਂਤ ਵਿਚ ਵਾਪਰਦੀਆਂ ਘਟਨਾਵਾਂ ਦੇ

ਅਨੁਸਾਰ ਫਿੱਟ ਕੀਤਾ ਜਾਂਦਾ ਤਾਂ ਹੋਰ ਵੀ ਪ੍ਰਭਾਵਸ਼ਾਲੀ ਬਣ ਸਕਦਾ ਸੀ। ਇਸ ਉਪਰੰਤ 'ਤੇ ਫਿਰ ਕਹਾਣੀ ਅਗਾਂਹ ਤੁਰੀ...' ਸਿਰਲੇਖ ਰਾਹੀਂ ਬਿਰਤਾਂਤ ਨੂੰ ਅੱਗੇ ਤੋਰਿਆ ਹੈ। ਸਮੁੱਚਾ ਨਾਵਲੀ ਬਿਰਤਾਂਤ ਤਿੰਨ ਪੀੜ੍ਹੀਆਂ ਦੇ ਤਕਰੀਬਨ 80 ਕੁ ਸਾਲ ਦੇ ਵਕਫੇ ਤਕ ਫੈਲਿਆ ਹੋਣ ਕਾਰਨ ਇਸਨੂੰ ਦਸਤਾਵੇਜ਼ੀ ਨਾਵਲ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ।

ਨਾਵਲ ਦਾ ਵਿਸ਼ਾ ਇਕ ਪਰਿਵਾਰ ਦੀ ਸਾਧਾਰਨ ਜ਼ਿੰਦਗੀ ਦੀ ਪੇਸ਼ਕਾਰੀ ਹੈ। ਬਿਰਤਾਂਤ ਦੀ ਸਾਧਾਰਨਤਾ ਵਿਚ ਖੂਬਸੂਰਤੀ ਇਸ ਗੱਲ ਦੀ ਹੈ ਕਿ ਇਸ ਵਿਚ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਣ ਦਾ ਰਾਹ ਦੱਸਿਆ ਗਿਆ ਹੈ। ਸਮਕਾਲੀ ਦੌਰ ਸਮੱਸਿਆਵਾਂ ਤੇ ਸੰਕਟਾਂ ਦਾ ਦੌਰ ਹੈ। ਇਸ ਦੌਰ ਦਾ ਮਨੁੱਖ ਛੋਟੀ ਤੋਂ ਛੋਟੀ ਸਮੱਸਿਆ ਨੂੰ ਲੈ ਕੇ ਚਿੰਤਤ ਰਹਿੰਦਾ ਹੈ। ਸਾਦਗੀ ਤੇ ਖੁਸ਼ੀ ਦੀ ਥਾਂ ਦਿਖਾਵੇ ਤੇ ਕਾਹਲ ਨੇ ਲੈ ਲਈ ਹੈ। ਨਾਵਲਕਾਰ ਨੇ ਇਸ ਦੌਰ ਦੇ ਬੌਂਦਲਾਏ ਬੰਦੇ ਲਈ ਜ਼ਿੰਦਗੀ ਜਿਉਣ ਦਾ ਮਾਡਲ ਸਿਰਜਿਆ ਹੈ। ਬੇਸ਼ੱਕ ਇਹ ਵੰਡ ਤੋਂ ਬਾਅਦ ਦੇ ਸਮੇਂ ਦਾ ਮਾਡਲ ਹੈ ਪਰ ਇਸ ਵਿਚ ਰਿਸ਼ਤਿਆਂ ਪ੍ਰਤੀ ਜੋ ਨਜ਼ਰੀਆ ਪੇਸ਼ ਹੋਇਆ, ਵਿਚਾਰਾਂ ਦੀ ਜੋ ਸਾਦਗੀ ਪੇਸ਼ ਹੋਈ ਹੈ, ਉਸਨੂੰ ਸਮਕਾਲੀ ਦੌਰ ਵਿਚ ਅਪਨਾਉਣ ਦੀ ਸਖਤ ਲੋੜ ਹੈ। ਅਜਿਹੇ ਜੀਵਨ ਵਿਹਾਰ ਨੂੰ ਅਪਣਾ ਕੇ ਅਸੀਂ ਸਮਕਾਲੀ ਦੌਰ ਦੀਆਂ ਸਮੱਸਿਆਵਾਂ ਤੋਂ ਬਚ ਸਕਦੇ ਹਾਂ।

ਨਾਵਲੀ ਬਿਰਤਾਂਤ ਦਾ ਆਰੰਭ ਰਕਸ਼ਾ ਤੇ ਕੁੰਦਨ ਦੇ ਵਿਆਹ ਤੋਂ ਹੁੰਦਾ ਹੈ। ਇਹ ਵਿਆਹ ਵੀ ਇਕ ਆਦਰਸ਼ ਵਿਆਹ ਦਾ ਮਾਡਲ ਹੈ। ਇਸ ਵਿਚ ਕਿਸੇ ਕਿਸਮ ਦਾ ਦਿਖਾਵਾ ਤੇ ਲੈਣ-ਦੇਣ ਨਹੀਂ। ਇਕ ਕੁੜੀ ਲਈ ਵਿਆਹ ਤੋਂ ਬਾਅਦ ਸਹੁਰੇ ਘਰ ਅਡਜਸਟ ਹੋਣ ਵਿਚ ਉੱਥੋਂ ਦਾ ਮਾਹੌਲ ਬਹੁਤ ਕੰਮ ਕਰਦਾ ਹੈ। ਨਾਵਲ ਵਿਚ ਰਕਸ਼ਾ ਨੂੰ ਆਪਣੇ ਸਹੁਰੇ ਘਰ ਵਿਚ ਮਿਲੇ ਮਾਣ-ਸਤਿਕਾਰ ਨਾਲ ਉਸਨੂੰ ਅਡਜਸਟ ਹੋਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ। ਪਰਿਵਾਰ ਦਾ ਹਰ ਮੈਂਬਰ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਹਨਾਂ ਦੀ ਕਦਰ ਕਰਦਾ ਹੈ। ਇਹ ਪਰਿਵਾਰਕ ਰਿਸ਼ਤਿਆਂ ਦੀ ਮਜ਼ਬੂਤੀ ਲਈ ਸਭ ਤੋਂ ਅਹਿਮ ਹੈ। ਇਹੀ ਕਾਰਨ ਹੈ ਕਿ ਨਾਵਲੀ ਪਾਤਰਾਂ ਦੇ ਆਪਸੀ ਰਿਸ਼ਤੇ ਬਹੁਤ ਗਹਿਰੇ ਅਤੇ ਮਜ਼ਬੂਤ ਹਨ। ਨਾਵਲ ਦੇ ਇਸ ਬਿਰਤਾਂਤਕ ਉਸਾਰ ਵਿਚ ਸਮਾਜਕ ਸੰਰਚਨਾ ਦਾ ਸ਼ਕਤੀਸ਼ਾਲੀ ਮਾਡਲ ਉਸਾਰਿਆ ਗਿਆ ਹੈ। ਇਸ ਸੰਰਚਨਾ ਵਿਚ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਦਾ ਆਪਸ ਵਿਚ ਸਹਿਹੋਂਦ ਵਾਲਾ ਰਿਸ਼ਤਾ ਹੈ। ਦੋਨੋਂ ਪੀੜ੍ਹੀਆਂ ਇਕ ਦੂਜੇ ਤੋਂ ਕੁਝ ਨਾ ਕੁਝ ਨਵਾਂ ਗ੍ਰਹਿਣ ਕਰਦੀਆਂ ਹਨ। ਪੁਰਾਣੀ ਪੀੜ੍ਹੀ ਦੇ ਵਾਹਕ ਬਾਬਾ ਦਰਵੇਸ਼ ਤੇ ਉਸਦੀ ਪਤਨੀ ਲੱਛਮੀ ਖੁੱਲ੍ਹੇ ਵਿਚਾਰਾਂ ਵਾਲੇ ਹਨ। ਉਹ ਆਪਣੀ ਨੂੰਹ ਰਕਸ਼ਾ ਦੀਆਂ ਭਾਵਨਾਵਾਂ ਨੂੰ ਬਿਨਾਂ ਕਹੇ ਹੀ ਸਮਝਦੇ ਹੋਏ ਆਪਣੇ ਪੁੱਤਰ ਨੂੰ ਨਿਰਦੇਸ਼ ਦਿੰਦੇ ਰਹਿੰਦੇ ਹਨ। ਵਿਆਹ ਉਪਰੰਤ ਘੁੰਮਣ ਜਾਣ, ਮਨੋਰੰਜਨ ਲਈ ਸਿਨੇਮਾ ਜਾਣ ਤੇ ਹੋਰ ਖਾਣ-ਪੀਣ ਬਾਰੇ ਖਿਆਲ ਰੱਖਣ ਲਈ ਉਹਨਾਂ ਦੇ ਵਿਚਾਰ ਕਾਫੀ ਖੁੱਲ੍ਹੇ ਹਨ। ਨਵੀਂ ਪੀੜ੍ਹੀ ਦੀ ਵਾਹਕ ਰਕਸ਼ਾ ਵੀ ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੋਈ ਹਰ ਕੰਮ ਜ਼ੁੰਮੇਵਾਰੀ ਨਾਲ ਕਰਦੀ ਹੈ। ਤੀਜੀ ਪੀੜ੍ਹੀ ਦੇ ਵਾਹਕ ਪਾਰਸ ਅਤੇ ਉਸਦੀ ਪਤਨੀ ਮਨਜੀਤ ਵੀ ਇਹਨਾਂ ਵਿਚਾਰਾਂ ਨੂੰ ਹੋਰ ਵਿਸਥਾਰ ਦਿੰਦੇ ਨਜ਼ਰ ਆਉਂਦੇ ਹਨ। ਆਪਣੀ ਲੋਕ ਪੱਖੀ ਵਿਚਾਰਧਾਰਾ 'ਤੇ ਪਹਿਰਾ ਦਿੰਦਾ ਹੋਇਆ ਪਾਰਸ ਅਤਿਵਾਦੀਆਂ ਦੇ ਗੁਰਤੇਜ ਧੜੇ ਵੱਲੋਂ ਮਾਰਿਆ ਜਾਂਦਾ ਹੈ। ਨਾਵਲ ਵਿਚ ਲੋਕ ਪੱਖੀ ਸੋਚ ਨੂੰ ਉਭਾਰਦੇ ਹੋਏ ਧਰਮ ਆਧਾਰਤ ਫਿਰਕੂ ਰਾਜਨੀਤੀ ਦਾ ਖੰਡਨ ਕੀਤਾ ਗਿਆ ਹੈ। ਗੁਰਤੇਜ ਪੀਪਣੀ ਦੇ ਪਾਤਰ ਰਾਹੀਂ ਪੰਜਾਬ ਵਿਚ ਅਤਿਵਾਦ ਦੀ ਦਹਿਸ਼ਤੀ ਵਿਚਾਰਧਾਰਾ ਨੂੰ ਗ਼ਲਤ ਠਹਿਰਾਇਆ ਗਿਆ ਹੈ।

ਨਾਵਲ ਇਸ ਵਿਚਾਰ ਨੂੰ ਦਰਸਾਉਂਦਾ ਹੈ ਕਿ ਇਕ ਬੱਚੇ ਨੂੰ ਸਹੀ ਢੰਗ ਨਾਲ ਪਾਲਣ-ਪੋਸ਼ਣ ਅਤੇ ਚੰਗੀ ਸਿੱਖਿਆ ਨਾਲ ਚੰਗਾ ਇਨਸਾਨ ਬਣਾਇਆ ਜਾ ਸਕਦਾ ਹੈ। ਬੱਚਿਆਂ ਵਿਚ ਗ਼ਲਤ ਠੀਕ ਨੂੰ ਸਮਝਣ ਦੀ ਸੂਝ ਨਾ ਹੋਣ ਕਾਰਨ ਉਹ ਕਈ ਵਾਰ ਗ਼ਲਤ ਸੰਗਤ ਦੇ ਅਸਰ ਹੇਠ ਆਪਣੇ ਰਸਤੇ ਤੋਂ ਭਟਕ ਜਾਂਦੇ ਹਨ। ਗੁਰਤੇਜ ਪੀਪਣੀ ਤੇ ਪਾਰਸ ਇਸਦੀ ਸਭ ਤੋਂ ਸਫਲ ਉਦਾਹਰਨ ਹਨ। ਗੁਰਤੇਜ ਜਮਾਤ ਵਿਚ ਸ਼ਰਾਰਤੀ ਸੁਭਾਅ ਕਾਰਨ ਤੇ ਵਿਗੜਾਊ ਰੁਚੀਆਂ ਕਾਰਨ ਅਤਿਵਾਦ

ਵੱਲ ਖਿੱਚਿਆ ਜਾਂਦਾ ਹੈ ਜਦਕਿ ਪਾਰਸ ਚੰਗੇ ਗੁਣਾਂ ਵਾਲੇ ਨਾਇਕ ਵਜੋਂ ਸਥਾਪਤ ਹੋ ਜਾਂਦਾ ਹੈ। ਆਪਣੇ ਬਾਪ ਦੀ ਮੌਤ ਤੋਂ ਬਾਅਦ ਪਾਰਸ ਦੇ ਮਨ ਵਿਚ ਨਿਰਾਸ਼ਾ ਤੇ ਭਟਕਣਾ ਆਉਣ ਲੱਗਦੀ ਹੈ। ਉਸਦੇ ਅਧਿਆਪਕ ਗਿਆਨੀ ਬਚਿੱਤਰ ਸਿੰਘ ਦੇ ਵਿਚਾਰਾਂ ਨਾਲ ਉਹ ਮੁੜ ਸਹੀ ਰਾਹ 'ਤੇ ਆ ਜਾਂਦਾ ਹੈ। ਨਾਵਲ ਦਾ ਉਦੇਸ਼ ਮਨੁੱਖ ਪੱਖੀ ਤੇ ਮਨੁੱਖਤਾ ਵਿਰੋਧੀ ਵਿਚਾਰਾਂ ਦੇ ਟਕਰਾਓ ਵਿਚੋਂ ਜ਼ਿੰਦਗੀ ਦੀ ਜਿੱਤ ਨੂੰ ਪ੍ਰਸਾਰਨਾ ਹੈ। ਨਾਵਲ ਦੇ ਅੰਤ 'ਤੇ ਮਾਵਾਂ ਦੇ ਰੁਦਨ ਰਾਹੀਂ ਇਸ ਵਿਚਾਰ ਨੂੰ ਹੋਰ ਪੁਖਤਾ ਕੀਤਾ ਗਿਆ ਹੈ ਅਤੇ ਇਕ ਫਕੀਰ ਦੀ ਸੱਦ ਰਾਹੀਂ ਰੰਗਲੇ ਤੇ ਖੁਸ਼ਹਾਲ ਪੰਜਾਬ ਦੀ ਚੜ੍ਹਦੀ ਕਲਾ ਦੀ ਮੁੜ ਬਹਾਲੀ ਲਈ ਕਾਮਨਾ ਕੀਤੀ ਗਈ ਹੈ।

ਨਾਵਲ ਦਾ ਕਲਾਤਮਕ ਪੱਖ ਬਹੁਤ ਸ਼ਾਨਦਾਰ ਹੈ। ਘਟਨਾਵਾਂ ਨੂੰ ਨਾਵਲੀ ਬਿਰਤਾਂਤ ਵਿਚ ਪੇਸ਼ ਕਰਦੇ ਹੋਏ ਕਿਸੇ ਕਿਸਮ ਦੀ ਜਲਦਬਾਜ਼ੀ ਨਹੀਂ ਕੀਤੀ ਗਈ। ਬਿਰਤਾਂਤ ਧੀਮੀ ਗਤੀ ਵਿਚ ਅੱਗੇ ਵਧਦਾ ਹੈ। ਲੇਖਕ ਨੇ ਨਾਵਲੀ ਰਸ ਦਾ ਖਾਸ ਖਿਆਲ ਰੱਖਿਆ ਹੈ। ਪਾਤਰਾਂ ਦੀ ਆਪਸੀ ਵਾਰਤਾਲਾਪ ਬਹੁਤ ਸਹਿਜ ਤੇ ਯਥਾਰਥਕ ਢੰਗ ਨਾਲ ਉਸਾਰੀ ਗਈ ਹੈ। ਉਸ ਵਿਚ ਕਿਸੇ ਕਿਸਮ ਦੀ ਮਾਅਰਕੇਬਾਜ਼ੀ ਨਹੀਂ। ਕੇ.ਐੱਲ. ਗਰਗ ਨੂੰ ਦਫਤਰਾਂ ਵਿਚ ਕੰਮ ਕਾਰ ਕਰਨ ਵਾਲੇ ਕਲਰਕ, ਹੇਠਲੇ ਤਬਕੇ ਦੇ ਸ਼ਹਿਰੀ ਹਿੰਦੂ ਸਮਾਜ ਦੇ ਜਮਾਤੀ ਖਾਸੇ ਦੀ ਡੂੰਘੀ ਸਮਝ ਹੈ। ਨਾਵਲ ਵਿਚ ਉਹਨਾਂ ਦੇ ਜਮਾਤੀ ਖਾਸੇ ਬਾਰੇ ਯਥਾਰਥਕ ਵੇਰਵੇ ਸ਼ਾਮਲ ਕੀਤੇ ਹਨ। ਸਾਰੇ ਪਾਤਰ ਆਪਣੇ ਜਮਾਤੀ ਖਾਸੇ ਦੇ ਅਨੁਕੂਲ ਵਿਹਾਰ ਕਰਦੇ ਹਨ। ਜ਼ਿਆਦਾਤਰ ਪੰਜਾਬੀ ਗਲਪ ਵਿਚ ਵਿਆਹ ਨੂੰ ਨੁਕਸਦਾਰ ਪ੍ਰਣਾਲੀ ਵਜੋਂ ਉਭਾਰਿਆ ਜਾਂਦਾ ਹੈ। ਇਸ ਨਾਵਲ ਵਿਚ ਵਿਆਹ ਪ੍ਰਣਾਲੀ ਨੂੰ ਹੰਢਣਸਾਰ ਤੇ ਜਾਤ-ਜਮਾਤ ਦੀਆਂ ਸੌੜੀਆਂ ਵਲਗਣਾਂ ਤੋਂ ਮੁਕਤ ਪ੍ਰਣਾਲੀ ਵਜੋਂ ਪੇਸ਼ ਕੀਤਾ ਗਿਆ ਹੈ। ਰਕਸ਼ਾ ਤੇ ਕੁੰਦਨ ਦਾ ਵਿਆਹੁਤਾ ਜੀਵਨ ਖੁਸ਼ਹਾਲ ਤੇ ਹੰਢਣਸਾਰ ਹੈ। ਇਸੇ ਤਰ੍ਹਾਂ ਉਹਨਾਂ ਦੇ ਪੁੱਤਰ ਪਾਰਸ ਤੇ ਉਸਦੀ ਪਤਨੀ ਮਨਜੀਤ ਦਾ ਰਿਸ਼ਤਾ ਅਗਾਂਹਵਧੂ ਸੋਚ ਦਾ ਪ੍ਰਤੀਕ ਹੈ। ਨਾਵਲ ਵਿਚ ਹਾਸ ਰਸ ਤੇ ਵਿਅੰਗ ਦੀ ਕਾਟ ਹੈ। ਕੇ. ਐੱਲ. ਗਰਗ ਨੂੰ ਇਸ 'ਤੇ ਮੁਹਾਰਤ ਹਾਸਿਲ ਹੈ। ਪਾਰਸ ਵਰਗੇ ਪਾਤਰ ਅੱਜੋਕੀ ਨੌਜਵਾਨ ਪੀੜ੍ਹੀ ਲਈ ਰੋਲ ਮਾਡਲ ਬਣਨ ਦੇ ਸਮਰੱਥ ਹਨ। ਨਾਵਲ ਦਾ ਸਿਰਲੇਖ ਪ੍ਰਤੀਕ ਰੂਪ ਵਿਚ ਸਮੇਂ-ਸਮੇਂ ਸੰਕਟਗ੍ਰਸਤ ਹੋਏ ਪੰਜਾਬ ਦਾ ਚਿਹਨ ਹੈ। ਸਿਆਸੀ ਪੱਖ ਤੋਂ ਪੰਜਾਬ ਨੂੰ ਜਿਹੜੇ ਸੰਤਾਪ ਝੱਲਣੇ ਪਏ ਉਸ ਨਾਲ ਹੱਸਦੇ-ਵਸਦੇ ਪੰਜਾਬ ਦਾ ਚੰਨ ਵਰਗਾ ਚਿਹਰਾ ਉੱਚੜ ਗਿਆ। ਨਾਵਲ ਇਸ ਰੁਦਨ ਦਾ ਦਸਤਾਵੇਜ਼ ਹੈ। **-ਹਰਿੰਦਰ ਸਿੰਘ ਬਰਾੜ**

## ਗੁੱਡ-ਲੱਕ (ਨਾਵਲ) ਬੂਟਾ ਸਿੰਘ ਚੌਹਾਨ

ਬੂਟਾ ਸਿੰਘ ਚੌਹਾਨ ਲੰਬੇ ਸਮੇਂ ਤੋਂ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਹੈ। ਆਪਣੀ ਉਮਰ ਦੇ ਅੰਤਲੇ ਪੜਾਅ 'ਤੇ ਪਹੁੰਚਦਿਆਂ ਅਕਸਰ ਸਾਹਿਤਕਾਰ ਇਸ ਕਾਰਜ ਤੋਂ ਅਕੇਵਾਂ ਮਹਿਸੂਸ ਕਰਦੇ ਆਪਣੀ ਚਾਲ ਸੁਸਤ ਕਰ ਲੈਂਦੇ ਹਨ, ਪਰੰਤੂ ਬੂਟਾ ਸਿੰਘ ਚੌਹਾਨ ਦੀ ਸਿਰਜਣ ਪ੍ਰਕਿਰਿਆ ਅੱਗੇ ਨਾਲੋਂ ਵੀ ਤੇਜ਼ੀ ਫੜ ਰਹੀ ਹੈ। ਹੱਥਲੇ ਸੱਤਵੇਂ ਨਾਵਲ 'ਗੁੱਡ-ਲੱਕ' (ਨਵਯੁਗ ਪਬਲਿਸ਼ਰਜ਼, ਦਿੱਲੀ, ਪੰਨੇ 155, ਮੁੱਲ 350 ਰੁਪਏ) ਨਾਲ ਬੂਟਾ ਸਿੰਘ ਚੌਹਾਨ ਨਾਵਲੀ ਇਤਿਹਾਸ ਵਿਚ ਇਕ ਪੁਲਾਂਘ ਹੋਰ ਪੁੱਟਦਾ ਨਜ਼ਰ ਆਉਂਦਾ ਹੈ। ਨਾਵਲ ਦਾ ਇਤਿਹਾਸ ਬਦਲਦੇ ਸਮਾਜਕ ਯਥਾਰਥ ਅਨੁਸਾਰ ਬਦਲਦਾ ਰਿਹਾ ਹੈ। ਪਰ ਅੱਜੋਕਾ ਪੰਜਾਬੀ ਨਾਵਲ ਪਰੰਪਰਾ ਤੇ ਇਤਿਹਾਸ ਦੀ ਪੁਨਰ ਸਿਰਜਣਾ ਕਰਨ ਵੱਲ ਵਧਦਾ ਨਜ਼ਰ ਆ ਰਿਹਾ ਹੈ। ਪਿਛਲੇ ਕੁਝ ਸਾਲਾਂ ਦੇ ਨਾਵਲਾਂ ਦੇ ਅਧਿਐਨ ਤੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਨਾਵਲਕਾਰ ਨਵੀਨਤਮ ਵਿਸ਼ਿਆਂ ਨੂੰ ਪੇਸ਼ ਕਰਨ ਵਿਚ ਔਖਿਆਈ ਮਹਿਸੂਸ ਕਰਦੇ ਹੋਣ ਤੇ ਉਹਨਾਂ ਦਾ ਨਾਵਲੀ ਅਨੁਭਵ ਪਰੰਪਰਕ ਵਿਸ਼ਿਆਂ ਦੀ ਪੇਸ਼ਕਾਰੀ ਵਿਚ ਸਹਿਜ ਮਹਿਸੂਸ ਕਰਦਾ ਹੋਵੇ। ਇਸੇ ਕਾਰਨ ਜ਼ਿਆਦਾਤਰ ਨਾਵਲ ਸਾਮੰਤੀ ਦੌਰ ਦੇ ਰਿਸ਼ਤਿਆਂ, ਨਾਰੀ ਤੇ ਖਾਸ ਕਰਕੇ ਵਿਆਹ ਪ੍ਰਣਾਲੀ 'ਤੇ ਵਧੇਰੇ ਕੇਂਦਰਤ ਹਨ।

ਹੱਥਲੇ ਨਾਵਲ ਅਨਜੋੜ ਵਿਆਹ ਦਾ ਦੁਖਾਂਤ ਭੋਗਦੀ ਨਾਰੀ ਦੀਆਂ ਇੱਛਾਵਾਂ ਤੇ ਵੇਦਨਾਵਾਂ ਦੀ ਪੇਸ਼ਕਾਰੀ ਨੂੰ ਆਪਣੀ ਮੁਖ ਵਸਤ ਬਣਾਉਂਦਾ ਹੈ। ਨਾਵਲ ਪੁਰਸ਼ ਸੱਤਾ ਦੀ ਪਕੜ ਵਿਚੋਂ ਨਾਰੀ ਦੇ ਬਾਹਰ ਨਿਕਲਣ ਦਾ ਬਿਰਤਾਂਤ ਹੈ। ਬੇਸ਼ੱਕ ਸਾਮੰਤੀ ਦੌਰ ਦੀ ਨਾਰੀ ਨੇ ਇਹ ਦੁਖਾਂਤ ਵਧੇਰੇ ਹੰਢਾਇਆ ਹੈ ਪਰੰਤੂ ਅੱਜੋਕੇ ਨਵ ਪੂੰਜੀਵਾਦੀ ਦੌਰ ਵਿਚ ਵੀ ਸਾਮੰਤੀ ਸਰੋਕਾਰਾਂ ਦੀ ਰਹਿੰਦ-ਖੂੰਹਦ ਦੇਖਣ ਨੂੰ ਮਿਲਦੀ ਹੈ, ਜਿਸਦੇ ਤਹਿਤ ਨਾਰੀ ਉਤਪੀੜਨ ਦਾ ਸ਼ਿਕਾਰ ਹੁੰਦੀ ਹੈ। ਨਾਰੀ ਪੀੜਾ ਦਾ ਸਭ ਤੋਂ ਵੱਡਾ ਕਾਰਨ ਅਨਜੋੜ ਵਿਆਹ ਪ੍ਰਣਾਲੀ ਹੈ, ਜਿਸ ਵਿਚ ਅੱਜ ਵੀ ਵਰ ਦੀ ਥਾਂ ਘਰ ਹੀ ਦੇਖਿਆ ਜਾਂਦਾ ਹੈ। ਹੱਥਲੇ ਨਾਵਲ ਦੀ ਕੇਂਦਰੀ ਪਾਤਰ ਵਿਆਹ ਪ੍ਰਣਾਲੀ ਦਾ ਦੁਖਾਂਤ ਭੋਗਦੀ ਹੈ। ਉਹ ਬਾਪ, ਪਤੀ ਤੇ ਪੁੱਤਰ ਦੇ ਰੂਪ ਵਿਚ ਮਰਦ ਦੀ ਧੌਂਸ ਝੱਲਦੀ ਹੋਈ ਅੰਤ ਆਪਣੀ ਧੀ ਦੇ ਨਾਰੀ ਰੂਪ ਰਾਹੀਂ ਇਸ ਦੁਖਾਂਤ ਵਿਚੋਂ ਬਾਹਰ ਨਿਕਲਣ ਦਾ ਰਾਹ ਸੁਝਾਉਂਦੀ ਹੈ।

ਨਾਵਲ ਦੀ ਕਹਾਣੀ ਇਸਦੇ ਕੇਂਦਰੀ ਪਾਤਰ ਦੇ ਆਪਣੇ ਪਤੀ ਕੋਲੋਂ ਸਰੀਰਕ ਤੇ ਮਾਨਸਿਕ ਪੀੜਾ ਦੇ ਅਹਿਸਾਸ ਦੁਆਲੇ ਘੁੰਮਦੀ ਹੈ। ਆਪਣੀ ਪਸੰਦ ਦੇ ਮੁੰਡੇ ਨਾਲ ਵਿਆਹ ਨਾ ਹੋ ਸਕਣ ਦਾ ਰੁਦਨ ਪਿਛਲਝਾਤ ਵਿਧੀ ਰਾਹੀਂ ਬਿਰਤਾਂਤ ਵਿਚੋਂ ਉੱਭਰਦਾ ਹੈ। ਕੇਂਦਰੀ ਪਾਤਰ ਤੇ ਧਾਲੀਵਾਲ ਮੈਡਮ ਵਿਚ ਦੁਖਾਂਤ ਦਾ ਸੂਤਰ ਸਾਂਝਾ ਹੈ। ਉਹ ਦੋਨੇ ਆਪਣੀ ਇੱਛਾ ਅਨੁਸਾਰ ਵਿਆਹ ਨਾ ਕਰਵਾ ਸਕਣ ਦਾ ਦੁਖਾਂਤ ਹੰਢਾਉਂਦੀਆਂ ਹਨ। ਧਾਲੀਵਾਲ ਮੈਡਮ ਤਾਂ ਫਿਰ ਵੀ ਕਿਤੇ ਨਾ ਕਿਤੇ ਮਰਦ ਸੱਤਾ ਵਿਚ ਜਕੜੀ ਹੋਣ ਦੇ ਬਾਵਜੂਦ ਆਪਣਾ ਆਪ ਪ੍ਰਗਟ ਕਰਦੀ ਹੈ ਪਰ ਕੇਂਦਰੀ ਪਾਤਰ ਸਮਾਜਕ ਤੇ ਦੈਹਿਕ ਸੁਖ ਤੋਂ ਬੇਰੁਖੀ ਹੰਢਾਉਂਦੀ ਹੈ। ਉਸਦੇ ਪਤੀ ਧਰਮੀ ਦਾ ਸਿਧਾਂਤ ਤੇ ਵਿਹਾਰ ਅਮਾਨਵੀ ਹੈ। ਉਹ ਪਤੀ ਪਤਨੀ ਸੰਬੰਧਾਂ ਦੀ ਕੋਮਲਤਾ ਤੋਂ ਅਨਜਾਣ ਆਪਣੀ ਹੈਵਾਨੀਅਤ ਨਾਲ ਨਾਇਕਾ ਦੇ ਤਨ ਮਨ ਨੂੰ ਮਧੋਲਦਾ ਹੈ। ਦੈਹਿਕ ਸੰਬੰਧਾਂ ਵਿਚ ਦੋਹਾਂ ਧਿਰਾਂ ਦੀ ਸ਼ਮੂਲੀਅਤ ਬਰਾਬਰੀ ਵਾਲੀ ਹੁੰਦੀ ਹੈ। ਇੱਛਾ ਦੇ ਉਲਟ ਇਕ ਪਾਸੜ ਸ਼ਮੂਲੀਅਤ ਤੇ ਬਲਾਤਕਾਰ ਵਿਚਕਾਰ ਕੋਈ ਬਹੁਤਾ ਫਰਕ ਨਹੀਂ ਰਹਿ ਜਾਂਦਾ। ਨਾਵਲ ਦੀ ਕੇਂਦਰੀ ਪਾਤਰ ਨਾਲ ਅਜਿਹਾ ਹੀ ਵਾਪਰਦਾ ਹੈ।

ਨਾਵਲ ਵਿਚ ਪਿਤਰੀ ਸੱਤਾ ਦੇ ਪੱਖ ਤੋਂ ਕੇਂਦਰੀ ਪਾਤਰ ਬਾਪ, ਪਤੀ ਤੇ ਪੁੱਤਰ ਵੱਲੋਂ ਅਧੀਨਗੀ ਤੇ ਬੇਗਾਨਗੀ ਹੰਢਾਉਂਦੀ ਹੈ। ਵਿਆਹ ਤੋਂ ਪਹਿਲਾਂ ਬਾਪ ਦੀ ਧਮਕੀ ਪਸੰਦ ਦੇ ਮੁੰਡੇ ਨਾਲ ਰਿਸ਼ਤਾ ਖਤਮ ਕਰ ਦਿੰਦੀ ਹੈ। ਆਪਣੀ ਮਰਜ਼ੀ ਕਰਨ ਦੀ ਸਜ਼ਾ ਵਜੋਂ ਉਸਨੂੰ ਵਿਹਲੜ ਤੇ ਨਸ਼ੇੜੀ ਮੁੰਡੇ ਨਾਲ ਵਿਆਹ ਦਿੱਤਾ ਜਾਂਦਾ। ਉਸਦੇ ਘਰ ਇਕ ਪੁੱਤਰ ਤੇ ਇਕ ਧੀ ਜਨਮ ਲੈਂਦੀ ਹੈ। ਮਨੋਵਿਗਿਆਨਕ ਤੌਰ ’ਤੇ ਦੇਖਿਆਂ ਔਰਤ ਦੀ ਪੁੱਤਰ ਨਾਲ ਨੇੜਤਾ ਤੇ ਮਰਦ ਦੀ ਧੀ ਨਾਲ ਨੇੜਤਾ ਹੁੰਦੀ ਹੈ ਪਰ ਇਸ ਸਥਿਤੀ ਵਿਚ ਬਾਪ ਨਾ ਹੋਇਆਂ ਵਰਗਾ ਹੈ ਤੇ ਮਾਂ ਦੀ ਦੋਹਾਂ ਬੱਚਿਆਂ ਨਾਲ ਨੇੜਤਾ ਹੋਣੀ ਚਾਹੀਦੀ ਸੀ, ਪਰ ਉਸਦੇ ਪੁੱਤਰ ਕਰਨ ਨੂੰ ਉਸਦਾ ਦਾਦਾ ਬਚਪਨ ਤੋਂ ਵਸਤਾਂ ਦਾ ਲਾਲਚ ਦੇ ਕੇ ਆਪਣੇ ਪੱਖ ਦਾ ਕਰ ਲੈਂਦਾ ਹੈ। ਕਰਨ ਵੱਡਾ ਹੋ ਕੇ ਵਿਦੇਸ਼ ਚਲਾ ਜਾਂਦਾ ਹੈ ਪਰ ਉਸਦੀ ਮਾਂ ਨਾਲ ਬਹੁਤੀ ਸਾਂਝ ਨਹੀਂ ਰਹਿੰਦੀ। ਦੂਜੇ ਪਾਸੇ ਉਸਦੀ ਧੀ ਨਿਗਮ ਉਸ ਨਾਲ ਸਾਂਝ ਬਣਾ ਕੇ ਰੱਖਦੀ ਹੈ। ਕਿਉਂਕਿ ਉਸਨੇ ਘਰ ਵਿਚ ਬਾਪ ਦੇ ਰਵੱਈਏ ਨੂੰ ਦੇਖਿਆ ਹੈ। ਨਾਰੀ ਵਜੋਂ ਉਸਨੇ ਆਪਣੀ ਮਾਂ ਦੇ ਦਰਦ ਨੂੰ ਮਹਿਸੂਸ ਕੀਤਾ ਹੈ। ਇਸ ਸਾਂਝ ਵਿਚੋਂ ਉਹ ਨਵੀਨ ਚੇਤਨਾ ਗ੍ਰਹਿਣ ਕਰਦੀ ਹੋਈ ਮਰਦਾਵੀਂ ਧੌਂਸ ਝੱਲਣ ਤੋਂ ਇਨਕਾਰੀ ਹੈ। ਉਸਦੀ ਚੇਤਨਾ ਦਾ ਦੂਜਾ ਆਧਾਰ ਪੱਛਮੀ ਜੀਵਨ ਜਾਚ ਦਾ ਹਿੱਸਾ ਹੋਣ ਵਿਚ ਪਿਆ ਹੈ। ਉੱਥੋਂ ਦੀ ਨਾਰੀ ਸਾਮੰਤੀ ਬੰਦਿਸ਼ਾਂ ਝੱਲਣ ਤੋਂ ਸਪਸ਼ਟ ਰੂਪ ਵਿਚ ਇਨਕਾਰੀ ਹੁੰਦੀ ਹੈ। ਨਿਗਮ ਦਾ ਪਤੀ ਪੰਜਾਬ ਵਿਚ ਬੈਠਾ ਹੋਇਆ ਉਸ ਉੱਤੇ ਬੰਦਿਸ਼ਾਂ ਅਤੇ ਕਈ ਕਿਸਮ ਦੇ ਆਰੋਪ ਲਾਉਂਦਾ ਹੈ। ਇਸ ਤਰ੍ਹਾਂ ਨਾਵਲਕਾਰ ਨੇ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਨਿਗਮ ਦੇ ਰਾਹੀਂ ਨਾਰੀ ਚੇਤਨਾ ਦੇ ਬਦਲਦੇ ਸਰੂਪ ਨੂੰ ਉਭਾਰਿਆ ਹੈ। ਆਪਣੀ ਧੀ ਨੂੰ ਚੰਗੀ ਵਿੱਦਿਆ ਦਿਵਾਉਣ ਵਿਚ ਬੇਸ਼ੱਕ ਮਾਂ ਦਾ ਵੱਡਾ ਹੱਥ ਹੈ ਜਿਹੜੀ ਸਾਰੇ ਪਰਿਵਾਰ ਦੀ ਇੱਛਾ ਦੇ ਉਲਟ ਧੀ ਨੂੰ ਪ੍ਰਾਈਵੇਟ ਸਕੂਲ ਵਿਚ ਦਾਖਲ ਕਰਵਾ ਕੇ ਅਸਲ ਵਿਚ ਉਸਨੂੰ ਭਵਿੱਖ ਵਿਚ ਆਪਣੇ ਵਰਗੀ ਸਥਿਤੀ ਵਿਚੋਂ ਬਾਹਰ ਕੱਢਣ ਦਾ ਉਪਰਾਲਾ ਕਰਦੀ ਹੈ।

ਨਾਵਲ ਦੇ ਪਾਤਰਾਂ ਦਾ ਖਾਸਾ ਪੂਰੀ ਤਰ੍ਹਾਂ ਜਮਾਤੀ ਹੈ। ਧਰਮੀ ਦਾ ਚਰਿੱਤਰਕ ਖਾਸਾ ਲੂੰਪਨ ਤੋਂ ਵੀ ਹੇਠਲੇ ਦਰਜੇ ਦਾ ਨਜ਼ਰ ਆਉਂਦਾ ਹੈ। ਉਸ ਅੰਦਰਲਾ ਕਾਮ ਉਸਨੂੰ ਰਿਸ਼ਤਿਆਂ ਤੋਂ ਦੂਰ ਕਰ ਦਿੰਦਾ ਹੈ। ਬਾਹਰੀ ਪਹਿਰਾਵੇ ਵਜੋਂ ਉਹ ਨਿਹੰਗ ਬਾਣਾ ਪਾ ਕੇ ਰੱਖਦਾ ਹੈ ਪਰ ਅੰਦਰੂਨੀ ਭੇਖ ਸਵਾਰਥੀ, ਨਸ਼ੇੜੀ ਤੇ ਵਿਹਲੜ ਮਨੁੱਖ ਦਾ ਹੈ। ਉਹ ਆਪਣੇ ਸਵਾਰਥ ਲਈ ਖੇਤਾਂ ਵਿਚ ਸਬਜ਼ੀ ਲਾ ਕੇ ਵੇਚਦਾ ਹੈ ਤਾਂ ਕਿ ਉਸਤੋਂ ਨਸ਼ੇ ਦੀ ਭੱਲ ਪੂਰੀ ਹੋ ਸਕੇ। ਉਸਦੀਆਂ ਰੁਚੀਆਂ ਪੂਰੀ ਤਰ੍ਹਾਂ ਸਾਮੰਤੀ ਹਨ। ਇਹਨਾਂ ਰੁਚੀਆਂ ਕਾਰਨ ਉਹ ਔਰਤ ਨੂੰ ਭੋਗ ਵਸਤ ਦਾ ਸਾਧਨ ਸਮਝਦਾ ਹੈ। ਧਰਮੀ ਆਪਣੇ ਨਾਲ ਜੁੜੇ ਸਾਰੇ ਰਿਸ਼ਤਿਆਂ ਦੀ ਮਰਿਆਦਾ ਦਾ ਉਲੰਘਣ ਕਰਦਾ ਹੈ। ਪਤਨੀ ਤੇ ਬੱਚਿਆਂ ਵੱਲੋਂ ਲਾਪਰਵਾਹ ਹੋਣ ਦੇ ਨਾਲ ਆਪਣੇ ਬਾਪ ਨੂੰ ਧੱਕੇ ਮਾਰਨ ਤੇ ਮਾਂ ਨੂੰ ਬਦਚਲਣ ਕਹਿਣ ਤਕ ਚਲਾ ਜਾਂਦਾ ਹੈ। ਕਿਸੇ ਮਨੁੱਖ ਦਾ ਇਸ ਹੱਦ ਤਕ ਗਿਰ ਜਾਣਾ ਸਮਾਜਕ ਸੰਰਚਨਾ ਲਈ ਖਤਰਾ ਹੁੰਦਾ ਹੈ। ਧਰਮੀ ਹਰ ਤਰ੍ਹਾਂ ਦੀਆਂ ਸਮਾਜ-ਸਭਿਆਚਾਰਕ ਮਾਨਤਾਵਾਂ ਤੇ ਵਰਜਣਾਵਾਂ ਦਾ ਉਲੰਘਣ ਕਰਦਾ ਹੈ। ਨਾਵਲ ਦੀ ਕੇਂਦਰੀ ਪਾਤਰ ਸਾਮੰਤੀ ਦੌਰ ਦੀ ਆਦਰਸ਼ਕ ਪਤਨੀ ਦੀ ਪ੍ਰਤੀਕ ਪਾਤਰ ਹੈ। ਉਸਦੀ ਧੀ ਨਿਗਮ ਨਵੇਂ ਦੌਰ ਦੀ ਚੇਤਨ ਨਾਰੀ ਦੀ ਪ੍ਰਤੀਕ ਹੈ। ਪੁਰਸ਼ ਪਾਤਰ ਵਿਵਸਥਾ ਦੀ ਧੁਰੀ ਦੁਆਲੇ ਘੁੰਮਣ ਵਾਲੇ ਮਰਦ ਪਾਤਰਾਂ ਵਜੋਂ ਪੇਸ਼ ਹੋਏ ਹਨ। ਨਾਵਲ ਦੇ ਬਿਰਤਾਂਤਕ ਸੰਗਠਨ ਵਿਚੋਂ ਬੂਟਾ ਸਿੰਘ ਚੌਹਾਨ ਦਾ ਨਾਵਲੀ ਅਨੁਭਵ ਝਲਕਦਾ ਹੈ। ਨਾਵਲ ਦਾ ਆਰੰਭ ਕੇਂਦਰੀ ਪਾਤਰ ਦੀ ਮੌਜੂਦਾ ਸਥਿਤੀ ਤੋਂ ਹੁੰਦਾ ਹੈ। ਬਾਅਦ ਵਿਚ ਪਿਛਲਝਾਤ ਵਿਧੀ ਰਾਹੀਂ ਉਸਦੇ ਪਿਛੋਕੜ ਨੂੰ ਉਭਾਰਿਆ ਹੈ। ਨਾਵਲ ਵਿਚ ਜਿੱਥੇ ਕੇਂਦਰੀ ਪਾਤਰ ਦੇ ਵਿਆਹੁਤਾ ਜੀਵਨ ਨੂੰ ਪਿਆਰ ਤੋਂ ਸੱਖਣਾ ਤੇ ਬੇਰੰਗ ਚਿਤਰਿਆ ਹੈ ਉੱਥੇ ਉਸਦੇ ਜਸ ਨਾਲ ਪਿਆਰ ਦੇ ਕੋਮਲ ਅਹਿਸਾਸਾਂ ਨੂੰ ਉਸ ਸਮੇਂ ਦੇ ਸਮਾਜਕ ਯਥਾਰਥ ਅਨੁਸਾਰ ਚਿਤਰਿਆ ਹੈ। ਜਦੋਂ ਕਿਸੇ ਕੱਚੇ-ਕੋਰੇ ਮਨ ਵਿਚ ਪਹਿਲੀ ਵਾਰ ਪਿਆਰ ਦੇ ਅਹਿਸਾਸ ਪੈਦਾ ਹੁੰਦੇ ਹਨ ਤਾਂ ਉਸ ਸਮੇਂ ਵਿਅਕਤੀ ਕਿਸ ਤਰ੍ਹਾਂ ਮਹਿਸੂਸ ਕਰਦਾ ਹੈ? ਕੁੜੀਆਂ ਦੇ ਸੋਚਣ ਪੱਖ ਤੇ ਵਿਹਾਰ ਦੀ ਨਾਵਲ ਵਿਚ ਬਹੁਤ ਖੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ ਗਈ ਹੈ। ਸਮੁੱਚੇ ਰੂਪ ਵਿਚ ਬੇਸ਼ੱਕ ਨਾਵਲ ਦਾ ਵਿਸ਼ਾ ਸਾਮੰਤੀ ਸਮਾਜ ਦੀ ਅਨਜੋੜ ਵਿਆਹ ਪ੍ਰਣਾਲੀ 'ਤੇ ਕੇਂਦਰਤ ਹੈ ਪਰੰਤੂ ਇਸਦਾ ਨਿਭਾਅ ਖੂਬਸੂਰਤ ਢੰਗ ਨਾਲ ਕੀਤਾ ਹੋਣ ਕਰਕੇ ਇਹ ਨਾਵਲ ਪੇਂਡੂ ਸਮਾਜ ਦੀ ਯਥਾਰਥਕ ਤਸਵੀਰਕਸ਼ੀ ਕਰਦਾ ਹੈ। ਨਾਲ ਹੀ ਨਾਰੀ ਦੀਆਂ ਅਤ੍ਰਿਪਤ ਅਕਾਂਖਿਆਵਾਂ ਨੂੰ ਕਿਸੇ ਹੋਰ ਰੂਪ ਤੇ ਵਿਧੀ ਰਾਹੀਂ ਪੂਰਾ ਕਰਨ ਦੀ ਚੇਤਨਾ ਪ੍ਰਦਾਨ ਕਰਦਾ ਹੈ। **–ਹਰਿੰਦਰ ਸਿੰਘ ਬਰਾੜ**

## ਮੁਹੱਬਤ ਨੇ ਕਿਹਾ (ਕਾਵਿ ਸੰਗ੍ਰਹਿ) ਦੇਵਿੰਦਰ ਸੈਫ਼ੀ

ਆਪਣੇ ਇਤਿਹਾਸਕ ਵਿਰਸੇ ਦੀ ਲੋਅ 'ਚੋਂ ਮੁਹੱਬਤ ਦੇ ਬੂਹੇ ਖੜ੍ਹ ਮੁਹੱਬਤੀ ਪੈਗ਼ਾਮ ਦਾ ਰਸਤਾ ਟਟੋਲਦਿਆਂ ਦੇਵਿੰਦਰ ਸੈਫ਼ੀ ਆਪਣੀ ਨਵੀਂ ਕਾਵਿ ਪੋਥੀ 'ਮੁਹੱਬਤ ਨੇ ਕਿਹਾ' (ਪੰਨੇ 174, ਮੁੱਲ 300 ਰੁਪਏ, ਊੜਾ ਪਬਲਿਕੇਸ਼ਨ ਮੋਗਾ) ਰਾਹੀਂ ਮੁਹੱਬਤ ਦੀ ਊਰਜਾ ਨੂੰ ਜੀਵਨ-ਯਥਾਰਥ ਦੇ ਬਹੁ-ਪਰਤੀ, ਬਹੁ-ਦਿਸ਼ਾਵੀ ਧਰਾਤਲ ਤੋਂ ਵਿਸਥਾਰ ਦੇਣ ਦਾ ਬੇਜੋੜ ਉੱਦਮ ਕਰਦਾ ਹੈ। ਕਾਵਿ-ਸਿਰਜਣਾ ਅਤੇ ਕਾਵਿ-ਆਲੋਚਨਾ 'ਤੇ ਇਕੋ ਜਿੰਨੀ ਸ਼ਿੱਦਤ ਨਾਲ ਕੰਮ ਕਰਨ ਵਾਲਾ ਇਹ ਕਰਮਯੋਗੀ ਹੱਥਲੀ ਪੁਸਤਕ ਅੰਦਰ ਮੁਹੱਬਤ ਦੀ ਪਾਕਿ-ਪਵਿੱਤਰਤਾ ਨੂੰ ਰਵਾਇਤੀ ਅਰਥਾਂ ਦੀ ਵਲਗਣ ਤੋਂ ਲਾਂਭੇ ਹਟ ਕੇ ਵੇਖਣ ਦਾ ਜੇਰਾ ਕਰਦਾ ਹੈ। ਪੁਸਤਕ ਸ਼ਿੰਗਾਰ ਰਸ ਨਾਲ ਲਬੋਲਬ ਪ੍ਰਗੀਤ, ਗੀਤ, ਲੋਕ ਰੰਗ ਦਾ ਆਪਣਾ ਅਲੋਕਾਰ ਸੰਸਾਰ ਸਿਰਜਦੀ ਹੈ। ਵੱਡੇ ਹਿੱਸੇ ਵਿਚ ਪੇਸ਼ ਪ੍ਰਸ਼ਨੋ-ਉੱਤਰੀ ਕਾਵਿ-ਵਿਧੀ ਰਾਹੀਂ ਸਮਾਜਕ ਜੀਵਨ-ਯਥਾਰਥ, ਦਰਸ਼ਨ, ਦੁਨਿਆਵੀ-ਸੱਤਾ, ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀਆਂ ਬਹੁ-ਪਰਤੀ ਡੂੰਘਾਈਆਂ ਰਾਹੀਂ ਮੁਹੱਬਤੀ ਸ਼੍ਰਿਖੰਲਾ ਦੀਆਂ ਅਨਿਨ ਕੜੀਆਂ ਮੁਹੱਬਤੀ ਦੀ ਗਹਿਨ ਅਨੁਭੂਤੀ ਭਰੇ ਸੱਚ ਨੂੰ ਸਮਕਾਲ ਦੇ ਯੁੱਗ ਬੋਧ

ਰਾਹੀਂ ਸੰਚਾਰਦਿਆਂ ਵਡਿਆਇਆ ਤੇ ਉਚਿਆਇਆ ਗਿਆ ਹੈ। ਮੁਹੱਬਤ ਨੂੰ ਵਾਰ ਵਾਰ ਸ਼ਬਦਾਂ ਚ ਗੁੰਨ੍ਹਣਾ, ਪਕਾਉਣਾ, ਪਰੋਸਣਾ ਅਤੇ ਫਿਰ ਹਰ ਸਥਿਤੀ ਵਿਚ ਖ਼ੁਦ ਨੂੰ ਇਸ ਅਲੋਕਾਰੇ ਆਨੰਦ ਦੇ ਅਹਿਸਾਸ ਨਾਲ ਇੱਕਸੁਰ ਕਰੀ ਰੱਖਣਾ ਇਸ ਸ਼ਾਇਰੀ ਦਾ ਮੂਲ ਤੱਤ ਹੈ। ਮੁਹੱਬਤੀ ਆਭਾ 'ਚ ਰੰਗੇ ਪ੍ਰੀਤ-ਹਿਰਦੇ ਇਉਂ ਹੀ ਦਿਵਸ-ਰਾਤ ਦੇ ਗੇੜ ਤੋਂ ਪਾਰ ਹੋ ਲੋਕ-ਦਿਲਾਂ ਨੂੰ ਸੁਹੱਪਣੀ ਧੜਕਣ ਬਖ਼ਸ਼ਦੇ ਹੋਏ ਸਦਾ ਸਦਾ ਸਜੀਵ ਰਹਿੰਦੇ ਹਨ।

ਮਨੁੱਖ ਆਪਣੀਆਂ ਮਾਨਵੀ ਜ਼ਿੰਮੇਵਾਰੀਆਂ ਤੋਂ ਭਾਂਜਵਾਦੀ ਹੋਣ ਪੱਖੋਂ ਵਿਸ਼ਵੀ ਅਣਮਨੁੱਖੀ-ਵਿਸੰਗਤੀਆਂ ਨਾਲ ਹੱਥ ਮਿਲਾਉਂਦਾ ਪ੍ਰਕਿਰਤਕ, ਸਮਾਜਕ, ਸਭਿਆਚਾਰਕ, ਭਾਸ਼ਾ ਦੇ ਵਿਨਾਸ਼ ਵੱਲ ਕਾਹਲੀ ਨਾਲ ਆਪਣੇ ਕਦਮ ਅੱਗੇ ਵਧਾ ਰਿਹਾ ਹੈ। ਵਿਸ਼ਵ-ਵਿਆਪੀ ਵਾਪਰ ਰਹੀਆਂ ਅਣਮਨੁੱਖੀ ਤਬਦੀਲੀਆਂ, ਨੀਤੀਆਂ ਸਾਹਵੇਂ ਮਾਨਵੀ ਗੌਰਵ ਦਾ ਕੱਦ ਦਿਨ-ਬ-ਦਿਨ ਬੌਣਾ ਹੁੰਦਾ ਦਿਖਾਈ ਦੇ ਰਿਹਾ ਹੈ। ਅਜਿਹੇ ਧੁੰਦਲਕੇ ਅਤੇ ਨਾਖੁਸ਼ਗਵਾਰ ਮਾਹੌਲ ਅੰਦਰ ਸਿਰਫ਼ ਮੁਹੱਬਤ ਹੀ ਇਕੋ ਇਕ ਅਜਿਹੀ ਸ਼ਕਤੀ ਹੈ, ਜੋ ਕੁੱਲ ਦੁਨੀਆਂ ਦੀਆਂ ਉਲਝੀਆਂ ਤੰਦਾਂ ਨੂੰ ਥਾਂ ਸਿਰ ਕਰ ਸਕਦੀ ਹੈ। ਇਸ ਪੱਖੋਂ ਸੈਫ਼ੀ ਦੀ ਸ਼ਾਇਰੀ ਦਾ ਖ਼ਾਸ ਪਹਿਲੂ ਇਹ ਹੈ ਕਿ ਉਹ ਸਮਾਜਕ, ਰਾਜਨੀਤਕ, ਸੱਭਿਆਚਾਰਕ ਅਵਚੇਤਨ ਦੇ ਬਹੁਪਰਤੀ ਧਰਾਤਲ ਤੋਂ ਮੁਹੱਬਤੀ ਜੜ੍ਹ ਰੂਪੀ ਕਣ ਚੁੱਕਦੀ, ਜੀਵਨ ਦੀਆਂ ਦੁਸ਼ਵਾਰੀਆਂ ਦਾ ਅਤਿਕਰਮਣ ਕਰਾਉਂਦੀ ਮਨੁੱਖ ਨੂੰ ਮੁਹੱਬਤ ਦੇ ਸ਼ਾਹਮਾਰਗ ਉੱਪਰ ਤੋਰਨ ਦਾ ਤਹੱਈਆ ਕਰਦੀ ਨਜ਼ਰ ਆਉਂਦੀ ਹੈ:

*ਜੋ ਮੁਹੱਬਤ ਨਹੀਂ ਕਰਦੇ*
*ਉਹਨਾਂ ਨੂੰ ਸਭ ਝੂਲਦੇ ਬਿਰਖ / ਵਪਾਰ ਦੀ ਵਸਤ ਹੀ ਜਾਪਦੇ*
*ਉਹ ਮਾਂ ਧਰਤੀ ਦੇ ਪਿਆਰ ਨੂੰ / ਪਲਾਟਾਂ ਵਿਚ ਹੀ ਮਾਪਦੇ*

ਇਸ ਸ਼ਾਇਰੀ ਬਾਬਤ ਇੱਥੇ ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਮੁਹੱਬਤੀ ਵਾਟ ਅੰਦਰ ਸਿਰਫ਼ ਦੋ ਮੁਹੱਬਤੀ ਜਿਉੜੇ ਹੀ ਨਹੀਂ ਤੁਰਦੇ ਬਲਕਿ ਇਸ ਸਫ਼ਰ ਦੇ ਪ੍ਰਵਾਹ 'ਚ ਅਤੀਤ, ਵਰਤਮਾਨ ਅਤੇ ਭਵਿੱਖ ਵੀ ਇਸ ਦੇ ਨਾਲ-ਨਾਲ ਚੱਲਦੇ ਦਿਖਾਈ ਦਿੰਦੇ ਹਨ। ਇਸ ਮੁਹੱਬਤੀ ਸ਼੍ਰਿੰਖਲਾ ਅੰਦਰ ਭਾਸ਼ਾ, ਧਰਮ, ਇਤਿਹਾਸ, ਮਿਥਿਹਾਸ, ਸਭਿਆਚਾਰ, ਰੀਤੀ-ਰਿਵਾਜ਼, ਲੋਕ-ਧਾਰਾ, ਪ੍ਰਕ੍ਰਿਤੀ, ਸੰਸਕ੍ਰਿਤੀ ਆਦਿ ਸਭ ਇਸ ਦੇ ਜੋਟੀਦਾਰ ਹੋਣ ਵਜੋਂ ਸਮਿਆਂ ਦਾ ਸੁਨੇਹਾ ਹਨ। ਇਸ ਦਾ ਸਫ਼ਰ ਅਮੁੱਕ ਅਤੇ ਨਿੱਤ ਨਵਾਂ ਹੈ। ਸ਼ਾਇਰ ਇਸ ਨੂੰ ਰੱਬ ਜਿਹੀ ਪਾਕਿ-ਪਵਿੱਤਰ ਆਂਕਦਾ ਹੈ:

*ਮੁਹੱਬਤ ਰੱਬ ਜੇਹੀ ਹੁੰਦੀ ਏ*
*ਜੀਹਨੂੰ / ਬਾਬਿਆਂ ਨੇ ਬਾਣੀ ਵਿੱਚ /' ਨੀਤ ਨਵਾ ਆਖਿਐ*

ਮੁਹੱਬਤ ਵਾਲਾ ਇਹ ਪਾਕਿ ਰਾਹ ਕਿਸੇ ਦੇ ਦੱਸਣ, ਸਮਝਾਉਣ, ਕਹਿਣ ਅਤੇ ਵਿਖਿਆਨ ਦਾ ਨਹੀਂ ਹੈ। ਨਾ ਹੀ ਇਹ ਵਕਤੀ ਜਾਂ ਥੋੜ੍ਹ ਚਿਰਾ, ਪਲਾਂ-ਛਿਣਾਂ ਨਾਲ ਬੱਝਾ ਹੋਇਆ ਹੈ। ਇਹ ਅਹਿਸਾਸ ਤਾਂ ਹਰ ਪਲ, ਹਰ ਵਕਤ, ਕਾਲ ਪਰਵਾਹ ਅੰਦਰ ਸਦੀਆਂ ਤੀਕ ਸਦਾ ਅਜਰ-ਅਮਰ ਹੈ। ਇਸ ਨੂੰ ਪਾਉਣਾ ਤਾਂ ਰੂਹ ਤੋਂ ਰਾਧਾ ਅਤੇ ਤਨ ਤੋਂ ਰੁਕਮਣੀ ਹੋਣਾ ਹੈ:

*ਜਦ ਰੂਹ ਤੋਂ ਰਾਧਾ ਮਨ ਤੋਂ ਮੀਰਾ / ਤਨ ਤੋਂ ਰੁਕਮਣੀ ਬਣੀ ਮੇਰੀ ਮੁਹੱਬਤ*
*ਅਹਿਸਾਸਣ ਯੋਗਾ ਹੋ ਜਾਏਂਗਾ / ਉਦੋਂ ਸਮਿਆਂ ਬਾਰੇ*
*ਇਉਂ ਸੁਣੇ ਸੁਣਾਏ ਫੈਸਲੇ / ਸੁਣਾਉਣੇ ਬੰਦ ਕਰ ਦੇਏਂਗਾ*

ਸਮਾਜਕ, ਆਰਥਿਕ ਨਾ-ਬਰਾਬਰੀ, ਨੈਤਿਕ ਕਦਰਾਂ-ਕੀਮਤਾਂ ਦੇ ਖੋਖਲੇ ਮੁੱਲ ਵਿਧਾਨ ਨੂੰ ਸਾਹਵੇਂ ਰੱਖਦਿਆਂ ਇਹ ਸ਼ਾਇਰੀ ਇਸ ਬਾਰੇ ਨਾ ਸਿਰਫ਼ ਆਪਣੀ ਫਿਕਰਮੰਦੀ ਦਾ ਹੀ ਇਜ਼ਹਾਰ ਕਰਦੀ ਹੈ ਬਲਕਿ ਆਪਣੇ ਹੱਕਾਂ ਦੀ ਲੜਾਈ ਲਈ ਇਸ ਦੀ ਧਿਰ ਬਣਦੀ ਦਿਖਾਈ ਦਿੰਦੀ ਹੈ। ਇਸ ਦਾ ਗੌਲਣਯੋਗ ਪਹਿਲੂ ਇਹ ਵੀ ਹੈ ਕਿ ਇਹ ਕਿਰਤੀ ਜਮਾਤ ਲਈ ਸਿਰਫ਼ ਹਮਦਰਦੀ ਵਾਲ਼ੀ ਧਿਰ ਹੀ ਨਹੀਂ ਬਲਕਿ ਮੁਹੱਬਤੀ ਉਥਾਪਣ ਰਾਹੀਂ ਇਨ੍ਹਾਂ ਦੇ ਹੱਕਾਂ, ਲੋੜਾਂ, ਗੌਰਵ ਆਦਿ

ਲਈ ਰੋਹ ਦੇ ਰਸਤੇ ਵੀ ਤੁਰਦੀ ਹੈ। ਇਹ ਗੱਲ ਵੱਖਰੀ ਹੈ ਕਿ ਇਹ ਰੋਹ/ਵਿਦਰੋਹ ਭਾਵੇਂ ਇਸ ਨੂੰ ਜਮਾਤੀ ਹੋਣ ਦੀ ਲਾਮਬੰਦੀ ਦੀ ਗਵਾਹੀ ਤਾਂ ਨਹੀਂ ਭਰਦਾ ਲੇਕਿਨ ਸਮਾਜਕ-ਆਰਥਿਕ ਚੇਤਨਾ ਪ੍ਰਵਾਹ ਵਜੋਂ ਆਪਣੇ ਹੱਕਾਂ ਲਈ ਪ੍ਰੇਰਦਾ ਜ਼ਰੂਰ ਨਜ਼ਰੀਂ ਆਉਂਦਾ ਹੈ:

*ਕੀ ਆਵਦੇ ਹਿੱਸੇ ਦਾ ਨਾਰੀਅਲ ਵੀ / ਅਸੀਂ ਆਪ ਨਾ ਵਰਤੀਏ*
*ਨਾ ਉਹਦਾ ਨੀਰ ਪੀਏ / ਨਾ ਖ਼ੁਦ ਗਿਰੀ ਖਾਈਏ*
*ਬਸ ਹੱਥ ਜੋੜ / ਕਿਸੇ ਮੂਰਤੀ ਨੂੰ ਚੜ੍ਹਾ ਆਈਏ?*

ਉਪਭੋਗਤਾਵਾਦੀ ਸੰਸਕ੍ਰਿਤੀ ਨੇ ਮਨੁੱਖੀ ਰਿਸ਼ਤਿਆਂ ਵਿਚਲੀ ਅਪਣੱਤ, ਪਿਆਰ ਤੇ ਰਿਸ਼ਤਾਗਤ ਸਾਂਝਾਂ ਦੀ ਪਵਿੱਤਰਤਾ ਨੂੰ ਵੱਡੀ ਸੰਨ੍ਹ ਲਾਈ ਹੈ। ਇਸ ਨੁਕਤੇ ਤੋਂ ਇਸ ਸ਼ਾਇਰੀ ਦਾ ਮਾਣਮੱਤਾ ਪਹਿਲੂ ਇਹ ਹੈ ਕਿ ਇਹ ਨਾਰੀ ਦੇ ਭੋਗਣਹਾਰ ਵਸਤੂ ਦੇ ਰਿਸ਼ਤਿਆਂ ਨੂੰ ਕਾਟ ਕਰਦੀ ਹੋਈ ਉਸਨੂੰ ਕੇਵਲ ਮਰਦ ਦੀ ਸ਼ਕਤੀਸ਼ਾਲੀ ਸਾਥਣ ਹੀ ਨਹੀਂ ਬਲਕਿ ਪਿਆਰ, ਅਹਿਸਾਸ, ਹੌਂਸਲਾ, ਸਮਰਪਣ, ਵਿਚਾਰ, ਦਰਸ਼ਨ, ਚਿੰਤਨ ਤੇ ਤਰਕ ਦੇ ਪੱਖਾਂ ਤੋਂ ਉਸਦੀ ਚੇਤਨਾਤਮਕ ਉੱਚਾਈ ਦੇ ਨਕਸ਼ ਵੀ ਉਕਰਦੀ ਹੈ। ਇਸ ਸ਼ਾਇਰੀ ਅੰਦਰ ਮੁਹੱਬਤੀ ਸਿਖ਼ਰ ਦਾ ਉਹ ਪੜਾਅ ਸ਼ੁਮਾਰ ਹੈ ਜਿੱਥੇ ਸਭ ਵਿਤਕਰੇ, ਵਿੱਥਾਂ, ਦਵੈਤ, ਭਟਕਣਾ, ਬੇਗਾਨਗੀ ਦੀਆਂ ਸਮੱਸਿਆਵਾਂ ਖ਼ਤਮ ਹੋ ਜਾਂਦੀਆਂ ਹਨ; ਇਹ ਔਰਤ ਦੀ ਹੋਂਦ ਦੇ ਮਸਲੇ ਨਾਲ ਬੱਝੀ ਨਾਰੀ ਚੇਤਨਾ ਦੀ ਗੌਰਵਜਨਕ ਆਵਾਜ਼ ਹੈ। ਮੁਹੱਬਤੀ ਪਰਿਪੇਖ ਤੋਂ ਨਾਰੀਵਾਦ ਨੂੰ ਮੁਖ਼ਾਤਿਬ ਇਹ ਸਤਰਾਂ ਧਿਆਨ ਮੰਗਦੀਆਂ ਹਨ:

*ਅਜੇ ਤਕ ਇਹ ਵਿਚਾਰੀਆਂ / ਚੂੜੀਆਂ 'ਚੋਂ ਹੱਥਕੜੀਆਂ*
*ਝਾਂਜਰਾਂ 'ਚੋਂ ਬੇੜੀਆਂ / ਗਾਨੀਆਂ 'ਚੋਂ ਜੰਜ਼ੀਰਾਂ*
*ਨੱਥਾਂ ਕੋਕਿਆਂ 'ਚੋ '/ ਜਗੀਰੂ ਗ਼ੁਲਾਮੀ ਨਹੀਂ ਵੇਖ ਸਕੀਆਂ*
*ਨਵੀਆਂ ਬਜ਼ਾਰੂ ਚਾਲਾਂ ਨੂੰ / ਕਦ ਬੁੱਝਣਗੀਆਂ!...*

ਵਿਸ਼ਵ ਮੰਡੀ 'ਚ ਪਨਪ ਰਹੇ ਪਦਾਰਥਕ ਰਿਸ਼ਤੇ ਅਤੇ ਖ਼ੁਰ ਰਿਹਾ ਮਾਨਵੀ ਮੁੱਲ-ਵਿਧਾਨ ਇਸ ਸ਼ਾਇਰੀ ਦਾ ਦਾਰਸ਼ਨਿਕ ਫ਼ਿਕਰ ਹੈ। ਬਾਜ਼ਾਰ ਸਾਹਵੇਂ ਬੌਣਾ ਹੁੰਦਾ ਜਾ ਰਿਹਾ ਮਨੁੱਖ ਅਤੇ ਉਸਦਾ ਮੁੱਲ-ਵਿਧਾਨ, ਨਿੱਜ 'ਚ ਸੁੰਗੜ ਰਿਹਾ ਉਸਦਾ ਆਪਾ, ਉਸਦੇ ਆਸ ਪਾਸ ਫੈਲ ਰਿਹਾ ਅਮਾਨਵੀ ਵਿਵਹਾਰ ਸ਼ਾਇਰ ਦੀ ਸੰਵੇਦਨਾ ਨੂੰ ਤਕਲੀਫ਼ ਦੇਣ ਵਾਲਾ ਹੋਣ ਕਰਕੇ ਇਸ ਸ਼ਾਇਰੀ ਦੇ ਵੱਡੇ ਫ਼ਿਕਰਾਂ 'ਚ ਸ਼ਾਮਲ ਹੈ:

ਮੁਹੱਬਤ ਈ ਤਾਂ ਹੈ / ਜਿਹੜੀ ਸਾਡੀ ਜ਼ਮੀਨ
ਮੰਡੀ ਵਾਲ਼ਿਆਂ ਦੇ ਹੱਥ / ਨਹੀਂਓਂ ਆਉਣ ਦਿੰਦੀ
ਆਵਦੀ ਜ਼ਮੀਨ ਆਵਦੇ ਕੋਲ ਰਹੇ / ਤਾਂ ਈ ਬੰਦਾ ਜਿਊਂਦਾ ਰਹਿੰਦੈ
ਜਿਊਂਦੇ ਰਹੀਏ ਤਾਂ / ਸਭ ਕਾਸੇ ਨਾਲ ਨਿਪਟਿਆ ਜਾਂਦੈ।

ਆਪਣੇ ਇਤਿਹਾਸਕ ਵਿਰਸੇ ਤੋਂ ਹਾਸਲ ਚੇਤਨਾ ਅਨੁਸਾਰ ਔਕੜਾਂ, ਤਸੀਹਿਆਂ, ਮੁਸ਼ਕਿਲਾਂ ਸਾਹਵੇਂ ਮਰਜੀਵੜਿਆਂ ਦਾ ਹਾਰ ਨਾ ਮੰਨਣਾ ਇਸ ਸ਼ਾਇਰੀ ਦਾ ਸਬਕ ਹੈ। ਜਟਿਲ- ਦੁਸ਼ਵਾਰੀਆਂ, ਮਾਨਵੀ ਦੁੱਖਾਂ ਕਸ਼ਟਾਂ ਨੂੰ ਮਾਤ ਦੇਣ ਲਈ ਮੁਹੱਬਤ ਦਾ ਇਹ ਯੁੱਧ ਲੜਨਾ ਜ਼ਰੂਰੀ ਹੈ। ਮੁਹੱਬਤੀ ਤਾਰੀਖ਼ ਦੀ ਪਰਿਕਰਮਾ ਕਰਦੀ ਇਸ ਸ਼ਾਇਰੀ ਦਾ 'ਬੁਝਾਰਤ' ਰੂਪ ਵਿਚ ਕੀਤਾ ਸੰਚਾਰ ਵੇਖੋ:

*ਵਿੱਚ ਤੂਫ਼ਾਨਾਂ ਦੇਵੇ ਠੇਲ੍ਹ / ਕੋਹਲੂ ਪਾ ਕੇ ਕੱਢੇ ਤੇਲ/ ਵੇਲਣਿਆਂ ਵਿੱਚ ਦੇਵੇ ਵੇਲ*
*ਬੁੱਝੋ ਪਿਆਰੇ ਏਨਾ ਡਾਢਾ / ਖ਼ਤਰਿਆ ਭਰਿਆ ਕਿਹੜਾ ਖੇਲ੍ਹ?*

ਇਸ ਸ਼ਾਇਰੀ ਵਿਚ ਇੱਕ ਹੋਰ ਵਿਸ਼ੇਸ਼ ਰਮਜ਼ ਸੂਫ਼ੀ ਦਰਸ਼ਨ ਦੀ ਪਈ ਹੈ। ਪੁਸਤਕ ਵਿਚ ਸ਼ਾਮਲ ਹਰ ਵੰਨਗੀ ਵਿਚੋਂ ਇਸ ਦਰਸ਼ਨ ਦੇ ਥੋੜ੍ਹੇ ਜਾਂ ਬਹੁਤੇ ਦੀਦਾਰ ਹੁੰਦੇ ਹੀ ਰਹਿੰਦੇ ਹਨ। ਡਾਇਲਾਗ ਦੌਰਾਨ 'ਮੁਹੱਬਤੀ ਹਿਜਰਤ' ਨਜ਼ਮ ਵਿਚ ਨਾਇਕਾ ਦੁਆਰਾ ਸੂਫ਼ੀਆਂ ਦੇ ਇਸ਼ਕ ਦਾ ਪੇਸ਼ ਕੀਤਾ ਗਿਆ ਅਨੋਖਾ ਮੰਜ਼ਰ 'ਮੁਹੱਬਤੀ ਦੁਆ' ਵਿਚ ਮਹਿਬੂਬਾ ਨੂੰ ਦਿੱਤੀਆਂ ਗਈਆਂ ਦੁਆਵਾਂ ਦਾ ਇਹ ਰੰਗ ਵੇਖਣਯੋਗ ਹੈ:

*ਸੰਕਲਪ ਤੇਰਾ ਤੈਨੂੰ ਦੁਨੀ ਦੇ ਕੂੜ ਤੋਂ ਦੂਰ ਰੱਖੇ*
*ਅਸਤਿੱਤਵ ਤੇਰਾ ਨਦੀਓਂ ਪਾਰ ਦਾ ਸਵਾਦ ਚੱਖੇ*

ਇਹ ਸ਼ਾਇਰੀ ਸਾਬਤ ਸਿਦਕ ਦਾ ਲਿਬਾਸ ਪਹਿਨ ਮੁਹੱਬਤ ਦੇ ਭਰ ਵਗਦੇ ਦਰਿਆ ਵਿਚ ਪੂਰਨ ਬੋਧ ਨਾਲ ਤੈਰ ਰਹੀ ਹੈ। ਭਾਸ਼ਾਈ ਪੱਖ ਤੋਂ ਕਿਧਰੇ ਵੀ ਢਿੱਲਾਪਣ, ਕਚੇਰਾਪਣ, ਲਮਕਾ ਨਹੀਂ ਮਿਲਦਾ। ਕਿਸੇ ਵੀ ਤਰ੍ਹਾਂ ਦੇ ਬੇਲੋੜੇ ਵਿਸਥਾਰ ਦੀ ਇਸ ਸ਼ਾਇਰੀ ਅੰਦਰ ਕੋਈ ਥਾਂ ਨਹੀਂ ਹੈ। ਕਾਵਿ-ਸੁਹਜ ਤੇ ਮਾਪ-ਤੋਲ ਦੀ ਕਸਵੱਟੀ ‘ਤੇ ਖਰਾ ਉਤਰਦਿਆਂ ਇਸ ਦਾ ਕੋਈ ਵੀ ਸ਼ਬਦ ਵਿਅਰਥ ਜਾਂ ਭਾਰੀ-ਭਰਕਮ ਹੋ ਕੇ ਮੁਹੱਬਤ ਦੀ ਖ਼ਾਲਸਾਈ ਤੋਰ ਤੇ ਸੁਹਜੀਲੀ ਹੋਂਦ ਵਿਚ ਡੈਂਟ ਨਹੀਂ ਪਾਉਂਦਾ। ਸਭ ਸ਼ਬਦ, ਵਾਕੰਸ਼, ਅਲੰਕਾਰ, ਬਿੰਬ ਮੁਹੱਬਤ ਜਿਹੇ ਹੀ ਕੋਮਲ, ਖ਼ੂਬਸੂਰਤ ਤੇ ਨਗੀਨਿਆਂ ਦੀ ਜੜ੍ਹਤ ਵਾਲੇ ਹਨ। ਜੀਵਤ ਰੂਪਾਕਾਰੀ, ਸੰਘਣੀ ਭਾਸ਼ਾ ਤੇ ਵਿਲੱਖਣ ਅੰਦਾਜ਼ ਦੀ ਰੌਸ਼ਨੀ ਵਿਚ ਮੁਹੱਬਤ ਅਤੇ ਜੀਵਨ ਦੇ ਰਾਹਾਂ ਦਾ ਸਿਰਨਾਵਾਂ ਕਿਵੇਂ ਪੇਸ਼ ਹੋਇਆ ਹੈ,ਵੇਖੋ:

*ਪਤੈ! ਮੁਹੱਬਤ ਤਲਵਾਰ ਵਰਗੀ ਹੁੰਦੀ ਐ...*
*ਉਹਨੇ ਤੁਰਤ ਕਿਹਾ, ਬੜੇ ਵਡਭਾਗੇ ਹੁੰਦੇ, ਜਿਹੜੇ ਇਹਦੀ ਭੇਟ ਚੜ੍ਹ ਜਾਂਦੇ*

ਇਸ ਸ਼ਾਇਰੀ ਅੰਦਰ ਮੁਹੱਬਤ ਦੇ ਤੀਬਰ ਅਹਿਸਾਸ ਨੂੰ ਜੀਵਨ-ਸਾਧਨਾ ਦੇ ਪਰਿਪੇਖ ਵਿਚ ਜਿਵੇਂ ਕਵਿਆਇਆ ਗਿਆ ਹੈ, ਇਹ ਵਿਕਲੋਤਰੇ ਸੁਹਜ ਸੰਚਾਰ ਦੀ ਅਨੋਖੀ ਅਭਿਵਿਅਕਤੀ ਪ੍ਰਤੀਤ ਹੁੰਦੀ ਹੈ। ਮੁਹੱਬਤ ਬਾਬਤ ਐਨੇ ਸ਼ਬਦ ਭੰਡਾਰ ਦੀ ਮੁਹੱਬਤੀ ਖੋਜ ਕੋਈ ਮੁਹੱਬਤ ਦਾ ਭਰ ਵਗਦਾ ਦਰਿਆ ਤੈਰਨ ਤੋਂ ਬਾਅਦ ਹੀ ਕਰ ਸਕਦਾ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਇਹ ਅਹਿਸਾਸ ਵਾਰ-ਵਾਰ ਉਭਰਦਾ ਹੈ ਕਿ ਇਸ ਦੇ ਹਰ ਸਫ਼ੇ ‘ਤੇ ਮੁਹੱਬਤ ਨੂੰ ਨਵੀਂ ਜੀਵਨ-ਦ੍ਰਿਸ਼ਟੀ, ਸੂਝ-ਸਿਆਣਪ, ਤਰਕ ਅਤੇ ਜ਼ਮੀਨੀ ਹਕੀਕਤਾਂ ਤੋਂ ਹਰ ਵਾਰ ਨਵਾਂ ਅਰਥ ਵਿਸਤਾਰ ਦਿੱਤਾ ਗਿਆ ਹੈ। ਅਜਿਹੀ ਨਵੀਂ ਸ਼ਾਇਰੀ ਦਾ ਪੰਜਾਬੀ ਕਵਿਤਾ ਦੇ ਪਿੜ ਅੰਦਰ ਨਿੱਘਾ ਸਵਾਗਤ ਕਰਨ ਦੇ ਨਾਲ ਪੰਜਾਬੀ ਸ਼ਾਇਰੀ ਦੀ ਗੌਰਵਸ਼ਾਲੀ ਉਡਾਨ ਵਜੋਂ ਵੀ ਇਸ ਉੱਪਰ ਮਾਣ ਕਰਨਾ ਬਣਦਾ ਹੈ। **–ਦਵਿੰਦਰ ਸਿੰਘ ਬੋਹਾ**

## ਇਹ ਤਾਂ ਮੈਂ ਹੀ ਹਾਂ (ਕਹਾਣੀ ਸੰਗ੍ਰਹਿ) ਨਿਰੰਜਣ ਬੋਹਾ

ਨਿਰੰਜਣ ਬੋਹਾ ਪੰਜਾਬੀ ਸਾਹਿਤ ਜਗਤ ਵਿਚ ਲਗਪਗ ਤਿੰਨ ਦਹਾਕਿਆਂ ਤੋਂ ਕਿਰਿਆਸ਼ੀਲ ਹੈ। ਉਸ ਨੇ ਕਹਾਣੀ, ਵਾਰਤਕ, ਮਿੰਨੀ ਕਹਾਣੀ, ਆਲੋਚਨਾ ਤੇ ਸੰਪਾਦਨਾ ਦੇ ਖੇਤਰਾਂ ਵਿਚ ਕਲਮ ਚਲਾਈ ਹੈ। ਪਹਿਲਾਂ ਉਸ ਦੇ ਦੋ ਕਹਾਣੀ ਸੰਗ੍ਰਹਿ ‘ਪੂਰਾ ਮਰਦ’ ਤੇ ‘ਤੀਸਰੀ ਖਿੜਕੀ’। ਹੁਣ ਬੋਹਾ ਆਪਣਾ ਤੀਜਾ ਕਹਾਣੀ ਸੰਗ੍ਰਹਿ ‘ਇਹ ਤਾਂ ਮੈਂ ਹੀ ਹਾਂ’ (ਪੰਨੇ 136, ਮੁੱਲ 250 ਰੁਪਏ, ਊੜਾ ਪਬਲੀਕੇਸ਼ਨ, ਮੋਗਾ) ਲੈ ਕੇ ਪਾਠਕਾਂ ਦੇ ਸਾਹਵੇਂ ਹਾਜ਼ਰ ਹੋਇਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਨੌਂ ਕਹਾਣੀਆਂ ਸ਼ਾਮਲ ਹਨ ਜਿਨ੍ਹਾਂ ਵਿਚ ਪੰਜਾਬੀ ਸਮਾਜ ਦੀਆਂ ਪਰੰਪਰਾਵਾਂ ਤੇ ਸਭਿਆਚਾਰਕ ਕਦਰਾਂ-ਕੀਮਤਾਂ ’ਤੇ ਮਰਦਾਵੇਂ ਦਾਬੇ ਅਧੀਨ ਔਰਤ ਦੀ ਸਥਿਤੀ ਤੇ ਹੋਣੀ ਨੂੰ ਰੂਪਮਾਨ ਕੀਤਾ ਗਿਆ ਹੈ।

ਹੱਥਲੀ ਪੁਸਤਕ ਵਿਚਲੀ ਪਹਿਲੀ ਕਹਾਣੀ ‘ਨਰ ਬੰਦਾ’ ਵਿਚ ਜਾਗੀਰੂ ਕਦਰਾਂ-ਕੀਮਤਾਂ ਅਧੀਨ ਔਰਤ ਦੀ ਮਨੋ-ਸਥਿਤੀ, ਸੁਪਨੇ, ਚਾਅ, ਡਰ ਤੇ ਅਕਾਂਖਿਆਵਾਂ ਦੀ ਬਾਤ ਪਾਈ ਗਈ ਹੈ। ਕਹਾਣੀ ਦੀ ਕੇਂਦਰੀ ਪਾਤਰ ਦਾ ਪਤੀ ਸੁਖਦੇਵ ਜਾਗੀਰੂ ਸਮਾਜ ਦਾ ਮਰਦ ਹੋਣ ਕਰਕੇ ਨੰਬਰਦਾਰਾਂ ਨਾਲ ਚੱਲਦੇ ਵੱਟ ਦੇ ਰੌਲੇ ਕਾਰਨ ਜਾਨ ਗੁਆ ਬੈਠਦਾ ਹੈ। ਕਿਸਾਨੀ ਪਰੰਪਰਾ ਅਨੁਸਾਰ ਜ਼ਮੀਨ ਹੀ ਸਮਾਜ ਵਿਚ ਪਰਿਵਾਰ ਦੀ ਗ਼ੈਰਤ ਤੇ ਅਣਖ ਦੀ ਮੁੱਢਲੀ ਸ਼ਰਤ ਹੁੰਦੀ ਹੈ, ਜਿਸ ਲਈ ਸੁਖਦੇਵ ਕਿਤੇ ਵੀ ਲੜਨ ਮਰਨ ਤੋਂ ਪਿੱਛੇ ਨਹੀਂ ਹੱਟਦਾ। ਪੰਜਾਬੀ ਸਮਾਜ-ਸਭਿਆਚਾਰਕ ਕਦਰਾਂ ਅਨੁਸਾਰ ਸੁਖਦੇਵ ਦਾ ਭਰਾ ਗੁਰਮੇਲ, ਸੁਖਦੇਵ ਦੀ ਪਤਨੀ ਦੀ ਆਖਰੀ ਓਟ ਭਾਵ ਪਤੀ ਦੀ

ਭੂਮਿਕਾ ਵਿਚ ਵਿਚਰ ਸਕਦਾ ਹੈ। ਪਰ ਡੇਰਿਆਂ 'ਤੇ ਬੈਠੇ ਰਹਿਣ, ਲੜਾਈ ਤੋਂ ਪਾਸਾ ਵੱਟਣ ਅਤੇ ਇਉਂ ਆਪਣੇ ਭਰਾ ਦੀ ਮੌਤ ਦਾ ਬਦਲਾ ਨਾ ਲੈਣ ਦੇ ਗੁਰਮੇਲ ਦੇ ਵਿਵਹਾਰ ਕਾਰਨ ਮੈਂ ਪਾਤਰ ਯਾਨੀ ਸੁਖਦੇਵ ਦੀ ਪਤਨੀ ਦੁਆਰਾ ਉਸਨੂੰ ਪਰਵਾਨ ਨਹੀਂ ਕੀਤਾ ਜਾਂਦਾ। ਕਹਾਣੀ ਵਿਚ ਜਾਗੀਰੂ ਕਦਰਾਂ ਅਧੀਨ ਔਰਤ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ ਜੋ ਜਾਗੀਰੂ ਪਰੰਪਰਾਵਾਂ ਦੇ ਅਨੁਕੂਲ ਵਿਚਰਦੀ ਹੈ। ਉਹ ਗੁਰਮੇਲ ਦੁਆਰਾ ਜੈਲੇ ਦੇ ਕਤਲ ਕੀਤੇ ਜਾਣ ਬਾਅਦ ਉਸ ਨੂੰ ਆਪਣੇ ਖਸਮ ਦੇ ਰੂਪ ਵਿਚ ਸਵੀਕ੍ਰਿਤੀ ਦਿੰਦੀ ਵਿਖਾਈ ਦਿੰਦੀ ਹੈ।

ਅਗਲੀ ਕਹਾਣੀ 'ਨਵੀਂ ਕੰਧ' ਨਵੇਂ ਜਮਾਨੇ ਦੀਆਂ ਨਵੀਆਂ ਕਦਰਾਂ ਤੇ ਪੁੰਗਰ ਰਹੀਆਂ ਰਵਾਇਤਾਂ ਦੀ ਕਹਾਣੀ ਛੇੜਦੀ ਹੈ। ਇਸ ਕਹਾਣੀ ਵਿਚ ਮੈਂ ਪਾਤਰ ਨਵੇਂ ਜਮਾਨੇ ਦੀਆਂ ਉਸਾਰੂ ਕਦਰਾਂ ਦਾ ਅਨੁਸਾਰੀ ਹੈ ਜਦਕਿ ਉਸ ਦਾ ਪੁੱਤਰ ਛਿੰਦਾ ਤੇ ਨੂੰਹ ਰੂੜ੍ਹੀਵਾਦੀ ਕਦਰਾਂ ਦੇ ਪਿੱਛਲੱਗ ਵਿਖਾਈ ਦਿੰਦੇ ਹਨ। ਇਕ ਪਾਸੇ ਬੱਚਿਆਂ (ਨੂੰਹ-ਪੁੱਤ) ਵੱਲੋਂ ਮਾਪਿਆਂ ਦੀ ਸਾਂਭ-ਸੰਭਾਲ ਦਾ ਮਸਲਾ ਉਭਾਰਿਆ ਗਿਆ ਹੈ ਅਤੇ ਉਸ ਦੇ ਬਦਲ ਵਜੋਂ ਅਗਾਂਹਵਧੂ ਖਿਆਲਾਂ ਦਾ ਧਾਰਨੀ ਮੈਂ ਪਾਤਰ (ਦਰਸ਼ਨ) ਆਪਣੀ ਪਤਨੀ ਦੀ ਬੇਵਕਤੀ ਮੌਤ ਤੋਂ ਬਾਅਦ ਕਿਸੇ ਲੋੜਵੰਦ ਔਰਤ ਨਾਲ ਦੂਜਾ ਵਿਆਹ ਕਰਵਾ ਲੈਂਦਾ ਹੈ ਜਿਸ ਕਾਰਨ ਪੁੱਤਰ ਤੇ ਨੂੰਹ ਦੀ ਜਾਗੀਰੂ ਸੋਚ ਨੂੰ ਸੱਟ ਲੱਗਦੀ ਹੈ। ਬਾਪ ਤੇ ਪੁੱਤਰ ਦਰਮਿਆਨ ਸੋਚ ਦੇ ਇਸ ਵਖਰੇਵੇਂ ਨੂੰ ਰਿਸ਼ਤਿਆਂ ਅਤੇ ਘਰ ਵਿਚ ਉਸਰੀ ਨਵੀਂ ਕੰਧ ਪ੍ਰਤੀਕ ਵਜੋਂ ਪ੍ਰਗਟ ਕਰਦੀ ਹੈ।

'ਹੁਣ ਮੈਂ ਤਿਆਰ ਹਾਂ' ਕਹਾਣੀ ਵੀ ਉਤਮ ਪੁਰਖੀ ਬਿਰਤਾਂਤਕਾਰ ਦੀ ਵਿਧੀ ਦੁਆਰਾ ਉਸਾਰੀ ਗਈ ਹੈ ਜਿਸ ਵਿਚ ਮੈਂ ਪਾਤਰ (ਭੈਣ) ਆਪਣੇ ਗੋਦ ਲਏ ਭਰਾ ਦੇ ਗ਼ੈਰ ਮਾਨਵੀ ਤੇ ਗ਼ੈਰ ਇਖਲਾਕੀ ਵਿਵਹਾਰ ਦੀ ਸ਼ਿਕਾਰ ਬਣਦੀ ਹੈ। ਕਹਾਣੀ ਵਿਚ ਪੰਜਾਬੀ ਸਮਾਜ ਵਿਚ ਪੁੱਤ ਦੀ ਲਾਲਸਾ ਕਾਰਨ ਪਰਿਵਾਰ ਵਿਚ ਬਣੇ ਮਾਹੌਲ ਤੇ ਸਮੀਕਰਨਾਂ ਕਾਰਨ ਮੈਂ ਪਾਤਰ ਮਾਨਸਿਕ ਤਣਾਅ ਹੰਢਾਉਂਦੀ ਹੈ ਅਤੇ ਅਖੀਰ ਆਪਣੀ ਸਥਿਤੀ ਨੂੰ ਪ੍ਰਸੰਗਕ ਸਾਬਤ ਕਰਦੀ ਹੋਈ ਗੋਦ ਲਏ ਭਰਾ ਕੁਲਦੀਪ ਦੇ ਗ਼ੈਰ ਇਖਲਾਕੀ ਪ੍ਰਕਾਰਜ ਨੂੰ ਨੰਗਾ ਕਰਦੀ ਹੈ।

ਕਹਾਣੀ ਸੰਗ੍ਰਹਿ ਵਿਚ ਦਰਜ ਚੌਥੀ ਕਹਾਣੀ 'ਪੌਣ' ਤੇ ਪੰਜਵੀਂ ਕਹਾਣੀ 'ਮਦਰ ਡੇ ਗਿਫ਼ਟ' ਸਮਕਾਲ ਵਿਚ ਘਟ ਰਹੇ ਇਕੋ ਵਰਤਾਰੇ ਦੀਆਂ ਵੱਖ-ਵੱਖ ਪਰਤਾਂ ਨੂੰ ਵੱਖਰੇ ਜਾਵੀਏ ਤੋਂ ਪੇਸ਼ ਕਰਦੀਆਂ ਹਨ। 'ਪੌਣ' ਵਿਚ ਨਰਦੇਵ ਸਿੰਘ ਦੇ ਹੱਥ ਤੋਂ ਅਪਾਹਿਜ ਹੋਣ, ਨਸ਼ਈ ਬਣਨ, ਡੇਰਿਆਂ ਤੇ ਚੌਕੀਆਂ ਲਗਾਉਣ ਅਤੇ ਪੁੱਛਾਂ ਦੇਣ ਵਾਲੇ ਨਰੀ ਬਾਬਾ ਤਕ ਦਾ ਸਫ਼ਰ ਰੂਪਮਾਨ ਕੀਤਾ ਗਿਆ ਹੈ। ਨਰਦੇਵ ਦੇ ਨਰੀ ਹੋਣ ਤਕ ਘਰ ਦੀ ਆਰਥਿਕ ਸਥਿਤੀ ਪੇਤਲੀ ਪੈ ਜਾਂਦੀ ਹੈ ਜਿਸ ਨੂੰ ਸਹਾਰਾ ਦੇਣ ਲਈ ਮੈਂ ਪਾਤਰ ਅਖੀਰ ਆਪਣੀ ਕੁੱਖ ਦਾ ਸੌਦਾ ਕਰਦੀ ਹੈ। ਜਦਕਿ 'ਮਦਰ ਡੇ ਗਿਫਟ' ਕਹਾਣੀ ਵਿਚਲੀ ਮੈਂ ਪਾਤਰ ਸਕੁੰਤਲਾ ਆਜ਼ਾਦੀ ਦੇ ਦੰਗਿਆਂ ਬਾਅਦ ਉਜੜੀ ਹੋਣ ਦੇ ਬਾਵਜੂਦ ਆਪਣੇ ਪੁੱਤਰ ਰਤਨ ਦਾ ਸੌਦਾ ਨਹੀਂ ਕਰਦੀ ਅਤੇ ਹੌਲੀ-ਹੌਲੀ ਆਪਣੇ ਪਤੀ ਦੇ ਮੋਢੇ ਨਾਲ ਮੌਢਾ ਜੋੜ ਕੇ ਆਰਥਿਕਤਾ ਦੀ ਗੱਡੀ ਨੂੰ ਪਟੜੀ 'ਤੇ ਚੜ੍ਹਾਉਣ ਵਿਚ ਕਾਮਯਾਬ ਹੋ ਜਾਂਦੀ ਹੈ। ਸਮੱਸਿਆ ਉਸ ਵੇਲੇ ਸਾਹਮਣੇ ਆਉਂਦੀ ਹੈ ਜਦੋਂ ਸਕੁੰਤਲਾ ਦਾ ਪੋਤਾ ਹਰੀਸ਼ ਤੇ ਨੂੰਹ ਨਿਸ਼ਾ ਅੱਗੇ ਵਾਰਿਸ ਨਹੀਂ ਪੈਦਾ ਕਰ ਪਾਉਂਦੇ ਤਾਂ ਇੱਥੇ ਵੀ ਡਾਕਟਰ ਵੱਲੋਂ ਕੁੱਖ ਉਧਾਰੀ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਪਰ ਸਕੁੰਤਲਾ ਅੰਦਰਲੀ ਸ਼ੁਕਲੀ ਜਿਸਨੇ ਆਪਣੇ ਪੁੱਤ ਦਾ ਸੌਦਾ ਨਹੀਂ ਕੀਤਾ, ਉਹ ਕਿਸੇ ਦੀ ਮਜਬੂਰੀ ਦਾ ਫਾਇਦਾ ਚੁੱਕਣ ਤੋਂ ਇਨਕਾਰੀ ਹੋ ਜਾਂਦੀ ਹੈ। ਕਹਾਣੀ ਦੇ ਅੰਤ ਵਿਚ ਹਰੀਸ਼ ਤੇ ਪਰਿਵਾਰ ਦੁਆਰਾ ਅਨਾਥ ਆਸ਼ਰਮ ਵਿਚੋਂ ਬੱਚਾ ਗੋਦ ਲੈ ਕੇ ਵਾਰਸ ਬਣਾ ਲਿਆ ਜਾਂਦਾ ਹੈ ਪਰ ਇੱਥੇ ਕਹਾਣੀ ਇਕ ਹੋਰ ਸਵਾਲ ਖੜ੍ਹਾ ਕਰ ਜਾਂਦੀ ਹੈ ਕਿ ਬੱਚਾ ਗੋਦ ਲੈਣ ਵੇਲੇ ਕੁੜੀ ਕਿਉਂ ਨਹੀਂ? ਅਗਲੀ ਕਹਾਣੀ 'ਹੁਣ ਨਹੀਂ' ਸੰਦੀਪ ਤੇ ਸਿਮਰਨ ਦੀ ਪਿਆਰ ਕਹਾਣੀ ਹੈ ਜਿਸ ਵਿਚ ਸੰਦੀਪ ਸਥਿਤੀਆਂ-ਪਰਿਸਥਿਤੀਆਂ ਦੇ ਬਹਾਨੇ ਆਰਥਿਕਤਾ ਨੂੰ ਤਰਜੀਹ ਦਿੰਦਾ ਹੋਇਆ ਸੁਰੇਸ਼ ਦੇ ਰਾਹੀਂ ਕੈਨੇਡਾ ਚਲਾ ਜਾਂਦਾ ਹੈ ਪਰ ਸਿਮਰਨ ਆਪਣੇ ਪੇਟ ਵਿਚ ਪਲ ਰਹੀ ਸੰਦੀਪ ਦੀ ਨਿਸ਼ਾਨੀ

ਨੂੰ ਪਾਲਦੀ ਹੈ ਅਤੇ ਸਥਿਤੀਆਂ ਨੂੰ ਬਹਾਨਾ ਬਣਾਉਣ ਦੀ ਥਾਂ ਉਹਨਾਂ ਦਾ ਸਾਹਮਣਾ ਕਰਦੀ ਵਿਖਾਈ ਦਿੰਦੀ ਹੈ। ਕਹਾਣੀ ਵਿਚ ਔਰਤ ਮਨੋਵਿਗਿਆਨਕ ਪੱਖ ਤੋਂ ਵਧੇਰੇ ਮਜ਼ਬੂਤ ਤੇ ਸਥਿਰ ਪ੍ਰਤੀਤ ਹੁੰਦੀ ਹੈ ਜਦਕਿ ਸੰਦੀਪ ਆਪਣੇ ਫੈਸਲਿਆਂ ਤੋਂ ਤਿਲਕਦਾ ਵਿਖਾਈ ਦਿੰਦਾ ਹੈ।

ਅਗਲੀ ਪੁਸਤਕ ਦੀ ਸਿਰਨਾਵੀਂ ਕਹਾਣੀ 'ਇਹ ਤਾਂ ਮੈਂ ਹੀ ਹਾਂ' ਵਿਚ ਸੱਸ ਤੇ ਨੂੰਹ ਵੱਖਰੇ-ਵੱਖਰੇ ਸਮੇਂ ਤੇ ਉੱਤੇ ਸਮਾਨ ਸਥਿਤੀਆਂ ਦਾ ਸਾਹਮਣਾ ਕਰਦੇ ਹਨ। ਦੋਨਾਂ ਦੀ ਪਰਿਵਾਰਕ ਸਥਿਤੀ ਦੁੱਖਾਂ ਨਾਲ ਭਰੀ, ਨਸ਼ੇੜੀ ਪਤੀ ਤੇ ਕਮਜ਼ੋਰ ਆਰਥਿਕਤਾ ਵਾਲੀ ਹੈ। ਕਹਾਣੀ ਵਿਚ ਫ਼ਰਕ ਸਿਰਫ਼ ਸੱਸ ਦੇ ਕਿਰਦਾਰ ਦਾ ਹੈ ਜਿੱਥੇ ਇਕ ਪਾਤਰ ਸੱਸ ਵਜੋਂ ਵਾਰਿਸ ਦੀ ਪ੍ਰਾਪਤੀ ਦੇ ਸੰਬੰਦ ਵਿਚ ਊਜਾਂ ਲਗਾਉਂਦੀ ਤੇ ਤਾਹਨੇ ਮਾਰਦੀ ਹੈ ਦੂਜੀ ਪਾਤਰ ਮਾਨਵੀ ਕਿਰਦਾਰ ਵਜੋਂ ਨਿਭਦੀ ਹੈ। 'ਕੋਈ ਵੀ ਤਾਂ ਨਹੀਂ' ਕਹਾਣੀ ਵਿਚਲਾ ਵਿਸ਼ਾ ਵੀ ਪੁੱਤਰ ਪ੍ਰਾਪਤੀ ਦਾ ਹੈ। ਇਸ ਕਹਾਣੀ ਵਿਚ ਵਾਰਿਸ ਪੈਦਾ ਕਰਨ ਤੋਂ ਅਸਫ਼ਲ ਔਰਤ ਪਾਤਰ ਨੂੰ ਦੂਜੇ ਵਿਆਹ ਦੀ ਧਮਕੀ ਦਿੱਤੀ ਜਾਂਦੀ ਹੈ। ਅਖੀਰ ਮੈਂ ਪਾਤਰ ਆਪਣੀ ਭੈਣ ਦਾ ਰਿਸ਼ਤਾ ਆਪਣੇ ਪਤੀ ਲਈ ਲੈਣ ਵਾਸਤੇ ਘਰ ਦੀ ਦਹਿਲੀਜ ਤੋਂ ਬਾਹਰ ਨਿਕਲਦੀ ਹੈ। ਪੁਸਤਕ ਦੀ ਆਖਰੀ ਕਹਾਣੀ 'ਗਰਮ ਗੁਲਾਬੀ ਕੋਟ' ਵਿਚ ਮੈਂ ਪਾਤਰ ਦੀ ਸਹੇਲੀ ਜਸ਼ਨਪ੍ਰੀਤ ਹਰ ਵੇਲੇ ਆਪਣੀ ਸਹੇਲੀ ਦੇ ਹੱਕ ਵਿਚ ਖੜ੍ਹਦੀ ਹੈ। ਵੈਸੇ ਇਸ ਕਹਾਣੀ ਵਿਚ ਵੀ ਜਾਗੀਰੂ ਕਦਰਾਂ-ਕੀਮਤਾਂ ਦਾ ਬੋਲ ਬਾਲਾ ਹੈ ਜਿਸ ਅਨੁਸਾਰ ਇਕੱਲੀ ਔਰਤ ਲਈ ਸਮਾਜ ਵਿਚ ਵਿਚਰਨਾ ਆਸਾਨ ਨਹੀਂ ਅਤੇ ਆਪਣੀ ਜ਼ਿੰਦਗੀ ਲੰਘਾਉਣ ਲਈ ਉਸਨੂੰ ਮਰਦ ਦੇ ਸਹਾਰੇ ਦੀ ਲੋੜ ਹੈ।

ਲਗਪਗ ਸਾਰੀਆਂ ਕਹਾਣੀਆਂ ਉੱਤਮ ਪੁਰਖੀ ਬਿਰਤਾਂਤਕਾਰ ਸ਼ੈਲੀ ਵਿਚ ਰਚੀਆਂ ਗਈਆਂ ਹਨ। ਉੱਤਮ ਪੁਰਖੀ ਸ਼ੈਲੀ ਕਾਰਨ ਪਾਠਕ ਨੂੰ ਕਹਾਣੀ ਨਾਲ ਜੋੜਨ ਵਿਚ ਆਸਾਨੀ ਹੁੰਦੀ ਹੈ ਅਤੇ ਵਿਸ਼ੇ ਤੇ ਵਸਤੂ ਵਿਚ ਇਕਸੁਰਤਾ ਵਧੇਰੇ ਜਾਪਦੀ ਹੈ। ਪਾਠਕ ਬਿਰਤਾਂਤਕਾਰ ਅਨੁਸਾਰ ਪਾਤਰਾਂ ਨਾਲ ਹਮਦਰਦੀ ਤੇ ਈਰਖਾ ਮਹਿਸੂਸ ਕਰਦਾ ਹੈ। ਲੇਖਕ ਨੇ ਕਹਾਣੀਆਂ ਵਿਚ ਕਾਲ ਖੰਡ ਨੂੰ ਵਿਸਥਾਰਨ ਲਈ ਤੇ ਰੌਚਕ ਬਣਾਉਣ ਲਈ ਪਿਛਲਝਾਤ, ਸੁਪਨੇ, ਮਨੋਬਚਨੀ, ਦੁਹਰਾਓ, ਆਦਿ ਜੁਗਤਾਂ ਦੀ ਵਰਤੋਂ ਕੀਤੀ ਹੈ। ਉਸ ਨੇ ਸਥਿਤੀਆਂ ਤੇ ਘਟਨਾਵਾਂ ਦੀਆਂ ਪਰਤਾਂ ਨੂੰ ਉਧੇੜਨ ਤੇ ਅਰਥ ਵਿਸਥਾਰ ਲਈ ਸਮਾਨ ਸਪੇਸ ਤੇ ਵੱਖਰੇ ਕਾਲਖੰਡਾਂ ਨੂੰ ਪੇਸ਼ ਕੀਤਾ ਹੈ। ਕਹਾਣੀਕਾਰ ਨੇ ਸਮਕਾਲੀ ਵਰਤਾਰਿਆਂ, ਘਟਨਾਵਾਂ ਅਤੇ ਜਾਗੀਰੂ ਪਰੰਪਰਾਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਕਥਾ ਵਸਤੂ ਵਜੋਂ ਪੇਸ਼ ਕੀਤਾ ਹੈ। ਪੰਜਾਬੀ ਕਹਾਣੀ ਦੇ ਪਾਠਕ ਨੂੰ ਨਿਰੰਜਣ ਬੋਹਾ ਦੇ ਇਸ ਕਹਾਣੀ ਸੰਗ੍ਰਹਿ ਦਾ ਸਵਾਗਤ ਕਰਨਾ ਚਾਹੀਦਾ ਹੈ।

**-ਪਰਗਟ ਸਿੰਘ ਬਰਾੜ**

## ਹੀਰ ਨਾ ਆਖੋ ਕੋਈ (ਨਾਵਲ) ਪ੍ਰਕਾਸ਼ ਸੋਹਲ

ਪ੍ਰਕਾਸ਼ ਸੋਹਲ ਪਰਵਾਸੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਲਗਪਗ ਪਿਛਲੇ ਇਕ ਦਹਾਕੇ ਤੋਂ ਕਾਰਜਸ਼ੀਲ ਹਸਤਾਖਰ ਹੈ। ਉਸ ਨੇ ਪੰਜਾਬੀ ਸਾਹਿਤ ਦੇ ਪਿੜ ਵਿਚ ਨਾਵਲ 'ਧੁਆਂਖੀ ਆਸ ਦਾ ਸਫ਼ਰ' (2013) ਨਾਲ ਪ੍ਰਵੇਸ਼ ਕੀਤਾ ਸੀ। ਇਸ ਤੋਂ ਬਾਅਦ ਉਸ ਨੇ ਦੋ ਦੋ ਸਾਲਾਂ ਦੇ ਵਕਫੇ ਨਾਲ' ਤਿੰਨ ਹੋਰ ਨਾਵਲ ਲਿਖੇ ਤੇ ਛਪਵਾਏ। ਇਸ ਤੋਂ ਇਲਾਵਾ ਪ੍ਰਕਾਸ਼ ਸੋਹਲ ਨੇ ਕਾਵਿ ਸੰਗ੍ਰਹਿ ਤੇ ਗਜ਼ਲ ਸੰਗ੍ਰਹਿ ਵੀ ਪ੍ਰਕਾਸ਼ਤ ਕਰਵਾਏ ਹਨ। ਹੁਣ ਉਹ ਆਪਣਾ ਪੰਜਵਵਾਂ ਨਾਵਲ 'ਹੀਰ ਨਾ ਆਖੋ ਕੋਈ' (ਪੰਨੇ 394, ਮੁੱਲ 650 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ) ਲੈ ਕੇ ਹਾਜ਼ਰ ਹੋਇਆ ਹੈ। ਸਿਰਲੇਖ ਤੋਂ ਹੀ ਸੰਕੇਤ ਮਿਲਦਾ ਹੈ ਕਿ ਇਹ ਨਾਵਲ ਇਕ ਪਿਆਰ ਕਹਾਣੀ ਹੈ। ਨਾਵਲ ਪਿਆਰ ਕਹਾਣੀ ਵਿਚ ਆਏ ਵੱਖ-ਵੱਖ ਪੜਾਵਾਂ ਦੇ ਪ੍ਰਭਾਵਾਂ ਅਤੇ ਧਰਾਤਲ ਬਦਲਣ ਨਾਲ ਬਦਲਦੀਆਂ ਸਥਿਤੀਆਂ, ਮਨੋਦਸ਼ਾ ਨੂੰ ਬਦਲਦੇ ਸਭਿਆਚਾਰਕ ਪਰਿਪੇਖ ਵਿਚ ਪੇਸ਼ ਕਰਦਾ ਹੈ।

ਨਾਵਲ ਵਿਚ 20ਵੀਂ ਸਦੀ ਦੇ ਪਿਛਲੇ ਤਿੰਨ ਦਹਾਕਿਆਂ ਦੇ ਕਾਲ ਖੰਡ ਦੌਰਾਨ ਭਾਰਤ

(ਦਿੱਲੀ) ਅਤੇ ਇੰਗਲੈਂਡ ਦੇ ਧਰਾਤਲ ’ਤੇ ਮਾਨਵੀ ਜੀਵਨ ਵਿਚ ਆਈਆਂ ਤਬਦੀਲੀਆਂ ਤੇ ਸਮਾਜ-ਸਭਿਆਚਾਰਕ ਤੇ ਆਰਥਿਕ ਸਮੱਸਿਆਵਾਂ ਨੂੰ ਰੇਖਾਂਕਤ ਕੀਤਾ ਗਿਆ ਹੈ। ਨਾਵਲ ਦਾ ਮੁੱਖ ਪਾਤਰ ਸੁਰਿੰਦਰ ਚੰਗੀ ਆਰਥਿਕਤਾ ਵਾਲੇ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਸ ਦਾ ਪਿਤਾ ਪੁਲਿਸ ਵਿਚ ਚੰਗੇ ਅਹੁਦੇ ’ਤੇ ਕੰਮ ਕਰਦਾ ਹੈ ਅਤੇ ਮਾਂ ਸਕੂਲ ਅਧਿਆਪਕ ਹੈ। ਉਸ ਦੀ ਪ੍ਰੇਮਿਕਾ/ਪਤਨੀ ਕਮਲ ਵੀ ਦਿੱਲੀ ਦੇ ਬਹੁਤ ਮਿਹਨਤੀ ਪੰਜਾਬੀ ਪਰਿਵਾਰ ਵਿਚੋਂ ਹੈ। ਸੁਰਿੰਦਰ ਦਾ ਦੋਸਤ ਕਿਸ਼ਨ ਪੰਜਾਬ ਦਾ ਰਹਿਣ ਵਾਲਾ ਹੈ ਜੋ ਨੌਕਰੀ ਤੇ ਪੜ੍ਹਾਈ ਦੇ ਸਿਲਸਿਲੇ ਵਿਚ ਦਿੱਲੀ ਆਇਆ ਹੋਇਆ ਹੈ। ਕਿਸ਼ਨ ਤੇ ਮੀਨਾਕਸ਼ੀ ਇਕ ਕਾਲਿਜ ਵਿਚ ਪੜ੍ਹਦੇ ਹਨ। ਸੁਰਿੰਦਰ ਆਪਣੇ ਸਕੂਟਰ ਦੀ ਸਰਵਿਸ ਕਰਾਉਣ ਕਾਰਨ ਇਕ ਦਿਨ ਬੱਸ ’ਤੇ ਚੜ੍ਹਦਾ ਹੈ ਤੇ ਉਸ ਦਾ ਮੇਲ ਕਮਲ ਨਾਲ ਹੁੰਦਾ ਹੈ। ਪਹਿਲੀ ਨਜ਼ਰ ਵਿਚ ਹੀ ਉਸਨੂੰ ਕਮਲ ਪਸੰਦ ਆ ਜਾਂਦੀ ਹੈ। ਉਹਨਾਂ ਦਾ ਮੇਲ ਕਿਸ਼ਨ ਰਾਹੀਂ ਹੀ ਹੁੰਦਾ ਹੈ ਅਤੇ ਹੌਲ਼ੀ-ਹੌਲ਼ੀ ਸੁਰਿੰਦਰ ਤੇ ਕਮਲ ਅਤੇ ਕਿਸ਼ਨ ਤੇ ਮੀਨਾਂਕਸ਼ੀ ਚਾਰੇ ਵਧੀਆ ਦੋਸਤ ਬਣ ਜਾਂਦੇ ਹਨ। ਵਾਸਤਵ ਵਿਚ ਜਵਾਨੀ ਵਿਚ ਚੰਚਲ ਮਨ ਨੂੰ ਕਾਬੂ ਵਿਚ ਰੱਖਣਾ ਔਖਾ ਹੁੰਦਾ ਹੈ ਅਤੇ ਜੇਕਰ ਵਿਅਕਤੀ ਆਰਥਿਕ ਤੇ ਰਾਜਨੀਤਕ ਮੁਹਾਜ਼ ’ਤੇ ਤਕੜਾ ਹੋਵੇ ਤਾਂ ਮਨ ਦੀ ਚੰਚਲਤਾ ਹੋਰ ਵੀ ਵਧ ਜਾਂਦੀ ਹੈ। ਸਗੋਂ ਚੰਚਲਤਾ ਜ਼ਿੱਦ ਦਾ ਰੂਪ ਧਾਰਨ ਕਰ ਜਾਂਦੀ ਹੈ। ਇਸੇ ਤਰ੍ਹਾਂ ਸੁਰਿੰਦਰ ਨਾਲ ਵਾਪਰਦਾ ਹੈ। ਉਹ ਭਾਵੇਂ ਆਪਣੇ ਪਿਤਾ ਤੋਂ ਡਰਦਾ ਹੈ ਪਰ ਉਸਦੇ ਰੁਤਬੇ ਤੇ ਹੈਸੀਅਤ ਕਾਰਨ ਉਸ ਅੰਦਰ ਗ਼ੈਰ ਜ਼ਿੰਮੇਵਾਰੀ ਤੇ ਜ਼ੋਖਮ ਲੈਣ ਦੀ ਭਾਵਨਾ ਬਣੀ ਰਹਿੰਦੀ ਹੈ, ਜਿਸ ਕਾਰਨ ਉਹ ਵਿਦਿਆਰਥੀ ਜੀਵਨ ਵਿਚ ਨਕਸਲੀ ਲਹਿਰ ਦੇ ਕਾਰਕੁਨਾਂ ਦੇ ਸੰਪਰਕ ਵਿਚ ਆ ਜਾਂਦਾ ਹੈ। ਨਕਸਲੀ ਲਹਿਰ ਦੇ ਅੰਤਰਗਤ ਹੀ ਉਹ ਬੱਸਾਂ ਨੂੰ ਅੱਗ ਲਗਾਉਣ ਦੇ ਘਟਨਾਕ੍ਰਮ ਵਿਚ ਸ਼ਾਮਲ ਹੋ ਜਾਂਦਾ ਹੈ। ਐਪਰ ਉਸਦਾ ਬਾਪ ਆਪਣੇ ਰਸੂਖ ਤੇ ਦਬਦਬੇ ਕਾਰਨ ਉਸ ਨੂੰ ਬਚਾ ਕੇ ਕਿਸ਼ਨ ਦੇ ਨਾਲ ਇੰਗਲੈਂਡ ਭੇਜ ਦਿੰਦਾ ਹੈ।

ਕਿਸ਼ਨ ਇੰਗਲੈਂਡ ਜਾਣ ਦਾ ਚਾਹਵਾਨ ਤਾਂ ਨਹੀਂ ਸੀ ਪਰ ਉਹ ਹੱਥ ਆਏ ਮੌਕੇ ਨੂੰ ਗੁਆਉਂਦਾ ਵੀ ਨਹੀਂ। ਉਹ ਬੜੀ ਮਿਹਨਤ ਤੇ ਸੰਜੀਦਗੀ ਨਾਲ ਆਪਣੀ ਪੜ੍ਹਾਈ ਪੂਰੀ ਕਰਦਾ ਹੈ ਅਤੇ ਪੜ੍ਹਾਈ ਕਰਦਿਆਂ ਉਸਨੂੰ ਮਨਜੀਤ ਦਾ ਸਾਥ ਮਿਲ ਜਾਂਦਾ ਹੈ, ਜਿਸ ਸਾਥ ਨਾਲ ਉਸ ਦੇ ਜੀਵਨ ਦੀ ਤਰੱਕੀ ਦੀ ਰਫ਼ਤਾਰ ਚਾਰ ਗੁਣੀ ਹੋ ਜਾਂਦੀ ਹੈ। ਦੂਜੇ ਪਾਸੇ ਸੁਰਿੰਦਰ ਆਪਣੇ ਸੁਭਾਅ ਮੁਤਾਬਕ ਜ਼ੋਖਮ ਲੈਣ ਵੱਲ ਤੁਰਦਾ ਹੈ ਤੇ ਜਲਦੀ ਅਮੀਰ ਬਣ ਜਾਣ ਦੇ ਸੁਪਨੇ ਵੇਖਦਾ ਹੈ। ਇਸੇ ਚੱਕਰ ਵਿਚ ਉਹ ਪਹਿਲਾਂ ਇੰਮੀਗਰੇਸ਼ਨ ਦੀ ਸਟੈਂਪ ਲਗਵਾਉਣ ਲਈ ਪੌਂਡ ਦੇ ਕੇ ਵਿਆਹ ਕਰਾਉਣ ਦੇ ਰਾਹ ਤੁਰਦਾ ਹੈ ਅਤੇ ਫਿਰ ਲੀਸਾ ਦੇ ਨਾਲ ਸੰਬੰਧ ਬਣਾ ਲੈਂਦਾ ਹੈ। ਇਸ ਤਰ੍ਹਾਂ ਉਹ ਕਮਲ ਨਾਲ ਆਪਣੇ ਰਿਸ਼ਤੇ ਦੀ ਪਵਿੱਤਰਤਾ ਨੂੰ ਗੁਆ ਬੈਠਦਾ ਹੈ ਤੇ ਵਕਤੀ ਲਾਲਚਾਂ ਵੱਲ ਖਿੱਚਿਆ ਤੁਰਿਆ ਜਾਂਦਾ ਹੈ। ਇੰਝ ਉਹ ਲੀਸਾ ਦੇ ਬੱਚੇ ਦਾ ਬਾਪ ਬਣ ਜਾਂਦਾ ਹੈ ਤੇ ਆਪਣੇ ਰਾਹ ਵਿਚ ਕੰਡੇ ਆਪਣੀਂ ਹੱਥੀਂ ਬੀਜ ਲੈਂਦਾ ਹੈ।

ਕਮਲ ਆਪਣੇ ਮਨ ਨੂੰ ਆਪਣੇ ਪਿਆਰ ਨਾਲ ਮਜ਼ਬੂਤ ਬਣਾਈ ਰੱਖਦੀ ਹੈ। ਉਹ ਨਿਰੰਤਰ ਆਪਣੀ ਪਾਕੀਜ਼ਗੀ ਨੂੰ ਬਰਕਰਾਰ ਰੱਖਦੀ ਹੋਈ ਤੇ ਨਾਲ-ਨਾਲ ਮਿਹਨਤ ਕਰਦੀ ਸੁਰਿੰਦਰ ਦੇ ਮਗਰ ਇੰਗਲੈਂਡ ਜਾ ਪਹੁੰਚਦੀ ਹੈ। ਅਸਲ ਵਿਚ ਇੱਥੋਂ ਹੀ ਸੁਰਿੰਦਰ, ਕਮਲ ਤੇ ਲੀਸਾ ਦੇ ਰਿਸ਼ਤੇ ਦੀ ਤਿਕੋਣ ਬਣ ਜਾਂਦੀ ਹੈ। ਅਖੀਰ ਉਹੀ ਵਾਪਰਦਾ ਜੋ ਪਹਿਲਾਂ ਹੀ ਤੈਅ ਹੁੰਦੈ, ਲੀਸਾ ਤੇ ਸੁਰਿੰਦਰ ਦੇ ਰਿਸ਼ਤੇ ਦਾ ਪਰਦਾ ਚਾਕ ਹੋ ਜਾਂਦਾ ਹੈ। ਨਤੀਜੇ ਵਜੋਂ ਕਮਲ ਤੇ ਸੁਰਿੰਦਰ ਵੱਖ-ਵੱਖ ਹੋ ਜਾਂਦੇ ਹਨ। ਕਮਲ ਆਪਣੇ ਆਪ ਤੇ ਬੱਚਿਆਂ ਨੂੰ ਸੰਭਾਲਣ ਵਿਚ ਕਾਮਯਾਬ ਰਹਿੰਦੀ ਹੈ ਅਤੇ ਉਹ ਆਪਣੇ ਮੋਢਿਆਂ ‘ਤੇ ਸਾਰਾ ਭਾਰ ਢੋਂਹਦੀ ਰਹਿੰਦੀ ਹੈ। ਹਾਲਾਂਕਿ ਟੁੱਟੀ ਤਾਂ ਅੰਦਰੋਂ ਕਮਲ ਵੀ ਹੁੰਦੀ ਹੈ ਪਰ ਬਾਹਰੋਂ ਉਹ ਸਾਬਤ ਤੇ ਮਜ਼ਬੂਤ ਨਜ਼ਰ ਆਉਂਦੀ ਹੈ। ਦੂਜੇ ਪਾਸੇ ਸੁਰਿੰਦਰ ਤਾਂ ਟੁੱਟ ਕੇ ਪੂਰੀ ਤਰ੍ਹਾਂ ਬਿਖਰ ਜਾਂਦਾ ਹੈ। ਉਹ ਚੰਗੇ ਭਲੇ ਚੱਲਦੇ ਕਾਰੋਬਾਰ ਤੋਂ ਸੜਕ ’ਤੇ ਆ ਜਾਂਦਾ ਹੈ।

ਕਿਸ਼ਨ ਹਮੇਸ਼ਾ ਫੈਸਲੇ ਠਰੰਮੇ ਨਾਲ ਲੈਂਦਾ ਹੈ। ਉਹ ਵਕਤੀ ਲਾਲਚਾਂ, ਲੋਭਾਂ ਵੱਲ ਖਿੱਚਿਆ ਨਹੀਂ ਜਾਂਦਾ। ਉਸ ਦੀ ਸੰਜੀਦਗੀ ਤੇ ਸੰਜਮਤਾ ਉਸ ਨੂੰ ਬਿਹਤਰ ਜ਼ਿੰਦਗੀ ਵੱਲ ਲੈ ਤੁਰਦੀ ਹੈ।

ਅਖੀਰ ਕਿਸ਼ਨ ਹੀ ਦੁਬਾਰਾ ਫਿਰ ਕਮਲ ਤੇ ਸੁਰਿੰਦਰ ਨੂੰ ਮਿਲਾਉਣ ਦਾ ਕੰਮ ਕਰਦਾ ਹੈ। ਪਹਿਲੀ ਨਜ਼ਰੇ ਜਿੱਥੇ ਉਹ ਆਪਣੇ ਦੋਸਤ ਦਾ ਘਰ ਵਸਾਉਂਦਾ ਵਿਖਾਈ ਦਿੰਦਾ ਹੈ, ਉੱਥੇ ਹੀ ਕਿਤੇ ਨਾ ਕਿਤੇ ਉਹ ਮਰਦਾਵੇਂ ਸਮਾਜ ਦੇ ਪ੍ਰਤੀਮਾਨਾਂ ਦੇ ਸਮਾਨਾਂਤਰ ਚੱਲਦਾ ਵੀ ਪ੍ਰਤੀਤ ਹੁੰਦਾ ਹੈ। ਸੁਰਿੰਦਰ ਤੇ ਲੀਸਾ ਦੇ ਸੰਬੰਧਾਂ ਅਤੇ ਸੁਰਿੰਦਰ ਦੇ ਝੂਠਾਂ ਦਾ ਪਤਾ ਹੋਣ ਦੇ ਬਾਵਜੂਦ ਉਹ ਕਮਲ ਦੇ ਮਨ ਵਿਚ ਸੁਰਿੰਦਰ ਦੇ ਪ੍ਰਤੀ ਪਏ ਪਿਆਰ ਨੂੰ ਦੁਬਾਰਾ ਜਗਾਉਂਦਾ ਹੈ। ਇਸ ਤਰ੍ਹਾਂ ਕਮਲ ਤੇ ਸੁਰਿੰਦਰ, ਕਿਸ਼ਨ ਦੇ ਯਤਨਾਂ ਸਦਕਾ ਦੁਬਾਰਾ ਮਿਲ ਕੇ ਆਪਣੀ ਜ਼ਿੰਦਗੀ ਸ਼ੁਰੂ ਕਰਦੇ ਹਨ ਤੇ ਨਾਵਲ ਸੁਖਾਂਤਕ ਹੋ ਨਿਬੜਦਾ ਹੈ।

ਨਾਵਲ ਆਪਣੇ ਅੰਤ ਨਾਲ ਕਈ ਸਵਾਲ ਪਾਠਕ ਦੇ ਮਨ ਵਿਚ ਛੱਡ ਜਾਂਦਾ ਹੈ ਕਿ ਕੀ ਔਰਤ ਹਰ ਥਾਂ, ਹਰ ਸਮਾਜ ਤੇ ਹਰ ਸਭਿਆਚਾਰ ਵਿਚ ਸਮਝੌਤਿਆਂ ਨਾਲ ਜ਼ਿੰਦਗੀ ਜਿਊਂਦੀ ਹੈ? ਕੀ ਹਰ ਸਮਾਜ ਤੇ ਸਭਿਆਚਾਰ ਵਿਚ ਸਮਝੌਤੇ ਔਰਤ ਦੇ ਹਿੱਸੇ ਹੀ ਆਉਂਦੇ ਹਨ? ਕੀ ਸਭਿਆਚਾਰਕ ਅਵਚੇਤਨ ਮਾਨਵੀ ਚੇਤਨ ਉੱਪਰ ਹਮੇਸ਼ਾ ਭਾਰੂ ਪੈ ਜਾਂਦਾ ਹੈ? ਕੀ ਸੁਰਿੰਦਰ ਦੀ ਥਾਂ ਜੇਕਰ ਕਮਲ ਦੀਆਂ ਗ਼ਲਤੀਆਂ ਹੁੰਦੀਆਂ ਤਾਂ ਸੁਰਿੰਦਰ ਵੀ ਦੁਬਾਰਾ ਉਸ ਨਾਲ ਇਕੱਠੇ ਹੋਣ ਬਾਰੇ ਸੋਚਦਾ? ਕੀ ਲੀਸਾ ਆਪਣੇ ਸਭਿਆਚਾਰਕ ਪ੍ਰਤੀਮਾਨਾਂ ਅਨੁਰੂਪ ਕਾਰਜਸ਼ੀਲ ਪ੍ਰਤੀਤ ਹੁੰਦੀ ਹੈ? ਅਜਿਹੇ ਹੋਰ ਵੀ ਕਈ ਸਵਾਲ ਪਾਠਕ ਦੇ ਮਨ ਵਿਚ ਪੈਦਾ ਹੁੰਦੇ ਹਨ। ਭਾਵੇਂ ਇਹ ਹਕੀਕਤ ਇਹੀ ਹੈ ਕਿ ਸਭਿਆਚਾਰਕ ਅਵਚੇਤਨ ਮਾਨਵੀ ਮਨ ਅੰਦਰ ਏਨੀ ਡੂੰਘਾਈ ਵਿਚ ਵਸਿਆ ਹੈ ਕਿ ਉਸ ਤੋਂ ਮੁਕਤ ਹੋ ਚੇਤਨ ਪੱਧਰ ’ਤੇ ਕਾਰਜਸ਼ੀਲ ਹੋਣਾ ਸਾਧਾਰਨ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ।

ਨਾਵਲ ਦੀ ਬਿਰਤਾਂਤ ਦੀ ਗੋਂਦ ਪੀਡੀ ਹੈ ਅਤੇ ਕਹਾਣੀ ਦੀ ਰਫ਼ਤਾਰ ਤੇਜ਼ ਹੈ। ਸਮੁੱਚਾ ਬਿਰਤਾਂਤ ਮੁੱਖ ਪਾਤਰ ਦੇ ਇਰਦ-ਗਿਰਦ ਹੀ ਬੁਣਿਆ ਗਿਆ ਹੈ ਜਿਸ ਕਾਰਨ ਵਾਧੂ ਵਿਸਤਾਰ ਕਿਤੇ ਵੀ ਵਿਖਾਈ ਨਹੀਂ ਦਿੰਦਾ। ਘਟਨਾਵੀ ਸੰਘਣਾਪਣ ਹੋਣ ਕਾਰਨ ਪਾਠਕ ਕਹਾਣੀ ਨਾਲ ਬੱਝਾ ਰਹਿੰਦਾ ਹੈ। ਪਰ ਨਾਵਲੀ ਕਹਾਣੀ ਪਾਠਕ ਨੂੰ ਅਚੰਭੇ ਵਿਚ ਨਹੀਂ ਪਾਉਂਦੀ ਜਿਸ ਦਾ ਕਾਰਨ ਕਹਾਣੀ ਦਾ ਲਕੀਰੀ ਬਿਰਤਾਂਤ ਹੈ। ਨਾਵਲੀ ਕਥਾ ਦੇ ਕੇਂਦਰ ਵਿਚ ਸੁਰਿੰਦਰ ਰਹਿੰਦਾ ਹੈ ਜਿਸ ਕਾਰਨ ਤੱਤਕਾਲੀਨ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਤਬਦੀਲੀਆਂ ਦਾ ਕੋਈ ਜ਼ਿਆਦਾ ਆਭਾਸ ਨਹੀਂ ਹੁੰਦਾ। ਤਦ ਵੀ ਸਭਿਆਚਾਰਕ ਕਦਰਾਂ-ਕੀਮਤਾਂ ਤੇ ਸਥਿਤੀਆਂ ਨਾਲ ਅਨੁਕੂਲਣ ਤੇ ਪ੍ਰਤੀਕੂਲਣ ਦੇ ਸੰਘਰਸ਼ ਵਿਚੋਂ ਗੁਜ਼ਰਦੀ ਸੁਰਿੰਦਰ ਤੇ ਕਮਲ ਦੀ ਪਿਆਰ ਕਹਾਣੀ ਦੀ ਰੁਮਾਂਟਿਕ ਪੇਸ਼ਕਾਰੀ ਜ਼ਰੂਰ ਪੜ੍ਹਨੀ ਚਾਹੀਦੀ ਹੈ। **-ਪਰਗਟ ਸਿੰਘ ਬਰਾੜ**

## ਪੌੜੀ (ਨਾਵਲ) ਹਰਵਿੰਦਰ ਸਿੰਘ ਰੋਡੇ

ਹਰਵਿੰਦਰ ਰੋਡੇ ਸ਼ਬਦ ਤੇ ਗਾਇਨ ਕਲਾ ਨਾਲ ਜੁੜਿਆ ਹੋਇਆ ਊਰਜਾ ਭਰਪੂਰ ਨੌਜਵਾਨ ਹੈ। ਹੱਥਲੇ ਪਲੇਠੇ ਨਾਵਲ ਪੌੜੀ (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 244, ਮੁੱਲ 500 ਰੁਪਏ) ਤੋਂ ਪਹਿਲਾਂ ਇਕ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਦੇ ਚੁੱਕਾ ਹੈ। ਜਦੋਂ ਕਿਸੇ ਸੰਭਾਵਨਾਵਾਂ ਭਰਪੂਰ ਨੌਜਵਾਨ ਦਾ ਪਹਿਲਾ ਨਾਵਲ ਹੱਥਾਂ ਵਿਚ ਆਉਂਦਾ ਹੈ ਤਾਂ ਉਸਦੀ ਪਹਿਲੀ ਪੜ੍ਹਤ ਇਕ ਪਾਠਕ ਵਜੋਂ ਕਰ ਕੇ ਦੂਜੀ ਪੜ੍ਹਤ ਆਲੋਚਕ ਦੇ ਨਜ਼ਰੀਏ ਤੋਂ ਕਰਦੇ ਹੋਏ ਰਚਨਾ ਦੇ ਸਾਰੇ ਪੱਖਾਂ ਦੀ ਨਜ਼ਰਸਾਨੀ ਕਰਨ ਦਾ ਯਤਨ ਹੁੰਦਾ ਹੈ। ਹਰਵਿੰਦਰ ਰੋਡੇ ਦੇ ਨਾਵਲ ਦਾ ਮੁੱਖ ਬਿਰਤਾਂਤ ਆਪਣੀ ਪਛਾਣ ਦੇ ਸੰਕਟ ਲਈ ਜੂਝਦੀ ਨਾਰੀ ਦਾ ਰੁਦਨ ਹੈ। ਨਾਰੀ ਜਿਸਨੂੰ ਵਿਹਲੜ ਤੇ ਨਸ਼ੇੜੀ ਮਰਦ ਵੱਲੋਂ ਵਿਦੇਸ਼ ਜਾਣ ਲਈ ਇਕ ਸਾਧਨ ਮਾਤਰ ਸਮਝਿਆ ਤੇ ਵਰਤਿਆ ਜਾਂਦਾ ਹੈ। ਨਾਰੀ ਮਰਦ ਸੱਤਾ ਅਧੀਨ ਅਨੇਕਾਂ ਪੱਖਾਂ ਤੋਂ ਦੁਖਾਂਤ ਹੰਢਾਉਂਦੀ ਹੈ। ਹੱਥਲੇ ਨਾਵਲ ਦੀਆਂ ਨਾਰੀ ਪਾਤਰ ਜਸਨੂਰ ਅਤੇ ਹੁਸਨਪ੍ਰੀਤ ਮਰਦ ਸੱਤਾ ਅਧੀਨ ਅਜਿਹੇ ਹੀ ਦੁਖਾਂਤ ਦੀਆਂ ਭਾਗੀ ਬਣਦੀਆਂ ਹਨ, ਜਿਸ ਦੀ ਆਧਾਰ ਸ਼ਿਲਾ ਵਿਦੇਸ਼ ਜਾਣ ਦੀ ਲਲ੍ਹਕ ਅਤੇ ਨੁਕਸਦਾਰ ਵਿਆਹ ਪ੍ਰਣਾਲੀ ਬਣਦੀ ਹੈ।

ਜਿਸ ਪੇਂਡੂ ਸਮਾਜ ਵਿਚ ਅਸੀਂ ਰਹਿ ਰਹੇ ਹਾਂ ਉਸਦਾ ਇਤਿਹਾਸ ਗ਼ੁਲਾਮਦਾਰੀ ਤੋਂ ਸਾਮੰਤੀ ਤੇ ਹੁਣਵੇਂ ਨਵ ਪੂੰਜੀਵਾਦੀ ਦੌਰ ਤਕ ਦਾ ਵਿਕਾਸ ਹੈ। ਇਹ ਵਿਕਾਸ ਇੱਥੋਂ ਦੀਆਂ ਪਰਿਸਥਿਤੀਆਂ ਨੂੰ ਪੂਰੀ ਤਰ੍ਹਾਂ ਬਦਲੇ ਬਿਨਾਂ ਇਕ ਤੋਂ ਦੂਜੀ ਪਰਿਸਥਿਤੀ ਵਿਚ ਹੋਇਆ ਹੈ। ਮਨੁੱਖ ਨੇ ਅਗਲੇ ਦੌਰ ਵਿਚ ਜਾਣ ਸਮੇਂ ਪਿਛਲੇ ਦੌਰ ਦੀਆਂ ਕੀਮਤਾਂ ਨੂੰ ਛੱਡਣ ਦੀ ਥਾਂ ਨਾਲ ਚਮੇੜੀ ਰੱਖਿਆ ਹੈ। ਇਹੀ ਕਾਰਨ ਹੈ ਕਿ ਅੱਜੋਕੇ ਦੌਰ ਵਿਚ ਵਿਚਰਦੇ ਹੋਏ ਅਸੀਂ ਸਾਮੰਤੀ ਵਿਚਾਰਾਂ/ਮਾਨਤਾਵਾਂ ਨੂੰ ਵੀ ਆਪਣੀ ਲੋੜ ਅਨੁਸਾਰ ਨਾਲ-ਨਾਲ ਰੱਖਿਆ ਹੈ। ਸਮਾਜ ਵਿਚ ਅੱਜ ਵੀ ਇਕ ਕੁੜੀ ਨੂੰ ਆਪਣੀ ਮਨ-ਮਰਜ਼ੀ ਨਾਲ ਵਿਆਹ ਕਰਵਾਉਣ 'ਤੇ ਵਿਰੋਧ ਝੱਲਣਾ ਪੈਂਦਾ ਹੈ। ਵਿਆਹ ਸਮੇਂ ਵਰ ਦੀ ਥਾਂ ਘਰ ਦੇਖਣ ਦੀ ਪ੍ਰਵਿਰਤੀ ਤੋਂ ਅੱਜ ਵੀ ਅਸੀਂ ਨਿਜਾਤ ਨਹੀਂ ਪਾ ਸਕੇ। ਹੱਥਲੇ ਨਾਵਲ ਵਿਚ ਵਿਆਹ ਪ੍ਰਣਾਲੀ ਨੂੰ ਨੁਕਸਦਾਰ ਠਹਿਰਾਉਂਦੇ ਹੋਏ ਇਸ ਪੱਖ ਤੋਂ ਨਾਰੀ ਵੇਦਨਾ ਨੂੰ ਉਭਾਰਿਆ ਹੈ। ਨਾਵਲ ਦੀ ਮੁੱਖ ਪਾਤਰ ਜਸਨੂਰ, ਗੁਰਪਾਲ ਅਤੇ ਹੁਸਨਪ੍ਰੀਤ ਦਾ ਜੀਵਨ ਵਿਆਹ ਕਾਰਨ ਹੀ ਨਰਕ ਬਣ ਜਾਂਦਾ ਹੈ।

ਨਾਵਲ ਦੀ ਕੇਂਦਰੀ ਪਾਤਰ ਜਸਨੂਰ ਦੀ ਕਾਲਿਜ ਪੜ੍ਹਨ ਸਮੇਂ ਗੁਰਪਾਲ ਨਾਂ ਦੇ ਮੁੰਡੇ ਨਾਲ ਨੇੜਤਾ ਹੋ ਜਾਂਦੀ ਹੈ। ਜਸਨੂਰ ਦੇ ਕਵੀਸ਼ਰ ਬਾਪ ਹਾਕਮ ਸਿੰਘ ਨੂੰ ਇਹ ਮਨਜ਼ੂਰ ਨਹੀਂ। ਉਹ ਜਸਨੂਰ ਦਾ ਵਿਆਹ ਉਸਦੀ ਮਰਜ਼ੀ ਦੇ ਉਲਟ ਅਜਿਹੇ ਵਿਅਕਤੀ ਬਲਵੀਰ ਨਾਲ ਕਰ ਦਿੰਦਾ ਹੈ ਜਿਹੜਾ ਡੌਂਕੀ ਲਾ ਕੇ ਅਮਰੀਕਾ ਚਲਾ ਜਾਂਦਾ ਹੈ ਪਰ ਉਥੇ ਕਈ ਮਹੀਨੇ ਰੁਲਣ ਉਪਰੰਤ ਫੜਿਆ ਜਾਂਦਾ ਹੈ ਤੇ ਜੇਲ੍ਹ ਵਿਚ ਦਿਲ ਦਾ ਦੌਰਾ ਪੈਣ ਨਾਲ ਮਰ ਜਾਂਦਾ ਹੈ। ਸਮਕਾਲੀ ਦੌਰ ਭੁਲਾਂਦਰੇ, ਓਹਲੇ ਅਤੇ ਦਿਖਾਵੇ ਦਾ ਦੌਰ ਹੈ। ਇਸ ਦੌਰ ਦਾ ਮਨੁੱਖ ਉਸ ਕੋਲ ਜੋ ਕੁਝ ਹੈ ਉਸ ਨੂੰ ਲੁਕੋ ਕੇ ਰੱਖਣ ਅਤੇ ਜੋ ਨਹੀਂ ਹੈ ਉਸਨੂੰ ਦਿਖਾਉਣ ਵਿਚ ਆਪਣੀ ਸ਼ਾਨ ਸਮਝਦਾ ਹੈ। ਜਿਆਦਾਤਰ ਰਿਸ਼ਤਿਆਂ ਵਿਚ ਅਜਿਹੇ ਓਹਲੇ ਅਤੇ ਦਿਖਾਵੇ ਕੀਤੇ ਜਾਂਦੇ ਹਨ। ਅਜਿਹਾ ਹੋਣ ਨਾਲ ਰਿਸ਼ਤਿਆਂ ਦੀ ਹੰਢਣਸਾਰਤਾ ਖਤਮ ਹੋ ਰਹੀ ਹੈ। ਜਸਨੂਰ ਦਾ ਪਤੀ ਬਲਵੀਰ ਜੋ ਕੁਝ ਵੀ ਕਰਦਾ ਹੈ ਉਹ ਜਸਨੂਰ ਤੋਂ ਲੁਕੋ ਕੇ ਕਰਦਾ ਹੈ। ਜਸਨੂਰ ਨੂੰ ਉਸਦੀ ਮੌਤ ਤਕ ਦੀ ਵੀ ਖਬਰ ਨਹੀਂ ਮਿਲਦੀ। ਵਿਦੇਸ਼ ਜਾਣ ਦੇ ਲਾਲਚ ਵਿਚ ਅੰਨ੍ਹੇ ਹੋਏ ਬਲਵੀਰ ਤੇ ਉਸਦੇ ਮਾਪੇ ਲੱਖਾਂ ਰੁਪਏ ਬਰਬਾਦ ਕਰਨ ਦੇ ਨਾਲ-ਨਾਲ ਜਸਨੂਰ ਵਰਗੀ ਪੜ੍ਹੀ-ਲਿਖੀ ਕੁੜੀ ਦੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਜਸਨੂਰ ਦੀ ਗੂੰਗੀ ਬੋਲ਼ੀ ਨਨਾਣ ਹੁਸਨਪ੍ਰੀਤ ਵੀ ਇਸੇ ਓਹਲੇ ਕਾਰਨ ਦੁਖਾਂਤ ਭੋਗਦੀ ਆਪਣੀ ਜਾਨ ਗੁਆ ਦਿੰਦੀ ਹੈ। ਉਸਦਾ ਨਸ਼ੇੜੀ ਪਤੀ ਹਰਮੀਤ ਆਪਣੇ ਨਸ਼ੇ ਦੀ ਲਤ ਪੂਰੀ ਕਰਨ ਲਈ ਹੁਸਨਪ੍ਰੀਤ 'ਤੇ ਤਸ਼ੱਦਦ ਕਰਨ ਦੇ ਨਾਲ-ਨਾਲ ਉਸਨੂੰ ਆਪਣੇ ਦੋਸਤਾਂ ਅੱਗੇ ਵੀ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਜਸਨੂਰ ਨਾਲ ਵਿਆਹ ਨਾ ਹੋਣ ਕਾਰਨ ਗੁਰਪਾਲ ਦੀ ਜ਼ਿੰਦਗੀ ਵੀ ਰੁਲ਼ ਜਾਂਦੀ ਹੈ। ਉਸਦੀ ਮੰਗੇਤਰ ਕਿਰਨਦੀਪ ਵੱਲੋਂ ਰੱਖਿਆ ਓਹਲਾ ਗੁਰਪਾਲ ਨੂੰ ਬਰਬਾਦ ਕਰ ਦਿੰਦਾ ਹੈ। ਉਸਦਾ ਗੁਰਪਾਲ ਨਾਲ ਵਿਆਹ ਕਰਵਾਉਣ ਦੀ ਥਾਂ ਕਿਸੇ ਹੋਰ ਨਾਲ ਭੱਜ ਜਾਣਾ ਸੱਭਿਆਚਾਰਕ ਤੇ ਨੈਤਿਕ ਮਾਨਤਾਵਾਂ ਦਾ ਉਲੰਘਣ ਹੈ। ਸਮਾਜ ਵਿਚ ਇਸ ਤਰ੍ਹਾਂ ਦੀ ਗੜਬੜ ਕਾਰਨ ਪਰਿਵਾਰਕ ਸੰਕਟ ਵਧ ਰਹੇ ਹਨ। ਇਸ ਭੁਲਾਂਦਰੇ ਕਾਰਨ ਜਸਨੂਰ ਇਕ ਵਾਰ ਨਹੀਂ ਬਲਕਿ ਦੋ ਵਾਰ ਦੁਖਾਂਤ ਭੋਗਦੀ ਹੈ। ਪਹਿਲੇ ਪਤੀ ਦੀ ਮੌਤ ਉਪਰੰਤ ਜਸਨੂਰ ਦੇ ਬਾਪ ਹਾਕਮ ਸਿੰਘ ਵੱਲੋਂ ਉਸਦਾ ਹੁਸਨਪ੍ਰੀਤ ਦੇ ਨਸ਼ੇੜੀ ਪਤੀ ਹਰਮੀਤ ਨਾਲ ਦੂਜਾ ਵਿਆਹ ਕਰਨਾ ਹੈਰਾਨ ਕਰਨ ਵਾਲਾ ਬਿਰਤਾਂਤ ਹੈ। ਇਕ ਬਾਪ ਹੋਣ ਦੇ ਬਾਵਜੂਦ ਹਾਕਮ ਸਿੰਘ ਦਾ ਆਪਣੀ ਧੀ ਪ੍ਰਤੀ ਨਫ਼ਰਤੀ ਰਵੱਈਆ ਅਸਲ ਵਿਚ ਉਸਦੇ ਮਾਨਸਿਕ ਵਿਕਾਰਾਂ ਵਿਚ ਰੜਕਦੀ ਅਤ੍ਰਿਪਤ ਇੱਛਾ ਦੀ ਪੂਰਤੀ ਬਦਲੇ ਦੀ ਭਾਵਨਾ ਵਿਚੋਂ ਕਰਨ ਨਾਲ ਜੁੜਿਆ ਹੋਇਆ ਹੈ। ਹਾਕਮ ਸਿੰਘ ਨੇ ਚੜ੍ਹਦੀ ਜਵਾਨੀ ਵਿਚ ਗੁਰਮੀਤ ਕੌਰ ਨਾਲ ਪਿਆਰ ਕੀਤਾ ਹੈ ਜਿਹੜਾ ਗੁਰਮੀਤ ਕੌਰ ਦੇ ਬਾਪ ਕਾਰਨ ਵਿਆਹ ਵਿਚ ਤਬਦੀਲ ਨਹੀਂ ਹੋ ਸਕਿਆ। ਹਾਕਮ ਸਿੰਘ ਆਪਣੀ ਅਧੂਰੀ ਖ਼ਾਹਿਸ਼ ਦੀ ਤ੍ਰਿਪਤੀ ਜਸਨੂਰ ਦੇ ਪਿਆਰ ਵਿਆਹ ਵਿਚ ਅੜਿੱਕਾ ਪਾ ਕੇ ਕਰਦਾ ਹੈ। ਜਸਨੂਰ ਤੇ ਗੁਰਪਾਲ ਇਕੋ ਜਿਹੇ ਆਰਥਿਕ ਆਧਾਰ ਵਾਲੇ ਹਨ, ਗੁਰਪਾਲ ਸਮਝਦਾਰ ਤੇ ਸਰਕਾਰੀ ਨੌਕਰੀ ਕਰਦਾ

ਨੌਜਵਾਨ ਹੈ। ਗੁਰਪਾਲ ਦੇ ਪਰਿਵਾਰ ਵਾਲਿਆਂ ਦਾ ਕਿਸੇ ਧਾਰਮਿਕ ਡੇਰੇ ਨਾਲ ਜੁੜੇ ਹੋਣ ਤੋਂ ਇਲਾਵਾ ਉਸਦੇ ਚਰਿੱਤਰ ਵਿਚ ਅਜਿਹੀ ਕੋਈ ਖਾਮੀ ਨਹੀਂ ਜਿਸਦੀ ਵਜ੍ਹਾ ਨਾਲ ਵਿਆਹ ਤੋਂ ਇਨਕਾਰ ਕੀਤਾ ਜਾ ਸਕੇ। ਹਾਲਾਂਕਿ ਗੁਰਪਾਲ ਇਕ ਪੜ੍ਹਿਆ-ਲਿਖਿਆ ਚੇਤਨ ਨੌਜਵਾਨ ਹੈ ਜਿਹੜਾ ਅਜਿਹੀਆਂ ਕਿਸੇ ਵੀ ਕਿਸਮ ਦੀਆਂ ਸੌੜੀਆਂ ਧਾਰਨਾਵਾਂ ਤੋਂ ਪਰੇ ਹੈ। ਹਾਕਮ ਸਿੰਘ ਦਾ ਰਵੱਈਆ ਇਕ ਮਨੋਰੋਗੀ ਵਰਗਾ ਹੈ। ਆਪਣੇ ਨਸ਼ੇੜੀ ਪਤੀ ਤੇ ਉਸਦੇ ਦੋਸਤਾਂ ਹੱਥੋਂ ਰਾਤ ਨੂੰ ਬਚ ਕੇ ਨਿਕਲੀ ਧੀ ਲਈ ਦਰਵਾਜ਼ਾ ਨਾ ਖੋਲ੍ਹਣ ਵਾਲਾ ਬਾਪ ਮਨੋਰੋਗੀ ਹੀ ਹੋ ਸਕਦਾ ਹੈ।

ਨਾਵਲੀ ਬਿਰਤਾਂਤ ਦਾ ਬਹੁਤ ਛੋਟਾ ਹਿੱਸਾ ਸਾਧ ਹੋ ਜਾਣ ਦੀ ਪ੍ਰਵਿਰਤੀ ਬਾਰੇ ਗੁਰਬਾਣੀ ਫਲਸਫੇ ਦੇ ਅਨੁਸਾਰ ਉਸਾਰਿਆ ਗਿਆ ਹੈ। ਗੁਰਪਾਲ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੋਇਆ ਸਰਕਾਰੀ ਨੌਕਰੀ ਛੱਡ ਵੈਰਾਗ ਧਾਰਨ ਕਰ ਲੈਂਦਾ ਹੈ। ਧਿਆਨ ਦਾਸ ਦੇ ਡੇਰੇ ਵਿਚ ਮਹੰਤ ਸੂਰਤ ਮੁਨੀ ਦਾ ਚੇਲਾ ਬਣ ਜਾਂਦਾ ਹੈ। ਸੂਰਤ ਮੁਨੀ ਉਸਦੀ ਦ੍ਰਿੜਤਾ ਤੇ ਲਗਨ ਤੋਂ ਪ੍ਰਭਾਵਤ ਹੋ ਕੇ ਉਸਨੂੰ ਆਪਣੀ ਗੱਦੀ ਦਾ ਵਾਰਿਸ ਬਣਾ ਦਿੰਦਾ ਹੈ। ਸੂਰਤ ਮੁਨੀ ਦੀ ਮੌਤ ਉਪਰੰਤ ਉਹ ਡੇਰਾ ਸਾਂਭ ਲੈਂਦਾ ਹੈ। ਆਪਣੀਆਂ ਸਮਾਜਕ ਜ਼ੁੰਮੇਵਾਰੀਆਂ ਤੋਂ ਭੱਜ ਕੇ ਸਾਧ ਬਣ ਜਾਣਾ ਜ਼ਿੰਦਗੀ ਤੋਂ ਮੁਖ ਮੋੜਨਾ ਹੈ। ਭਟਕਦੀ ਹੋਈ ਜਸਨੂਰ ਡੇਰੇ ਵਿਚ ਆ ਜਾਂਦੀ ਹੈ ਤੇ ਗੁਰਪਾਲ ਨਾਲ ਉਸਦੇ ਸੰਵਾਦ ਵਿਚੋਂ ਇਸ ਵਿਚਾਰਧਾਰਾ ਦਾ ਸੱਚ ਵੀ ਸਾਹਮਣੇ ਆ ਜਾਂਦਾ ਹੈ। ਡੇਰੇ ਦਾ ਮੁਖੀ ਬਣ ਜਾਣ ਦੇ ਬਾਵਜੂਦ ਗੁਰਪਾਲ ਦੇ ਮਨ ਵਿਚੋਂ ਨਾਰੀ ਪ੍ਰਤੀ ਸਮਾਜਕ ਧਾਰਨਾਵਾਂ ਨਹੀਂ ਨਿਕਲਦੀਆਂ। ਗੁਰਪਾਲ ਦੀ ਸੋਚ ਅਨੁਸਾਰ ਮਰਦ ਨਗਨ ਹੋ ਕੇ ਸਾਧ ਬਣ ਡੇਰੇ ਵਿਚ ਰਹਿ ਸਕਦਾ ਹੈ ਪਰ ਇਕ ਔਰਤ ਇਸ ਤਰ੍ਹਾਂ ਡੇਰੇ ਵਿਚ ਨਹੀਂ ਰਹਿ ਸਕਦੀ। ਇਸ 'ਤੇ ਜਸਨੂਰ ਦਾ ਇਹ ਆਖਣਾ: *ਕਮਾਲ ਦਾ ਸਮਾਜ ਹੈ ਮਹਾਤਮਾ ਜੀ! ਕਿਹੜੇ ਆਧਾਰ 'ਤੇ ਉਪਾਧੀਆਂ ਬਖਸ਼ਦੈ ਇਹ ? ਨਿਰਵਸਤਰ ਹੋਣ ਦੀਆਂ ਡਿਗਰੀਆਂ ਵੀ ਅੱਡੋ-ਅੱਡ ? ਮਰਦ ਨੰਗਾ ਹੋ ਗਿਆ ਤਾਂ ਮਹਾਤਮਾ; ਔਰਤ ਨਗਨ ਹੋ ਗਈ ਤਾਂ ਵੇਸਵਾ। ਧ੍ਰਿਗ ਹੈ! ਧ੍ਰਿਗ ਹੈ ਐਸੇ ਸਮਾਜ 'ਤੇ... ਧ੍ਰਿਗ ਹੈ ਸਮਾਜ ਦੀ ਸੋਚ 'ਤੇ.. ਜਿਹੜਾ ਔਰਤ ਨੂੰ ਕੇਵਲ ਭੋਗਦਾ ਜਾਂ ਤ੍ਰਿਸਕਾਰਦਾ ਈ ਐ...*(ਪੰਨਾ-242)

ਇਹ ਸੁਣ ਗੁਰਪਾਲ ਧੁਰ ਤਕ ਝੰਜੋੜਿਆ ਜਾਂਦਾ ਹੈ ਤੇ ਉਹ ਸਾਧਗਿਰੀ ਛੱਡ ਡੇਰੇ ਵਿਚੋਂ ਅਲੋਪ ਹੋ ਜਾਂਦਾ ਹੈ। ਅਜਿਹਾ ਕਰਕੇ ਨਾਵਲਕਾਰ ਜ਼ਿੰਦਗੀ ਤੋਂ ਭੱਜਣ ਦੀ ਥਾਂ ਜ਼ਿੰਦਗੀ ਜਿਉਣ ਦੇ ਵਿਚਾਰ ਦੀ ਪ੍ਰੋੜਤਾ ਕਰਦਾ ਹੈ।

ਹਰਵਿੰਦਰ ਰੋਡੇ ਦਾ ਪਹਿਲਾ ਨਾਵਲ ਹੋਣ ਕਾਰਨ ਇਸ ਵਿਚ ਵਿਸ਼ੇ ਦੀ ਪੇਸ਼ਕਾਰੀ ਪੱਖੋਂ ਖਾਸ ਕਰਕੇ ਬਾਪ ਦੇ ਧੀ ਪ੍ਰਤੀ ਵਿਵਹਾਰ ਵਿਚ ਹਲਕੀਆਂ ਉਕਾਈਆਂ ਜ਼ਰੂਰ ਨਜ਼ਰ ਆਉਂਦੀਆਂ ਹਨ ਪਰੰਤੂ ਨਾਵਲੀ ਪੱਖ ਤੋਂ ਇਸ ਵਿਚਲਾ ਦ੍ਰਿਸ਼ ਚਿਤਰਨ ਕਮਾਲ ਦਾ ਹੈ। ਨਾਵਲ ਦੇ ਆਰੰਭ ਵਿਚ ਉਸਾਰਿਆ ਵਾਤਾਵਰਨ ਖਿੱਚ ਪਾਊ ਹੈ। ਕਾਲਿਜ ਵਿਚ ਮੁੰਡੇ ਕੁੜੀਆਂ ਦੀ ਆਪਸੀ ਗੱਲਬਾਤ ਤੇ ਹੋਰ ਵੇਰਵੇ ਭਾਵਪੂਰਤ ਦ੍ਰਿਸ਼ ਉਸਾਰੀ ਕਰਦੇ ਹਨ। ਨਾਵਲੀ ਬਿਰਤਾਂਤ ਪਿਛਲਝਾਤ ਵਿਧੀ ਰਾਹੀਂ ਉਸਾਰਿਆ ਗਿਆ ਹੈ। ਪਹਿਲੇ ਕਾਂਡ ਦੀ ਕਹਾਣੀ ਦਾ ਸਿਰਾ ਅੰਤ ਨਾਲ ਜੋੜਿਆ ਗਿਆ ਹੈ। ਕੁੱਲ ਮਿਲਾ ਕੇ ਪਹਿਲਾ ਨਾਵਲ ਹੋਣ ਦੇ ਬਾਵਜੂਦ ਆਪਣੇ ਵਿਸ਼ੇ ਦਾ ਨਿਭਾਅ ਕਰਨ ਵਿਚ ਸਫਲ ਹੈ।

**-ਹਰਿੰਦਰ ਸਿੰਘ ਬਰਾੜ**

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2025

---

## ਇੰਗਲੈਂਡ ਵਸਦੇ ਸ਼ਾਇਰ ਗੁਰਨਾਮ ਢਿੱਲੋਂ ਦਾ ਨਵਾਂ ਕਾਵਿ ਸੰਗ੍ਰਹਿ 'ਲਹਿੰਦੇ ਸੂਰਜ ਦੀ ਸੁਰਖ਼ੀ'




ਪ੍ਰਤੀਬੱਧ ਪ੍ਰਗਤੀਵਾਦੀ ਸ਼ਾਇਰ ਗੁਰਨਾਮ ਢਿੱਲੋਂ ਦਾ ਨਵਾਂ ਕਾਵਿ ਸੰਗ੍ਰਹਿ 'ਲਹਿੰਦੇ ਸੂਰਜ ਦੀ ਸੁਰਖ਼ੀ' ਜਿੱਥੇ ਸੰਸਾਰ ਸਰਮਾਏਦਾਰੀ ਦੇ ਨਵਉਦਾਰਵਾਦੀ ਏਜੰਡੇ ਦੀ ਇਤਿਹਾਸਕ ਹੋਣੀ (ਅਸਫਲਤਾ) ਵੱਲ ਸੰਕੇਤ ਕਰਦਾ ਹੈ, ਉੱਥੇ ਉਹ ਭਾਰਤ ਵਿਚਲੇ ਹਿੰਦੂਤਵੀ ਰਾਸ਼ਟਰਵਾਦ ਦੇ ਹਿੰਸਕ, ਉਨਮਾਦੀ ਤੇ ਉਪਦ੍ਰਵੀ ਚਿਹਰੇ ਨੂੰ ਵੀ ਬੇਨਕਾਬ ਕਰਦਾ ਹੈ। ਗੁਰਨਾਮ ਢਿੱਲੋਂ ਨੇ ਸਾਹਿਤ ਆਲੋਚਨਾ ਅਤੇ ਵਾਰਤਕ ਦੇ ਖੇਤਰਾਂ ਵਿਚ ਵੀ ਹੱਥ ਅਜ਼ਮਾਇਆ ਹੈ ਪਰ ਉਸ ਦੀ ਭੱਲ ਕਵੀ ਵਜੋਂ ਬਣੀ ਹੈ।

-ਸੁਖਦੇਵ ਸਿੰਘ ਸਿਰਸਾ (ਡਾ.)

ਪੰਨੇ 114 ਸੁੰਦਰ ਦਿੱਖ ਮੁੱਲ 170 ਰੁਪਏ

**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

**SIRJANA** Literary Punjabi Quarterly Chandigarh

No. 217 ISSN 2455-1058 July-September 2025

Registered with the Registrar of Newspapers for India vide R.N. 10215/65

## ਕੈਨੇਡਾ ਵਸਦੇ ਚਿੰਤਨਸ਼ੀਲ ਸਿਰਜਕ ਸਾਧੂ ਬਿਨਿੰਗ ਦਾ ਨਵਾਂ ਕਾਵਿ ਸੰਗ੍ਰਹਿ 'ਨਾਸਤਿਕ ਹੋਣਾ'




ਧਰਮ ਦੀ ਦੁਰਕਾਰੀ ਨਾਸਤਿਕਤਾ ਨੂੰ ਅਪਨਾਉਣ ਤੋਂ ਬਾਅਦ ਸਾਧੂ ਬਿਨਿੰਗ ਆਸਤਿਕਤਾ ਤੇ ਨਾਸਤਿਕਤਾ ਨੂੰ ਆਪਸ ਵਿਚ ਟਕਰਾਉਂਦਾ ਹੋਇਆ ਇਕ ਤੋਂ ਬਾਅਦ ਦੂਜਾ ਵਿਸ਼ਾ ਸਹੇੜ ਕੇ ਸੰਸਥਾਪਕ ਧਰਮ ਦਾ ਪਰਦਾ ਫਾਸ਼ ਕਰਦਾ ਚਲਿਆ ਜਾਂਦਾ ਹੈ। ਆਪਣੇ ਸੁਭਾਅ ਵਾਂਗ ਗਹਿਰ ਗੰਭੀਰ ਹੋਣ ਦੇ ਨਾਲ-ਨਾਲ ਜ਼ਿੰਦਗੀ ਨੂੰ ਜੀਣ ਤੇ ਮਾਨਣ ਦੀ ਰੀਝ ਪਾਲਣ ਵਾਂਗ ਸਾਧੂ ਬਿਨਿੰਗ ਦੀ ਇਸ ਅਨੋਖੀ ਤੇ ਨਿਵੇਕਲੀ ਕਾਵਿ ਪੁਸਤਕ ਦੀਆਂ ਕਵਿਤਾਵਾਂ ਪਾਠਕ ਨੂੰ ਬੇਲੋੜੇ ਵਾਧੂ ਚੁੱਕੇ ਹੋਏ ਭਾਰ ਤੋਂ ਮੁਕਤ ਕਰ ਕੇ ਹਲਕੇ ਫੁਲਕੇ ਹੋਣ ਦਾ ਅਹਿਸਾਸ ਕਰਾਉਂਦੀਆਂ ਹਨ।

ਪੰਨੇ 128 ਸੁੰਦਰ ਦਿੱਖ ਮੁੱਲ 250 ਰੁਪਏ

**ਅਦਬ ਪ੍ਰਕਾਸ਼ਨ, ਪੱਖੋਕੇ ਤਰਨ ਤਾਰਨ**